*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-8, ਅਗਸਤ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


# ਹਕੂਮਤਾਂ ਨੂੰ ਧੂੜ ਚਟਾਉਂਦੇ ਨੌਜਵਾਨੀ ਦੇ ਜਲਵੇ

ਸਰਮਾਏਦਾਰਾ ਜਮਹੂਰੀਅਤਾਂ ਕਹਿਣ ਨੂੰ ਤਾਂ ਲੋਕਤੰਤਰੀ ਰਾਜ ਹਨ ਜਿੱਥੇ ਵੋਟਰ ਬਾਲਗ ਵੋਟ ਅਧਿਕਾਰ ਦੇ ਤਹਿਤ ਲੋਕ ਸਰਕਾਰਾਂ ਨੂੰ ਚੁਣਦੇ ਹਨ ਪਰ ਸਚਾਈ ਇਹ ਹੈ ਕਿ ਵੋਟ ਪਾਉਣ ਤੋਂ ਬਾਅਦ ਰਾਜ ਪ੍ਰਬੰਧ ਦੇ ਕਾਰ-ਵਿਹਾਰ ਵਿਚ ਅਵਾਮ ਦੀ ਕੋਈ ਪੁੱਗਤ ਨਹੀਂ ਹੁੰਦੀ। ਜੇਕਰ ਚੁਣੇ ਹੋਏ ਨੁਮਾਇੰਦੇ ਉਨ੍ਹਾਂ ਦੀਆਂ ਉਮੀਦਾਂ ’ਤੇ ਖ਼ਰੇ ਨਾ ਉੱਤਰਨ ਤਾਂ ਅਵਾਮ ਕੋਲ ਉਨ੍ਹਾਂ ਨੂੰ ਵਾਪਸ ਬੁਲਾਉਣ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ। ਮਹਾਂ ਭ੍ਰਿਸ਼ਟ ਰਾਜਨੇਤਾ ਜੋੜ-ਤੋੜ ਕਰਕੇ ਅਤੇ ਸੰਵਿਧਾਨਕ ਤੇ ਨਿਆਂ ਪ੍ਰਣਾਲੀ ਨੂੰ ਮੈਨੇਜ ਕਰਕੇ ਸੱਤਾ ਨੂੰ ਚਿੰਬੜੇ ਰਹਿੰਦੇ ਹਨ। ਜੇਕਰ ਰਾਜ ਢਾਂਚੇ ਦੀ ਸਾਖ਼ ਬਚਾਉਣ ਲਈ ਉਨ੍ਹਾਂ ਨੂੰ ਅਹੁਦਾ ਛੱਡਣਾ ਵੀ ਪੈ ਜਾਵੇ ਤਾਂ ਇਹ ਮਹਿਜ਼ ਵਿਅਕਤੀ ਦੀ ਬਰਖ਼ਾਸਤਗੀ ਹੁੰਦੀ ਹੈ, ਬੁਨਿਆਦੀ ਰਾਜਤੰਤਰ ਬਾਦਸਤੂਰ ਚਲਦਾ ਰਹਿੰਦਾ ਹੈ। ਰਾਜ ਪ੍ਰਬੰਧ ਦੀ ਅਸਲ ਸੰਚਾਲਕ ਅਜਾਰੇਦਾਰ ਵਿਤੀ ਜੁੰਡਲੀ ਹੈ ਜੋ ਸਰਕਾਰਾਂ ਨੂੰ ਬਦਲਣ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਉਂਦੀ ਹੈ। ਤਾਨਾਸ਼ਾਹ ਹੁਕਮਰਾਨ ਤਾਂ ਮਹਿਜ਼ ਇਨ੍ਹਾਂ ਦੇ ਲੋਟੂ ਹਿਤਾਂ ਦੀ ਰਾਜਨੀਤਕ ਨੁਮਾਇੰਦਗੀ ਕਰਦਿਆਂ ਨੀਤੀਆਂ ਘੜਦੇ ਤੇ ਲਾਗੂ ਕਰਦੇ ਹਨ। ਹਕੂਮਤੀ ਨੀਤੀਆਂ ਵਿਰੁੱਧ ਵਿਆਪਕ ਲੋਕ-ਰਾਇ ਬਣ ਜਾਣ ਤੋਂ ਬਾਅਦ ਵੀ ਤਾਨਾਸ਼ਾਹ ਜਮਹੂਰੀ ਰਾਇ ਨੂੰ ਟਿੱਚ ਸਮਝਕੇ ਤਬਾਹੀ ਤੇ ਬਰਬਾਦੀ ਦੇ ਕਾਰੇ ਬੇਰੋਕ ਜਾਰੀ ਰੱਖਦੇ ਹਨ। ਟਰੰਪ ਹਕੂਮਤ ਦਾ ਗਾਜ਼ਾ, ਇਰਾਨ ਅਤੇ ਲਾਤੀਨੀ ਅਮਰੀਕੀ ਮੁਲਕਾਂ ਵਿਰੁੱਧ ਧਾੜਵੀ ਜੰਗਾਂ ਅਤੇ ਹਮਲਿਆਂ ਦਾ ਸਿਲਸਿਲਾ ਇਸਦਾ ਸੱਜਰਾ ਸਬੂਤ ਹੈ।

ਹੁਕਮਰਾਨ ਜਮਾਤ ਵੋਟਤੰਤਰ ਦੀ ਜਮਾਂਦਰੂ ਕਮਜ਼ੋਰੀ ਨੂੰ ਬਾਖ਼ੂਬੀ ਜਾਣਦੀ ਹੈ। ਉਹ ਬਹੁ-ਪਾਰਟੀ ਰਾਜਨੀਤਕ ਪ੍ਰਣਾਲੀ ਦੇ ਤਹਿਤ ਅਰਸਾਵਾਰ ਚੋਣਾਂ ਕਰਵਾ ਕੇ ਸਰਕਾਰਾਂ ਚੁਨਣ ਨੂੰ ਹੀ ਲੋਕਤੰਤਰ ਵਜੋਂ ਪੇਸ਼ ਕਰਦੀ ਹੈ। ਇਸ ਦੁਆਰਾ ਲੋਕਾਂ ਦੀਆਂ ਨਜ਼ਰਾਂ ’ਚ ਹਕੂਮਤ ਦੀ ਸੰਵਿਧਾਨਕ ਵਾਜਬੀਅਤ ਬਣਾਈ ਜਾਂਦੀ ਹੈ। ਸੱਤਾ ਵਿੱਚ ਆਉਣ ਤੋਂ ਬਾਅਦ ਟਰੰਪ, ਮੋਦੀ ਵਰਗੇ ਫਾਸ਼ਿਸ਼ਟ ਸ਼ਰੇਆਮ ਇਹ ਦਾਅਵੇ ਕਰਨ ਲੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਅਸੀਮਤ ਸਮੇਂ ਤੱਕ ਰਾਜ ਕਰਨ ਦਾ ਲੋਕ-ਫਤਵਾ ਮਿਲ ਗਿਆ ਹੈ। ਉਹ ਆਪਣੀ ਪਾਰਟੀ ਤੇ ਸਰਕਾਰ ਨੂੰ ਰਾਸ਼ਟਰ ਦੇ ਤੁੱਲ ਬਣਾਕੇ ਪੇਸ਼ ਕਰਦੇ ਹਨ। ਸੰਸਦ ਵਿੱਚ ਮਿਲੇ ਬਹੁਮਤ ਨੂੰ ਉਹ ਸੰਵਿਧਾਨਕ ਜਵਾਬਦੇਹੀ ਦਾ ਬਦਲ ਬਣਾ ਦਿੰਦੇ ਹਨ ਅਤੇ ਹਰ ਆਲੋਚਨਾ ਨੂੰ ਰਾਸ਼ਟਰ ਵਿਰੋਧੀ ਜਾਂ ਰਾਜਨੀਤਿਕ ਸਾਜ਼ਿਸ਼ ਕਹਿ ਕੇ ਰੱਦ ਕਰਦੇ ਹਨ। ਉਹ ਸ਼ਾਂਤੀਪੂਰਨ ਅੰਦੋਲਨਾਂ ਨੂੰ ਬਦੇਸ਼ੀ ਸ਼ਹਿ ਤੇ ਮੱਦਦ ਨਾਲ ਭੰਨਤੋੜ ਦੀ ਸਾਜ਼ਿਸ਼, ਸਾਜ਼ਿਸ਼ੀ, ਅਤਿਵਾਦੀ ਜਾਂ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਬਦਨਾਮ ਕਰਨ ਲਈ ਹਰ ਹਰਬਾ ਵਰਤਦੇ ਹਨ।

ਲੋਕਾਂ ਦਾ ਸੜਕਾਂ ਉੱਪਰ ਆ ਕੇ ਸਮੂਹਿਕ ਵਿਰੋਧ ਕਰਨਾ ਹੀ ਇਨ੍ਹਾਂ ਮਨਮਾਨੀਆਂ ਨੂੰ ਰੋਕਣ ਵਾਲੀ ਸੱਚੀ ਤਾਕਤ ਹੈ। ਜਦੋਂ ਸੰਸਦ ਮਹਿਜ਼ ਜਾਭਾਂ ਦਾ ਭੇੜ ਹੋਵੇ, ਜਾਂਚ ਏਜੰਸੀਆਂ ਰਾਜਨੀਤਿਕ ਹਥਿਆਰ ਬਣ ਜਾਣ, ਨਿਆਂਪਾਲਿਕਾ ਦਖ਼ਲ ਦੇਣ ਤੋਂ ਇਨਕਾਰੀ ਹੋਵੇ ਅਤੇ ਮੀਡੀਆ ਦਾ ਵੱਡਾ ਹਿੱਸਾ ਸੱਤਾ ਦੇ ਪ੍ਰਚਾਰ ਦਾ ਸੰਦ ਬਣਿਆ ਹੋਵੇ, ਤਾਂ ਲੋਕ ਸੰਘਰਸ਼ ਹੀ ਸੱਤਾ ਨੂੰ ਜਵਾਬਦੇਹ ਬਣਾਉਣ ਦਾ ਕਾਰਗਰ ਸਾਧਨ




ਹੁੰਦੇ ਹਨ। ਤਾਨਾਸ਼ਾਹ ਤਾਕਤਾਂ ਦਹਿਸ਼ਤ ਦੇ ਜ਼ੋਰ ਸਮਾਜ ਨੂੰ ਚੁੱਪ ਕਰਾਉਣਾ ਚਾਹੁੰਦੀਆਂ ਹਨ। ਲੋਕ ਅੰਦੋਲਨ ਸੱਤਾ ਦੇ ਖ਼ੌਫ਼ ਨੂੰ ਚਕਨਾਚੂਰ ਕਰਕੇ ਲੋਕਾਂ ਵਿਚ ਸਵੈਵਿਸ਼ਵਾਸ ਜਗਾਉਂਦੇ ਹਨ। ਉਹ ਵਿਅਕਤੀਗਤ ਸ਼ਿਕਾਇਤਾਂ ਨੂੰ ਸਾਂਝੀ ਲੋਕਤੰਤਰੀ ਤਾਕਤ ਵਿੱਚ ਬਦਲਕੇ ਸਰਕਾਰਾਂ ਨੂੰ ਇਹ ਚੇਤੇ ਕਰਾਉਂਦੇ ਹਨ ਕਿ ਲੋਕ ਅਧਿਕਾਰ ਲੈਣੇ ਵੀ ਜਾਣਦੇ ਹਨ ਅਤੇ ਬਚਾਉਣੇ ਵੀ। ਅਵਾਮ ਨੂੰ ਹੱਕ ਸੱਤਾ ਵੱਲੋਂ ਕਦੇ ਵੀ ਮਰਜ਼ੀ ਨਾਲ ਨਹੀਂ ਦਿੱਤੇ ਜਾਂਦੇ। ਇਹ ਲੋਕਾਈ ਦੀ ਸਮੂਹਿਕ ਤਾਕਤ ਦੇ ਜ਼ੋਰ ਖੋਹੇ ਅਤੇ ਬਚਾਏ ਜਾਂਦੇ ਹਨ। ਚੋਣਾਂ ਜਮਹੂਰੀ ਸਪੇਸ ਦੀ ਗਾਰੰਟੀ ਨਹੀਂ ਹਨ। ਗਾਰੰਟੀ ਤਾਂ ਜਾਗਰੂਕ ਲੋਕਾਂ ਦੀ ਸਮੂਹਿਕ ਤਾਕਤ ਦਾ ਸੜਕਾਂ ’ਤੇ ਆਉਣਾ ਹੈ। ਜਦੋਂ ਤਾਨਾਸ਼ਾਹ ਹਕੂਮਤ ਨਾਗਰਿਕਾਂ ਦੇ ਸਰੋਕਾਰਾਂ ਪ੍ਰਤੀ ਬੇਪ੍ਰਵਾਹ ਦਿਸੇ ਤਾਂ ਸੜਕਾਂ ’ਤੇ ਆ ਕੇ ਸੱਤਾ ਦਾ ਹੰਕਾਰ ਤੋੜਨਾ ਅਣਸਰਦੀ ਲੋੜ ਬਣ ਜਾਂਦਾ ਹੈ। ਅੰਦੋਲਨ ਸੱਤਾਧਾਰੀ ਧਿਰ ਵੱਲੋਂ ਫੈਲਾਏ ਦੋ ਵੱਡੇ ਭਰਮ ਹਮੇਸ਼ਾ ਤੋੜਦੇ ਹਨ: ਲੋਕ ਸਰਕਾਰ ਦੀਆਂ ਨੀਤੀਆਂ ਨਾਲ ਸਹਿਮਤ ਹਨ ਅਤੇ ਹਕੂਮਤ ਅਜਿੱਤ ਹੈ। ਅੰਦੋਲਨ ਸੱਤਾ ਦਾ ਖ਼ੌਫ਼ ਤਾਂ ਤੋੜਦੇ ਹੀ ਹਨ, ਉਹ ਸੱਤਾ ਨੂੰ ਕੰਬਣੀ ਛੇੜਕੇ ਲੋਕਾਂ ’ਚ ਸਵੈਵਿਸ਼ਵਾਸ ਵੀ ਭਰਦੇ ਹਨ ਕਿ ਅਜਿੱਤ ਜਾਪਦੀ ਹਕੂਮਤ ਵੀ ਲੋਕ ਤਾਕਤ ਦੇ ਅੱਗੇ ਰੇਤ ਦੀ ਕੰਧ ਹੀ ਹੈ। ਇਸੇ ਦੇ ਝਲਕਾਰੇ ਇਨ੍ਹੀਂ ਦਿਨੀਂ ਭਾਰਤ ਵਿਚ ਦੇਖਣ ਨੂੰ ਮਿਲੇ।

ਭਾਰਤ ਵਿਚ ਮੈਡੀਕਲ ਦੀ ਐਂਟਰੈਂਸ ਪ੍ਰੀਖਿਆ ਵਿਚ ਹੋ ਰਹੀਆਂ ਧਾਂਦਲੀਆਂ ਵਿਚ ਮੋਦੀ ਸਰਕਾਰ ਦੀ ਮੁਜਰਮਾਨਾ ਭੂਮਿਕਾ ਵਿਰੁੱਧ ਨੌਜਵਾਨਾਂ-ਵਿਦਿਆਰਥੀਆਂ ਦਾ ਜ਼ਬਰਦਸਤ ਰੋਹ ਉੱਠਿਆ। ਸਰਕਾਰ ਨੇ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮਾਮੂਲੀ ਮੰਗ ਨੂੰ ਜਬਰ ਨਾਲ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਪਰ ਬੇਯਕੀਨੇ ਭਵਿੱਖ ਦੀ ਚਿੰਤਾ ’ਚੋਂ ਫੁੱਟਿਆ “ਜੈੱਨ-ਜ਼ੀ” ਪੀੜ੍ਹੀ ਦਾ ਰੋਹ ਐਨਾ ਮੂੰਹਜ਼ੋਰ ਸੀ ਕਿ 20 ਜੁਲਾਈ ਨੂੰ ਪਾਰਲੀਮੈਂਟ ਵੱਲ ਵਿਸ਼ਾਲ ਮਾਰਚ ਨੂੰ ਮਿਲੇ ਬੇਮਿਸਾਲ ਹੁੰਗਾਰੇ ਤੋਂ ਡਰੀ ਫਾਸ਼ੀਵਾਦੀ ਸਰਕਾਰ ਨੂੰ ਕੇਂਦਰੀ ਸਿੱਖਿਆ ਮੰਤਰੀ ਤੋਂ ਅਸਤੀਫ਼ਾ ਲੈਣਾ ਪਿਆ। ਪਿਛਲੇ ਸਮੇਂ ’ਚ ਸ੍ਰੀਲੰਕਾ, ਬੰਗਲਾਦੇਸ਼ ਅਤੇ ਨੇਪਾਲ ਵਿੱਚ ਵੀ ਜਨਰੇਸ਼ਨ-ਜ਼ੀ ਦੇ ਵਿਦਰੋਹਾਂ ਨੇ ਉੱਥੋਂ ਦੇ ਤਾਨਾਸ਼ਾਹ ਹੁਕਮਰਾਨਾਂ ਨੂੰ ਇਸੇ ਤਰ੍ਹਾਂ ਉਨ੍ਹਾਂ ਦੀ ਔਕਾਤ ਦਿਖਾਈ ਸੀ। ਬੇਸ਼ੱਕ ਇਨ੍ਹਾਂ ਰਾਜ-ਪਲਟਿਆਂ ਰਾਹੀਂ ਉੱਥੋਂ ਦੇ ਰਾਜ-ਪ੍ਰਬੰਧ ਦੀ ਲੋਕ ਵਿਰੋਧੀ ਖ਼ਸਲਤ ਨਹੀਂ ਬਦਲੀ, ਪਰ ਇਨ੍ਹਾਂ ਨੇ ਸੱਤਾ ਦੇ ਅੱਗੇ ਬੇਵੱਸ ਅਵਾਮ ’ਚ ਸਮੂਹਿਕ ਲੋਕ ਤਾਕਤ ਦਾ ਵਿਸ਼ਵਾਸ ਜਗਾਉਣ ਅਤੇ ਹਕੂਮਤੀ ਮਨਮਾਨੀਆਂ ’ਤੇ ਰੋਕ ਲਾਉਣ ਵਿਚ ਹਾਂਪੱਖੀ ਭੂਮਿਕਾ ਨਿਭਾਈ ਹੈ।

ਅੱਜ ਦੇ ਨੌਜਵਾਨਾਂ ਨੂੰ ਰਾਜਨੀਤੀ ਤੋਂ ਦੂਰ, ਸਵੈ-ਕੇਂਦਰਤ ਅਤੇ ਸੋਸ਼ਲ ਮੀਡੀਆ ਐਡਿਕਟ ਸਮਝਿਆ ਜਾਂਦਾ ਹੈ। ਨੌਜਵਾਨ ਅੰਦੋਲਨਾਂ ਦੇ ਤਜਰਬਿਆਂ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਗ਼ਲਤ ਸਿੱਧ ਕੀਤਾ ਹੈ। ਇਸ ਪੀੜ੍ਹੀ ਨੇ ਆਪਣੇ ਮੁੱਦਿਆਂ ਦੇ ਪ੍ਰਚਾਰ, ਨਵੇਂ ਤਰੀਕਿਆਂ ਨਾਲ ਲੋਕ-ਰਾਇ ਦੀ ਉਸਾਰੀ, ਡਿਜ਼ੀਟਲ ਸੰਚਾਰ, ਚਿੰਨ੍ਹਾਤਮਕ ਸਿਆਸਤ ਦੀ ਅਸਾਧਾਰਣ ਸਮਰੱਥਾ ਦਰਸਾਈ ਹੈ। ਉਹ ਆਪਣੇ ਭਵਿੱਖ, ਰੁਜ਼ਗਾਰ, ਸਿੱਖਿਆ, ਪਾਰਦਰਸ਼ਤਾ, ਭ੍ਰਿਸ਼ਟਾਚਾਰ, ਅਤੇ ਸੰਵਿਧਾਨਕ ਹੱਕਾਂ ਵਰਗੇ ਮੁੱਦਿਆਂ ਉੱਪਰ ਬਹੁਤ ਸ਼ਿੱਦਤ ਨਾਲ ਲੜਦੇ ਹਨ। ਅਜਿੱਤ ਨਜ਼ਰ ਆਉਂਦੀਆਂ ਹਕੂਮਤਾਂ ਵੀ ਉਨ੍ਹਾਂ ਦੇ ਰਚਨਾਤਮਕ ਅੰਦੋਲਨ ਢੰਗਾਂ ਅੱਗੇ ਬੇਵੱਸ ਹਨ। ਲੋੜ ਹੈ ਇਸ ਤਾਕਤ ਨੂੰ ਸਮਝਣ ਦੀ ਅਤੇ ਇਸਦਾ ਡੱਟਕੇ ਸਾਥ ਦੇਣ ਦੀ।

**- ਸੰਪਾਦਕੀ ਬੋਰਡ**


GOLDEN HARMONY CARE

Medical & Paramedic-Led Home Care

ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆ ਕੇ ਅਸੀਂ ਕਰਾਂਗੇ

ਘਰ ਵਿਚ ਦੇਖਭਾਲ ਸੇਵਾ

- ਨਿੱਜੀ ਦੇਖਭਾਲ
- ਡਿਮੈਂਸ਼ੀਆ ਕੇਅਰ
- ਖਾਣਾ ਬਣਾਉਣਾ
- ਸਫ਼ਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਆਪਣੇ ਘਰ ਵਿਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ

ਸਰਕਾਰੀ ਫੰਡ ਨਾਲ ਘਰ ਵਿਚ ਦੇਖਭਾਲ ਦੀਆਂ ਸੇਵਾਵਾਂ

Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚੇ ਲਏ

ਕੈਲਗਰੀ, ਐਡਮਿੰਟਨ ਅਤੇ ਆਲੇ ਦੁਆਲੇ ਦੇ ਸਾਰੇ ਖੇਤਰਾਂ ਵਿਚ ਸੇਵਾ ਪ੍ਰਦਾਨ ਕਰਦਾ ਹੈ।

(403) 439-6688 | (825) 712-9295

www.goldenharmonycare.ca

goldenharmonycare@gmail.com

Info@goldenharmonycare.ca

ਮਰੀਜ਼ਾਂ ਲਈ ਕੋਈ ਖਰਚਾ ਨਹੀਂ

ਏਐਸਐਸ ਦੁਆਰਾ ਮਨਜ਼ੂਰ

ਸੀਡੀਐਚਸੀਆਈ ਦੁਆਰਾ ਮਨਜ਼ੂਰ

ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ

- Auto Insurance
- Home Insurance
- Life Insurance
- Critical illness
- Disability Insurance
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha

403 554.4444

paramjit@paramjit.ca

paramjit.ca

520 - 10655 Southport Road SW Calgary

CALL NOW

FOR HOUSE BUYING & SELLING NEEDS.

BALJINDER SANGHA REALTOR®

(Certified Condominium Specialist)

403.680.3212

teamoraclehomes@gmail.com

EACH OFFICE INDEPENDENTLY OWNED AND OPERATED

RE/MAX MOUNTAIN VIEW

AMANDEEP S. RANIA

Immigration Consultant

RCIC Regulated Canadian Immigration Consultant

+1 (403) 436-6000

+1 (403) 406-2004

info@jfsimmigration.com

#2264 4310 104 Ave NE. Calgary, Alberta T3N 1W2

www.jfsimmigration.com

RDSP UP TO $90,000 GOVERNMENT GRANT + BOND.

SUPER VISA INSURANCE

PUNJAB INSURANCE INC.

- Life Insurance • Mortgage Insurance • Critical Illness Insurance • Disability Insurance • RESP, RRSP

www.punjabinsurance.ca


Sherjang Singh Rana

416.910.9000

Sandeep Ahuja

416.660.1010

# ਡਾ. ਸਾਹਿਬ ਦੇ ਨਾਟਕ ਐਡਰੀ (ਕੈਲਗਰੀ) 'ਚ 4 ਅਕਤੂਬਰ ਨੂੰ ਹੋਣਗੇ



(ਦੇਖੋ ਸਫ਼ਾ 40 'ਤੇ)

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)


NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

CARE AUDIOLOGY

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਨ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca


16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

- Commercial Auto & Trucking
- Commercial Property
- Rental Property
- Tenant Insurance
- General Liability
- Builder's Risk
- Special Event, Shows, Parties Liability

Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com

Insta Realty
BUY SELL INSTANTLY

Residential | Commercial | Rural
Property Management
Harcharan Parhar
BROKER
403-681-8689



info@instarlt.com | www.instarlt.com
400, 3115-12th St NE Calgary AB T2E 7J2



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu
INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU
403 404 3500

## SAROKARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com





For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.





Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN









Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਜਦੋਂ ਸੜਕਾਂ 'ਤੇ ਆਏ 'ਕਾਕਰੋਚ'



ਬੂਟਾ ਸਿੰਘ
ਮਹਿਮੂਦਪੁਰ
94634-74342



ਆਖ਼ਿਰਕਾਰ ਵਿਦਿਆਰਥੀਆਂ-ਨੌਜਵਾਨਾਂ ਦੀ ਤਾਕਤ ਅੱਗੇ ਗੋਡੇ ਟੇਕਕੇ ਭਗਵਾ ਹਕੂਮਤ ਨੂੰ ਧਰਮਿੰਦਰ ਪ੍ਰਧਾਨ ਤੋਂ ਅਸਤੀਫ਼ਾ ਲੈਣਾ ਪਿਆ। ਇਸ ਤੋਂ ਬਾਅਦ ਸੀ.ਜੀ.ਪੀ. ਆਗੂਆਂ ਨੇ ਜੰਤਰ-ਮੰਤਰ '36 ਦਿਨ ਤੋਂ ਚੱਲ ਰਿਹਾ ਅੰਦੋਲਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਸਾਮ-ਦਾਮ-ਦੰਡ-ਭੇਦ ਦੀ ਮਾਹਰ ਹਕੂਮਤ ਨੇ ਦੋਇਮ ਮੰਗਾਂ ਮੰਨਣ ਦੇ ਝਾਂਸੇ ਅਤੇ ਹਕੂਮਤੀ ਦਹਿ ?ਸਤਵਾਦ ਦੇ ਦੋਹਰੇ ਹਮਲੇ ਰਾਹੀਂ ਸੰਘਰਸ਼ ਨੂੰ ਤੋੜਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਆਖਿ ?ਰਕਾਰ ਮੋਦੀ ਵਜ਼ਾਰਤ ਨੂੰ ਕੇਂਦਰੀ ਸਿੱਖਿਆ ਮੰਤਰੀ ਨੂੰ ਚੱਲਦਾ ਕਰਨਾ ਪਿਆ ਅਤੇ ਪ੍ਰੀਖਿਆ ਸੁਧਾਰਾਂ ਲਈ ਹਾਈ-ਪਾਵਰ ਟਾਸਕ ਫੋਰਸ ਬਣਾਉਣ ਦੇ ਐਲਾਨ ਕਰਨੇ ਪਏ ਹਨ। ਸਚਾਈ ਇਹ ਹੈ ਕਿ ਜੇਕਰ ਮੋਦੀ-ਅਮਿਤ ਸ਼ਾਹ ਵੀ ਅਸਤੀਫ਼ਾ ਦੇ ਦੇਣ, ਉਸ ਨਾਲ ਵੀ ਸਿਸਟਮ ਦਾ ਕੁਝ ਨਹੀਂ ਬਦਲਣਾ, ਇਸਦੇ ਬਾਵਜੂਦ ਮੰਤਰੀ ਦੇ ਅਸਤੀਫ਼ੇ ਦੇ ਰੂਪ 'ਚ ਇਹ ਸੰਕੇਤਕ ਜਿੱਤ ਬਹੁਤ ਵੱਡੇ ਮਾਇਨੇ ਰੱਖਦੀ ਹੈ। ਆਪਣੇ ਹੱਕਾਂ ਲਈ ਲੜਨ ਵਾਲਿਆਂ ਨੂੰ 'ਅੰਦੋਲਨਜੀਵੀ' ਕਹਿਕੇ ਭੰਡਣ ਵਾਲੇ ਮੋਦੀ ਨੂੰ ਨੌਜਵਾਨਾਂ ਨੇ ਅੱਧੀ ਰਾਤ ਨੂੰ ਇੰਸਟਾਗ੍ਰਾਮ ਉੱਪਰ ਸੈਲਫੀ-ਵੀਡੀਓ ਪਾਉਣ ਲਈ ਮਜਬੂਰ ਕਰਕੇ ਇਕ ਵਾਰ ਫਿਰ ਅਵਾਮ ਦੀ ਤਾਕਤ ਅਤੇ ਉਹਦੀ ਔਕਾਤ ਦਿਖਾ ਦਿੱਤੀ ਹੈ।

ਨੋਇਡਾ, ਗੁੜਗਾਓਂ ਦੇ ਮਜ਼ਦੂਰਾਂ ਤੋਂ ਬਾਅਦ ਸੜਕਾਂ 'ਤੇ ਆਈ ਬੇਰੁਜ਼ਗਾਰ ਨੌਜਵਾਨੀ ਵੱਲੋਂ ਚੁੱਕੇ ਸਵਾਲਾਂ ਨੇ ਭਗਵਾ ਹਕੂਮਤ ਦੇ ਤਰੱਕੀ ਤੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ। ਕੇਂਦਰੀ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮੰਗ ਕਰਦਿਆਂ ਸੰਸਦ ਵੱਲ ਮਾਰਚ ਨੂੰ ਰੋਕਣ ਅਤੇ ਨੌਜਵਾਨੀ ਨੂੰ ਖਦੇੜਨ ਲਈ ਕੀਤੇ ਵਹਿਸ਼ੀਆਨਾ ਜਬਰ ਨੇ ਇਕ ਵਾਰ ਫਿਰ ਦਿਖਾ ਦਿੱਤਾ ਹੈ ਕਿ ਭਾਰਤੀ ਹੁਕਮਰਾਨ ਪੁਰਅਮਨ ਸੰਘਰਸ਼ਾਂ ਨਾਲ ਕਿੰਨੀ ਕਰੂਰਤਾ ਨਾਲ ਨਜਿੱਠਦੇ ਹਨ। ਨੌਜਵਾਨੀ ਨੂੰ ਦਹਿਸ਼ਤਜ਼ਦਾ ਕਰਨ ਲਈ ਹੋਰ ਰਾਜਾਂ ਤੋਂ ਹਵਾਈ ਜਹਾਜ਼ਾਂ ਰਾਹੀਂ ਸੀ.ਆਰ.ਪੀ.ਐੱਫ. ਦੀਆਂ ਕੰਪਨੀਆਂ ਦਿੱਲੀ ਢੋਈਆਂ ਗਈਆਂ। ਭਗਵਾ ਦਹਿਸ਼ਤੀ ਗਰੋਹਾਂ ਵੱਲੋਂ ਅੰਦੋਲਨ ਨੂੰ ਹਿੰਸਾ ਨਾਲ ਕੁਚਲਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਦਿੱਲੀ ਪੁਲਿਸ ਵੱਲੋਂ 10 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ (ਬਾਅਦ ਵਿਚ ਹੋਰ ਐੱਫ.ਆਈ.ਆਰ. ਵੀ ਦਰਜ ਕੀਤੀਆਂ ਗਈਆਂ ਹਨ)। ਸਰਕਾਰ ਵੱਲੋਂ ਦਿੱਲੀ ਪੁਲਿਸ ਦੇ ਮੁਖੀ ਨੂੰ ਅੰਦੋਲਨਕਾਰੀਆਂ ਵਿਰੁੱਧ ਜਾਬਰ ਕਾਨੂੰਨ ਐੱਨ.ਐੱਸ.ਏ. ਲਗਾਏ ਜਾਣ ਦੇ ਅਧਿਕਾਰ ਦੇ ਦਿੱਤੇ ਗਏ। ਕੇਂਦਰੀ ਮੰਤਰੀ ਪਿਯੂਸ਼ ਗੋਇਲ ਨੇ ਮੀਡੀਆ ਕੈਮਰਿਆਂ ਅੱਗੇ ਇੱਥੋਂ ਤੱਕ ਧਮਕੀ ਦਿੱਤੀ ਕਿ "ਮੇਰਾ ਸਾਫ਼ ਮੰਨਣਾ ਹੈ ਕਿ ਸਾਨੂੰ 2-3 ਕਾਕਰੋਚਾਂ ਨੂੰ ਸਰੇਆਮ ਟੰਗ ਦੇਣਾ ਚਾਹੀਦਾ ਹੈ ਤਾਂ ਜੁ ਇਨ੍ਹਾਂ ਨੂੰ ਅਸਲੀਅਤ ਦਾ ਅੰਦਾਜ਼ਾ ਹੋ ਜਾਵੇ ਕਿ ਸਾਡੀ ਤਾਕਤ ਕੀ ਹੈ ਅਤੇ ਅਸੀਂ ਕਿਸ ਹੱਦ ਤੱਕ ਜਾ ਸਕਦੇ ਹਾਂ। ਪਰ ਕੁਝ ਵੀ ਆਪਣੇ ਭਵਿੱਖ ਦੀ ਰਾਖੀ ਲਈ ਉੱਠੀ ਜਵਾਨੀ ਨੂੰ ਡਰਾ ਨਹੀਂ ਸਕਿਆ।

ਨੌਜਵਾਨਾਂ ਦਾ ਗੁੱਸਾ ਅਚਾਨਕ ਪੈਦਾ ਨਹੀਂ ਸੀ ਹੋਇਆ, ਇਹ ਕਾਰਪੋਰੇਟ ਹਿਤੈਸ਼ੀ ਨੀਤੀਆਂ ਦੇ ਲਗਾਤਾਰ ਹਮਲਿਆਂ ਨਾਲ ਪੈਦਾ ਹੋਏ ਹਾਲਾਤਾਂ ਦੀ ਉਪਜ ਹੈ। ਪਰਿਵਾਰ ਕਰਜ਼ਾ ਚੁੱਕ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ। ਕਈ-ਕਈ ਸਾਲ ਦਿਨ-ਰਾਤ ਮਿਹਨਤ ਕਰਕੇ ਅਤੇ ਕੋਚਿੰਗ ਲੈ ਕੇ ਬੱਚੇ ਪ੍ਰੀਖਿਆ ਦੀ ਤਿਆਰੀ ਕਰਦੇ ਹਨ। ਭ੍ਰਿਸ਼ਟ ਪ੍ਰਬੰਧ ਪੇਪਰ ਲੀਕ ਕਰਵਾ ਕੇ ਅਤੇ ਪ੍ਰੀਖਿਆ ਰੱਦ ਕਰਕੇ ਉਨ੍ਹਾਂ ਤੋਂ ਆਪਣੀ ਕਾਬਲੀਅਤ ਸਾਬਤ ਕਰਨ ਦਾ ਨਿਰਪੱਖ ਮੌਕਾ ਖੋਹ ਲੈਂਦਾ ਹੈ ਅਤੇ ਉਨ੍ਹਾਂ ਦੇ ਸੁਪਨੇ ਤੋੜ ਦਿੰਦਾ ਹੈ। ਭਾਜਪਾ ਦੇ ਰਾਜ ਵਿਚ ਸਿੱਖਿਆ ਦੇ ਵਪਾਰੀਕਰਨ ਅਤੇ ਪੇਪਰ ਲੀਕ ਘੁਟਾਲਿਆਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। 2019 ਤੋਂ ਲੈ ਕੇ 64 ਪੇਪਰ ਲੀਕ ਹੋਣ ਦੀ ਰਿਪੋਰਟ ਹੈ। 2021 ਅਤੇ 2024 'ਚ ਵੀ ਨੀਟ ਦਾ ਪੇਪਰ ਲੀਕ ਹੋਇਆ ਸੀ। ਇਸ ਵਾਰ 3 ਮਈ ਨੂੰ ਮੈਡੀਕਲ ਕਾਲਜਾਂ ਦੀਆਂ 130000 ਸੀਟਾਂ ਲਈ 23 ਲੱਖ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜੋ ਪੇਪਰ ਲੀਕ ਹੋਣ ਕਾਰਨ ਰੱਦ ਕਰ ਦਿੱਤੀ ਗਈ। ਆਰ.ਐੱਸ.ਐੱਸ.-ਭਾਜਪਾ ਸਰਕਾਰ 2014 ਤੋਂ ਲੈ ਕੇ ਲੋਕਾਈ ਨੂੰ ਫਿਰਕੂ ਪਾਲਾਬੰਦੀ ਰਾਹੀਂ ਨਕਲੀ ਮੁੱਦਿਆਂ ਵਿਚ ਉਲਝਾਉਂਦੀ ਰਹੀ ਹੈ। ਆਖਿਰਕਾਰ ਫਿਰਕੂ ਧੁੰਦ ਦੀ ਚਾਦਰ ਪਾਟ ਗਈ, ਆਪਣੇ ਅਸਲ ਮੁੱਦੇ ਉਠਾਕੇ ਜਵਾਨੀ ਸੜਕਾਂ 'ਤੇ ਆ ਗਈ ਅਤੇ ਹੋਰ ਹਿੱਸੇ ਵੀ ਵਿਦਿਆਰਥੀਆਂ ਦੀ ਨਿਆਂਪੂਰਨ ਲੜਾਈ ਨਾਲ ਇਕਜੁੱਟ ਹੋਣੇ ਸ਼ੁਰੂ ਹੋ ਗਏ। ਧਾਰਮਿਕ ਵੰਡੀਆਂ ਤੋਂ ਉੱਪਰ ਉੱਠਕੇ ਉੱਭਰ ਰਹੀ ਭਾਈਚਾਰਕ ਸਾਂਝ ਦੇ ਸੰਦੇਸ਼ ਨੇ ਫਿਰਕੂ ਪਾਲਾਬੰਦੀ ਦੇ ਹਿੰਦੂਤਵੀ ਪ੍ਰੋਜੈਕਟ ਦੇ ਅਸਰ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਮੋਦੀ ਸਰਕਾਰ ਦਾ ਮਜ਼ਬੂਤ ਹੋਣ ਦਾ ਅਕਸ ਇਕ ਵਾਰ ਫਿਰ ਖ਼ੁਰਨਾ ਸ਼ੁਰੂ ਹੋ ਗਿਆ ਅਤੇ ਹੰਕਾਰੀ ਹੋਈ ਸਰਕਾਰ ਨੂੰ ਅੰਦੋਲਨ ਦੇ ਦਬਾਅ ਹੇਠ ਡੈਮੇਜ ਕੰਟਰੋਲ ਮੋਡ 'ਚ ਆ ਕੇ ਗੱਲਬਾਤ ਦੀ ਪੇਸ਼ਕਸ਼ ਕਰਨੀ ਪਈ।

ਇਸ ਅੰਦੋਲਨ ਦਾ ਮੁੱਢ ਭਾਰਤ ਦੇ ਚੀਫ਼ ਜਸਟਿਸ ਸੂਰੀਆ ਕਾਂਤ ਵੱਲੋਂ ਕਾਰਕੁਨਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਕਾਕਰੋਚ ਕਹਿਕੇ ਅਪਮਾਨਿਤ ਕਰਨ ਦੇ ਜਵਾਬ 'ਚ ਕੁਝ ਨੌਜਵਾਨਾਂ ਵੱਲੋਂ ਮਜ਼ਾਕੀਆ ਰੂਪ 'ਚ ਸੀ.ਜੇ.ਪੀ. (ਕਾਕਰੋਚ ਜਨਤਾ ਪਾਰਟੀ) ਬਣਾਏ ਜਾਲ ਨਾਲ ਬੱਝਿਆ। ਜਦੋਂ ਮੁਕਾਬਲਾ ਪ੍ਰੀਖਿਆ 'ਨੀਟ-ਯੂ.ਜੀ.' ਅਤੇ ਹੋਰ ਐਂਟਰੈਂਸ ਪ੍ਰੀਖਿਆਵਾਂ ਵਿਚ ਸੱਤਾਧਾਰੀ ਭਾਜਪਾ ਦੀ ਮਿਲੀਭੁਗਤ ਨਾਲ ਹੋਰ ਰਹੇ ਘੁਟਾਲਿਆਂ ਤੋਂ ਪ੍ਰੇਸ਼ਾਨ 20 ਤੋਂ ਵੱਧ ਵਿਦਿਆਰਥੀਆਂ ਨੂੰ ਇਸ ਆਦਮਖ਼ੋਰ ਪ੍ਰਬੰਧ ਨੇ ਆਪਣੀ ਜਾਨ ਲੈਣ ਲਈ ਮਜਬੂਰ ਕਰ ਦਿੱਤਾ ਤਾਂ ਸੀ.ਜੇ.ਪੀ. ਨੇ ਭਗਵਾ ਸਰਕਾਰ ਦੀ ਜਵਾਬਦੇਹੀ ਅਤੇ "ਕਾਤਲ ਸਿੱਖਿਆ ਮੰਤਰੀ" ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ 20 ਜੂਨ ਤੋਂ ਦਿੱਲੀ ਦੇ ਜੰਤਰ-ਮੰਤਰ 'ਤੇ ਵਿਰੋਧ ਧਰਨਾ ਸ਼ੁਰੂ ਕਰ ਦਿੱਤਾ। ਲੱਦਾਖ ਤੋਂ ਵਾਤਾਵਰਣ ਕਾਰਕੁਨ ਸੋਨਮ ਵਾਂਗਚੁੱਕ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਇੱਥੇ ਭੁੱਖ-ਹੜਤਾਲ 'ਤੇ ਬੈਠ ਗਏ। ਇੰਝ, ਇੱਥੇ ਲਗਾਤਾਰ ਵਿਰੋਧ-ਪ੍ਰਦਰਸ਼ਨ ਸ਼ੁਰੂ ਹੋ ਗਿਆ। ਵੱਖੋ-ਵੱਖਰੇ ਵਿਚਾਰਾਂ ਵਾਲੇ ਹਿੱਸੇ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਅੱਗੇ ਆਉਣੇ ਸ਼ੁਰੂ ਹੋ ਗਏ। 28 ਜੂਨ ਨੂੰ ਆਇਸਾ (ਖੱਬੇਪੱਖੀ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ) ਦੇ ਤਿੰਨ ਆਗੂ ਕਾਰਕੁਨਾਂ ਨੇਹਾ ਬੋਰਾ, ਆਮੀਨ ਅਮਿਤੋਜ ਅਤੇ ਮਨੀਸ਼ ਕੁਮਾਰ ਨੇ ਵੀ ਅਣਮਿੱਥੇ ਸਮੇਂ ਦੀ ਭੁੱਖ-ਹੜਤਾਲ ਸ਼ੁਰੂ ਦਿੱਤੀ। ਹੋਰ ਜਥੇਬੰਦੀਆਂ ਵੀ ਸੰਘਰਸ਼ ਦੀ ਹਮਾਇਤ 'ਚ ਆ ਗਈਆਂ।

ਭੁੱਖ ਹੜਤਾਲੀ ਕਾਰਕੁਨਾਂ ਦੀ ਸਿਹਤ ਵਿਗੜਨ ਦੀਆਂ ਖ਼ਬਰਾਂ ਆਉਣ ਨਾਲ ਉਨ੍ਹਾਂ ਪ੍ਰਤੀ ਹਮਦਰਦੀ ਉਭਰਨਾ ਸੁਭਾਵਿਕ ਸੀ ਅਤੇ ਇਸ ਨਾਲ ਅੰਦੋਲਨ ਦਾ ਘੇਰਾ ਵਸੀਹ ਹੋਣ ਦੀ ਵੱਡੀ ਸੰਭਾਵਨਾ ਹਕੂਮਤ ਲਈ ਸਿਰਦਰਦੀ ਬਣ ਗਈ। ਆਇਸਾ ਦੇ ਕਾਰਕੁਨਾਂ ਅਤੇ ਹੋਰ ਵਿਦਿਆਰਥੀ ਸਮੇਤ 10-12 ਵਿਦਿਆਰਥੀਆਂ ਦੀ ਤਬੀਅਤ ਵਿਗੜ ਜਾਣ ਕਾਰਨ ਉਨ੍ਹਾਂ ਨੂੰ ਦਾਖ਼ਲ ਕਰਾਉਣਾ ਪਿਆ। ਨੇਹਾ, ਮਨੀਸ਼ ਅਤੇ ਆਮੀਨ 21 ਦਿਨਾਂ ਤੋਂ ਲਗਾਤਾਰ ਭੁੱਖ-ਹੜਤਾਲ 'ਤੇ ਡਟੇ ਰਹੇ। ਉਨ੍ਹਾਂ ਦੇ ਨਾਲ ਹੋਰ ਵਿਦਿਆਰਥੀ-ਨੌਜਵਾਨ ਜਥੇਬੰਦੀਆਂ ਦੇ ਕਾਰਕੁਨ ਅਤੇ ਵੱਖ-ਵੱਖ ਸੂਬਿਆਂ ਤੋਂ ਆਏ ਲਗਭਗ 15-20 ਲੋਕ ਵੀ ਭੁੱਖ-ਹੜਤਾਲ 'ਚ ਸ਼ਾਮਲ ਹੋ ਗਏ। ਹੋਰ ਰਾਜਾਂ 'ਚ ਵੀ ਇਸ ਅੰਦੋਲਨ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਭੁੱਖ-ਹੜਤਾਲ ਤੇ ਹੋਰ ਸ਼ਕਲਾਂ 'ਚ ਇਕਮੁੱਠਤਾ ਸਰਗਰਮੀਆਂ ਨੇ ਜ਼ੋਰ ਫੜ ਲਿਆ।

ਭਗਵਾ ਹਕੂਮਤ ਨਹੀਂ ਚਾਹੁੰਦੀ ਕਿ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਣ ਵਾਲੇ ਦਿੱਲੀ ਵਿਚ ਕੋਈ ਵਿਰੋਧ-ਪ੍ਰਦਰਸ਼ਨ ਕਰਨ 'ਚ ਕਾਮਯਾਬ ਹੋਣ ਅਤੇ ਉੱਥੋਂ ਕਿਸੇ ਵੀ ਤਰ੍ਹਾਂ ਮੋਦੀ ਸਰਕਾਰ ਵਿਰੁੱਧ ਉਠ ਰਹੀ ਆਵਾਜ਼ ਦੇਸ਼-ਬਦੇਸ਼ ਤੱਕ ਪਹੁੰਚੇ। 'ਅੰਨਾ ਹਜ਼ਾਰੇ ਅੰਦੋਲਨ' ਨੂੰ ਉਭਾਰਨ ਵਿਚ 'ਮੁੱਖਧਾਰਾ ਮੀਡੀਆ' ਦਾ ਵੱਡਾ ਹੱਥ ਸੀ, ਪਰ ਇਸ ਧਰਨੇ ਨੂੰ ਇਸ ਮੀਡੀਏ ਵੱਲੋਂ ਵੀ ਉਸ ਤਰ੍ਹਾਂ ਮਹੱਤਵ ਨਹੀਂ ਦਿੱਤਾ ਗਿਆ। ਪਹਿਲਾਂ ਸਰਕਾਰ ਵੱਲੋਂ ਗਿਣੀ-ਮਿੱਥੀ ਕੁਟਲਨੀਤੀ ਤਹਿਤ ਗੱਲਬਾਤ ਕਰਨ ਦੀ ਬਜਾਏ ਅੰਦੋਲਨ ਨੂੰ ਨਜ਼ਰਅੰਦਾਜ਼ ਕੀਤਾ ਗਿਆ ਕਿ ਆਪੇ ਥੱਕ-ਹਾਰ ਕੇ ਖਿੰਡ ਜਾਣਗੇ। ਬੁਖਲਾਏ ਭਗਵਾ ਹੁਕਮਰਾਨਾਂ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਨੇ 18 ਜੁਲਾਈ 2026 ਨੂੰ ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਨੂੰ ਜ਼ਬਰੀ ਉੱਥੋਂ ਚੁੱਕ ਕੇ ਸਫ਼ਦਰਜੰਗ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਜੋ 21 ਦਿਨਾਂ ਤੋਂ ਸ਼ਾਂਤੀਪੂਰਵਕ ਭੁੱਖ-ਹੜਤਾਲ 'ਤੇ ਸੀ । ਉਸਦੀ ਥਾਂ ਸੀ.ਜ਼ੇ.ਪੀ. ਦੇ ਬਾਨੀ ਅਭਿਜੀਤ ਦੀਪਕੇ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਅਤੇ ਉਸ ਨੇ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਵੀ ਉਠਾਈ। ਦਿੱਲੀ ਹਾਈਕੋਰਟ ਨੇ ਸਰਕਾਰ ਵੱਲੋਂ ਵਾਂਗਚੁਕ ਨੂੰ ਹਿਰਾਸਤ ਵਿਚ ਲੈ ਕੇ ਹਸਪਤਾਲ ਦਾਖ਼ਲ ਕਰਾਉਣ ਨੂੰ ਸਹੀ ਕਰਾਰ ਦਿੱਤਾ। ਫਿਰ ਚੀਫ਼ ਜਸਟਿਸ ਨੇ ਵਹਿਸ਼ੀਆਨਾ ਜਬਰ ਦੀਆਂ ਵੀਡੀਓ ਦੇਖਣ ਲਈ ਸਮਾਂ ਖਰਾਬ ਨਾ ਕਰਨ ਨਸੀਹਤ ਦੇ ਕੇ ਅਤੇ ਜਬਰ ਦਾ ਖ਼ੁਦ ਨੋਟਿਸ ਲੈਣ ਤੋਂ ਇਨਕਾਰ ਕਰਕੇ ਦੱਸ ਦਿੱਤਾ ਕਿ ਨੌਜਵਾਨਾਂ ਨੂੰ "ਕਾਕਰੋਚ" ਸਮਝਣ ਵਾਲੇ ਜੱਜਾਂ ਤੋਂ ਲੋਕਾਈ ਨੂੰ ਨਿਆਂ ਦੀ ਉਮੀਦ ਨਹੀਂ ਰੱਖਣੀ ਚਾਹੀਦੀ। (ਹੁਣ ਚੀਫ਼ ਜਸਟਿਸ ਕਹਿ ਰਹੇ ਹਨ ਕਿ ਪੁਲਿਸ ਨੂੰ ਸ਼ਾਂਤਮਈ ਅੰਦੋਲਨਾਂ ਵਿਰੁੱਧ ਤਾਕਤ ਨਹੀਂ ਵਰਤਣੀ ਚਾਹੀਦੀ ਅਤੇ ਬੇਲੋੜੀ ਤਾਕਤ ਵਰਤਣ ਦੇ ਦੋਸ਼ਾਂ ਦੀ ਜਾਂਚ ਲਈ ਉੱਚ-ਪੱਧਰੀ ਕਮੇਟੀ ਬਣਾਏ ਜਾਵੇਗੀ।)

ਅੰਦੋਲਨ ਦੀ ਅਗਲੀ ਕੜੀ ਵਜੋਂ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ 20 ਜੁਲਾਈ ਨੂੰ ਪਾਰਲੀਮੈਂਟ ਵੱਲ ਮਾਰਚ ਦਾ ਸੱਦਾ ਦਿੱਤਾ ਗਿਆ। ਗੱਲਬਾਤ ਕਰਨ ਦੀ ਬਜਾਏ ਭਗਵਾ ਹਕੂਮਤ ਵੱਲੋਂ ਪੁਲਸੀ ਤਾਕਤ ਅਤੇ ਜਬਰ ਦੇ ਜ਼ੋਰ ਅੰਦੋਲਨ ਨੂੰ ਦਬਾਉਣ ਲਈ ਅੰਨ੍ਹਾ ਜਬਰ ਕੀਤਾ ਗਿਆ। ਭਾਵੇਂ ਵਿਦਿਆਰਥੀਆਂ-ਨੌਜਵਾਨਾਂ ਵੱਲੋਂ ਲੱਖਾਂ ਦੀ ਤਾਦਾਦ 'ਚ ਅੰਦੋਲਨ ਵਿਚ ਕੁੱਦਣ ਦੇ ਦਬਾਅ ਹੇਠ ਸਰਕਾਰ ਨੂੰ ਸੀ.ਜੇ.ਪੀ. ਦੇ ਨੁਮਾਇੰਦਿਆਂ ਨਾਲ ਗੱਲਬਾਤ ਸ਼ੁਰੂ ਕਰਨੀ ਪਈ ਅਤੇ ਪੇਪਰ ਲੀਕ ਰੋਕੂ ਐਕਟ ਨੂੰ ਸਖ਼ਤ ਬਣਾਉਣ ਲਈ ਬਿੱਲ ਪੇਸ਼ ਕਰਨ ਵਰਗੇ ਕਦਮ ਚੁੱਕਣੇ ਪਏ, ਪਰ ਫਾਸ਼ੀਵਾਦੀ ਹਕੂਮਤ ਦਾ ਮੁੱਖ ਜ਼ੋਰ ਅੰਦੋਲਨ ਨੂੰ ਪੁਲਿਸ ਜਬਰ ਅਤੇ ਹਕੂਮਤੀ ਦਹਿਸ਼ਤ ਰਾਹੀਂ ਦਬਾਉਣ ਉੱਪਰ ਹੀ ਰਿਹਾ।

'ਸੰਸਦ ਚੱਲੋ' ਮਾਰਚ ਨੂੰ ਅਸਫ਼ਲ ਬਣਾਉਣ ਲਈ ਦਿੱਲੀ ਦੇ ਮੈਟਰੋ ਸਟੇਸ਼ਨ ਤੇ ਇੰਟਰਨੈੱਟ ਬੰਦ ਕਰਨ ਸਮੇਤ ਕਈ ਤਰ੍ਹਾਂ ਦੀਆਂ ਸਖ਼ਤ ਰੋਕਾਂ ਲਾ ਕੇ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਹਜੂਮ ਨੂੰ ਖਿੰਡਾਉਣ ਲਈ ਪਾਣੀ ਦੀਆਂ ਬੌਛਾੜਾਂ ਦਾ ਘੱਟ ਨੁਕਸਾਨਦੇਹ ਆਮ ਤਰੀਕਾ ਵਰਤਣ ਦੀ ਬਜਾਏ ਅੱਥਰੂ ਗੈਸ ਦੇ ਗੋਲਿਆਂ, ਲੋਹੇ ਦੀਆਂ ਕਿੱਲਾਂ ਲੱਗੀਆਂ ਡਾਂਗਾਂ, ਪੈਲੇਟ ਗੰਨਾਂ, ਵੈਲਡਿੰਗ ਕਰਕੇ ਜੋੜੇ ਬੈਰੀਕੇਡ ਵਰਤਕੇ ਅਤੇ ਇਨ੍ਹਾਂ ਵਿਚ ਕਰੰਟ ਛੱਡਕੇ ਵਹਿਸ਼ੀਆਨਾ ਜਬਰ ਕੀਤਾ ਗਿਆ। (ਪੈਲੇਟ ਗੰਨਾਂ ਅਤੇ ਸ਼ਾਕ ਬੈਟਨ ਸੀ.ਆਰ.ਪੀ.ਐੱਫ. ਦੇ ਵਿਸ਼ੇਸ਼ ਦੰਗਾ ਵਿਰੋਧੀ ਯੂਨਿਟ ਨੂੰ ਹਕੂਮਤ ਵੱਲੋਂ ਮੁਹੱਈਆ ਕਰਾਏ ਜਬਰ ਦੇ ਖ਼ਾਸ ਸੰਦ ਹਨ ਜੋ ਕਸ਼ਮੀਰ ਵਿਚ ਵੱਡੇ ਪੈਮਾਨੇ 'ਤੇ ਨੌਜਵਾਨਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਵਰਤੇ ਗਏ ਹਨ)। ਪੁਲਿਸ ਅਤੇ ਰੈਪਿਡ ਐਕਸ਼ਨ ਫੋਰਸ ਦੇ ਨਾਲ ਸਾਦਾ ਕੱਪੜਿਆਂ ਵਾਲੇ ਅਤੇ ਬਿਨਾਂ ਨੇਮ-ਪਲੇਟਾਂ ਤੋਂ ਆਰ.ਐੱਸ.ਐੱਸ. ਦੇ ਲੱਠਮਾਰ ਗੈਂਗਾਂ ਨੂੰ ਪੁਰਅਮਨ ਨਿਹੱਥੇ ਪ੍ਰਦਰਸ਼ਨਕਾਰੀਆਂ ਉੱਪਰ ਹਮਲੇ ਕਰਨ ਦੀ ਖੁੱਲ੍ਹੀ ਛੁੱਟੀ ਦੇ ਕੇ ਹਕੂਮਤੀ ਦਹਿਸ਼ਤਗਰਦੀ ਕਰਵਾਈ ਗਈ। ਬੱਚੀਆਂ ਅਤੇ ਨੌਜਵਾਨ ਲੜਕੀਆਂ ਉੱਪਰ ਸਰੇਆਮ ਜਿਨਸੀ ਹਿੰਸਾ ਕੀਤੀ ਗਈ। ਮਾਰਚ ਕਰ ਰਹੀ ਜਵਾਨੀ ਨੇ ਵੀ ਕਈ ਥਾਈਂ ਪੁਲਿਸ ਨਾਲ ਡੱਟ ਕੇ ਟੱਕਰ ਲਈ। ਇਕ ਵਾਰ ਪੁਲਿਸ ਜਾਬਰ ਦੇ ਜ਼ੋਰ ਜੰਤਰ-ਮੰਤਰ ਉੱਪਰਲਾ ਪੱਕਾ ਧਰਨਾ ਖਦੇੜਨ ਤੋਂ ਬਾਅਦ ਅੰਦੋਲਨਕਾਰੀ ਦੁਬਾਰਾ ਡੱਟ ਗਏ। ਪੁਲਿਸ ਦੇ ਵਹਿਸ਼ੀ ਜਬਰ ਨਾਲ ਬੁਰੀ ਤਰ੍ਹਾਂ ਫੱਟੜ ਹੋਏ ਕਈ ਸੈਂਕੜੇ ਲੜਕੇ-ਲੜਕੀਆਂ ਹਸਪਤਾਲ 'ਚ ਦਾਖ਼ਲ ਹਨ। ਪੈਲੇਟ ਗੰਨਾਂ ਕਾਰਨ ਕੁਝ ਦੀ ਅੱਖਾਂ ਦੀ ਰੌਸ਼ਨੀ ਹਮੇਸ਼ਾ ਲਈ ਖ਼ਤਮ ਹੋ ਜਾਣ ਦਾ ਡਰ ਹੈ। ਸੀ.ਆਰ.ਪੀ.ਐੱਫ. ਨੇ ਆਪਣੀ ਜਾਂਚ ਵਿਚ ਮੰਨਿਆ ਹੈ ਕਿ ਉਸਦੇ ਜਵਾਨ ਵੱਲੋਂ ਪੈਲੇਟ ਗੰਨ ਚਲਾਈ ਗਈ। ਦਿੱਲੀ ਪੁਲਿਸ ਦੇ ਰਿਕਾਰਡ ਤੋਂ ਪੈਲੇਟ ਗੰਨ ਦੀ ਵਰਤੋਂ ਦਾ ਬਾਕਾਇਦਾ ਆਦੇਸ਼ ਦੇਣ ਦੀ ਪੁਸ਼ਟੀ ਹੋ ਗਈ ਹੈ। ਗ਼ੈਰ-ਸਰਕਾਰੀ ਅੰਦਾਜ਼ਿਆਂ ਅਨੁਸਾਰ 20 ਜੁਲਾਈ ਨੂੰ ਦਿੱਲੀ ਵਿਚ ਇਕ ਲੱਖ ਤੋਂ ਵੱਧ ਲੋਕ ਪਹੁੰਚਣ 'ਚ ਕਾਮਯਾਬ ਹੋ ਗਏ ਜਦਕਿ ਹੋਰ ਲੱਖਾਂ ਲੋਕ ਪੁਲਿਸ ਦੀਆਂ ਰੋਕਾਂ ਕਾਰਨ ਨਹੀਂ ਪਹੁੰਚ ਸਕੇ। ਇੱਕਮੁੱਠਤਾ ਪ੍ਰਗਟਾਉਂਦਿਆਂ ਮੁੰਬਈ, ਜੈਪੁਰ, ਕਲਕੱਤਾ ਆਦਿ ਵੱਡੇ ਸ਼ਹਿਰਾਂ ਸਮੇਤ ਸੈਂਕੜੇ ਥਾਵਾਂ 'ਤੇ ਭਰਵੇਂ ਇਕੱਠ ਹੋਏ। ਮੁੰਬਈ ਵਿਚ ਸੈਂਕੜੇ ਲੜਕੇ-ਲੜਕੀਆਂ ਨੂੰ ਦੇਰ ਰਾਤ ਤੱਕ ਥਾਣਿਆਂ ਵਿਚ ਬੰਦ ਰੱਖਿਆ ਗਿਆ, ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਇਸੇ ਤਰ੍ਹਾਂ ਪੱਛਮੀ ਬੰਗਾਲ ਤੇ ਬਿਹਾਰ ਵਿਚ ਕਰੂਰ ਜਬਰ ਅਤੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਚੱਲਿਆ। ਵਿਦਿਆਰਥਣਾਂ ਅਤੇ ਹੋਰ ਲੜਕੀਆਂ ਦਾ ਅੰਦੋਲਨ ਵਿਚ ਵੱਡੀ ਗਿਣਤੀ ਵਿਚ ਸੜਕਾਂ 'ਤੇ ਆਉਣਾ ਅਤੇ ਜਾਬਰ ਸੱਤਾ ਨੂੰ ਸਵਾਲ ਕਰਨ ਦੀ ਜ਼ੁਅਰਤ ਦਿਖਾਉਣਾ ਬਹੁਤ ਮਹੱਤਵਪੂਰਨ ਹੈ।

ਜਦੋਂ ਸਰਕਾਰਾਂ ਦੀ ਤਾਨਾਸ਼ਾਹੀ, ਰਾਜਕੀ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਤੋਂ ਤੰਗ ਆ ਕੇ ਵਸੋਂ ਦਾ ਕੋਈ ਹਿੱਸਾ ਸਵੈ-ਰੱਖਿਆ ਲਈ ਭਾਰਤੀ ਰਾਜ ਵਿਰੁੱਧ ਹਥਿਆਰ ਚੁੱਕ ਲੈਂਦਾ ਹੈ ਤਾਂ ਉਨ੍ਹਾਂ ਨੂੰ 'ਹਿੰਸਾ ਦਾ ਰਾਹ ਤਿਆਗਕੇ ਮੁੱਖਧਾਰਾ ਵਿਚ ਸ਼ਾਮਲ ਹੋਣ' ਅਤੇ 'ਲੋਕਤੰਤਰੀ ਵਿਵਸਥਾ ਦੇ ਤਹਿਤ ਅਹਿੰਸਕ ਸੰਘਰਸ਼' ਕਰਨ ਦੀਆਂ ਨਸੀਹਤਾਂ ਤੇ ਸਲਾਹਾਂ ਦਿੱਤੀਆਂ ਜਾਂਦੀਆਂ ਹਨ। 1947 ਦੀ ਸੱਤਾ ਬਦਲੀ ਤੋਂ ਲੈ ਕੇ ਸੰਘਰਸ਼ਾਂ ਦਾ ਵਿਹਾਰਕ ਤਜਰਬਾ ਦੱਸਦਾ ਹੈ ਕਿ ਅਜਿਹੀਆਂ ਨਸੀਹਤਾਂ ਕਿੰਨੀਆਂ ਬੇਤੁਕੀਆਂ ਹਨ। ਸੰਘਰਸ਼ ਦਾ ਅਹਿੰਸਕ ਜਾਂ ਹਿੰਸਕ ਰੂਪ ਅਖ਼ਤਿਆਰ ਕਰਨਾ ਅੰਦੋਲਨਕਾਰੀਆਂ ਦੀ ਇੱਛਾ ਤੋਂ ਤੈਅ ਨਹੀਂ ਹੁੰਦਾ, ਦਰਅਸਲ ਇਹ ਹਕੂਮਤ ਉੱਪਰ ਨਿਰਭਰ ਕਰਦਾ ਹੈ ਕਿ ਉਹ ਅੰਦੋਲਨ ਨੂੰ ਸ਼ਾਂਤਮਈ ਰਹਿਣ ਦਿੰਦੀ ਹੈ ਜਾਂ ਨਹੀਂ। ਹਿੰਸਾ ਮੂਲ ਰੂਪ 'ਚ ਸਟੇਟ ਵੱਲੋਂ ਕੀਤੀ ਜਾਂਦੀ ਹੈ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਮੋਰਚਾ, ਇਤਿਹਾਸਕ ਕਿਸਾਨ ਅੰਦੋਲਨ, ਪਹਿਲਵਾਨ ਲੜਕੀਆਂ ਦੇ ਨਿਆਂ ਲਈ ਸੰਘਰਸ਼, ਹਾਲੀਆ ਕਾਕਰੋਚ ਅੰਦੋਲਨ, ਜਾਬਰ ਰਾਜ ਵੱਲੋਂ ਸ਼ਾਂਤਮਈ ਲੋਕਾਈ ਵਿਰੁੱਧ ਪੁਲਿਸ ਤਾਕਤ ਦੀ ਬਦਰੇਗ ਵਰਤੋਂ ਕੀਤੇ ਜਾਣ ਦੀਆਂ ਵੱਡੀਆਂ ਮਿਸਾਲਾਂ ਹਨ। ਇਸੇ ਤਰ੍ਹਾਂ ਦਾ ਵਹਿਸ਼ੀ ਜਬਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਾਧਵੀ ਰਿਤੰਬਰਾ ਵਰਗੇ ਫਿਰਕੂ ਫਾਸ਼ੀਵਾਦੀ ਆਗੂਆਂ ਨੂੰ ਬੁਲਾਉਣ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਉੱਪਰ ਕੀਤਾ ਗਿਆ ਹੈ।

ਭਗਵਾ ਹਕੂਮਤ ਦੀ ਖ਼ਸਲਤ ਦੇ ਮੱਦੇਨਜ਼ਰ ਇਸ ਅੰਦੋਲਨ ਦੀਆਂ ਮੰਗਾਂ ਉੱਪਰ ਸਰਕਾਰ ਵੱਲੋਂ ਮਹੀਨਾ ਭਰ ਕੋਈ ਹੁੰਗਾਰਾ ਨਾ ਦੇਣਾ ਹੈਰਾਨੀਜਨਕ ਨਹੀਂ ਹੈ। ਆਖਿ ?ਰਕਾਰ, ਹੰਕਾਰੀ ਹੋਈ ਹਕੂਮਤ ਨੂੰ ਜਵਾਨੀ ਦੇ ਗੁੱਸੇ ਅਤੇ ਦ੍ਰਿੜ ਇਰਾਦੇ ਦਾ ਨੋਟਿਸ ਲੈਣਾ ਪੈ ਗਿਆ ਅਤੇ ਗੱਲਬਾਤ ਦੀ ਪੇਸ਼ਕਸ਼ ਕਰਨੀ ਪਈ। 20 ਜੁਲਾਈ ਦੇ ਸੰਸਦ ਮਾਰਚ ਦਰਮਿਆਨ ਸਰਕਾਰ ਦੀ ਪੇਸ਼ਕਸ਼ ਦੇ ਤਹਿਤ ਸੀ.ਜੇ.ਪੀ. ਦੇ ਦੋ ਬੁਲਾਰਿਆਂ, ਸੌਰਵ ਦਾਸ ਅਤੇ ਆਸ਼ੂਤੋਸ਼ ਰੰਕਾ ਵੱਲੋਂ ਭਾਜਪਾ ਦੇ ਕੇਂਦਰੀ ਮੰਤਰੀ ਜੇ.ਪੀ. ਨੱਢਾ ਨੂੰ ਮਿਲਕੇ ਤਿੰਨ ਮੁੱਖ ਮੰਗਾਂ ਰੱਖੀਆਂ ਗਈਆਂ: ਸੋਨਮ ਵਾਂਗਚੁਕ ਦੀ ਤੁਰੰਤ ਰਿਹਾਈ; ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਅਤੇ ਨੀਟ ਪੇਪਰ ਲੀਕ ਤੋਂ ਬਾਅਦ ਖ਼ੁਦਕੁਸ਼ੀ ਕਰਨ ਵਾਲਿਆਂ ਨੂੰ ਪ੍ਰਤੀ ਪਰਿਵਾਰ ਨੂੰ 1 ਕਰੋੜ ਰੁਪਏ ਮੁਆਵਜ਼ਾ। ਭਾਜਪਾ ਆਗੂਆਂ ਨੇ ਮੰਗਾਂ ਉੱਪਰ ਵਿਚਾਰ ਕਰਨ ਲਈ ਸਮਾਂ ਮੰਗਿਆ। ਇਸ ਦਰਮਿਆਨ, 23 ਜੁਲਾਈ ਨੂੰ ਮਿਸਟਰ ਮੋਦੀ ਨੇ ਇਸ ਮੁੱਦੇ ਬਾਰੇ ਪਹਿਲੀ ਵਾਰ ਜ਼ਬਾਨ ਖੋਲ੍ਹੀ। ਆਪਣੇ ਬਿਆਨ ਵਿਚ ਉਸਨੇ ਦੋਸ਼ੀਆਂ ਵਿਰੁੱਧ "ਸਖ਼ਤ ਕਾਰਵਾਈ ਕਰਨ" ਅਤੇ "ਸਾਡੇ ਨੌਜਵਾਨਾਂ ਦੇ ਭਵਿੱਖ ਦਾ ਨੁਕਸਾਨ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ" ਦਾ ਉਹੀ ਪੁਰਾਣਾ ਰਾਗ ਅਲਾਪਿਆ ਜੋ ਉਹ ਪਿਛਲੇ ਤਿੰਨ ਸਾਲਾਂ 'ਚ ਚਾਰ ਵਾਰ ਅਲਾਪ ਚੁੱਕਾ ਸੀ। ਉਸਨੇ ਚੱਲ ਰਹੇ ਅੰਦੋਲਨ, ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੁੱਖ ਮੰਗ ਅਤੇ ਬੱਚਿਆਂ ਉੱਪਰ ਵੱਲੋਂ ਕੀਤੇ ਕਰੂਰ ਹਕੂਮਤੀ ਜਬਰ ਦਾ ਕੋਈ ਜ਼ਿਕਰ ਨਾ ਕਰਕੇ ਸਿਰਫ਼ ਪੇਪਰ ਲੀਕ ਵਿਚ ਸ਼ਾਮਲ ਦੋਸ਼ੀਆਂ ਨੂੰ "ਤੇਜ਼ੀ ਨਾਲ ਅਤੇ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਅਦਾਲਤਾਂ ਬਣਾਏ ਜਾਣ" ਦਾ ਐਲਾਨ ਕੀਤਾ। ਅਟਕਦੇ ਬੋਲਾਂ ਅਤੇ ਅਜੀਬ ਫਰੇਮਿੰਗ ਕਾਰਨ ਉਸਦੇ ਵੀਡੀਓ ਕਲਿੱਪ ਦਾ ਆਨ-ਲਾਈਨ ਮਜ਼ਾਕ ਬਣ ਗਿਆ। ਨੌਜਵਾਨਾਂ ਦੇ ਗੁੱਸੇ ਨੂੰ ਠੰਡਾ ਕਰਨ ਲਈ ਪੇਪਰ ਲੀਕ ਸੰਬੰਧੀ ਪਹਿਲੇ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਦਾ ਨਾਟਕ ਕਰਦੇ ਹੋਏ ਕੈਬਨਿਟ ਵੱਲੋਂ ਵਿਸ਼ੇਸ਼ ਬਿੱਲ ਪਾਸ ਕੀਤਾ ਗਿਆ। ਫਿਰ ਮਿਸਟਰ ਮੋਦੀ ਨੇ ਅੱਧੀ ਰਾਤ ਨੂੰ ਇੰਸਟਾਗ੍ਰਾਮ ਉੱਪਰ ਸੈਲਫੀ-ਮੋਡ 'ਚ ਲਾਈਵ ਹੋ ਕੇ ਨੌਜਵਾਨੀ ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਦਾ ਨਾਟਕ ਕੀਤਾ ਅਤੇ ਆਪਣੇ ਇਨ੍ਹਾਂ ਸਖ਼ਤ ਕਦਮਾਂ ਨੂੰ ਸਲਾਹਿਆ। ਪਹਿਲਾਂ ਦੋ ਮੰਗਾਂ - ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਅਤੇ ਅੰਦੋਲਨਕਾਰੀਆਂ ਉੱਪਰ ਦਰਜ ਕੇਸ ਵਾਪਸ ਲੈਣ - ਨੂੰ ਮੰਨਣ ਦੀ ਪੇਸ਼ਕਸ਼ ਕਰਕੇ ਆਗੂਆਂ ਨੂੰ ਵਰਚਾਉਣ ਦੀ ਚਾਲ ਖੇਡੀ ਗਈ। ਜਦੋਂ ਇਹ ਚਾਲ ਸਫ਼ਲ ਨਾ ਹੋਈ ਤਾਂ 25 ਜੁਲਾਈ ਨੂੰ ਕੇਂਦਰੀ ਸਿੱਖਿਆ ਮੰਤਰੀ ਤੋਂ



ਅਸਤੀਫ਼ਾ ਲੈ ਲਿਆ ਗਿਆ। ਅਸਤੀਫ਼ੇ ਵਿਚ ਉਸਨੇ ਕਿਹਾ ਕਿ ਜੰਤਰ-ਮੰਤਰ ਅਤੇ ਦੇਸ਼ ਵਿਚ ਜੋ ਸਥਿਤੀ ਬਣੀ ਹੈ, ਉਸਦਾ 'ਦੇਸ਼ ਵਿਰੋਧੀ ਤਾਕਤਾਂ ਫ਼ਾਇਦਾ ਨਾ ਉਠਾਉਣ', ਉਸਨੇ ਆਪਣਾ ਅਸਤੀਫ਼ਾ ਇਸ ਕਾਰਨ ਦਿੱਤਾ ਹੈ। ਯਾਨੀ ਬਤੌਰ ਸਿੱਖਿਆ ਮੰਤਰੀ ਉਸਨੇ ਕੁਝ ਵੀ ਗ਼ਲਤ ਨਹੀਂ ਕੀਤਾ! ਅਮਿਤ ਸ਼ਾਹ ਸਮੇਤ ਵੱਡੇ ਭਾਜਪਾਈ ਆਗੂਆਂ ਵੱਲੋਂ ਨਹਾਇਤ ਬੇਸ਼ਰਮੀਂ ਨਾਲ ਇਸ ਕਲੰਕਿਤ ਆਗੂ ਦੇ ਸਿੱਖਿਆ ਖੇਤਰ ਵਿਚ 'ਯੋਗਦਾਨ' ਦੀਆਂ ਤਾਰੀਫ਼ਾਂ ਕਰਨ, ਉਸ ਦੇ ਅਸਤੀਫ਼ੇ ਨੂੰ ਨੌਜਵਾਨਾਂ, ਵਿਦਿਆਰਥੀਆਂ ਅਤੇ ਮੁਲਕ ਦੇ ਹਿਤਾਂ ਲਈ ਵਚਨਬੱਧਤਾ ਚੋਂ ਲਿਆ ਫ਼ੈਸਲਾ ਦੱਸਣ ਅਤੇ ਸੰਸਦ ਵਿਚ ਉਸਦਾ ਨਾਇਕਾਂ ਵਾਂਗ ਸਵਾਗਤ ਕਰਨ ਤੋਂ ਸਪਸ਼ਟ ਹੈ ਕਿ ਅਸਤੀਫ਼ਾ ਸਿਰਫ਼ ਅੰਦੋਲਨ ਨੂੰ ਖ਼ਤਮ ਕਰਾਉਣ ਲਈ ਲਿਆ ਗਿਆ ਹੈ।

ਇਸ ਅੰਦੋਲਨ 'ਚ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੀਆਂ ਤਾਕਤਾਂ ਸ਼ਾਮਲ ਸਨ: ਸੀ.ਜੇ.ਪੀ. ਦੇ ਸੱਦੇ 'ਤੇ ਸੜਕਾਂ 'ਤੇ ਆਏ ਨੌਜਵਾਨ, ਉਨ੍ਹਾਂ ਦੇ ਮਾਪੇ ਅਤੇ ਆਮ ਲੋਕ; ਖੱਬੇਪੱਖੀ ਤੇ ਦਲਿਤ ਤਾਕਤਾਂ, ਜਨਤਕ ਜਥੇਬੰਦੀਆਂ, ਸਿਵਲ ਸੁਸਾਇਟੀ ਅਤੇ ਹੋਰ ਨਿਆਂਪਸੰਦ ਹਿੱਸੇ; ਅਤੇ ਪਾਰਲੀਮੈਂਟਰੀ ਵਿਰੋਧੀ-ਧਿਰ। ਇਸ ਦਰਮਿਆਨ ਦੁਨੀਆ ਨੇ ਸੋਨਮ ਵਾਂਗਚੁਕ ਦੀ ਭੂਮਿਕਾ ਵੀ ਦੇਖੀ। ਉਸਦਾ ਰਵੱਈਆ ਮੁਲਕ ਦੀ ਜਵਾਨੀ ਵੱਲੋਂ ਅੰਦੋਲਨ ਨੂੰ ਭਰੇ ਜਾ ਰਹੇ ਜੋਸ਼ੀਲੇ ਹੁੰਗਾਰੇ ਨਾਲ ਬੇਮੇਲ ਸੀ। ਉਸ ਵੱਲੋਂ ਹਸਪਤਾਲ ਵਿਚ ਭੁੱਖ ਹੜਤਾਲ ਜਾਰੀ ਰੱਖਣਾ ਸਿਰਫ਼ ਆਪਣਾ ਮੁੱਲ ਵਧਾ ਕੇ ਸਰਕਾਰ ਕੋਲ ਵਿਕਣ ਦਾ ਜ਼ਰੀਆ ਸੀ। ਉਸ ਵੱਲੋਂ ਭੁੱਖ-ਹੜਤਾਲ ਖ਼ਤਮ ਕਰਨ ਲਈ ਬੇਤੁਕੀਆਂ ਸ਼ਰਤਾਂ ਰੱਖਕੇ ਭਾਜਪਾ ਦੇ ਆਗੂਆਂ ਜੇ.ਪੀ.ਨੱਢਾ ਅਤੇ ਜਿਤੇਂਦਰ ਸਿੰਘ ਨਾਲ ਗੱਲਬਾਤ ਚਲਾਈ ਗਈ। ਉਸਦੀ ਪੇਸ਼ਕਸ਼ ਵਿਚ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੇਣ ਦੀ ਮੁੱਖ ਮੰਗ ਤੋਂ ਪਿੱਛੇ ਹਟਣ ਦਾ ਸਪਸ਼ਟ ਇਸ਼ਾਰਾ ਸੀ। ਜਦੋਂ ਅੰਦੋਲਨ ਨੂੰ ਦਿ ?ੜਤਾ ਨਾਲ ਅੱਗੇ ਲਿਜਾਣ ਅਤੇ ਸਟੇਟ ਦੇ ਵਹਿਸ਼ੀ ਹਮਲੇ ਵਿਰੁੱਧ ਡੱਟਣ ਦਾ ਨਾਜ਼ੁਕ ਵਕਤ ਆਇਆ ਤਾਂ ਉਸਨੇ ਭਾਜਪਾ ਆਗੂਆਂ ਹੱਥੋਂ ਜੂਸ ਪੀ ਕੇ ਐਲਾਨ ਕੀਤਾ ਕਿ ਉਹ 'ਹਿੰਸਾ ਦੀ ਸੰਭਾਵਨਾ ਨੂੰ ਦੇਖਦਿਆਂ' ਅਤੇ 65 ਪਾਰਲੀਮੈਂਟ ਮੈਂਬਰਾਂ ਦੀ ਅਪੀਲ 'ਤੇ ਭੁੱਖ ਹੜਤਾਲ ਖ਼ਤਮ ਕਰ ਰਿਹਾ ਹੈ। ਬੇਸ਼ੱਕ ਸੀ.ਜੇ.ਪੀ. ਦੀ ਹਮਾਇਤ 'ਚ ਭੁੱਖ ਹੜਤਾਲ 'ਤੇ ਬੈਠਣ ਨਾਲ ਸੋਨਮ ਵਾਂਗਚੁਕ ਦੀ ਚਰਚਾ ਜ਼ਿਆਦਾ ਹੋਈ ਹੈ ਅਤੇ ਉਸਦੀ ਭੁੱਖ ਹੜਤਾਲ ਖ਼ਤਮ ਕਰਾਉਣ ਲਈ ਪੁਲਿਸ ਵੱਲੋਂ ਕੀਤੀ ਧੱਕੇਸ਼ਾਹੀ ਨਾਲ ਨੌਜਵਾਨਾਂ 'ਚ ਹਮਦਰਦੀ ਅਤੇ ਗੁੱਸਾ ਵੀ ਫੈਲਿਆ ਪਰ ਅੰਦੋਲਨ ਉਸਦੀ ਭੁੱਖ-ਹੜਤਾਲ ਉੱਪਰ ਨਹੀਂ ਸੀ ਖੜ੍ਹਾ। ਅੰਦੋਲਨ ਦਾ ਘੇਰਾ ਜੰਤਰ-ਮੰਤਰ ਤੋਂ ਪਾਰ ਪੂਰੇ ਮੁਲਕ ਵਿਚ ਮਾਯੂਸ ਨੌਜਵਾਨਾਂ ਦੇ ਚੋਖੇ ਹਿੱਸੇ ਤੱਕ ਫੈਲਿਆ ਹੋਇਆ ਸੀ ਅਤੇ ਉਹ ਆਪਮੁਹਾਰੇ ਸੜਕਾਂ 'ਤੇ ਆਏ ਸਨ। ਸਥਿਤੀ ਦਾ ਵਿਅੰਗ ਦੇਖੋ: ਹਿੰਸਾ ਸਟੇਟ ਵੱਲੋਂ ਕੀਤੀ ਜਾ ਰਹੀ ਸੀ ਪਰ ਹਿੰਸਾ ਨਾ ਕਰਨ ਦੀਆਂ ਨਸੀਹਤਾਂ ਵਾਂਗਚੁਕ ਅੰਦੋਲਨਕਾਰੀਆਂ ਨੂੰ ਦੇ ਰਿਹਾ ਸੀ! ਧਾਰਾ 370 ਨੂੰ ਖ਼ਤਮ ਕਰਨ ਦਾ ਸਵਾਗਤ ਕਰਨ ਵਾਲੇ ਜਿਸ ਵਾਂਗਚੁਕ ਨੂੰ ਭਗਵਾ ਹਕੂਮਤ ਨੇ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਅਤੇ ਐੱਨ.ਐੱਸ.ਏ. ਲਗਾਕੇ 6 ਮਹੀਨੇ ਜੇਲ੍ਹ ਵਿਚ ਡੱਕੀ ਰੱਖਿਆ ਉਸੇ ਨੂੰ ਹੁਣ ਮੋਦੀ 'ਸਿਹਤ ਦਾ ਖਿਆਲ ਰੱਖਕੇ ਛੇਤੀਂ ਪਹਿਲਾਂ ਜਿੰਨਾ ਵਜ਼ਨ ਹਾਸਲ ਕਰਨ' ਦੀਆਂ ਦੁਆਵਾਂ ਦੇ ਰਿਹਾ ਹੈ!

ਇਸਦੇ ਮੁਕਾਬਲੇ, ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀ ਆਗੂਆਂ-ਨੇਹਾ, ਆਮੀਨ ਅਤੇ ਮੁਨੀਸ਼-ਵੱਲੋਂ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ, ਅਦਾਕਾਰ ਪ੍ਰਕਾਸ਼ ਰਾਜ, ਰਾਜ ਸਭਾ ਸਾਂਸਦ ਮਨੋਜ ਝਾਅ, ਖੱਬੇਪੱਖੀ ਪਾਰਲੀਮੈਂਟ ਮੈਂਬਰਾਂ ਅਮਰਾ ਰਾਮ ਤੇ ਰਾਜਾ ਰਾਮ ਕੁਸ਼ਵਾਹਾ ਅਤੇ ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਆਦਿ ਵੱਲੋਂ ਪ੍ਰੇਰਨ 'ਤੇ ਸਹੀ ਫ਼ੈਸਲਾ ਲੈ ਕੇ 20 ਜੁਲਾਈ ਨੂੰ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਗਈ। ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਹੋਰ ਰੂਪਾਂ 'ਚ ਆਪਣਾ ਸੰਘਰਸ਼ ਜਾਰੀ ਰੱਖਣਗੇ ਅਤੇ ਹੁਕਮਰਾਨ ਭਾਜਪਾ ਦੇ ਰਾਜ ਵਿਰੁੱਧ ਪੂਰੇ ਮੁਲਕ ਵਿਚ ਲੋਕ-ਰਾਇ ਉਸਾਰਨ ਲਈ ਲਗਾਤਾਰ ਕੰਮ ਕਰਦੇ ਰਹਿਣਗੇ। ਉਦਾਰ ਅਤੇ ਖੱਬੇਪੱਖੀ ਬੁੱਧੀਜੀਵੀ ਹਿੱਸੇ, ਦਲਿਤ ਅਤੇ ਖੱਬੇਪੱਖੀਆਂ ਤਾਕਤਾਂ, ਖ਼ਾਸ ਕਰਕੇ ਜਨਤਕ ਜਥੇਬੰਦੀਆਂ ਦੀ ਹਮਾਇਤ ਵਧਦੇ ਜਾਣ ਨਾਲ ਅੰਦੋਲਨ ਦੇ ਹੋਰ ਫੈਲਣ ਦੇ ਆਸਾਰ ਦੇਖਕੇ ਹਕੂਮਤ ਦੇ ਤੇਵਰ ਢੈਲ਼ੇ ਪੈਣੇ ਸ਼ੁਰੂ ਹੋ ਗਏ।

ਸੀ.ਏ.ਏ.-ਐੱਨ.ਆਰ.ਸੀ. ਅਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨਾਂ ਦੀ ਤਰ੍ਹਾਂ ਇਸ ਅੰਦੋਲਨ ਨੇ ਵੀ ਦਿਖਾ ਦਿੱਤਾ ਹੈ ਕਿ ਭਾਰਤ ਦੀ ਪਾਰਲੀਮੈਂਟਰੀ ਵਿਰੋਧੀ-ਧਿਰ ਫਾਸ਼ੀਵਾਦੀ ਹਕੂਮਤ ਦੇ ਹਮਲਿਆਂ ਦਾ ਟਾਕਰਾ ਕਰਨ ਲਈ ਕੋਈ ਰਾਜਨੀਤਕ ਪਹਿਲਕਦਮੀਂ ਲੈਣ ਦੇ ਅਯੋਗ ਹੋਣ ਕਾਰਨ ਗ਼ੈਰਪ੍ਰਸੰਗਿਕ ਹੋ ਚੁੱਕੀ ਹੈ। ਸੰਘਰਸ਼ ਹਮੇਸ਼ਾ ਲੋਕ ਜਥੇਬੰਦੀਆਂ ਵਿੱਢਦੀਆਂ ਹਨ ਜਾਂ ਆਪਮੁਹਾਰੇ ਉੱਠਦੇ ਹਨ। ਇਸ ਵਾਰ ਵੀ ਇਹ ਮੁੱਦਾ ਆਪ ਚੁੱਕਕੇ ਲੜਨ ਦੀ ਬਜਾਏ ਇਹ ਪਾਰਟੀਆਂ ਚੱਲ ਰਹੇ ਅੰਦੋਲਨ ਦਾ ਲਾਹਾ ਲੈਣ ਲਈ ਪਹੁੰਚ ਗਈਆਂ। ਇਨ੍ਹਾਂ ਵੱਲੋਂ ਇਨ੍ਹਾਂ ਮੁੱਦਿਆਂ ਪ੍ਰਤੀ ਝੂਠਾ ਹੇਜ ਦਿਖਾਇਆ ਗਿਆ ਜੋ ਸਿਰਫ਼ ਬਿਆਨਬਾਜ਼ੀ, ਮਾਨਸੂਨ ਸੈਸ਼ਨ ਵਿਚ ਹੰਗਾਮਾ ਕਰਕੇ ਮੀਡੀਆ ਸੁਰਖ਼ੀਆ ਬਟੋਰਨ ਅਤੇ ਭੱਲ ਬਣਾਉਣ ਵਾਲੇ ਸੰਕੇਤਕ ਐਕਸ਼ਨ ਕਰਨ ਤੱਕ ਸੀਮਤ ਰਿਹਾ। ਰਾਜਨੀਤਕ ਗਿਣਤੀਆਂ-ਮਿਣਤੀਆਂ ਦੇ ਤਹਿਤ ਰਾਹੁਲ ਗਾਂਧੀ ਨੇ ਮੋਦੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ। ਕਾਂਗਰਸ ਦੀ ਲੀਡਰਸ਼ਿੱਪ ਅੰਦੋਲਨ ਉੱਪਰ ਕੀਤੇ ਵਹਿਸ਼ੀਆਨਾ ਜਬਰ ਵਿਰੁੱਧ ਹਾਲ-ਪਾਹਰਿਆ ਮਚਾ ਰਹੀ ਸੀ ਜਦਕਿ ਇਸਦੇ ਆਪਣੇ ਰਾਜ ਵਿਚ ਲੋਕਾਈ ਦੇ ਵਾਜਬ ਸੰਘਰਸ਼ਾਂ ਨੂੰ ਜੰਗੀ ਪੈਮਾਨੇ 'ਤੇ ਨੀਮ-ਫ਼ੌਜੀ ਤਾਕਤਾਂ ਅਤੇ ਪੁਲਿਸ ਝੋਕਕੇ ਇਸੇ ਤਰ੍ਹਾਂ ਬੇਕਿਰਕੀ ਨਾਲ ਦਬਾਇਆ ਜਾਂਦਾ ਰਿਹਾ ਹੈ। ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਵੀ ਮਾਰਚ ਦੀ 'ਹਮਾਇਤ' ਕਰਨ ਪਹੁੰਚੇ। ਪੰਜਾਬ ਵਿਚ ਚਾਰ ਸਾਲ ਤੋਂ ਰੁਜ਼ਗਾਰ ਮੰਗਦੇ ਬੇਰੁਜ਼ਗਾਰਾਂ, ਹਾਲ ਹੀ ਵਿਚ ਨਰੇਗਾ ਮਜ਼ਦੂਰਾਂ ਤੇ ਸਫ਼ਾਈ ਕਾਮਿਆਂ ਨੂੰ ਕ੍ਰਮਵਾਰ ਖੰਨਾ ਅਤੇ ਬਰਨਾਲਾ ਵਿਚ ਪੁਲਿਸ ਕੋਲੋਂ ਛੱਲੀਆਂ ਵਾਂਗ ਕੁਟਵਾਉਣ ਵਾਲੀ ਝਾੜੂ ਪਾਰਟੀ ਦੇ ਵੱਡੇ ਆਗੂ ਆਤਿਸ਼ੀ, ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਵੀ ਸੰਸਦ ਮਾਰਚ ਦੌਰਾਨ ਬੈਰੀਕੇਡ ਟੱਪਣ ਦਾ ਨਾਟਕ ਕਰਦੇ ਨਜ਼ਰ ਆਏ। ਸਿੱਖਿਆ ਅਤੇ ਰੁਜ਼ਗਾਰ ਵਰਗੇ ਮੁੱਦਿਆਂ ਉੱਪਰ ਗੰਭੀਰ ਅੰਦੋਲਨ ਕਰਨਾ ਇਨ੍ਹਾਂ ਦੀ ਖ਼ਸਲਤ ਨਹੀਂ ਹੈ। ਉਹ ਤਾਂ ਇਸ ਮੰਚ ਦੇ ਇਰਦ-ਗਿਰਦ ਜੁੜੀ ਨੌਜਵਾਨੀ ਦਾ ਰਾਜਨੀਤਕ ਲਾਹਾ ਲੈਣ ਲਈ ਗਿਰਝਾਂ ਵਾਂਗ ਮੰਡਰਾ ਰਹੇ ਸਨ।

ਇਸ ਦਰਮਿਆਨ ਸੀ.ਜੇ.ਪੀ. ਦੇ ਮੁੱਖ ਆਗੂਆਂ ਦੀਆਂ ਸੀਮਤਾਈਆਂ ਤੇ ਕਮੀਆਂ ਵੀ ਸਾਹਮਣੇ ਆਈਆਂ। ਇਸਦੇ ਦੋ ਮੁੱਖ ਆਗੂ ਬਾਕੀ ਵਿਦਿਆਰਥੀਆਂ ਨੂੰ ਦੱਸੇ ਬਿਨਾਂ ਹੀ ਭਾਜਪਾ ਮੰਤਰੀ ਨੱਢਾ ਨੂੰ ਮਿਲੇ ਅਤੇ ਜਿਨ੍ਹਾਂ ਨੌਜਵਾਨਾਂ ਤੇ ਲੋਕਾਂ ਨੂੰ ਇਨ੍ਹਾਂ ਆਗੂਆਂ ਵੱਲੋਂ ਸੰਸਦ ਵੱਲ ਮਾਰਚ ਦਾ ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਨੂੰ ਗੱਲਬਾਤ ਦੀ ਸਰਕਾਰੀ ਪੇਸ਼ਕਸ਼ ਬਾਰੇ ਨਹੀਂ ਦੱਸਿਆ ਗਿਆ। ਦੀਪਕੇ ਨੇ ਇਹ ਕਹਿਕੇ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਕਿ ਸਰਕਾਰ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਆਪਹੁਦਰੇ ਕਾਰਵਿਹਾਰ ਦੀ ਹੋ ਰਹੀ ਆਲੋਚਨਾ ਦੇ ਦਬਾਅ ਹੇਠ ਬਾਅਦ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਸਰਕਾਰੀ ਨੁਮਾਇੰਦਿਆਂ ਨੂੰ ਜੰਤਰ-ਮੰਤਰ ਉੱਪਰ ਹੀ ਮਿਲਿਆ ਜਾਵੇਗਾ। ਮੁੱਖ ਆਗੂ ਸਿੱਖਿਆ ਮੰਤਰੀ ਦੀ ਜਵਾਬਦੇਹੀ ਦੀ ਮੰਗ ਕਰਨ ਤੱਕ ਸੀਮਤ ਰਹਿਕੇ ਇਸ ਗਲੇ-ਸੜੇ ਪ੍ਰਬੰਧ ਨੂੰ ਸੁਧਾਰਾਂ ਰਾਹੀਂ ਤੰਦਰੁਸਤ ਕਰਨ ਦੀ ਗੱਲ ਕਰਦੇ ਰਹੇ। ਉਨ੍ਹਾਂ ਵੱਲੋਂ "ਆਜ਼ਾਦੀ-ਆਜ਼ਾਦੀ" ਦੇ ਨਾਅਰੇ ਲਾਉਣ ਉੱਪਰ ਰੋਕ ਵੀ ਲਾਈ ਗਈ ਅਤੇ ਆਸ਼ੁਤੋਸ਼ ਰੰਕਾ ਵੱਲੋਂ ਇਸਦੀ ਬਜਾਏ "ਭਾਰਤ ਮਾਤਾ ਕੀ ਜੈ" ਦਾ ਨਾਅਰਾ ਲਾਉਣ ਦਾ ਆਦੇਸ਼ ਵੀ ਦਿੱਤਾ ਗਿਆ। ਮੌਕਾਪ੍ਰਸਤ ਹਾਕਮ ਜਮਾਤੀ ਪਾਰਟੀਆਂ ਤੋਂ ਵਿੱਥ ਬਣਾਕੇ ਰੱਖਣ ਅਤੇ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਟਿਕਾਊ ਲੋਕ ਤਾਕਤ ਦੇ ਜ਼ੋਰ ਪਿੱਛੇ ਧੱਕਣ ਦੀ ਚੇਤਨਾ ਪੱਖੋਂ ਵੀ ਲੀਡਰਸ਼ਿੱਪ ਕਮਜ਼ੋਰ ਸੀ। ਇਸ ਸਭ ਕਾਸੇ ਦੇ ਬਾਵਜੂਦ, ਅੰਦੋਲਨ ਦੀਆਂ ਸੀਮਤਾਈਆਂ ਨਾਲੋਂ ਉਸ ਵੱਲੋਂ ਨੌਜਵਾਨੀ ਨੂੰ ਜਗਾਉਣ 'ਚ ਨਿਭਾਈ ਭੂਮਿਕਾ ਜ਼ਿਆਦਾ ਮਹੱਤਵਪੂਰਨ ਹੈ। ਅੰਦੋਲਨ ਵੱਲੋਂ ਮੁਲਕ ਦੀ ਨੌਜਵਾਨ-ਵਿਦਿਆਰਥੀ ਤਾਕਤ ਨੂੰ ਜਗਾਕੇ ਸੜਕਾਂ 'ਤੇ ਲਿਆਉਣਾ ਅਤੇ ਖੜੋਤ ਦੀ ਹਾਲਤ ਨੂੰ ਤੋੜਕੇ ਜਵਾਨੀ ਨੂੰ ਆਪਣੀ ਸਮੂਹਿਕ ਤਾਕਤ ਦਾ ਅਹਿਸਾਸ ਕਰਾਉਣਾ ਬਹੁਤ ਮਹੱਤਵਪੂਰਨ ਹੈ। ਜਵਾਨੀ ਦੀ ਦਿ ?ੜਤਾ ਅਤੇ ਹੁੰਗਾਰੇ ਨੇ ਭਗਵਾ ਹਕੂਮਤ ਦੀਆਂ ਗੋਡਣੀਆਂ ਲਵਾ ਦਿੱਤੀਆਂ ਅਤੇ ਹੰਕਾਰੀ ਹੋਈ ਹਕੂਮਤ ਨੂੰ ਤੀਜੀ ਵਾਰ ਲੋਕ ਅੰਦੋਲਨਾਂ ਅੱਗੇ ਝੁਕਣਾ ਪਿਆ ਹੈ-ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਵਿਰੁੱਧ ਅੰਦੋਲਨ ਸਮੇਂ ਕੌਮੀ ਨਾਗਰਿਕ ਰਜਿਸਟਰ ਬਣਾਉਣ ਤੋਂ ਪਿੱਛੇ ਹਟਣਾ, ਤਿੰਨ ਖੇਤੀ ਕਾਨੂੰਨ ਵਾਪਸ ਲੈਣਾ ਅਤੇ ਹੁਣ ਸਿੱਖਿਆ ਮੰਤਰੀ ਦਾ ਅਸਤੀਫ਼ਾ।

ਸਿੱਖਿਆ ਖੇਤਰ ਨੂੰ ਨਿੱਜੀਕਰਨ-ਵਪਾਰੀਕਰਨ ਤੋਂ ਮੁਕਤ ਕਰਾਉਣਾ, ਰੁਜ਼ਗਾਰ ਦਾ ਹੱਕ ਅਤੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਤੋਂ ਮੁਕਤ ਬਿਹਤਰ ਭਵਿੱਖ ਦੀ ਗਾਰੰਟੀ ਲੋਕਾਈ ਦੇ ਬੇਹੱਦ ਅਹਿਮ ਮੁੱਦੇ ਹਨ। ਨੌਜਵਾਨੀ ਵਿਚ ਰੋਹ ਨੀਟ ਤੇ ਸੀ.ਬੀ.ਐੱਸ.ਈ. ਘੁਟਾਲਿਆਂ ਤੋਂ ਕਿਤੇ ਡੂੰਘੇਰਾ ਹੈ। ਸਿੱਖਿਆ ਮੰਤਰੀ ਦਾ ਅਸਤੀਫ਼ਾ ਮਹਿਜ਼ ਚਿੰਨ੍ਹਾਤਮਕ ਜਿੱਤ ਹੈ, ਸਵਾਲ ਤਾਂ ਭਗਵਾ ਹਕੂਮਤ ਦੀ 12 ਸਾਲ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਅਤੇ ਲੋਕਾਈ ਦੇ ਬੁਨਿਆਦੀ ਮੁੱਦਿਆਂ ਉੱਪਰ ਮਜ਼ਬੂਤ ਚੇਤਨ ਲਹਿਰ ਉਸਾਰਕੇ ਫਾਸ਼ੀਵਾਦੀ ਹਕੂਮਤ ਨੂੰ ਪੂਰੀ ਤਰ੍ਹਾਂ ਪਛਾੜਨ ਦਾ ਹੈ। ਬੁਨਿਆਦੀ ਮੰਗਾਂ ਦੇ ਨਾਲ-ਨਾਲ ਅੰਦੋਲਨਕਾਰੀ ਜਵਾਨੀ ਵਿਚ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਦੀ ਅਹਿਮੀਅਤ ਉਭਾਰਨ ਦਾ ਸਵਾਲ ਵੀ ਬਹੁਤ ਮਹੱਤਵਪੂਰਨ ਹੈ। ਇਸ ਹਕੂਮਤ ਵੱਲੋਂ ਗਿਣ-ਮਿੱਥਕੇ ਪੈਦਾ ਕੀਤੇ ਮੁਲਕ ਦੇ ਹਾਲਾਤ ਭੁੱਖ-ਹੜਤਾਲਾਂ ਤੋਂ ਅੱਗੇ ਸੰਘਰਸ਼ ਵਿਚ ਲੋਕਾਈ ਦੀ ਵਿਸ਼ਾਲ ਹਿੱਸੇਦਾਰੀ ਅਤੇ ਲਾਮਬੰਦੀ 'ਤੇ ਆਧਾਰਤ ਟਿਕਾਊ ਟਾਕਰਾ ਸੰਘਰਸ਼ ਉਸਾਰਨ ਦੀ ਮੰਗ ਕਰਦੇ ਹਨ। ਦਿੱਲੀ ਦੀਆਂ ਸੜਕਾਂ ਉੱਪਰ ਲੜਕੇ-ਲੜਕੀਆਂ ਨੇ ਪੁਲਿਸ ਦੇ ਜਾਬਰ ਹੱਲੇ ਦਾ ਦਲੇਰੀ ਨਾਲ ਟਾਕਰਾ ਕੀਤਾ ਅਤੇ ਸੰਘਰਸ਼ ਨੂੰ ਜਾਰੀ ਰੱਖਣ ਦੀ ਦ੍ਰਿੜਤਾ ਦਿਖਾਈ ਹੈ। ਆਪਾ ਵਾਰੂ ਭਾਵਨਾ ਨਾਲ ਭੁੱਖ ਹੜਤਾਲ ਕਰਨ ਵਾਲੇ ਵਿਦਿਆਰਥੀ ਆਗੂਆਂ ਵੱਲੋਂ ਪੂਰੇ ਮੁਲਕ ਵਿਚ ਭਾਜਪਾ ਹਕੂਮਤ ਵਿਰੁੱਧ ਅੰਦੋਲਨ ਖੜ੍ਹਾ ਕਰਨ ਲਈ ਕੰਮ ਕਰਦੇ ਰਹਿਣ ਦਾ ਦ੍ਰਿੜ ਇਰਾਦਾ ਪ੍ਰਗਟਾਇਆ ਹੈ। ਇਸ ਤੋਂ ਇਹ ਆਸ ਬੱਝਦੀ ਹੈ ਕਿ ਉਹ ਤਬਦੀਲੀ ਲਈ ਜੂਝਣ ਦੇ ਇਸੇ ਜਜ਼ਬੇ ਨਾਲ ਜੁਝਾਰੂ ਸੰਘਰਸ਼ਾਂ ਵਿਚ ਡੱਟੇ ਰਹਿਣਗੇ।

ਬੇਸ਼ੱਕ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਸਮੇਤ ਸੀ.ਜੇ.ਪੀ. ਆਗੂਆਂ ਵੱਲੋਂ ਉਭਾਰੀਆਂ ਤਿੰਨੋਂ ਮੰਗਾਂ ਮੋਦੀ ਵਜ਼ਾਰਤ ਨੇ ਮੰਨ ਲਈਆਂ ਹਨ, ਪਰ ਜ਼ਰੂਰਤ ਬੁਨਿਆਦੀ ਮੁੱਦਿਆਂ ਉੱਪਰ ਸੰਘਰਸ਼ ਨੂੰ ਸੀਮਤ ਦਾਇਰਿਆਂ ਤੋਂ ਵਿਸ਼ਾਲ ਲੋਕਾਈ ਤੱਕ ਲੈ ਕੇ ਜਾਣ ਅਤੇ ਸੰਘਰਸ਼ ਨੂੰ ਹੋਰ ਵੀ ਧੜੱਲੇ ਨਾਲ ਅੱਗੇ ਵਧਾਉਣ ਦੀ ਹੈ। ਭਗਵਾ ਹਕੂਮਤ ਵੱਲੋਂ ਲਿਆਂਦੀ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਾਉਣਾ ਜ਼ਰੂਰੀ ਹੈ ਜੋ ਸਿੱਖਿਆ ਦੇ ਕੇਂਦਰੀਕਰਨ, ਮੁਕੰਮਲ ਵਪਾਰੀਕਰਨ ਅਤੇ ਕਾਰਪੋਰੇਟੀਕਰਨ ਦਾ ਸੰਦ ਹੈ। ਆਰ.ਐੱਸ.ਐੱਸ. ਦਾ ਸਿੱਖਿਆ ਦਾ ਮਾਡਲ ਲੋਕਾਈ ਨੂੰ ਉਨ੍ਹਾਂ ਦੀਆਂ ਵੰਨ-ਸੁਵੰਨੀਆਂ ਸੱਭਿਆਚਾਰਕ ਜੜ੍ਹਾਂ ਨਾਲੋਂ ਤੋੜਕੇ ਹਿੰਦੂ ਸੰਸਕ੍ਰਿਤੀ ਦੇ ਰੰਗ ਵਿਚ ਰੰਗਣਾ ਹੈ। ਜੇਕਰ ਹੁਣ ਵੀ ਮੁਲਕ ਦੇ ਲੋਕ ਸਿੱਖਿਆ ਦੇ ਸਰਵਵਿਆਪਕ ਅਧਿਕਾਰ, ਪਾਰਦਰਸ਼ੀ




ਪ੍ਰੀਖਿਆ ਪ੍ਰਣਾਲੀ ਅਤੇ ਨੌਜਵਾਨਾਂ ਦੇ ਭਵਿੱਖ ਦੀ ਰਾਖੀ ਅਤੇ ਮੁਲਕ ਉੱਪਰੋਂ ਆਦਮਖ਼ੋਰ ਲੋਟੂ ਪ੍ਰਬੰਧ ਦੀ ਜਕੜ ਤੋੜਨ ਵਰਗੇ ਬੁਨਿਆਦੀ ਮੁੱਦਿਆਂ ਉੱਪਰ ਡੱਟਕੇ ਨਹੀਂ ਲੜਦੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਭਾਰੀ ਮੁੱਲ ਤਾਰਨਾ ਪਵੇਗਾ।

ਸੀ.ਜੀ.ਪੀ. ਆਗੂਆਂ ਵੱਲੋਂ ਤਿੰਨ ਮੁੱਖ ਮੰਗਾਂ ਤੋਂ ਇਲਾਵਾ ਪੰਜ-ਨੁਕਾਤੀ ਮੰਗ-ਪੱਤਰ ਵੀ ਸਰਕਾਰ ਨੂੰ ਦਿੱਤਾ ਗਿਆ ਹੈ ਜਿਸ ਬਾਰੇ ਉਨ੍ਹਾਂ ਨੇ ਦੱਸਿਆ ਕਿ ਚਾਰ ਹਫ਼ਤੇ ਬਾਅਦ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ। ਆਗੂਆਂ ਵੱਲੋਂ ਮੁਆਵਜ਼ੇ ਅਤੇ ਕੇਸ ਵਾਪਸ ਲੈਣ ਦੀਆਂ ਮੰਗਾਂ ਮੰਨੇ ਜਾਣ ਦਾ ਵਾਅਦਾ ਲਿਖਤੀ ਨਹੀਂ ਲਿਆ ਗਿਆ। ਅੰਦੋਲਨ ਖ਼ਤਮ ਹੋ ਜਾਣ ਤੋਂ ਬਾਅਦ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ। ਗ੍ਰਿਫ਼ਤਾਰੀਆਂ ਅਤੇ ਕੇਸ ਪਾ ਕੇ ਜੇਲ੍ਹ ਭੇਜਣ ਕਾਰਨ ਸਥਿਤੀ ਬਹੁਤ ਹੀ ਚਿੰਤਾਜਨਕ ਬਣੀ ਹੋਈ ਹੈ। ਅੰਦੋਲਨ ਵਿਚ ਸ਼ਾਮਲ ਵਿਦਿਆਰਥੀਆਂ ਤੇ ਹੋਰ ਲੋਕਾਂ ਨੂੰ ਪੁਲਿਸ ਲਗਾਤਾਰ ਤੰਗ-ਪ੍ਰੇਸ਼ਾਨ ਤੇ ਗ੍ਰਿਫ਼ਤਾਰ ਕਰ ਰਹੀ ਹੈ। ਮੁਸਲਮਾਨ ਨੌਜਵਾਨਾਂ ਨੂੰ ਚੁਣ-ਚੁਣਕੇ ਫੜਿਆ ਜਾ ਰਿਹਾ ਹੈ। ਅਸਾਮ, ਬਿਹਾਰ, ਮੁੰਬਈ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤੋਂ ਅਜਿਹੀਆਂ ਰਿਪੋਰਟਾਂ ਹਨ। ਬਿਹਾਰ ਵਿਚ ਨਵੀਂਆਂ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ 250 ਤੋਂ ਵੱਧ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਡੱਕਿਆ ਗਿਆ ਹੈ। ਦਿੱਲੀ ਪੁਲਿਸ ਨੇ ਸਪਸ਼ਟ ਕਿਹਾ ਹੈ ਕਿ ਸਰਕਾਰ ਵੱਲੋਂ ਕੇਸ ਵਾਪਸ ਲਏ ਜਾਣ ਤੋਂ ਬਾਅਦ ਵੀ "ਅੰਦੋਲਨ ਦੇ ਪਿੱਛੇ ਸਾਜ਼ਿਸ਼" ਦਾ ਪਤਾ ਲਾਉਣ ਲਈ ਜਾਂਚ ਜਾਰੀ ਰਹੇਗੀ। ਚਿਹਰਾ ਪਛਾਣਨ ਵਾਲੇ ਸਾਫਟਵੇਅਰ ਦੀ ਮੱਦਦ ਨਾਲ 'ਅਪਰਾਧੀਆਂ' ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਨੇ ਜਾਂਚ ਵਿਚ 2873 ਸੰਗੀਨ ਅਪਰਾਧੀਆਂ ਦੇ ਮੌਜੂਦ ਹੋਣ ਦਾ ਦਾਅਵਾ ਕੀਤਾ ਹੈ। ਦਿੱਲੀ ਪੁਲਿਸ ਦੇਸ਼ ਵਿਰੋਧੀ ਸਾਜ਼ਿਸ਼ ਦਾ ਨਵਾਂ ਝੂਠ ਘੜਨ ਦੀ ਤਿਆਰੀ 'ਚ ਹੈ।

ਜਿਵੇਂ ਕਿਸਾਨ ਅੰਦੋਲਨ ਸਮੇਂ ਕੀਤੀ ਵਾਅਦਾ-ਖਿਲਾਫ਼ੀ ਗਵਾਹ ਹੈ, ਲਿਖਤੀ ਸਮਝੌਤਾ ਕਰਕੇ ਮੁੱਕਰ ਜਾਣਾ ਅਤੇ ਬਦਲਾ-ਲਊ ਕੇਸ ਦਰਜ ਕਰਨਾ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੀ ਖ਼ਸਲਤ ਹੈ। ਕਿਸਾਨ ਅੰਦੋਲਨ ਦੇ ਹਵਾਲੇ ਨਾਲ ਸੀ.ਜੇ.ਪੀ. ਦੇ ਆਗੂਆਂ ਨੇ ਸਰਕਾਰ ਵੱਲੋਂ ਕੀਤੀ ਜਾਂਦੀ ਵਾਅਦਾ-ਖਿਲਾਫ਼ੀ ਚੇਤੇ ਵੀ ਕਰਾਈ ਹੈ। ਇਸ ਲਈ, ਅੰਦੋਲਨਕਾਰੀਆਂ ਵਿਰੁੱਧ ਦਰਜ ਕੀਤੇ ਬਦਲਾ-ਲਊ ਕੇਸਾਂ ਨੂੰ ਖ਼ਤਮ ਕਰਾਉਣ ਅਤੇ ਗ੍ਰਿਫ਼ਤਾਰ ਲੋਕਾਂ ਨੂੰ ਰਿਹਾ ਕਰਾਉਣ ਲਈ ਪੂਰੀ ਚੌਕਸੀ ਅਤੇ ਜ਼ਿੰਮੇਵਾਰੀ ਨਾਲ ਪੈਰਵਾਈ ਕਰਨਾ ਬੇਹੱਦ ਜ਼ਰੂਰੀ ਹੈ।

ਇਹ ਮਹਿਜ਼ ਵਿਦਿਆਰਥੀਆਂ ਦੇ ਰੋਹ ਦਾ ਸਾਧਾਰਣ, ਵਕਤੀ ਉਬਾਲ ਨਹੀਂ ਸੀ, ਇਸਦੇ ਵੱਡੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ। ਸੱਤਾ ਲਈ ਇਹ ਚੁਣੌਤੀ ਓਦੋਂ ਉੱਭਰੀ ਹੈ ਜਦੋਂ ਪੂਰੇ ਮੁਲਕ ਦੇ ਯੂਨੀਵਰਸਿਟੀ ਕੈਂਪਸਾਂ ਅਤੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿਚ ਆਲੋਚਕ ਆਵਾਜ਼ਾਂ ਦਾ ਹਿੰਦੂਤਵੀ ਦਮਨ ਸਥਾਪਤ ਦਸਤੂਰ ਬਣ ਚੁੱਕਾ ਹੈ। ਸੁਤੰਤਰ ਸੋਚਣੀ, ਸੁਤੰਤਰ ਵਿਚਾਰ-ਪ੍ਰਗਟਾਵਾ ਅਤੇ ਜਾਗਰੂਕ ਸਰਗਰਮੀ ਹਿੰਦੂਤਵੀ ਫਾਸ਼ੀਵਾਦੀ ਹਮਲੇ ਦੀ ਮਾਰ ਹੇਠ ਹੈ। ਇਹ ਵਿਰੋਧ ਮੁੱਖ ਤੌਰ 'ਤੇ ਭਾਜਪਾ ਦੇ ਮੁੱਖ ਹਮਾਇਤੀ ਆਧਾਰ, ਹਿੰਦੀ ਪੱਟੀ ਦੇ ਮੱਧ ਵਰਗ ਦੇ ਅੰਦਰੋਂ ਉੱਠਿਆ। ਝੂਠੇ ਫਿਰਕੂ ਬਿਰਤਾਂਤਾਂ ਦਾ ਗਰਦ-ਗੁਬਾਰ ਸਮਾਜ ਦੀ ਸਰਵਿਆਪਕ ਜ਼ਰੂਰਤ-ਸਿੱਖਿਆ ਦੇ ਅਧਿਕਾਰ, ਰੁਜ਼ਗਾਰ, ਆਰਥਕ ਸੁਰੱਖਿਆ ਅਤੇ ਸੁਰੱਖਿਅਤ ਭਵਿੱਖ ਵਰਗੇ ਬੁਨਿਆਦੀ ਮਸਲਿਆਂ ਨੂੰ ਜ਼ਿਆਦਾ ਚਿਰ ਦਬਾਕੇ ਨਹੀਂ ਰੱਖ ਸਕਦਾ। ਜ਼ਿੰਦਗੀ ਦੇ ਅਸਲ ਹਾਲਾਤਾਂ ਨੇ ਹਿੰਦੂ ਭਾਈਚਾਰੇ, ਖ਼ਾਸ ਕਰਕੇ ਮੱਧ-ਵਰਗੀ ਨੌਜਵਾਨਾਂ ਨੂੰ ਭਗਵਾ ਰਾਜ ਵਿਚ ਉਨ੍ਹਾਂ ਦੇ ਅਸੁਰੱਖਿਅਤ ਭਵਿੱਖ ਦੀ ਹਕੀਕਤ ਸਮਝਾਉਣੀ ਸ਼ੁਰੂ ਕਰ ਦਿੱਤੀ ਹੈ। ਸੱਤਾ ਦੇ ਜ਼ੋਰ ਆਰ.ਐੱਸ.ਐੱਸ.-ਭਾਜਪਾ ਵੱਲੋਂ 'ਹਿੰਦੂ ਖ਼ਤਰੇ 'ਚ ਹੈ' ਵਰਗੇ ਝੂਠੇ ਬਿਰਤਾਂਤਾਂ ਦੁਆਲੇ ਕੀਤੀ ਜਾ ਰਹੀ ਫਿਰਕੂ ਪਾਲਾਬੰਦੀ ਲੋਕਾਈ ਨੂੰ ਲੰਮਾ ਸਮਾਂ ਗੁੰਮਰਾਹ ਨਹੀਂ ਕਰ ਸਕਦੀ। ਆਪਣੇ ਅਸਲ ਮਸਲਿਆਂ ਦੀ ਚੇਤਨਾ ਉਭਰਨ ਦੇ ਇਜ਼ਹਾਰ ਇਸ ਅੰਦੋਲਨ ਵਿਚ "ਹਿੰਦੂ-ਮੁਸਲਿਮ ਨਹੀਂ ਚੱਲੇਗਾ, "ਮੋਦੀ ਜਬ ਡਰਤਾ ਹੈ, ਹਿੰਦੂ-ਮੁਸਲਿਮ ਕਰਤਾ ਹੈ, ਵਰਗੇ ਨਾਅਰਿਆਂ ਰਾਹੀਂ ਹੋਏ ਹਨ। ਇਸ ਨੌਜਵਾਨ-ਵਿਦਿਆਰਥੀ ਉਭਾਰ ਨੂੰ ਵੀ 'ਰਾਸ਼ਟਰ ਵਿਰੋਧੀ', 'ਪਾਕਿਸਤਾਨ ਤੇ ਚੀਨ ਨਾਲ ਸੰਬੰਧ, ਇਨ੍ਹਾਂ ਮੁਲਕਾਂ ਤੋਂ ਫੰਡਿੰਗ', 'ਵਿਰੋਧੀ-ਧਿਰ ਦੀ ਸਾਜ਼ਿਸ਼' ਦੇ ਬਿਰਤਾਂਤਾਂ ਰਾਹੀਂ ਭੰਡਣ ਦੀਆਂ ਕੋਸ਼ਿਸ਼ ਤਾਂ ਕੀਤੀ ਗਈ ਪਰ ਜ਼ਿਆਦਾਤਰ ਵਿਦਿਆਰਥੀ-ਨੌਜਵਾਨ ਹਿੰਦੂ ਫਿਰਕੇ ਨਾਲ ਸੰਬੰਧਤ ਹੋਣ ਕਾਰਨ ਵਿਰੁੱਧ ਭਗਵਾ ਹਕੂਮਤ ਜੇ.ਐੱਨ.ਯੂ., ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ ਵਾਂਗ ਉਨ੍ਹਾਂ ਦੇ ਵਿਰੁੱਧ ਧਾਰਮਿਕ ਪਛਾਣਾਂ ਦਾ ਫਿਰਕੂ ਪੱਤਾ ਨਹੀਂ ਵਰਤ ਸਕੀ। ਨੌਜਵਾਨੀ ਨੇ ਸਰਕਾਰੀ ਬਿਰਤਾਂਤਾਂ ਨੂੰ ਬੇਪਰਦ ਕਰਨ ਅਤੇ ਅੰਦੋਲਨ ਦਾ ਪ੍ਰਚਾਰ ਕਰਨ ਲਈ ਡਿਜ਼ੀਟਲ ਟੈਕਨਾਲੋਜੀ ਨੂੰ ਬਹੁਤ ਹੀ ਰਚਨਾਤਮਕ ਰੂਪ 'ਚ ਵਰਤਿਆ। ਜੰਤਰ-ਮੰਤਰ ਦੇ ਅੰਦੋਲਨ ਸਥਾਨ ਅਤੇ ਪੁਲਿਸ ਹਿਰਾਸਤ ਤੋਂ ਬਣਾਈਆਂ ਵਿਅੰਗਮਈ ਰੀਲਾਂ ਨੇ ਸਰਕਾਰੀ ਬਿਰਤਾਂਤਾਂ ਅਤੇ ਦਹਿਸ਼ਤਪਾਊ ਮਸ਼ੀਨਰੀ ਦੇ ਪਰਖਚੇ ਉਡਾ ਦਿੱਤੇ। ਜਦੋਂ ਸਰਕਾਰ ਨੇ ਅੰਦੋਲਨਕਾਰੀਆਂ ਨੂੰ ਟਰੈਕ ਕਰਨ ਲਈ ਸਰਵੇਲੈਂਸ ਕੈਮਰੇ ਅਤੇ ਚਿਹਰੇ ਦੀ ਪਛਾਣ ਕਰਨ ਵਾਲੇ ਯੰਤਰ ਲਗਾਏ ਤਾਂ ਨੌਜਵਾਨਾਂ ਨੇ ਰੀਲਾਂ ਬਣਾ ਦਿੱਤੀਆਂ ਕਿ ਨਿਗਰਾਨੀ ਟੈਕਨਾਲੋਜੀ ਨੂੰ ਨਾਕਾਮ ਬਣਾਉਣ ਲਈ ਮੇਕ-ਅੱਪ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ, ਇਸ ਅੰਦੋਲਨ ਨੇ ਆਰ.ਐੱਸ.ਐੱਸ.-ਭਾਜਪਾ ਦੇ ਫਿਰਕੂ ਤੇ ਝੂਠੇ ਬਿਰਤਾਂਤਾਂ ਦੇ ਪ੍ਰਭਾਵ ਦੀ ਸੀਮਤਾਈ ਉੱਘੜਵੇਂ ਰੂਪ 'ਚ ਦਿਖਾ ਦਿੱਤੀ ਹੈ।

ਅਵਾਮ ਨੂੰ ਫਿਰਕੂ ਤੇ ਹੋਰ ਵੰਡੀਆਂ ਤੋਂ ਉੱਪਰ ਉੱਠਕੇ ਸਾਂਝੇ ਸੰਘਰਸ਼ਾਂ ਲਈ ਉੱਠਣ ਦੀ ਚੇਤਨਾ ਦੇਣ ਲਈ ਸਾਜ਼ਗਰ ਹਾਲਾਤ ਬਣ ਰਹੇ ਹਨ। ਫਿਰਕੂ ਸਦਭਾਵਨਾ ਅਤੇ ਸੰਘਰਸ਼ ਨਾਲ ਇਕਮੁੱਠਤਾ ਦੀਆਂ ਨਵੀਂ ਮਿਸਾਲਾਂ, ਨਵੀਂ ਪਿਰਤਾਂ ਸਥਾਪਤ ਹੋਈਆਂ ਹਨ। ਲੋਕਪੱਖੀ ਤਾਕਤਾਂ ਨੂੰ ਆਪ-ਮੁਹਾਰੇ ਜਨਤਕ ਉਭਾਰਾਂ ਨੂੰ ਸਿਲਸਿਲੇਵਾਰ ਅਤੇ ਟਿਕਾਊ ਲੋਕ ਸੰਘਰਸ਼ਾਂ ਵਿਚ ਬਦਲਣ ਲਈ ਵੱਧ ਤੋਂ ਵੱਧ ਜਨਤਾ ਨੂੰ ਢੁੱਕਵੇਂ ਤਰੀਕਿਆਂ ਜ਼ਰੀਏ ਇਨ੍ਹਾਂ ਸੰਘਰਸ਼ਾਂ ਵਿਚ ਖਿੱਚਣ ਲਈ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ। ਚਾਹੇ ਦੇਰ ਨਾਲ ਹੀ ਸਹੀ, ਹੋਰ ਲੋਕਪੱਖੀ ਹਿੱਸਿਆਂ ਵੱਲੋਂ ਇਸ ਅੰਦੋਲਨ ਵੱਲੋਂ ਉਠਾਏ ਮੁੱਦਿਆਂ ਅਤੇ ਸੰਘਰਸ਼ ਦੇ ਰੂਪਾਂ ਨਾਲ ਵਖਰੇਵਾਂ ਰੱਖਦੇ ਹੋਏ ਵੀ ਵੱਡੀਆਂ ਸੰਭਾਵਨਾਵਾਂ ਵਾਲੇ ਇਸ ਅੰਦੋਲਨ ਦੀ ਗੰਭੀਰਤਾ ਨਾਲ ਹਮਾਇਤ ਕਰਨ ਦੀ ਸਾਰਥਕ ਪਹੁੰਚ ਅਪਣਾਈ ਗਈ। ਕਿਉਂਕਿ, ਇਸ ਵਕਤ ਸਭ ਤੋਂ ਪਹਿਲੀ ਜ਼ਰੂਰਤ ਸੰਘਰਸ਼ ਦੇ ਹੱਕ ਨੂੰ ਬਚਾਉਣ ਅਤੇ ਫਾਸ਼ੀਵਾਦੀ ਹਕੂਮਤ ਵੱਲੋਂ ਫੈਲਾਈ ਸਰਕਾਰੀ ਦਹਿਸ਼ਤਗਰਦੀ ਨੂੰ ਜਨਤਕ ਤਾਕਤ ਰਾਹੀਂ ਚਕਨਾਚੂਰ ਕਰਨ ਅਤੇ ਵਿਸ਼ਾਲ ਲੋਕਾਈ ਨੂੰ ਸੰਘਰਸ਼ ਦੇ ਅਮਲ ਰਾਹੀਂ ਉਨ੍ਹਾਂ ਦੀ ਤਾਕਤ ਦਾ ਅਹਿਸਾਸ ਕਰਾਉਣ ਦੀ ਹੈ ਕਿ ਉਹ ਜਾਬਰ ਤੋਂ ਜਾਬਰ ਸਟੇਟ ਨੂੰ ਧੂੜ ਚਟਾਉਣ ਦੇ ਸਮਰੱਥ ਹਨ। ਚੇਤਨ ਲੋਕ ਜਮਹੂਰੀ ਲਹਿਰ ਬੇਹੱਦ ਕਮਜ਼ੋਰ ਹੋਣ ਕਾਰਨ ਆਪ-ਮੁਹਾਰੇ ਵਿਰੋਧ ਪ੍ਰਦਰਸ਼ਨਾਂ ਦਾ ਉਭਰਨਾ ਅਤੇ ਵਾਂਗਚੁਕ ਵਰਗੇ ਥਿੜ੍ਹਕਵੇਂ ਅਨਸਰਾਂ ਦਾ ਕੇਂਦਰ ਬਣ ਜਾਣਾ ਸੁਭਾਵਿਕ ਹੈ। ਅਜਿਹੇ ਹਾਲਾਤਾਂ 'ਚ ਉਭਰਨ ਵਾਲੇ ਥਿੜ੍ਹਕਵੇਂ ਕਿਰਦਾਰਾਂ ਤੋਂ ਚੁਕੰਨੇ ਰਹਿਣਾ ਪਵੇਗਾ ਅਤੇ ਅੰਦੋਲਨ ਉੱਪਰ ਸਮੂਹਿਕ ਅਗਵਾਈ ਤੇ ਅੰਦੋਲਨ ਦੀਆਂ ਲੋੜਾਂ ਅਨੁਸਾਰ ਸਰਵਸੰਮਤੀ ਨਾਲ ਫ਼ੈਸਲੇ ਲੈਣ ਵਾਲੀ ਭਰੋਸੇਯੋਗ ਲੀਡਰਸ਼ਿੱਪ ਸਥਾਪਤ ਕਰਨ ਦੀਆਂ ਸੁਚੇਤ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ।



# ਬੀ.ਸੀ. ਸੂਬੇ ਦੀਆਂ ਸਿਹਤ ਸੇਵਾਵਾਂ ਅਤੇ ਨਰਸਾਂ ਦੀ ਮੌਜੂਦਾ ਹੜਤਾਲ



ਡਾ: ਹਰਦੀਪ ਸਿੰਘ
ਅਟਵਾਲ
ਕੈਮਬ੍ਰਿਜ, ਓਨਟਾਰੀਓ

ਕੈਨੇਡਾ ਭਰ ਦੀ ਸਿਹਤ ਪ੍ਰਣਾਲੀ ਕੁਝ ਮਾੜੇ ਰੁਝਾਨਾਂ ਕਰਕੇ ਚਰਚਾ ਵਿੱਚ ਹੈ। ਕਾਫੀ ਗਿਣਤੀ ਵਿੱਚ ਸਿਹਤ ਕੇਂਦਰ ਬੰਦ ਕੀਤੇ ਜਾਣ ਦੀ ਖ਼ਬਰ ਹੈ, ਬਹੁਤ ਸਾਰੇ ਪਰਿਵਾਰਾਂ ਨੂੰ ਫੈਮਲੀ ਡਾਕਟਰ ਪ੍ਰਾਪਤ ਨਹੀਨ ਹੋ ਰਹੇ, ਹਸਪਤਾਲਾਂ ਦੀ ਐਮਰਜੈਂਸੀ ਰੂਮ ਵਿੱਚ ਮਰੀਜ਼ਾਂ ਲਈ ਆਪਣੀ ਵਾਰੀ ਲਈ ਲੰਬਾ ਉਡੀਕ-ਸਮਾਂ ਕੈਨੇਡੀਅਨਾਂ ਲਈ ਵੱਡੀ ਪਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਇਸੇ ਤਰ੍ਹਾਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਪ੍ਰੋਵਿੰਸ ਦੇ ਹਸਪਤਾਲਾਂ ਦੀ ਸਮਰੱਥਾ ਸੂਬੇ ਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਜਾਪਦੀ ਹੈ। ਬੀ.ਸੀ. ਵਿੱਚ 2,000 ਲਾਂਗ-ਟਰਮ ਸਿਹਤ-ਦੇਖਭਾਲ ਲਈ ਬਿਸਤਰਿਆਂ ਦੀ ਘਾਟ ਹੈ, ਜੋ ਘਾਟ ਅਗਲੇ ਦਹਾਕੇ ਵਿੱਚ 16,000 ਬਿਸਤਰੇ ਤੱਕ ਵਧ ਜਾਣ ਦੀ ਸੰਭਾਵਨਾ ਹੈ। ਹੈਲਥ ਸਿਸਟਮ ਨੂੰ ਚੁਸਤ-ਦਰੁਸਤ ਬਣਾਉਣ ਲਈ ਸਰਕਾਰੀ ਇੱਛਾ-ਸ਼ਕਤੀ ਅਤੇ ਰਣਨੀਤਕ ਫੰਡਿੰਗ ਦੀ ਘਾਟ ਵਿਖਾਈ ਦੇ ਰਹੀ ਹੈ। ਕੈਨੇਡਾ ਵਿੱਚ ਵੱਡੀ ਗਿਣਤੀ ਬਿਰਧ ਆਬਾਦੀ ਹੈ ਜੋਕਿ ਇਲਾਜ਼ ਲਈ ਸਿਹਤ ਪ੍ਰਬੰਧਾਂ 'ਤੇ ਜ਼ਿਆਦਾ ਨਿਰਭਰ ਹਨ। ਸਿਹਤ ਸਹੂਲਤਾਂ ਦੀ ਦਿਨੋਂ-ਦਿਨ ਸੁੰਗੜ ਰਹੀ ਸਮਰੱਥਾ ਦੇ ਕਾਰਨ ਫਰੰਟਲਾਈਨ ਨਰਸਾਂ ਦੀਆਂ ਕੰਮ-ਹਾਲਤਾਂ ਲਈ ਬਹੁਤ ਮੁਸ਼ਕਲ ਖੜ੍ਹੀ ਹੋ ਰਹੀ ਹੈ।

ਵਧ ਰਹੀ ਬਜ਼ੁਰਗ ਆਬਾਦੀ ਦੀਆਂ ਜ਼ਰੂਰਤਾਂ ਲਈ ਹਸਪਤਾਲ ਸਮਰੱਥਾ ਘਟ ਰਹੀ ਹੈ, ਐਮਰਜੈਂਸੀ ਵਿਭਾਗਾਂ ਵਿੱਚ ਭੀੜ ਵਧ ਰਹੀ ਹੈ। ਐਮਰਜੈਂਸੀ ਦੇ ਸਮੇਂ ਮਰੀਜ਼ ਹਸਪਤਾਲ ਵਿੱਚ ਦਾਖਲ ਹੋਣ ਲਈ ਲੰਬੇ ਸਮੇਂ ਲਈ ਇੰਤਜ਼ਾਰ ਕਰਦੇ ਹਨ ਕਿਉਂਕਿ ਇੱਥੇ ਕੋਈ ਬਿਸਤਰੇ ਉਪਲਬਧ ਨਹੀਂ ਹੁੰਦੇ। ਸਰਜੀਕਲ ਮਰੀਜ਼ ਆਪਣੀਆਂ ਸਰਜਰੀਆਂ ਦੀ ਤਰੀਕ ਲੈਣ ਲਈ ਲੰਬੇ ਸਮੇਂ ਤੱਕ ਇੰਤਜ਼ਾਰ ਕਰਦੇ ਹਨ, ਕਦੇ ਰਿਕਵਰੀ ਬੈੱਡ ਉਪਲਬਧ ਨਹੀਂ ਹੁੰਦਾ। ਇਸ ਨਾਲ ਹਸਪਤਾਲ ਬੈਡ ਅਕੁਪੈਂਸੀ ਦਰ ਵਧ ਜਾਂਦੀ ਹੈ। ਨਰਸਾਂ ਦੀ ਦੇਖਭਾਲ ਨੂੰ ਰੋਜ਼ਾਨਾ ਦੇ ਅਧਾਰ 'ਤੇ ਦਰਪੇਸ਼ ਸੰਸਥਾਗਤ ਰੁਕਾਵਟਾਂ ਵਧ ਜਾਂਦੀਆਂ ਹਨ। ਇਸ ਚੁਣੌਤੀਪੂਰਨ ਕੰਮ ਦੀਆਂ ਸਥਿਤੀਆਂ ਨੈਤਿਕ ਪ੍ਰੇਸ਼ਾਨੀ ਨਰਸਾਂ ਲਈ ਦਿਮਾਗੀ ਬੋਝ ਪੈਦਾ ਕਰਦੀਆਂ ਹਨ ਅਤੇ ਨਰਸਾਂ ਪੇਸ਼ੇ ਨੂੰ ਛੱਡ ਰਹੀਆਂ ਹਨ।

ਸਿਹਤ ਪ੍ਰਬੰਧਾਂ ਦੀ ਸੁਧਾਰ ਦੀ ਮੰਗ ਨੂੰ ਲੈ ਕੇ ਉਨ੍ਹਾਂ ਨੂੰ ਸੰਘਰਸ਼ ਅਤੇ ਹੜਤਾਲ ਸ਼ੁਰੂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਯਾਦ ਰਹੇ ਕਿ ਮਈ ਦੇ ਅਰੰਭ ਵਿੱਚ, ਬੀ.ਸੀ ਵਿੱਚ 50,000 ਤੋਂ ਵੱਧ ਨਰਸਾਂ ਨੇ ਪ੍ਰੋਵਿੰਸ-ਵਾਈਡ ਹੜਤਾਲ ਐਕਸ਼ਨ ਲਈ ਵੋਟ ਵਿੱਚ ਹਿੱਸਾ ਲਿਆ, ਜਿਸ ਵਿੱਚ 98 ਪ੍ਰਤੀਸ਼ਤ ਨੇ ਸੰਘਰਸ਼ ਦੀ ਕਾਰਵਾਈ ਦੇ ਹੱਕ ਵਿੱਚ ਵੋਟ ਪਾਈ ਸੀ। ਇਸ ਹੜਤਾਲ ਦੇ ਹੱਕ ਵਿੱਚ ਵੋਟਾਂ, ਸਿਹਤ ਸੰਭਾਲ ਮਾਲਕਾਂ ਅਤੇ ਸਰਕਾਰ ਨੂੰ ਇੱਕ ਸ਼ਕਤੀਸ਼ਾਲੀ ਸੰਦੇਸ਼ ਭੇਜਦੀਆਂ ਹਨ ਕਿ ਕਰਮਚਾਰੀ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਤਿਆਰ ਹਨ ਜੋ ਯੋਗ ਮੁਆਵਜ਼ੇ ਅਤੇ ਕੰਮ-ਹਾਲਤਾਂ ਵਿੱਚ ਸੁਧਾਰ ਕਰ ਸਕਦਾ ਹੈ। ਇਸੇ ਮਈ ਵਿੱਚ, ਬੀ.ਸੀ. ਨਰਸ ਯੂਨੀਅਨ ਦੀ ਅਗਵਾਈ ਵਾਲੀ ਨਰਸਾਂ ਦੀ ਮਲਟੀ-ਯੂਨੀਅਨ ਬਾਰਗੇਨਿੰਗ ਐਸੋਸੀਏਸ਼ਨ, ਬੀ.ਸੀ. ਦੇ ਹੈਲਥ ਇੰਪਲਾਇਰ ਐਸੋਸੀਏਸ਼ਨਾਂ ਨਾਲ ਇੱਕ ਟੈਂਪਰੇਰੀ ਸਮਝੌਤੇ 'ਤੇ ਪਹੁੰਚ ਗਈ ਸੀ। ਫਿਰ, ਜੂਨ ਵਿੱਚ, 67 ਵੋਟਿੰਗ ਨਰਸਾਂ ਨੇ ਟੈਂਪਰੇਰੀ ਸਮਝੌਤੇ ਨੂੰ ਰੱਦ ਕਰ ਦਿੱਤਾ, ਜਿਸ ਸੰਘਰਸ਼ ਕਾਰਵਾਈ ਲਈ ਪਲਾਨ ਤੈਅ ਕੀਤਾ ।ਬੀ.ਸੀ. ਲੇਬਰ ਰਿਲੇਸ਼ਨਜ਼ ਕੋਡ ਦੇ ਤਹਿਤ, ਸਿਹਤ-ਸੰਭਾਲ ਨੂੰ ਇੱਕ 'ਜ਼ਰੂਰੀ ਸੇਵਾ' ਵਜੋਂ ਨਾਮਜ਼ਦ ਕੀਤਾ ਗਿਆ ਹੈ, ਜਿਸ ਦੀ ਜ਼ਰੂਰਤ ਹੈ ਕਿ ਸੰਘਰਸ਼ ਦੌਰਾਨ ਘੱਟੋ ਘੱਟ ਸਟਾਫ ਦੇ ਪੱਧਰ ਕਾਇਮ ਰੱਖੇ ਜਾਣ। ਇਹ ਨਰਸਿੰਗ ਦੇਖਭਾਲ ਨੂੰ ਪੂਰੀ ਤਰ੍ਹਾਂ ਹੜਤਾਲ ਤੋਂ ਰੋਕਦਾ ਹੈ। ਪਰ ਜੇ ਸੰਘਰਸ਼ ਦੀ ਕਾਰਵਾਈ ਵਧਦੀ ਹੈ, ਤਾਂ ਇਹ ਨਿਸ਼ਚਤ ਤੌਰ 'ਤੇ ਮਰੀਜ਼ਾਂ ਲਈ ਸਿਹਤ ਸੇਵਾਵਾਂ ਨੂੰ ਪ੍ਰਭਾਵਤ ਕਰੇਗੀ।

ਬੀ.ਸੀ. ਨਰਸ ਯੂਨੀਅਨ ਦੇ ਪ੍ਰਧਾਨ ਐਡਰਿਅਨ ਗੇਅਰ ਕਹਿੰਦੇ ਹਨ, 'ਨਰਸਾਂ ਇਹ ਜਾਣਨਾ ਚਾਹੁੰਦੀਆਂ ਹਨ ਕਿ ਸਿਹਤ ਅਧਿਕਾਰੀ ਮਹਿੰਗੇ ਵਕਤੀ ਸਟਾਫ ਹੱਲਾਂ 'ਤੇ ਲੱਖਾਂ ਡਾਲਰ ਕਿਉਂ ਖਰਚ ਕਰਦੇ ਰਹਿੰਦੇ ਹਨ, ਜਦੋਂ ਕਿ ਨਰਸਾਂ ਜੋ ਲੰਬੇ ਸਮੇਂ ਲਈ ਕੰਮ ਦੇ ਭਾਰ ਦੇ ਦਬਾਅ, ਅਸੁਰੱਖਿਅਤ ਕੰਮ ਦੀਆਂ ਸਥਿਤੀਆਂ ਅਤੇ ਸਟਾਫ ਦੀ ਘਾਟ ਨਾਲ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਖ਼ਜ਼ਾਨੇ ਖਾਲੀ ਹਨ।' 29 ਜੂਨ 2026 ਨੂੰ, ਬੀ.ਸੀ. ਨਰਸਾਂ ਦੀ ਬਾਰਗੇਨਿੰਗ ਐਸੋਸੀਏਸ਼ਨ ਨੇ 72 ਘੰਟਿਆਂ ਦੀ ਹੜਤਾਲ ਦਾ ਨੋਟਿਸ ਦਿੱਤਾ। ਇਹ ਤਿੰਨ ਦਿਨ ਹਸਪਤਾਲ ਮਾਲਕਾਂ ਵਲੋਂ ਕੋਈ ਪੇਸ਼ਕਸ਼ ਆਏ ਬਗੈਰ ਹੀ ਬੀਤ ਗਏ ਅਤੇ ਫਿਰ ਨਰਸਾਂ ਨੇ 2 ਜੁਲਾਈ ਨੂੰ ਓਵਰਟਾਈਮ ਅਤੇ ਗੈਰ-ਨਰਸਿੰਗ ਸੇਵਾਵਾਂ ਤੋਂ ਇਨਕਾਰ ਕਰਕੇ ਆਪਣੀ 'ਵਰਕ-ਟੂ-ਰੂਲ' ਹੜਤਾਲ ਸ਼ੁਰੂ ਕਰ ਦਿੱਤੀ।




ਨਰਸਾਂ ਦੇ ਮੌਜੂਦਾ ਸੰਘਰਸ਼ ਨੇ ਹੈਲਥ ਸਿਸਟਮ ਨਾਲ ਜੁੜੇ ਮੁੱਦਿਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਲੈ ਆਂਦਾ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਬੀ.ਸੀ. ਹਸਪਤਾਲਾਂ ਦੀ ਸਮਰੱਥਾ ਦਿਨੋਂ-ਦਿਨ ਘਟਦੀ ਜਾ ਰਹੀ ਹੈ। ਇੱਕ ਸਮਾਜ ਸੇਵੀ ਸੰਸਥਾ 'ਕੈਨੇਡਿਅਨ ਸੈਂਟਰ ਫਾਰ ਪਾਲਸੀ ਅਲਟਨੇਟਿਵ' ਦੇ ਮਾਹਿਰਾਂ ਦੇ ਵਿਸ਼ਲੇਸ਼ਣ ਮੁਤਾਬਿਕ ਸਾਲ 2014-15 ਅਤੇ 2023-24 ਦੇ ਵਿਚਕਾਰ ਪ੍ਰਤੀ 100,000 ਲੋਕਾਂ ਵਿੱਚ, ਸਟਾਫ ਵਾਲੇ ਹਸਪਤਾਲ ਬੈੱਡਾਂ ਦੀ ਗਿਣਤੀ 293 ਤੋਂ ਘਟ ਕੇ 234 ਹੋ ਗਈ ਹੈ, ਜੋ ਕਿ 20 ਪ੍ਰਤੀਸ਼ਤ ਦੀ ਗਿਰਾਵਟ ਹੈ। ਇਸ ਮਿਆਦ ਦੇ ਦੌਰਾਨ, ਬੀ.ਸੀ. ਸੂਬੇ ਵਿੱਚ ਤਿੰਨ ਸਭ ਤੋਂ ਵੱਧ ਆਬਾਦੀ ਵਾਲੇ ਪ੍ਰਾਂਤਾਂ (ਓਂਟਾਰੀਓ, ਕਿਊਬੈਕ ਅਤੇ ਬੀ.ਸੀ.) ਦੇ ਮੁਕਾਬਲਤਨ ਸਟਾਫ ਵਾਲੇ ਹਸਪਤਾਲ ਦੇ ਬਿਸਤਰਿਆਂ ਵਿੱਚ ਸਭ ਤੋਂ ਵੱਡੀ ਗਿਰਾਵਟ ਦਾ ਅਨੁਭਵ ਕੀਤਾ ਗਿਆ ਹੈ। ਸਪਸ਼ਟ ਰੂਪ ਵਿੱਚ ਬੀ.ਸੀ. ਨਰਸਾਂ ਨੂੰ ਜਨਤਕ ਹਸਪਤਾਲਾਂ ਵਿੱਚ ਆਪਣੇ ਏਰੀਏ ਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਯੋਗਤਾ ਵਿੱਚ ਭਾਰੀ ਗਿਰਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬੀ.ਸੀ. ਹਸਪਤਾਲ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਨਜ਼ਰ ਆ ਰਹੇ ਹਨ ਜਿਸ ਕਰਕੇ ਐਮਰਜੈਂਸੀ ਵੇਲੇ ਮਰੀਜ਼ਾਂ ਨੂੰ ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। 2020-21 ਵਿੱਚ, 90 ਪ੍ਰਤੀਸ਼ਤ ਮਰੀਜ਼ਾਂ ਨੇ ਮਰੀਜ਼ਾਂ ਦੇ ਬਿਸਤਰੇ ਲਈ 32.8 ਘੰਟੇ ਇੰਤਜ਼ਾਰ ਕੀਤਾ, ਜੋ 2024-25 ਵਿੱਚ ਵਧ ਕੇ 64.7 ਘੰਟੇ ਹੋ ਗਿਆ। ਸਪਸ਼ਟ ਹੈ ਕਿ ਇੰਤਜ਼ਾਰ-ਸਮੇਂ ਵਿੱਚ ਵਾਧਾ ਲਗਭਗ ਦੁੱਗਣਾ ਹੋ ਗਿਆ ਹੈ। ਇਹ ਉਨ੍ਹਾਂ ਮਰੀਜ਼ਾਂ ਲਈ ਉਡੀਕ ਦੇ ਸਮੇਂ ਵਿੱਚ ਇੱਕ ਮਹੱਤਵਪੂਰਣ ਵਾਧਾ ਹੈ ਜਿਨ੍ਹਾਂ ਨੂੰ ਤੁਰੰਤ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ, ਪਰ ਉਪਲਬਧ ਮਰੀਜ਼ਾਂ ਦੇ ਬਿਸਤਰੇ ਦੀ ਘਾਟ ਕਾਰਨ ਇੰਤਜ਼ਾਰ ਕਰਨਾ ਚਾਹੀਦਾ ਹੈ। ਇਕੱਲੇ ਹਸਪਤਾਲਾਂ ਦੀ ਸਮਰੱਥਾ ਵਧਾਉਣ ਨਾਲ ਗੰਭੀਰ-ਦੇਖਭਾਲ ਸਮਰੱਥਾ ਦੀਆਂ ਚੁਣੌਤੀਆਂ ਹੱਲ ਨਹੀਂ ਹੋਣਗੀਆਂ। ਇਸ ਮੋਰਚੇ 'ਤੇ, ਬੀ.ਸੀ. ਸੂਬਾ ਆਪਣਾ ਧਰਾਤਲ ਗੁਆ ਰਿਹਾ ਹੈ। ਇੱਕ ਤਾਜ਼ਾ ਰਿਪੋਰਟ ਵਿੱਚ, ਬੀ.ਸੀ. ਸੀਨੀਅਰਜ਼ ਦੇ ਮਸਲਿਆਂ ਦੀ ਵਕਾਲਤ ਕਰਨ ਵਾਲਿਆਂ ਨੇ ਮਹਿਸੂਸ ਕੀਤਾ ਕਿ ਬੀ.ਸੀ. ਵਿੱਚ ਅੱਜ 2,000 ਲੰਬੇ ਸਮੇਂ ਦੇ ਦੇਖਭਾਲ ਬਿਸਤਰਿਆਂ ਦੀ ਘਾਟ ਹੈ, ਜੋ ਘਾਟ ਅਗਲੇ ਦਹਾਕੇ ਵਿੱਚ 16,000 ਬਿਸਤਰੇ ਤੱਕ ਵਧ ਜਾਵੇਗੀ। ਨਵੇਂ ਲੰਬੇ ਸਮੇਂ ਵਾਲੀ (ਲਾਂਗ ਟਰਮ) ਦੇਖਭਾਲ ਦੇ ਬਿਸਤਰੇ ਨੂੰ ਤੇਜ਼ੀ ਨਾਲ ਟਰੈਕ ਕਰਨ ਦੀ ਬਜਾਏ, ਸੂਬਾਈ ਸਰਕਾਰ ਨੇ ਆਪਣੇ ਫਰਵਰੀ ਦੇ ਬਜਟ ਵਿੱਚ, ਪਹਿਲਾਂ ਤੋਂ ਯੋਜਨਾਬੱਧ ਪਬਲਿਕ ਲਾਂਗ-ਟਰਮ ਦੇਖਭਾਲ ਦੇ ਵਿਸਥਾਰ 'ਤੇ ਰੋਕ ਲਗਾ ਦਿੱਤੀ। ਨਤੀਜਾ ਇਹ ਹੈ ਕਿ ਬਜ਼ੁਰਗਾਂ, ਖ਼ਾਸਕਰ ਘੱਟ ਆਮਦਨੀ ਵਾਲੇ ਲੋਕਾਂ ਲਈ ਲਾਂਗ-ਟਰਮ ਦੇਖਭਾਲ ਪਹੁੰਚ ਤੋਂ ਬਾਹਰ ਹੋ ਰਹੀ ਹੈ।

'ਕੈਨੇਡਿਅਨ ਸੈਂਟਰ ਆਫ਼ ਪਾਲੀਸੀ ਅਲਟਰਨੇਟਿਵ' ਸੰਸਥਾ-ਸੀ.ਸੀ.ਪੀ.ਏ ਦੇ ਸਿਹਤ ਮਾਹਿਰਾਂ ਨੇ ਪਿਛਲੇ ਵਿਸ਼ਲੇਸ਼ਣ ਵਿੱਚ ਪਾਇਆ ਹੈ ਕਿ ਪਬਲਿਕ ਦੇਖਭਾਲ ਉਪਲਬਧ ਨਾ ਹੋਣ ਕਾਰਣ, ਬਜ਼ੁਰਗਾਂ ਦੀ ਦੇਖਭਾਲ 'ਤੇ ਨਿੱਜੀ ਬੀਮਾਂ ਅਤੇ ਆਪਣੀ ਜੇਬ ਵਿੱਚੋਂ ਕੀਤੇ ਜਾ ਰਹੇ ਖਰਚਿਆਂ ਵਿੱਚ ਵਾਧਾ ਹੋ ਰਿਹਾ ਹੈ। ਇਹ ਇਸ ਗੱਲ ਨੂੰ ਦਸਦਾ ਹੈ ਕਿ ਜਨਤਕ ਤੌਰ 'ਤੇ ਫੰਡ ਪ੍ਰਾਪਤ ਪ੍ਰਣਾਲੀ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹੀ ਹੈ। ਇਸ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਹੈ ਕਿ ਸਾਲ 2014 ਤੋਂ 2023 ਤੱਕ ਪ੍ਰਤੀ ਵਿਅਕਤੀ ਨਿੱਜੀ ਲਾਂਗ-ਟਰਮ ਦੇਖਭਾਲ ਦੇ ਨਿੱਜੀ ਖਰਚਿਆਂ ਵਿੱਚ 112 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਜਨਤਕ ਖਰਚਿਆਂ ਵਿੱਚ 50 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਨਿੱਜੀ ਖਰਚੇ ਆਪਣੀ ਜੇਬ ਦੇ ਘਰੇਲੂ ਅਤੇ ਨਿਜੀ ਬੀਮਾ ਭੁਗਤਾਨਾਂ ਦੇ ਰੂਪ ਵਿੱਚ ਆਉਂਦੇ ਹਨ।

'ਹਾਸਪੀਟਲ ਅਤੇ ਰੀਜ਼ਨਲ ਹੈਲਥ ਅਥਾਰਟੀ ਸੇਵਾਵਾਂ' ਸਿਹਤ ਬਜਟ ਦਾ ਲਗਭਗ 70 ਪ੍ਰਤੀਸ਼ਤ ਬਣਦੀਆਂ ਹਨ, ਇਸ ਤੋਂ ਬਾਅਦ ਡਾਕਟਰੀ ਸੇਵਾਵਾਂ ਅਤੇ ਬੀ.ਸੀ. ਫਾਰਮਾਕੇਅਰ ਦਾ ਦਰਜ਼ਾ ਆਉਂਦਾ ਹੈ। ਹਾਲਾਂਕਿ ਸਿਹਤ ਸੰਭਾਲ ਬਜਟ ਵਿੱਚ ਪਿਛਲੇ ਦਹਾਕੇ ਵਿੱਚ ਸਾਲਾਨਾ ਵਾਧਾ ਕੀਤਾ ਗਿਆ ਹੈ ਜਿਹੜਾ ਕਿ 2026-27 ਸੂਬਾਈ ਬਜਟ ਸਿਹਤ ਸੰਭਾਲ ਸੇਵਾ ਦੇ ਮੌਜੂਦਾ ਪੱਧਰਾਂ ਨੂੰ ਬਣਾਈ ਰੱਖਣ ਵਿੱਚ ਅਸਫਲ ਰਿਹਾ ਹੈ ਅਤੇ ਇਹ ਵਿੱਤੀ ਪਾੜਾ ਨਰਸਾਂ ਨੂੰ ਫਰੰਟਲਾਈਨ 'ਤੇ ਅਨੁਭਵ ਵਿੱਚ ਨਾਂਹਪੱਖੀ ਪ੍ਰਭਾਵ ਪਾਉਂਦਾ ਹੈ। ਸਭ ਤੋਂ ਤਾਜ਼ਾ ਪ੍ਰਾਪਤ ਅੰਕੜਿਆਂ ਦੇ ਅਨੁਸਾਰ, ਬੀ.ਸੀ. ਨੇ ਆਪਣੇ ਹਸਪਤਾਲਾਂ ਨੂੰ ਪ੍ਰਤੀ ਵਿਅਕਤੀ 2,111 ਡਾਲਰ ਦੀ ਬਾਕੀ ਸੂਬਿਆਂ ਦੇ ਮੁਕਾਬਲੇ ਦੂਜੀ ਘਟ-ਦਰ 'ਤੇ ਫੰਡ ਦਿੱਤਾ, ਜੋ ਕਿ 2023 ਵਿੱਚ ਓਂਟਾਰੀਓ ਤੋਂ ਸਿਰਫ $1,967 'ਤੇ ਅੱਗੇ ਹੈ। ਬੀ.ਸੀ. ਵਿੱਚ ਪ੍ਰਤੀ ਵਿਅਕਤੀ ਦੇ ਅਧਾਰ 'ਤੇ ਪਬਲਿਕ ਹਸਪਤਾਲ ਫੰਡਿੰਗ, ਕੌਮੀ ਕੈਨੇਡੀਅਨ ਔਸਤਨ $2,132 ਤੋਂ ਘੱਟ ਰਹੀ।

ਇਸ ਲਈ ਕਿਸੇ ਹੋਰ ਪਾਸੇ ਤੋਂ ਹੋਰ ਨਵੇਂ ਨਿਵੇਸ਼ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ ਲਗਦੀ। ਖੇਤਰੀ ਸੇਵਾਵਾਂ, ਜਿਸ ਵਿੱਚ ਹਸਪਤਾਲ ਅਤੇ ਕਮਿਉਨਿਟੀ ਸੇਵਾਵਾਂ ਸ਼ਾਮਲ ਹਨ, ਮਾਰਚ 2026 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਵਿੱਚ ਸਿਰਫ 0.7 ਪ੍ਰਤੀਸ਼ਤ ਦਾ ਵਾਧਾ ਵੇਖਣ ਦੀ ਭਵਿੱਖਬਾਣੀ ਕੀਤੀ ਗਈ ਹੈ। ਸਾਲ 2026-27 ਦਾ ਬਜਟ ਖੇਤਰੀ ਸੇਵਾਵਾਂ ਲਈ ਸਿਰਫ 2.5 ਪ੍ਰਤੀਸ਼ਤ ਫੰਡਿੰਗ ਦੇ ਵਾਧੇ ਦੀ ਪੇਸ਼ਕਸ਼ ਕਰਦਾ ਹੈ ਪਰ ਇਹ ਸੇਵਾ ਦੇ ਮੌਜੂਦਾ ਪੱਧਰ ਨੂੰ ਬਣਾਈ ਰੱਖਣ ਅਤੇ ਮਹਿੰਗਾਈ, ਆਬਾਦੀ ਦੇ ਵਾਧੇ ਅਤੇ ਬੁਢਾਪੇ ਵਾਲੀ ਆਬਾਦੀ ਲਈ ਜ਼ਰੂਰਤ ਨਾਲੋਂ ਬਹੁਤ ਘੱਟ ਹੈ। ਇਕ ਅੰਦਾਜ਼ੇ ਅਨੁਸਾਰ ਮਹਿੰਗਾਈ, ਆਬਾਦੀ ਦੇ ਵਾਧੇ ਅਤੇ ਬੁਢਾਪੇ ਦਾ ਲੇਖਾ ਜੋਖਾ ਕਰਦੇ ਸਮੇਂ, ਮੌਜੂਦਾ ਸੇਵਾ ਪੱਧਰਾਂ ਨੂੰ ਬਣਾਈ ਰੱਖਣ ਲਈ ਪੰਜ ਤੋਂ ਛੇ ਪ੍ਰਤੀਸ਼ਤ ਦੇ ਵਾਧੇ ਦੀ ਜ਼ਰੂਰਤ ਹੈ। ਇਸ ਨਾਲ ਬੀ.ਸੀ. ਸਰਕਾਰ ਬਜਟ ਸਿਹਤ ਸੰਭਾਲ ਲਈ ਅਸਲ ਖਰਚਿਆਂ ਵਿੱਚ ਕਟੌਤੀ ਲਿਆਵੇਗੀ ਤਾਂ ਸਮਰੱਥਾ ਦੀਆਂ ਗੰਭੀਰ ਚੁਣੌਤੀਆਂ ਨੂੰ ਹੱਲ ਲਈ ਲਗਭਗ ਅਸੰਭਵ ਹੋ ਜਾਵੇਗਾ।

ਸਰਕਾਰ ਡਾਕਟਰਾਂ 'ਤੇ ਸੂਬਾਈ ਖਰਚਿਆਂ ਉਪਰ ਤੇਜ਼ੀ ਨਾਲ ਵਾਧਾ ਕਰ ਰਹੀ ਹੈ ਜਿਸ ਨਾਲ ਬਾਕੀ ਸਿਹਤ-ਸੰਭਾਲ ਦੇ ਹੋਰ ਖਰਚਿਆਂ ਲਈ ਖ਼ਤਰਾ ਖੜ੍ਹਾ ਹੁੰਦਾ ਹੈ। ਕੈਨੇਡੀਅਨ ਇੰਸਟੀਚਿਊਟ ਫਾਰ ਹੈਲਥ ਇਨਫਰਮੇਸ਼ਨ ਦੇ ਅੰਕੜਿਆਂ ਦੇ ਅਨੁਸਾਰ 2023 ਵਿੱਚ ਡਾਕਟਰਾਂ 'ਤੇ ਸੂਬਾਈ ਖਰਚਿਆਂ ਵਿੱਚ 17 ਪ੍ਰਤੀਸ਼ਤ ਦਾ ਵਾਧਾ (ਸਭ ਤੋਂ ਤਾਜ਼ਾ ਸਾਲ) ਲਾਂਗ ਟਰਮ ਦੀ ਦੇਖਭਾਲ (ਨੌਂ ਪ੍ਰਤੀਸ਼ਤ), ਹਸਪਤਾਲਾਂ (15 ਪ੍ਰਤੀਸ਼ਤ) ਅਤੇ ਘਰ ਅਤੇ ਹੋਮ/ਕਮਿਉਨਿਟੀ ਦੇਖਭਾਲ (16 ਪ੍ਰਤੀਸ਼ਤ) ਵਿੱਚ ਖਰਚਿਆਂ ਦੇ ਵਾਧੇ ਨੂੰ ਪਛਾੜ ਗਿਆ ਹੈ। ਬੀ.ਸੀ. ਸਰਕਾਰ 2020 ਅਤੇ 2024 ਦੇ ਵਿਚਕਾਰ ਰਿਪੋਰਟ ਦੱਸਦੀ ਹੈ ਕਿ ਪ੍ਰਤੀ ਵਿਅਕਤੀ ਵਧੇਰੇ ਪਰਿਵਾਰਕ ਡਾਕਟਰ ਹਨ, ਇਹ ਪ੍ਰਤੀ 100,000 ਲੋਕਾਂ ਵਿੱਚ 133 ਤੋਂ 138 ਤੱਕ ਵਧ ਰਹੇ ਹਨ ਪਰ ਫਿਰ ਵੀ 2015 ਤੋਂ ਪਰਿਵਾਰਕ ਡਾਕਟਰ ਤੱਕ ਪਹੁੰਚ ਘਟ ਰਹੀ ਹੈ।

ਨਰਸਾਂ ਲਈ ਇਕ ਹੋਰ ਨਿਰਾਸ਼ਾ ਇਹ ਹੈ ਕਿ ਮੁਨਾਫੇ ਅਧਾਰਿਤ ਬਣੀਆਂ ਸਟਾਫ ਏਜੰਸੀਆਂ ਨੂੰ ਧੜਾ-ਧੜ ਪਬਲਿਕ ਡਾਲਰ ਵੰਡੇ ਜਾਂਦੇ ਹੈ ਜਦ ਕਿ ਉਨ੍ਹਾਂ ਡਾਲਰਾਂ ਨੂੰ ਲਾਂਗ-ਟਰਮ ਨਰਸਿੰਗ ਕਰਮਚਾਰੀਆਂ ਦੀ ਭਰਤੀ ਅਤੇ ਬਰਕਰਾਰ ਕੀਤਾ ਜਾ ਸਕਦਾ ਹੈ। ਮੁਨਾਫਾ ਅਧਾਰਤ ਬਣੀਆਂ ਸਟਾਫ ਏਜੰਸੀਆਂ ਦਾ ਉਦੇਸ਼ ਅਸਥਾਈ ਸਟਾਫ ਰਾਹਤ ਪ੍ਰਦਾਨ ਕਰਨਾ ਹੁੰਦਾ ਹੈ, ਜਦਕਿ ਖਾਲੀ ਅਸਾਮੀਆਂ ਅਤੇ ਸਟਾਫ ਦੀ ਘਾਟ ਨੂੰ ਦੂਰ ਕਰਨ ਲਈ ਇਸਦਾ ਚਲਣ ਬੀ.ਸੀ. ਦੀ ਸਿਹਤ ਪ੍ਰਣਾਲੀ ਵਿੱਚ ਆਮ ਸਥਾਈ ਹੋ ਗਿਆ ਹੈ। ਸਿਹਤ ਅਧਿਕਾਰੀ ਸਟਾਫ ਦੇ ਪਾੜੇ ਨੂੰ ਭਰਨ ਲਈ ਨਰਸਾਂ, ਮੈਡੀਕਲ ਲੈਬ ਟੈਕਨੋਲੋਜਿਸਟਾਂ, ਦੇਖਭਾਲ ਸਹਾਇਕਾਂ ਅਤੇ ਹੋਰ ਪੇਸ਼ਿਆਂ ਦੀ ਸਪਲਾਈ ਕਰਨ ਲਈ ਇਨ੍ਹਾਂ ਮੁਨਾਫਾ ਕਾਰਪੋਰੇਸ਼ਨਾਂ ਨਾਲ ਇਕਰਾਰਨਾਮਾ ਕਰਦੇ ਹਨ।


ਨਿੱਜੀ, ਮੁਨਾਫਾ ਸਟਾਫਿੰਗ ਏਜੰਸੀਆਂ ਦੀ ਵਰਤੋਂ ਪਬਲਿਕ ਸਿਹਤ-ਸੰਭਾਲ ਸੰਸਥਾਵਾਂ ਦੇ ਫੰਡਾਂ ਦਾ ਡਰੇਨ ਹੀ ਹੈ। ਇਨ੍ਹਾਂ ਏਜੰਸੀਆਂ ਦੇ ਸਿਹਤ ਅਧਿਕਾਰੀਆਂ ਦੀ ਲਾਗਤ ਨਿਯਮਤ ਰੁਜ਼ਗਾਰ ਵਾਲੇ ਸਟਾਫ ਨੂੰ ਕਿਰਾਏ 'ਤੇ ਲੈਣ ਦੀ ਲਾਗਤ ਤੋਂ ਦੋ ਤੋਂ ਤਿੰਨ ਗੁਣਾ ਵੱਧ ਹੋ ਸਕਦੀ ਹੈ। ਇਹ ਸਿਹਤ ਪ੍ਰਣਾਲੀ ਦੇ ਅੰਦਰ ਮਨੋਬਲ ਲਈ ਵੀ ਬਹੁਤ ਜ਼ਿਆਦਾ ਨੁਕਸਾਨਦੇਹ ਹੈ ਕਿਉਂਕਿ ਨਿਯਮਤ ਕਰਮਚਾਰੀ ਏਜੰਸੀ ਦੇ ਸਟਾਫ ਦੇ ਨਾਲ ਕੰਮ ਕਰ ਰਹੇ ਹਨ, ਜੋ ਕਿ 50 ਪ੍ਰਤੀਸ਼ਤ ਤੋਂ ਵੱਧ ਹਨ। ਸੀ.ਟੀ.ਵੀ ਨਿਊਜ਼ ਦੁਆਰਾ ਪ੍ਰਾਪਤ ਕੀਤੇ ਗਏ ਸਰਕਾਰੀ ਅੰਕੜਿਆਂ ਦੇ ਅਨੁਸਾਰ, ਮੁਨਾਫਾ ਏਜੰਸੀ ਸਟਾਫ 'ਤੇ ਜਨਤਕ ਖਰਚੇ 2018-19 ਅਤੇ 2024-25 ਦੇ ਵਿਚਕਾਰ ਕੁੱਲ 800 ਮਿਲੀਅਨ ਡਾਲਰ ਤੋਂ ਵੱਧ ਹਨ-ਸੱਤ ਸਾਲਾਂ ਵਿੱਚ ਹੈਰਾਨੀਜਨਕ 31 ਗੁਣਾ ਵਾਧਾ ਹੈ।

ਇਸ ਸਮੇਂ ਕੈਨੇਡਾ ਦੇ ਸਾਰੇ ਸਮਾਜ ਵਿੱਚ ਆਰਥਿਕ ਅਸਮਾਨਤਾ ਅਤੇ ਰਹਿਣ-ਸਹਿਣ ਦੀ ਵਧ ਰਹੀ ਲਾਗਤ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਅਜਿਹੇ ਸਮੇਂ ਵਿੱਚ ਨਰਸਾਂ ਨੂੰ ਵੀ ਬਾਕੀ ਲੋਕਾਂ ਦੀ ਤਰ੍ਹਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਦੇ ਨਾਲ ਨਾਲ ਸਿਹਤ ਪ੍ਰਬੰਧ ਦੀਆਂ ਮਾੜੀਆਂ ਕੰਮ ਹਾਲਤਾਂ ਉਨ੍ਹਾਂ ਦੀ ਪ੍ਰੇਸ਼ਾਨੀ ਵਿੱਚ ਕਈ ਗੁਣਾ ਵਾਧਾ ਕਰ ਰਹੀ ਹੈ। ਸਿਸਟਮ-ਪੱਧਰ ਦੇ ਦਬਾਅ ਅਤੇ ਨਿਰਾਸ਼ਾ ਬੀ.ਸੀ. ਸੂਬੇ ਦੀਆਂ ਫਰੰਟਲਾਈਨ ਨਰਸਾਂ ਲਈ ਲਗਾਤਾਰ ਵਧ ਰਹੇ ਹਨ।

ਨਰਸਾਂ ਦੀ ਇਹ ਹੜਤਾਲ ਸਿਹਤ-ਸੰਭਾਲ ਕਰਮਚਾਰੀਆਂ ਲਈ ਪਬਲਿਕ ਸਿਹਤ-ਸੰਭਾਲ ਲਈ ਵੱਡੀ ਪੱਧਰ ਦੇ ਸੁਧਾਰਾਂ ਦੀ ਮੰਗ ਲਈ ਉਪਲਬਧ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਹੈ। ਨਰਸਾਂ ਦੀ ਜੱਥੇਬੰਦੀ ਦੁਆਰਾ ਸਿਹਤ ਪ੍ਰਬੰਧਾਂ ਵਿੱਚ ਸੁਧਾਰਾਂ ਦੀ ਮੰਗ ਨੂੰ ਸਰਕਾਰ ਦੁਆਰਾ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਲਗਦਾ ਹੈ ਕਿ ਸਰਕਾਰੀ-ਤੰਤਰ ਅਤੇ ਹਸਪਤਾਲ ਮਾਲਕ, ਇਨ੍ਹਾ ਮੁਸ਼ਕਿਲ ਹਾਲਤਾਂ ਨੂੰ ਠੀਕ ਕਰਨ ਲਈ ਗੰਭੀਰ ਨਹੀਂ ਹਨ। ਨਰਸਿੰਗ ਐਸੋਸੀਏਸ਼ਨ ਵੱਲੋਂ ਸਿਹਤ ਸਹੂਲਤਾਂ ਦਾ ਵਿਸਥਾਰ ਅਤੇ ਸੁਧਾਰ ਦੀਆਂ ਮੰਗ, ਸਾਰੇ ਕੈਨੇਡੀਅਨ ਲੋਕਾਂ ਲਈ ਵੀ ਅਹਿਮ ਮੰਗ ਬਣਦੀ ਹੈ ਜਿਸ ਦਾ ਸਮਰਥਨ ਕਰਨਾ ਚਾਹਿਦਾ ਹੈ। ਸਿਹਤ ਕਾਮਿਆਂ ਤੋਂ ਇਲਾਵਾ ਆਮ ਲੋਕਾਂ ਦੀ ਵੀ ਇਹ ਮੰਗ ਹੈ ਕਿ ਸਰਕਾਰ ਨੇਕ ਨਿਯਤੀ ਨਾਲ ਸਿਹਤ-ਸੰਭਾਲ ਵਿੱਚ ਲੋੜੀਦੇਂ ਸੁਧਾਰਾਂ ਨੂੰ ਲਾਗੂ ਕਰਕੇ ਲੋਕਾਂ ਅਤੇ ਸਿਹਤ-ਕਾਮਿਆਂ ਦੀਆਂ ਮੁਸ਼ਕਲਾਂ ਨੂੰ ਦਰੁਸਤ ਕਰੇ।

ਵਿੱਤ ਦੇ ਨਜ਼ਰੀਏ ਤੋਂ ਸੂਬਾਈ ਸਰਕਾਰ ਦੀ ਕੋਈ ਸਮਝਦਾਰੀ ਨਹੀਂ ਹੈ ਕਿ ਪਬਲਿਕ ਲਈ ਮੁੱਢਲੀ ਦੇਖਭਾਲ ਲਈ ਘੱਟ ਖ਼ਰਚਾ ਅਤੇ ਮੁਕਾਬਲਤਨ ਡਾਕਟਰ ਸੇਵਾਵਾਂ 'ਤੇ ਇੰਨੇ ਵੱਡੇ ਖਰਚਿਆਂ ਦੇ ਵਾਧੇ ਨੂੰ ਜਾਰੀ ਰੱਖੇ। ਇੱਕ ਤਾਜ਼ਾ ਸੀ.ਸੀ.ਪੀ.ਏ ਦੀ ਰਿਪੋਰਟ ਨੇ ਸਬੂਤ-ਅਧਾਰਤ ਪਹੁੰਚਾਂ ਦਾ ਸੁਝਾਅ ਦਿੱਤਾ ਹੈ ਜਿਵੇਂ ਕਿ ਹੋਮ/ਕਮਿਊਨਿਟੀ ਸਿਹਤ ਕੇਂਦਰਾਂ ਦਾ ਵਿਸਥਾਰ ਕਰਕੇ, ਘੱਟ ਆਮਦਨੀ ਵਾਲੇ ਪਬਲਿਕ ਸਮੂਹਾਂ ਤੱਕ ਸਿਹਤ-ਪ੍ਰਬੰਧ ਪਹੁੰਚਦਾ ਕਰਨਾ ਯਕੀਨੀ ਬਣਾਇਆ ਜਾਵੇ ਜੋ ਮੁੱਢਲੀ ਦੇਖਭਾਲ ਲਈ ਆਸਵੰਦ ਹਨ। ਮੁੱਢਲੀ ਸਿਹਤ-ਸੰਭਾਲ ਵਿੱਚ ਸੁਧਾਰ ਕਰਕੇ ਹਸਪਤਾਲਾਂ ਤੋਂ ਦਬਾਅ ਵੀ ਘਟਾਇਆ ਜਾ ਸਕਦਾ ਹੈ। ਸਿਹਤ ਸੰਭਾਲ ਨਿਵੇਸ਼ਾਂ ਨੂੰ ਵਿਸਥਾਰ ਉੱਪਰ ਸੇਧਤ ਕੀਤਾ ਜਾਵੇ ਜਿੱਥੇ ਇਸਦੀ ਜਿਆਦਾ ਅਤੇ ਵਧ ਗਿਣਤੀ ਆਬਾਦੀ ਨੂੰ ਲੋੜ ਹੈ।

# ਮੇਰਾ ਡਾਂਗਸਤਾਨ




**ਚਰਨਜੀਤ ਭੁੱਲਰ**

ਚੰਡੀਗੜ੍ਹ : ਲਓ ਜੀ! ਪ੍ਰਧਾਨ ਹੋਵੇ ਤਾਂ ਐਸਾ। ਨਾ ਤਖ਼ਤਾਂ ਦੀ ਪ੍ਰਵਾਹ, ਨਾ ਤਾਜਾਂ ਦੀ, ਠੋਕਰ ਮਾਰ ਔਹ ਗਿਆ। ਏਨਾ ਜੱਸ ਕਿਸੇ ਟਾਵੇਂ ਦੀ ਝੋਲੀ ਪੈਂਦੈ। ਤੁਸੀਂ ਸੋਚਦੇ ਪਏ ਹੋ, ਏਹ ਕਲਾ ਕਿਵੇਂ ਵਰਤੀ। ਪਹਿਲਾਂ ਤਾਂ ਪ੍ਰਧਾਨ ਜੀ ਇੰਜ ਗੱਜਦੇ ਪਏ ਸੀ, 'ਹਮ ਕੋ ਮਿਟਾ ਸਕੇ, ਜ਼ਮਾਨੇ ਮੇ ਯੇ ਦਮ ਨਹੀਂ।' ਹੁਣ ਗਾਉਣੋਂ ਨੀ ਹਟਦੇ ਪਏ, 'ਦਿਲ ਦੀਆ ਹੈ, ਜਾਨ ਭੀ ਦੇਂਗੇ, ਐ ਵਤਨ ਤੇਰੇ ਲੀਏ।' ਹੋਇਆ ਇੰਜ, ਜਦ ਪ੍ਰਧਾਨ ਜੀ ਆਪਣੇ ਸ਼ਾਹੀ ਬੈੱਡ-ਰੂਮ 'ਚ ਅਰਾਮ ਫ਼ਰਮਾ ਹੁੰਦੇ, ਅਚਾਨਕ ਡੰਗ ਵੱਜਣ ਲੱਗਦੇ। ਜਿਵੇਂ 'ਮਹਿਲ-ਏ-ਖ਼ਾਸ' 'ਚ ਕੌਕਰੋਚਾਂ ਦੀ ਫ਼ੌਜ ਆਣ ਵੜੀ ਹੋਵੇ।

ਕਾਸ਼! ਕਿਤੇ ਪ੍ਰਧਾਨ ਜੀ ਨੇ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਪੜ੍ਹੀ ਹੁੰਦੀ, ਇਨਸਾਨੀ ਫੁਹਾਰਾਂ 'ਚ ਗੜੁੱਚ ਹੋ ਜਾਣਾ ਸੀ। ਪਰ ਪ੍ਰਧਾਨ ਜੀ ਤਾਂ ਫ਼ਖ਼ਰ ਕਰਦੇ ਰਹੇ ਹਕੂਮਤੀ ਸ਼ਾਹਕਾਰ ਰਚਨਾ 'ਮੇਰਾ ਡਾਂਗਸਤਾਨ' 'ਤੇ। ਦੂਜੇ ਬੰਨੇ, 'ਮੇਰਾ ਡੰਗਸਤਾਨ', ਜੰਤਰ ਮੰਤਰ ਦੇ ਕੌਕਰੋਚਾਂ ਦਾ ਮੰਤਰ ਸੀ, ਜਿਨ੍ਹਾਂ ਦੇ ਡੰਗ ਮੰਤਰੀ ਦਾ ਅਸਤੀਫ਼ਾ ਜੇਬ ਚੋਂ ਕਢਾ ਲਿਆਏ। ਡਾਂਗ ਆਲਿਆਂ ਨੇ ਡਾਂਗ ਚਲਾਈ, ਡੰਗ ਆਲਿਆਂ ਨੇ ਡੰਗ। ਪ੍ਰਧਾਨ ਸੇਵਕ ਦੁਬਿਧਾ 'ਚ ਸਨ, ਸਰਦੂਲ ਸਿਕੰਦਰ ਨੇ ਦੂਰ ਕੀਤੀ, 'ਜ਼ਿਦ ਨਾਲ ਮਸਲੇ ਵਿਗੜ ਜਾਂਦੇ ਨੇ..।'

ਪ੍ਰਧਾਨ ਸੇਵਕ ਪੁਰਾਣੇ ਵੈਦ ਨੇ ਜਿਹੜੇ ਹਰ ਬਿਮਾਰੀ ਦਾ ਇਲਾਜ 'ਡਾਂਗ ਪ੍ਰੈਸ਼ਰ' ਨਾਲ ਕਰਦੇ ਨੇ। 'ਨਾਗ ਛੇੜ ਲਿਆ ਕਾਲਾ, ਮੰਤਰ ਯਾਦ ਨਹੀਂ।' ਪਹਿਲਾਂ ਕਿਸਾਨੀ ਨੂੰ ਹੱਥ ਪਾਇਆ ਸੀ, ਹੁਣ ਜਵਾਨੀ ਨੂੰ। ਜਪਾਨੀ ਆਖਦੇ ਨੇ, 'ਜਦੋਂ ਬੁੱਢੇ ਹੋ ਜਾਵੋ, ਬੱਚਿਆਂ ਦਾ ਕਹਿਣਾ ਮੰਨੋ।' ਧਰਮੇਂਦਰ ਪ੍ਰਧਾਨ ਨੇ ਜੰਤਰ ਮੰਤਰ 'ਤੇ, ਔਹ ਵਗਾਹ ਮਾਰਿਆ ਅਸਤੀਫ਼ਾ। ਨਹੀਂ ਕਲਯੁਗੀ ਜ਼ਮਾਨੇ 'ਚ ਕੌਣ ਏਡੀ ਕੁਰਬਾਨੀ ਕਰਦੈ। 'ਜੈਨ-ਜ਼ੀ' ਦੀ ਝੋਲੀ ਜਿੱਤ ਪਈ, ਪ੍ਰਧਾਨ ਦੇ ਬੋਝੇ ਲਾਹਨਤਾਂ। ਗੁਰਦਾਸ ਮਾਨ ਐਵੇਂ ਨੀ ਹੇਕਾਂ ਲਾਉਂਦਾ, 'ਵਾਹ ਨੀ ਜਵਾਨੀਏ..।'

ਕੋਈ ਸ਼ਾਇਰ ਫ਼ਰਮਾ ਹੈ, 'ਸਹਿਣੀ ਪੈਂਦੀ ਮਾਰ ਦੁਲੱਤਿਆਂ ਦੀ, ਜੇ ਕੁਰਸੀ ਵਹਾਈਏ ਖੋਤਿਆਂ ਨੂੰ।' 'ਜੈੱਨ-ਜ਼ੀ' ਦੀ ਇਹ ਜਿੱਤ ਹੈ ਡਰ 'ਤੇ। ਖ਼ੌਫ਼ 'ਤੇ ਫ਼ਤਿਹ ਪਾਈ ਹੈ, ਜਿਸ ਦੇ ਪਰਛਾਵੇਂ 'ਚ ਮੁਲਕ ਵਾਸੀ ਜੀਅ ਰਹੇ ਸਨ। ਇੱਕ ਵਾਰੀ ਤਾਂ ਇੰਜ ਲੱਗਿਆ ਜਿਵੇਂ ਪੁਲੀਸ ਤੋਂ ਲਾਠੀ ਖੋਹ 'ਜੈੱਨ-ਜ਼ੀ' ਨੇ ਲੋਕਤੰਤਰ ਨੂੰ ਫੜਾ ਦਿੱਤੀ ਹੋਵੇ ਕਿ ਹੁਣ ਤੁਰ ਮੜਕ ਨਾਲ। ਵੈਸੇ ਇਹ ਵੀ ਜ਼ਰੂਰੀ ਨਹੀਂ ਕਿ 'ਕੱਲਾ ਚੰਨੀ ਹੀ ਮਸਲੇ ਹੱਲ ਕਰਦਾ ਹੋਵੇ। ਹੁਣ ਨਵਾਂ ਨਾਅਰਾ ਗੂੰਜੇਗਾ..'ਸ਼ਹਿਰ-ਗਰਾਂ 'ਚ ਚੱਲੀ ਗੱਲ, ਜੈੱਨ-ਜ਼ੀ ਕਰਦੇ ਮਸਲੇ ਹੱਲ।'

'ਜੈੱਨ-ਜੀ' ਨੇ ਐਸਾ ਝੁਰਲੂ ਫੇਰਿਆ, ਜੰਤਰ ਮੰਤਰ 'ਤੇ ਗੂੰਜ ਪਈ, ਤੰਤਰ ਨੂੰ ਕਾਂਬਾ ਛਿੜ ਗਿਆ। ਹਾਲੇ ਜ਼ਿੱਦਪੁਰੀਏ ਧਰਮੇਂਦਰ ਪ੍ਰਧਾਨ ਦੀ ਦਾਦ ਦਿੰਦੇ ਪਏ ਨੇ, ਅਖੇ! ਇਖ਼ਲਾਕ ਦਾ ਮੁਜੱਸਮਾ 'ਸਾਡਾ ਪ੍ਰਧਾਨ'। ਖਾਕੀਪੁਰੀਓ! ਬਰਨਾਲੇ ਆਇਓ, ਤੁਹਾਨੂੰ ਕਰਾਵਾਂਗੇ ਚੌਵੀ ਕੈਰੇਟ ਇਖ਼ਲਾਕ ਦੇ ਦਰਸ਼ਨ। ਸਰਵ ਪ੍ਰਵਾਨਿਤ ਸ਼ਾਸਤਰ ਦਰਸ਼ਨੀ ਡਾਂਗ ਵੀ ਦਿਖਾਵਾਂਗੇ। ਪਟਿਆਲੇ ਆਲੇ ਸ਼ੋਅ 'ਚ ਡੀ ਐੱਸ ਪੀ ਸੰਜੀਵ ਸਿੰਗਲਾ ਨੇ ਬੇਰੁਜ਼ਗਾਰ ਲਾਈਨਮੈਨਾਂ ਦੀ ਸੇਵਾ ਦਾ ਪੁੰਨ ਖੱਟਿਆ ਸੀ। ਬਰਨਾਲੇ ਇਹ ਡਾਂਗ ਸੇਵਾ ਡੀ ਐੱਸ ਪੀ ਸਤਵੀਰ ਸਿਓਂ ਦੇ ਹਿੱਸੇ ਆਈ।

ਮੁੱਢ ਕਦੀਮ ਤੋਂ ਹੀ ਮਨੁੱਖੀ ਕਲਿਆਣ ਲਈ ਸ੍ਰੇਸ਼ਟ ਆਤਮਾਵਾਂ ਧਰਤੀ 'ਤੇ ਜਨਮ ਲੈਂਦੀਆਂ ਰਹੀਆਂ ਹਨ। ਬਰਨਾਲੇ 'ਚ ਸਫ਼ਾਈ ਸੇਵਕ ਬੀਬੀਆਂ ਨੇ ਪੁਲੀਸ ਦੀ ਦੈਵੀ ਇੱਛਾ 'ਚ ਸਿੱਧਾ ਦਖ਼ਲ ਦਿੱਤਾ। ਨਿਆਂ ਉਹ, ਜੋ ਤੁਰੰਤ ਹੋਵੇ। ਡੀ ਐੱਸ ਪੀ ਸਤਵੀਰ ਨੇ ਮੌਕੇ 'ਤੇ ਇਨਸਾਫ਼ ਕਰਤਾ। ਕਾਨੂੰਨ ਦੇ ਹੱਥ ਵੀ ਤੇ ਡਾਂਗ ਵੀ ਲੰਮੀ ਹੁੰਦੀ ਹੈ। ਡਾਂਗਸਤਾਨ ਦੀ ਰਾਜਧਾਨੀ ਪੰਜਾਬ ਬਣਿਐ। ਰਸੂਲ ਹਮਜ਼ਾਤੋਵ ਆਖਦਾ ਪਿਐ, 'ਬੰਦਾ ਕਿਤੇ ਵੀ ਚਲਾ ਜਾਵੇ, ਜੜ੍ਹਾਂ ਨਾਲੋਂ ਟੁੱਟਣਾ ਨੀ ਚਾਹੀਦਾ।' ਸੋ ਭਾਈ ਮਾਈ ਜਾਣਦੇ ਹੀ ਹੋ ਕਿ ਡਾਂਗ ਹੀ ਤਾਂ ਪੁਲਿਸ ਦੀ ਜੜ੍ਹ ਲਾਉਂਦੀ ਐ। ਜਦੋਂ ਕੋਈ ਹੱਕਸਤਾਨ ਦੀ ਗੱਲ ਕਰਦੈ, ਜਦੀ ਜੜ੍ਹ ਦਿੰਦੇ ਨੇ।

ਕੇਰਾਂ ਸੁਪਰਕੌਪ ਕੇਪੀਐੱਸ ਗਿੱਲ ਨੇ ਆਈਏਐੱਸ ਬੀਬੀ ਰੂਪਨ ਦਿਉਲ ਬਜਾਜ ਦੇ ਆਸਾ ਪਾਸਾ ਦੇਖ ਕੇ ਬਦਨ 'ਤੇ ਥਾਪੀ ਜੜ'ਤੀ ਸੀ। ਤਾਹੀਂ ਦਿਲਜੀਤ ਦੋਸਾਂਝ ਆਖਦੈ, ਓਏ ਛੋਟੂ! ਪੰਜਾਬ ਪੁਲਿਸ ਦੀ ਕੋਈ ਰੀਸ ਨੀ। ਰਸੂਲ ਹਮਜ਼ਾਤੋਵ ਦਾ ਦਾਗਿਸਤਾਨ ਦੀ ਮਿੱਟੀ ਨਾਲ, ਕਲਚਰ ਨਾਲ ਤੇ ਬੋਲੀ ਨਾਲ ਅੰਤਾਂ ਦਾ ਮੋਹ ਸੀ। ਮੋਹ ਨੂੰ ਛੱਡੋ, ਅਸਾਂ ਦੇ ਤੰਤਰ ਕੋਲ ਤਾਂ ਸਿਰਫ ਦਾਗ ਬਚੇ ਨੇ। ਜਰਾ ਦੱਸਣਾ, ਕਿਹੜੇ ਡਿਟਰਜੈਂਟ ਨਾਲ ਧੋਈਏ। ਸ਼ਾਹ ਹੁਸੈਨ ਦੱਸਦੇ ਪਏ ਨੇ, 'ਚਿੱਟੀ ਚਾਦਰ ਲਾਹ ਸੁੱਟ ਕੁੜੀਏ, ਪਹਿਨ ਫਕੀਰਾਂ ਦੀ ਲੋਈ, ਚਿੱਟੀ ਚਾਦਰ ਨੂੰ ਦਾਗ ਹਜ਼ਾਰਾਂ, ਲੋਈ ਨੂੰ ਦਾਗ ਨਾ ਕੋਈ। ਉਂਜ ਤਾਂ ਹਰ ਸੂਬੇ ਦੀ ਪੁਲਿਸ ਸੋਲ੍ਹਾਂ ਕਲਾ ਸੰਪੂਰਨ ਹੈ ਪਰ ਪੰਜਾਬ ਪੁਲਿਸ ਦਾ ਅੰਦਾਜ਼ ਨਿਰਾਲਾ ਹੈ। ਅਸਾਡੀ ਪੁਲਿਸ ਦਾ ਸੁਭਾਅ ਆਲੂ ਵਰਗੈ। ਮਿਕਸ ਹੋਣ 'ਚ ਦੇਰ ਨੀ ਲਾਉਂਦੀ, ਚਾਹੇ ਕੋਈ ਨੇਤਾ ਹੋਵੇ, ਚਾਹੇ ਤਸਕਰ, ਭਾਵੇਂ ਚੋਰ ਉਚੱਕਾ ਹੀ ਕਿਉਂ ਨਾ ਹੋਵੇ। ਇਨ੍ਹਾਂ ਪ੍ਰਤਾਪੀ ਗੁਣਾਂ ਕਰਕੇ ਹੀ ਤਾਂ ਰਿਸ਼ਤੇ 'ਚ ਪੁਲਿਸ ਵਾਲੇ ਸਭ ਦੇ 'ਮਾਮੇ' ਲੱਗਦੇ ਨੇ। ਇੰਜ ਸਮਝ ਲਓ ਕਿ ਚੰਦਾ ਮਾਮਾ ਹੀ ਨੇ, ਕਦੇ ਕਦੇ ਕੰਸ ਮਾਮਾ ਵੀ ਬਣ ਜਾਂਦੇ ਨੇ। ਥਾਣੇਦਾਰ ਜਸਵਿੰਦਰ ਭੱਲਾ ਇੱਕ ਫ਼ਿਲਮ 'ਚ ਆਖਦੈ, 'ਅਸੀਂ ਤਾਂ ਗੂੰਗੇ ਬੋਲਣ ਲਾ ਦਿੰਦੇ ਹਾਂ।'

ਪੰਜਾਬ ਪੁਲੀਸ ਤਾਂ ਹੈ ਹੀ 'ਆਲ-ਰਾਊਂਡਰ'। ਚੋਣਾਂ ਜਿਤਵਾ ਲਓ, ਚਾਹੇ ਬੰਦੇ ਮੂਧੇ ਪਵਾ ਲਓ। ਜਦੋਂ ਪਾਣੀ ਸਿਰ ਤੋਂ ਲੰਘ ਜਾਂਦੈ ਤਾਂ ਨੰਦ ਲਾਲ ਨੂਰਪੁਰੀ ਨੂੰ ਲਿਖਣਾ ਪੈਂਦੈ, 'ਇੱਥੋਂ ਉੱਡ ਜਾ ਭੋਲਿਆ ਪੰਛੀਆ..।' ਕਵੀ ਨੂਰਪੁਰੀ ਵੀ ਕਦੇ ਰਾਜਸਥਾਨ 'ਚ ਥਾਣੇਦਾਰ ਹੁੰਦੇ ਸਨ। ਪੁਲਿਸ ਮੁਕਾਬਲੇ 'ਚ ਤਿੰਨ ਜਣੇ ਨਿਹੱਥੇ ਮਾਰੇ ਗਏ। ਨੰਦ ਲਾਲ ਦਾ ਮਨ ਭਾਰ ਨਾ ਝੱਲ ਸਕਿਆ, ਅੰਗਰੇਜ਼ ਦੀ ਨੌਕਰੀ ਤੋਂ ਅਸਤੀਫ਼ਾ ਦੇ ਘਰ ਬੈਠ ਗਿਆ। ਕਿੰਨਾ ਸਮਾਂ ਕਰਤੱਵਾਂ ਆਲੀ ਗਠੜੀ ਕਿਰਨ ਬੇਦੀ ਵੀ ਚੁੱਕੀ ਫਿਰਦੀ ਰਹੀ। ਹੁਣ ਗਠੜੀ ਗੁਆਚ ਗਈ, ਪੁਲਿਸ ਨੂੰ ਚੋਰ ਨੀ ਲੱਭ ਰਿਹਾ। ਇੱਕ ਸਤਪਾਲ ਡਾਂਗ ਹੁੰਦਾ ਸੀ, ਜੀਹਨੇ ਕਲਮ ਵੀ ਡਾਂਗ ਵਾਂਗੂ ਚਲਾਈ। ਪੁਲਿਸ ਦਾ ਡਾਂਗ ਬਿਨਾਂ ਕਿੱਥੇ ਸਰਦੈ।

ਚਲੋ ਸਾਨੂੰ ਕਾਹਦਾ ਡਰ, ਮਾਮੇ ਜੋ ਹੋਏ। ਕਈ ਵਾਰੀ ਇਨ੍ਹਾਂ ਦੇ ਮੂੰਹੋਂ ਇਖ਼ਲਾਕੀ ਗੱਲਾਂ ਸੁਣ ਕੇ ਯਕੀਨ ਜਿਹਾ ਨਹੀਂ ਆਉਂਦਾ। ਖ਼ੁਸ਼ਵੰਤ ਸਿੰਘ ਦੀ ਇੱਕ ਮਹਿਲਾ ਪਾਤਰ ਨਾਲ ਸਕਾ ਮਾਮਾ ਕੁਕਰਮ ਕਰਦੈ। ਹੁਣ ਸੋਚੋ, ਜੇ ਕਲਯੁਗੀ ਮਾਮੇ ਏਦਾਂ ਕਰ ਸਕਦੇ ਨੇ ਤਾਂ ਪੁਲਿਸ ਵਾਲੇ ਤਾਂ ਹੁੰਦੇ ਹੀ ਨਕਲੀ ਮਾਮੇ ਨੇ। ਸਿਆਣੇ ਆਖਦੇ ਨੇ, ਪੁਲਿਸ ਨਾਲ ਦੋਸਤੀ ਵੀ ਮਾੜੀ ਤੇ ਦੁਸ਼ਮਣੀ ਵੀ। ਕਾਂਗਰਸੀ ਪ੍ਰਗਟ ਸਿਓ ਹਰ ਵੇਲੇ ਵਿਲਕਦਾ ਰਹਿੰਦੈ, 'ਭਾਈ ਪੁਲਿਸ ਸਟੇਟ ਨਾ ਬਣਾਓ ਪੰਜਾਬ ਨੂੰ।' ਜੇ ਕਿਤੇ ਪ੍ਰਗਟ ਸਿੰਘ ਟਰਾਂਸਪੋਰਟ ਮੰਤਰੀ ਰਿਹਾ ਹੁੰਦਾ ਤਾਂ ਬਾਡੀਆਂ ਦੇ ਖੜਕਣ ਦੇ ਮਾਅਨੇ ਪਤਾ ਲੱਗ ਜਾਣੇ ਸੀ।

ਧਰਤੀ 'ਤੇ ਦੂਜਾ ਰੱਬ ਹੁੰਦੀ ਹੈ ਪੁਲਿਸ। ਰੱਬ ਤੋਂ ਜ਼ਰਾ ਤਾਂ ਖ਼ੌਫ਼ ਖਾਓ। ਮੁਜਰਮ ਨਾ ਲੱਭੇ ਤਾਂ ਕਈ ਵਾਰੀ ਮੁੱਦਈ ਦੇ ਵੀ ਛਿੱਤਰ ਪੋਲਾ ਕਰ ਦਿੰਦੀ ਐ। ਬਾਬੂ ਸਿੰਘ ਮਾਨ ਲਿਖਦੇ ਨੇ, 'ਓਹ ਕਹਿੰਦਾ ਮੈਂ ਕਾਕਾ ਦੇਹਰਾਦੂਨ ਪੜ੍ਹਾਉਣਾ ਹੈ, ਜਦ ਇਹ ਵੱਡਾ ਹੋ ਗਿਆ ਥਾਣੇਦਾਰ ਬਣਾਉਣਾ ਹੈ।'

## ਕੁੱਲ ਇਕੱਠੇ ਕੀਤੇ ਫੰਡ: $2.55 ਮਿਲੀਅਨ

ਮੈਕਗਿੱਲ ਯੂਨੀਵਰਸਿਟੀ ਨੇ ਗੁਰਮੋਹ ਦੀ ਬਿਮਾਰੀ ਲਈ ਜ਼ਰੂਰੀ ਸੈੱਲ ਲਾਈਨਾਂ ਅਤੇ ਨਿਊਰੋਨਜ਼ (ਦਿਮਾਗੀ ਕੋਸ਼ਿਕਾਵਾਂ) ਵਿਕਸਿਤ ਕਰ ਲਏ ਹਨ। ਇਹ ਵਿਗਿਆਨਕ ਯਾਤਰਾ ਦਾ ਇੱਕ ਬਹੁਤ ਮਹੱਤਵਪੂਰਨ ਕਦਮ ਹੈ, ਜੋ ਗੁਰਮੋਹ ਵਰਗੇ ਬੱਚਿਆਂ ਅਤੇ ਦੁਨੀਆ ਭਰ ਦੇ ਦੁਰਲੱਭ ਬਿਮਾਰੀਆਂ ਨਾਲ ਲੜ ਰਹੇ ਪਰਿਵਾਰਾਂ ਲਈ ਉਮੀਦ ਦੀ ਕਿਰਨ ਹੈ।

**ਅਗਲਾ ਕਦਮ:**

1 ਅਗਸਤ ਤੋਂ ਅਸੀਂ "ਜਰਨੀ ਆਫ ਹੋਪ" ਦੀ ਸ਼ੁਰੂਆਤ ਕਰ ਰਹੇ ਹਾਂ। ਇਹ ਯਾਤਰਾ ਵੈਨਕੂਵਰ ਦੇ ਕੈਨੇਡਾ ਪਲੇਸ ਤੋਂ ਓਟਾਵਾ ਤੱਕ ਹੋਵੇਗੀ, ਜਿੱਥੇ ਅਸੀਂ ਪ੍ਰਧਾਨ ਮੰਤਰੀ ਨੂੰ ਗੁਰਮੋਹ ਦੀ ਭੈਣ ਵੱਲੋਂ ਲਿਖਿਆ "ਉਮੀਦ ਦਾ ਪੱਤਰ" ਸੌਂਪਾਂਗੇ। ਇਸ ਯਾਤਰਾ ਦਾ ਮਕਸਦ ਸਿਰਫ਼ ਗੁਰਮੋਹ ਲਈ ਨਹੀਂ, ਸਗੋਂ ਕੈਨੇਡਾ ਅਤੇ ਦੁਨੀਆ ਭਰ ਵਿੱਚ ਦੁਰਲੱਭ ਬਿਮਾਰੀਆਂ ਨਾਲ ਪੀੜਤ ਲੱਖਾਂ ਪਰਿਵਾਰਾਂ ਦੀਆਂ ਮੁਸ਼ਕਲਾਂ, ਉਨ੍ਹਾਂ ਦੇ ਦਰਦ ਅਤੇ ਉਮੀਦ ਦੀ ਆਵਾਜ਼ ਨੂੰ ਉੱਚਾ ਚੁੱਕਣਾ ਹੈ।

XPRESS PRINTING LTD.
CHANNEL LETTERS STANDING BANNERS
COROPLAST SIGNS L-POST SIGN TABLE CLOTH
BANNERS CANVAS PRINTING
DOOR HANGERS LAWN SIGNS STICKERS
BUSINESS CARDS FLYERS SANDWICH BOARD
ENGINEERING DRAWINGS TICKETS
LABELS MUGS INVOICE BOOKS POST CARDS
WINDOWS GRAPHICS
TRUCK DECALS LOG BOOKS TRIFOLD BROCHURES BOOKLETS
STAMPS SHIRTS CHEQUES
403-383-7285
VICKY & USMAN
ORDER NOW ORDER.XPRESSPRINTING@GMAIL.COM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar,
BA, CIRP, LIT, Managing Partner
harmanb@bnadebtsolutions.ca
Simmie Pandher
Senior administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Mandeep Gill
Realtor®
403-408-9333
Calgary, AB
Gillhomesyyc@yahoo.com
eXp REALTY

SPRINGTOWN PAINTING INC.
• RESIDENTIAL • COMMERCIAL • INDUSTRIAL
• Spray Painting • Office Painting
• Dryfall Painting • Drywall Painting
Free Estimate Available 7 Days
212 Bonnieglen Farm blvd, Caledon, ON L7C3Y3
Soecialized in Custom Homes
Bhagwant Aulakh (BOB)
Dir: 416-671-4000
springtownpaintinginc.1@gmail.com

# ਕਾਰਨੀ ਸਰਕਾਰ ਨੇ ਜੰਗਲੀ ਅੱਗ ਦਾ ਪ੍ਰਬੰਧ ਕਰਨ ਵਾਲੇ ਨਰਵ ਸੈਂਟਰ ਵਿੱਚ ਅੱਧੀਆਂ ਦੇ ਤਕਰੀਬਨ ਨੌਕਰੀਆਂ ਕੱਟੀਆਂ: ਯੂਨੀਅਨ

*ਅੱਜ ਕੈਨੇਡਾ ਵਿੱਚ 950 ਤੋਂ ਵੱਧ ਜੰਗਲੀ ਅੱਗਾਂ ਲੱਗੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ 241 ਕੰਟਰੋਲ ਤੋਂ ਬਾਹਰ ਹਨ। ਇਸ ਸਮੇਂ ਕੈਨੇਡਾ ਦੀ ਸਰਕਾਰੀ ਕਰਮਚਾਰੀਆਂ ਦੀ ਸਭ ਤੋਂ ਵੱਡੀ ਯੂਨੀਅਨ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਕਾਰਨੀ ਸਰਕਾਰ ਨੇ ਜੰਗਲੀ ਅੱਗਾਂ ਦਾ ਪ੍ਰਬੰਧ ਕਰਨ ਵਾਲੇ ਗਵਰਮੈਂਟ ਆਪ੍ਰੇਸ਼ਨ ਸੈਂਟਰ ਵਿੱਚਲੀਆਂ ਅੱਧੀਆਂ ਨੌਕਰੀਆਂ ਨੂੰ ਖਤਮ ਕਰ ਦਿੱਤਾ ਹੈ। ਇਸ ਸੰਬੰਧ ਵਿੱਚ 22 ਜੁਲਾਈ ਨੂੰ ਔਟਵਾ ਸਿਟੀਜ਼ਨ ਦੇ ਸਾਈਟ 'ਤੇ ਇਕ ਰਿਪੋਰਟ ਛਪੀ ਹੈ। ਪੰਜਾਬੀ ਪਾਠਕਾਂ ਲਈ ਉਸ ਰਿਪੋਰਟ ਦਾ ਪੰਜਾਬੀ ਅਨੁਵਾਦ ਪੇਸ਼ ਹੈ। –ਸੰਪਾਦਕ*

**ਬੈਨ ਐਂਡਰਿਊਜ਼ (ਔਟਵਾ ਸਿਟੀਜ਼ਨ)**
**ਅਨੁਵਾਦ: ਸੁਖਵੰਤ ਹੁੰਦਲ**

19 ਜੁਲਾਈ ਐਤਵਾਰ ਨੂੰ ਵਰਲਡ ਕੱਪ ਦੇ ਫਾਈਨਲ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਜੰਗਲੀ ਅੱਗਾਂ ਦੇ ਧੂੰਏਂ ਬਾਰੇ ਗੱਲਬਾਤ ਕਰਨ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਫੈਡਰਲ ਸਰਕਾਰ ਦੇ ਗਵਰਮੈਂਟ ਆਪ੍ਰੇਸ਼ਨ ਸੈਂਟਰ (ਜੀ ਓ ਸੀ) ਦੇ ਆਪਣੇ ਦੌਰੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ।

ਪੋਸਟ ਵਿੱਚ ਲਿਖਿਆ ਸੀ 'ਅੱਜ ਸਵੇਰੇ, ਮੈਂ ਔਟਾਵਾ ਵਿੱਚ ਉਹਨਾਂ ਫੈਡਰਲ ਵਰਕਰਾਂ ਨੂੰ ਮਿਲਿਆ ਜੋ ਉੱਤਰੀ-ਪੱਛਮੀ ਉਨਟਾਰੀਓ ਅਤੇ ਪੂਰੇ ਦੇਸ਼ ਵਿੱਚ ਜੰਗਲੀ ਅੱਗਾਂ ਦੇ ਰਾਹਤ ਯਤਨਾਂ ਵਿੱਚ ਆਪਣਾ ਸਹਿਯੋਗ ਦੇ ਰਹੇ ਹਨ'।

ਪਿਛਲੇ ਹਫ਼ਤੇ ਉੱਤਰ-ਪੂਰਬੀ ਅਮਰੀਕਾ ਦੇ ਵੱਡੇ ਹਿੱਸੇ ਵਿੱਚ ਫੈਲੇ ਧੂੰਏਂ ਦੇ ਮੁੱਦੇ 'ਤੇ ਟਰੰਪ ਵੱਲੋਂ ਕੈਨੇਡਾ 'ਤੇ ਨਵੇਂ ਟੈਰਿਫ ਲਗਾਉਣ ਦੀ ਧਮਕੀ ਦੇਣ ਤੋਂ ਬਾਅਦ, ਕਾਰਨੀ ਨੇ 'ਕੈਨੇਡਾ ਦੇ ਇਤਿਹਾਸ ਦੇ ਸਭ ਤੋਂ ਭਿਆਨਕ ਜੰਗਲੀ ਅੱਗਾਂ ਦੇ ਸੀਜ਼ਨਾਂ ਵਿੱਚੋਂ ਇੱਕ' ਨਾਲ ਨਜਿੱਠਣ ਦੇ ਪ੍ਰਤੀਕਰਮ ਦਾ ਤਾਲਮੇਲ ਕਰਨ ਦੇ ਸਰਕਾਰ ਦੇ ਯਤਨਾਂ 'ਤੇ ਚਾਨਣਾ ਪਾਇਆ।

ਪਰ ਕੈਨੇਡਾ ਦੀ ਸਭ ਤੋਂ ਵੱਡੀ ਪਬਲਿਕ ਸੈਕਟਰ ਯੂਨੀਅਨ ਅਨੁਸਾਰ, ਕਾਰਨੀ ਸਰਕਾਰ ਦੀ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀ ਯੋਜਨਾ ਤਹਿਤ, ਇਸ ਪੋਸਟ ਵਿੱਚ ਦਿਖਾਏ ਗਏ ਸੈਂਟਰ ਵਿੱਚੋਂ ਲਗਭਗ 50 ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਹਨ, ਜੋ ਕਿ ਇਸ ਦੇ ਕੁੱਲ ਕਰਮਚਾਰੀਆਂ ਦਾ ਲਗਭਗ ਅੱਧਾ ਹਿੱਸਾ ਹੈ।

ਪਬਲਿਕ ਸਰਵਿਸ ਅਲਾਇੰਸ ਆਫ਼ ਕੈਨੇਡਾ (ਪੀ ਐੱਸ ਏ ਸੀ) ਦੀ ਨੈਸ਼ਨਲ ਪ੍ਰਧਾਨ ਸ਼ੈਰਨ ਡੀਸੂਜ਼ਾ ਨੇ ਇੱਕ ਲਿਖਤੀ ਬਿਆਨ ਵਿੱਚ ਦੱਸਿਆ, 'ਗਵਰਮੈਂਟ ਆਪ੍ਰੇਸ਼ਨ ਸੈਂਟਰ (ਜੀ ਓ ਸੀ) ਸਾਡੇ ਨੈਸ਼ਨਲ ਐਮਰਜੈਂਸੀ ਰਾਹਤ ਕਾਰਜਾਂ ਦਾ ਤਾਲਮੇਲ ਕਰਨ ਲਈ ਜ਼ਿੰਮੇਵਾਰ ਹੈ।'

'ਇਸ ਨੂੰ ਅੱਧ ਦੇ ਲਗਭਗ ਘਟਾਉਣਾ ਦੇਸ਼ ਭਰ ਦੇ ਲੋਕਾਂ ਨੂੰ ਖਤਰੇ ਵਿੱਚ ਪਾਉਂਦਾ ਹੈ, ਜਿਸ ਵਿੱਚ ਉਹ ਫਰੰਟਲਾਈਨ ਵਰਕਰ ਵੀ ਸ਼ਾਮਲ ਹਨ ਜੋ ਜੰਗਲੀ ਅੱਗਾਂ ਨਾਲ ਨਜਿੱਠ ਰਹੇ ਹਨ, ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਵਿੱਚ ਮਦਦ ਕਰ ਰਹੇ ਹਨ ਅਤੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਰਹੇ ਹਨ।'

ਜੀ ਓ ਸੀ (ਗਵਰਮੈਂਟ ਆਪ੍ਰੇਸ਼ਨ ਸੈਂਟਰ) ਐਮਰਜੈਂਸੀ ਦੀ ਤਿਆਰੀ ਵਿੱਚ ਮਦਦ ਕਰਦਾ ਹੈ, 24 ਘੰਟੇ ਸਥਿਤੀ 'ਤੇ ਨਜ਼ਰ ਰੱਖਦਾ ਹੈ ਅਤੇ 'ਨੈਸ਼ਨਲ ਹਿੱਤ ਵਾਲੀਆਂ ਸਾਰੀਆਂ ਖ਼ਤਰਨਾਕ ਘਟਨਾਵਾਂ ਲਈ ਇੱਕਜੁੱਟ ਫੈਡਰਲ ਰਾਹਤ ਕਾਰਜਾਂ' ਦੇ ਤਾਲਮੇਲ ਦੀ ਅਗਵਾਈ ਕਰਦਾ ਹੈ।

2004 ਵਿੱਚ ਸਥਾਪਿਤ ਕੀਤਾ ਗਿਆ ਇਹ ਸੈਂਟਰ, ਵੱਡੇ ਹੜ੍ਹਾਂ ਤੋਂ ਲੈ ਕੇ ਪਾਰਲੀਮੈਂਟ ਹਿੱਲ 'ਤੇ 2014 ਵਿੱਚ ਹੋਈ ਗੋਲੀਬਾਰੀ ਅਤੇ ਡਾਊਨਟਾਊਨ ਔਟਾਵਾ ਵਿੱਚ 2022 ਵਿੱਚ ਹੋਏ ਟਰੱਕਰਾਂ ਦੇ ਪ੍ਰਦਰਸ਼ਨਾਂ ਵਰਗੀਆਂ ਐਮਰਜੈਂਸੀਆਂ ਦੌਰਾਨ ਨੈਸ਼ਨਲ ਰਾਹਤ ਕਾਰਜਾਂ ਦਾ ਤਾਲਮੇਲ ਕਰਨ ਵਿੱਚ ਮਦਦ ਕਰ ਚੁੱਕਾ ਹੈ।

17 ਜੁਲਾਈ ਨੂੰ ਇਸ ਸੈਂਟਰ ਨੇ ਮੌਜੂਦਾ ਜੰਗਲੀ ਅੱਗਾਂ ਦੇ ਸੀਜ਼ਨ ਲਈ ਆਪਣਾ 'ਲੈਵਲ 3' ਦਾ ਰਾਹਤ ਕਾਰਜ ਚਾਲੂ ਕੀਤਾ। ਉਸ ਪ੍ਰਤੀਕਿਰਿਆ ਦੇ ਪੱਧਰ ਤਹਿਤ, ਜੀ ਓ ਸੀ ਫੈਡਰਲ ਸਹਾਇਤਾ ਲਈ ਮੌਜੂਦਾ ਅਤੇ ਸੰਭਾਵੀ ਬੇਨਤੀਆਂ ਦਾ ਨਿਪਟਾਰਾ ਕਰਨ ਲਈ ਖੇਤਰੀ ਦਫ਼ਤਰਾਂ ਨਾਲ ਮਿਲ ਕੇ ਕੰਮ ਕਰਦਾ ਹੈ, ਅਤੇ ਖੇਤਰਾਂ ਜਾਂ ਫੈਡਰਲ ਸਰਕਾਰ ਦੀਆਂ ਹੋਰ ਸੰਸਥਾਵਾਂ ਵਿੱਚ ਲਿਆਜ਼ਨ ਅਧਿਕਾਰੀ (ਸੰਪਰਕ ਅਫ਼ਸਰ) ਭੇਜ ਸਕਦਾ ਹੈ।

### ਜਨਵਰੀ ਵਿੱਚ ਭੇਜੇ ਗਏ ਸਨ ਵਰਕਫੋਰਸ ਐਡਜਸਟਮੈਂਟ ਪੱਤਰ


ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ (ਪੀ ਐੱਸ ਏ ਸੀ) ਅਨੁਸਾਰ ਆਪ੍ਰੇਸ਼ਨ ਸੈਂਟਰ ਦੇ ਪ੍ਰਭਾਵਿਤ ਕਰਮਚਾਰੀਆਂ ਨੂੰ ਜਨਵਰੀ ਵਿੱਚ ਵਰਕਫੋਰਸ ਐਡਜਸਟਮੈਂਟ ਪੱਤਰ ਮਿਲੇ ਸਨ।

ਵਰਕਫੋਰਸ ਐਡਜਸਟਮੈਂਟ ਇੱਕ ਅਜਿਹਾ ਅਮਲ ਹੈ ਜਿਸ ਰਾਹੀਂ ਫੈਡਰਲ ਸਰਕਾਰ ਦਾ ਇਕ ਪੱਕਾ ਕਰਮਚਾਰੀ ਕਿਸੇ ਹੋਰ ਸਰਕਾਰੀ ਕਰਮਚਾਰੀ ਦੀ ਥਾਂ ਲੈਣ ਬਾਰੇ ਦੇਖ ਸਕਦਾ ਹੈ ਜਾਂ ਨੌਕਰੀ ਛੱਡਣ ਲਈ ਐਗਜ਼ਿਟ ਪੈਕੇਜ ਲੈ ਸਕਦਾ ਹੈ।

ਯੂਨੀਅਨ ਨੇ ਦੱਸਿਆ ਕਿ ਛਾਂਟੀ ਤੋਂ ਪ੍ਰਭਾਵਿਤ ਹੋਏ ਜ਼ਿਆਦਾਤਰ ਕਰਮਚਾਰੀਆਂ ਨੇ ਸੈਂਟਰ ਛੱਡ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਕਿਸੇ ਹੋਰ ਜਗ੍ਹਾ ਪੋਸਟਾਂ ਮਿਲ ਗਈਆਂ ਜਾਂ ਉਨ੍ਹਾਂ ਨੂੰ ਕੰਮ ਤੋਂ ਹਟਾ ਦਿੱਤਾ ਗਿਆ। ਵਰਕਫੋਰਸ ਐਡਜਸਟਮੈਂਟ ਪੱਤਰ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਥੋੜ੍ਹੇ ਹੀ ਅਜੇ ਵੀ ਗਵਰਮੈਂਟ ਆਪ੍ਰੇਸ਼ਨ ਸੈਂਟਰ ਵੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ।

ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਅਨੁਸਾਰ, ਮੰਗਲਵਾਰ, 21 ਜੁਲਾਈ ਤੱਕ, ਆਪ੍ਰੇਸ਼ਨ ਸੈਂਟਰ ਵਿੱਚੋਂ 100 ਤੋਂ ਕੁਝ ਵੱਧ ਅਸਾਮੀਆਂ ਵਿੱਚੋਂ ਲਗਭਗ 50 ਪੋਸਟਾਂ ਘਟਾ ਦਿੱਤੀਆਂ ਗਈਆਂ ਸਨ।

ਯੂਨੀਅਨ ਅਨੁਸਾਰ, ਇਹ ਵਰਕਫੋਰਸ ਐਡਜਸਟਮੈਂਟ ਨੋਟਿਸ ਬਹੁਤੇ ਵਿਭਾਗਾਂ ਅਤੇ ਇਜੰਸੀਆਂ ਨੂੰ ਚਲਾਉਣ ਦੇ ਬੱਜਟ (ਆਪ੍ਰੇਸ਼ਨਲ ਬੱਜਟ) ਵਿੱਚੋਂ 60 ਅਰਬ (ਬਿਲੀਅਨ) ਡਾਲਰ ਦੀ ਬਚਤ ਕਰਨ ਦੀ ਸਰਕਾਰ ਦੀ ਯੋਜਨਾ,



ਗਵਰਮੈਂਟ ਆਪ੍ਰੇਸ਼ਨ ਸੈਂਟਰ ਵਿਖੇ ਪ੍ਰਧਾਨ ਮੰਤਰੀ ਕਾਰਨੀ-19 ਜੁਲਾਈ 2026










'ਕੰਪਰੀਹੈਨਸਿਵ ਐਕਪੈਂਡੀਚਰ ਰਿਵੀਊ ਭਾਵ ਵਿਆਪਕ ਖਰਚ ਸਮੀਖਿਆ' ਦੇ ਹਿੱਸੇ ਵਜੋਂ ਜਾਰੀ ਕੀਤੇ ਗਏ ਸਨ।

ਉਹ ਕਟੌਤੀਆਂ ਆਉਣ ਵਾਲੇ ਕੁਝ ਸਾਲਾਂ ਵਿੱਚ ਪਬਲਿਕ ਸਰਵਿਸ ਵਿੱਚੋਂ ਹਜ਼ਾਰਾਂ ਅਸਾਮੀਆਂ ਘਟਾਉਣ ਦੀ ਇੱਕ ਵਿਆਪਕ ਯੋਜਨਾ ਦਾ ਮੁੱਖ ਹਿੱਸਾ ਹਨ।

ਪਬਲਿਕ ਸੇਫਟੀ ਡਿਪਾਰਟਮੈਂਟ ਨੇ ਇਸ ਬਾਰੇ ਟਿੱਪਣੀ ਕਰਨ ਲਈ ਕੀਤੀ ਬੇਨਤੀ ਦਾ ਡੈੱਡਲਾਈਨ ਤੱਕ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਕਾਰਨੀ ਜਾਂ ਪਬਲਿਕ ਸੇਫਟੀ ਮਨਿਸਟਰ ਗੈਰੀ ਅਨੰਦਸੰਗਰੀ ਦੇ ਕਮਿਊਨੀਕੇਸ਼ਨ ਸਟਾਫ ਨੇ ਕੋਈ ਜਵਾਬ ਦਿੱਤਾ।

**ਆਪ੍ਰੇਸ਼ਨ ਕੇਂਦਰ 'ਤੇ ਕੰਮ ਦਾ ਬਹੁਤ ਜ਼ਿਆਦਾ ਬੋਝ :** ਜਦੋਂ ਤੱਕ ਕੋਈ ਜੰਗਲੀ ਅੱਗ ਕਿਸੇ ਨੈਸ਼ਨਲ ਪਾਰਕ ਜਾਂ ਫਸਟ ਨੇਸ਼ਨ (ਮੂਲਵਾਸੀ) ਭਾਈਚਾਰੇ ਵਿੱਚ ਨਹੀਂ ਲੱਗਦੀ, ਉਦੋਂ ਤੱਕ ਇਸ ਸਥਿਤੀ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਸੂਬਾਈ ਸਰਕਾਰਾਂ ਦੀ ਹੁੰਦੀ ਹੈ।

ਪਿਛਲੇ ਸਭ ਤੋਂ ਤਾਜ਼ੇ ਬੱਜਟ ਵਿੱਚ, ਫੈਡਰਲ ਸਰਕਾਰ ਨੇ 'ਇੱਕ ਨਵੀਂ ਰਾਸ਼ਟਰੀ ਹਵਾਈ ਅੱਗ ਬੁਝਾਊ ਐਮਰਜੈਂਸੀ ਸਮਰੱਥਾ' ਸਥਾਪਤ ਕਰਨ ਲਈ ਪੰਜ ਸਾਲਾਂ ਵਿੱਚ 31 ਕ੍ਰੋੜ 67 ਲੱਖ (316.7 ਮਿਲੀਅਨ) ਡਾਲਰ ਨਿਵੇਸ਼ ਕੀਤੇ ਹਨ। ਮਈ ਵਿੱਚ, ਫੈਡਰਲ ਸਰਕਾਰ ਨੇ ਸੂਬਾਈ ਅਤੇ ਟੈਰੀਟਰੀਆਂ ਦੀਆਂ ਜੰਗਲੀ ਅੱਗਾਂ ਨਾਲ ਸੰਬੰਧਿਤ ਏਜੰਸੀਆਂ ਦੀ ਮਦਦ ਲਈ ਅੱਗ ਬੁਝਾਉਣ ਵਾਲੇ 10 ਹਵਾਈ ਜਹਾਜ਼ (ਫਾਇਰਫਾਈਟਿੰਗ ਏਅਰਕ੍ਰਾਫਟ) ਲੀਜ ਕਰਨ ਲਈ ਇਸ ਫੰਡ ਦੀ ਵਰਤੋਂ ਕੀਤੀ - ਜਿਸ ਵਿੱਚ ਏਅਰ ਟੈਂਕਰ, ਹੈਵੀ ਲਿਫਟ ਹੈਲੀਕਾਪਟਰ ਅਤੇ ਬਰਡਡੌਗ ਪਲੇਨ (ਨਿਗਰਾਨੀ ਅਤੇ ਤਾਲਮੇਲ ਕਰਨ ਲਈ ਵਰਤਿਆ ਜਾਣ ਵਾਲਾ ਜਹਾਜ਼) ਸ਼ਾਮਲ ਹਨ।

ਪਿਛਲੇ ਨਵੰਬਰ ਵਿੱਚ ਸਰਕਾਰ ਨੇ ਗਵਰਮੈਂਟ ਆਪ੍ਰੇਸ਼ਨ ਸੈਂਟਰ (ਜੀ ਓ ਸੀ) ਲਈ ਇੱਕ 'ਅਤਿ-ਆਧੁਨਿਕ' ਸੁਵਿਧਾ ਸ਼ੁਰੂ ਕੀਤੀ, ਜਿਸ ਦਾ ਜ਼ਿਕਰ ਕਾਰਨੀ ਦੀ ਐਤਵਾਰ ਦੀ ਪੋਸਟ ਵਿੱਚ ਕੀਤਾ ਗਿਆ ਸੀ।

ਉਸ ਸਮੇਂ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਸੀ, 'ਇਹ ਨਵਾਂ ਆਪ੍ਰੇਸ਼ਨ ਸੈਂਟਰ ਲੋੜ ਸਮੇਂ ਸੂਬਿਆਂ, ਟੈਰਾਟਰੀਆਂ ਅਤੇ ਕੈਨੇਡੀਅਨਾਂ ਦੀ ਮਦਦ ਕਰਨ ਲਈ ਫੈਡਰਲ ਸਮਰੱਥਾ ਨੂੰ ਵਧਾਉਂਦਾ ਹੈ ਅਤੇ ਮੌਜੂਦਾ ਅਤੇ ਆਉਣ ਵਾਲੇ ਖਤਰਿਆਂ ਤੋਂ ਕੈਨੇਡੀਅਨ ਲੋਕਾਂ ਦੀ ਰੱਖਿਆ ਕਰਨ ਦੇ ਸਾਡੀ ਸਰਕਾਰ ਦੇ ਮਿਸ਼ਨ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ।'

ਸੋਮਵਾਰ, 20 ਜੁਲਾਈ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਰਨੀ ਨੇ ਕਿਹਾ ਕਿ ਉਸ ਨੇ ਟਰੰਪ ਨੂੰ ਜੰਗਲੀ ਅੱਗਾਂ ਦੇ ਪ੍ਰਬੰਧ ਵਿੱਚ ਕੈਨੇਡੀਅਨ ਨਿਵੇਸ਼ ਦੇ ਪੈਮਾਨੇ ਬਾਰੇ ਦੱਸਿਆ ਅਤੇ ਇਸ ਸਮੇਂ ਫਰੰਟਲਾਈਨ 'ਤੇ ਕੰਮ ਕਰ ਰਹੇ ਹਜ਼ਾਰਾਂ ਫਾਇਰਫਾਈਟਰਾਂ ਦੇ ਕੰਮ ਬਾਰੇ ਖਾਸ ਤੌਰ 'ਤੇ ਜਾਣਕਾਰੀ ਦਿੱਤੀ।

ਕਟੌਤੀਆਂ ਤੋਂ ਪਹਿਲਾਂ ਵੀ, ਗਵਰਮੈਂਟ ਆਪ੍ਰੇਸ਼ਨ ਸੈਂਟਰ (ਜੀ ਓ ਸੀ) ਵਸੀਲਿਆਂ ਦੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ।

2024 ਵਿੱਚ 'ਕੈਨੇਡੀਅਨ ਪ੍ਰੈਸ' ਵਲੋਂ ਪ੍ਰਾਪਤ ਕੀਤੇ ਗਏ ਇੱਕ ਅੰਦਰੂਨੀ ਮੀਮੋ ਤੋਂ ਪਤਾ ਲੱਗਾ ਸੀ ਕਿ ਸੈਂਟਰ ਵਿਖੇ ਬੱਜਟ ਅਤੇ ਸਟਾਫ ਦੀਆਂ ਚੁਣੌਤੀਆਂ ਨੇ ਬਹੁਤ ਜ਼ਿਆਦਾ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਥਕਾ ਦਿੱਤਾ ਸੀ ਅਤੇ ਉਨ੍ਹਾਂ ਦੇ ਮਨੋਬਲ ਨੂੰ ਕਮਜ਼ੋਰ ਕਰ ਦਿੱਤਾ ਸੀ।

ਉਸ ਦਸਤਾਵੇਜ਼ ਅਨੁਸਾਰ, ਇਹ ਆਪ੍ਰੇਸ਼ਨ ਸੈਂਟਰ ਲਗਭਗ ਇੱਕ ਦਹਾਕੇ ਤੋਂ ਢਾਂਚਾਗਤ ਘਾਟੇ (ਸਟ੍ਰਕਚਰਲ ਡੈਫੇਸਿਟ) ਦਾ ਸਾਹਮਣਾ ਕਰ ਰਿਹਾ ਹੈ।













# ਈਰਾਨ ਜੰਗ ਕਾਰਨ ਤੇਲ ਅਤੇ ਗੈਸ ਦੇ ਮੁਨਾਫ਼ਿਆਂ ’ਚ ਹੋਏ ਵਾਧਿਆਂ ’ਤੇ ਟੈਕਸ ਲਾਓ

*ਬੀ ਸੀ ਦੇ ਕਲਾਈਮੇਟ ਐਮਰਜੰਸੀ ਕੈਂਪੇਨ ਦੀ ਕੋਆਰਡੀਨੇਟਰ ਐਮੀਕੋ ਨਿਊਮੈਨ ਦਾ ਇਹ ਲੇਖ ਟਾਈ ਮੈਗਜ਼ੀਨ ਦੇ ਆਨਲਾਈਨ ਸਾਈਟ (https://thetyee.ca) ’ਤੇ 17 ਜੂਨ ਨੂੰ ਛਪਿਆ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ। - ਸੰਪਾਦਕ*

ਲੇਖਕ: ਐਮੀਕੋ ਨਿਊਮੈਨ
ਅਨੁਵਾਦ: ਸੁਖਵੰਤ ਹੁੰਦਲ
604644-2470

ਜਿਸ ਸਮੇਂ ਈਰਾਨ ਦੇ ਲੋਕ ਇੱਕ ਬੇਹੂਦਾ ਜੰਗ ਦੇ ਨਤੀਜੇ ਭੁਗਤ ਰਹੇ ਹਨ, ਉਸ ਸਮੇਂ ਇਸ ਜੰਗ ਦੇ ਅਸਰ ਗੈਸ ਅਤੇ ਹੋਰ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਰੂਪ ਵਿੱਚ ਸਾਰੀ ਦੁਨੀਆ ਵਿੱਚ ਫੈਲ ਰਹੇ ਹਨ। ਅਤੇ ਕੈਨੇਡਾ ਦੀ ਤੇਲ ਅਤੇ ਗੈਸ ਸਨਅਤ ਖੁਸ਼ੀ-ਖੁਸ਼ੀ ਆਪਣੀਆਂ ਬੈਂਕਾਂ ਭਰ ਰਹੀ ਹੈ।

ਜਦੋਂ ਤੋਂ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ’ਤੇ ਹਮਲਾ ਕਰਕੇ ਜੰਗ ਸ਼ੁਰੂ ਕੀਤੀ ਹੈ, ਕੈਨੇਡਾ ਦੀ ਤੇਲ ਸਨਅਤ ਹਰ ਰੋਜ਼ 17 ਕ੍ਰੋੜ (170 ਮਿਲੀਅਨ ਡਾਲਰ) ਵਾਧੂ ਕਮਾ ਰਹੀ ਹੈ। ਸਿਰਫ਼ ਜੰਗ ਦੇ ਪਹਿਲੇ ਮਹੀਨੇ ਵਿੱਚ ਹੀ, ਇਹ ਮੁਨਾਫ਼ਾ 6 ਅਰਬ ਡਾਲਰ ਤੋਂ ਵੱਧ ਗਿਆ ਸੀ, ਜੋ ਕਿ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਇਸ ਸਨਅਤ ਦੀ ਕਮਾਈ ਤੋਂ ਤਿੰਨ ਗੁਣਾ ਹੈ।

ਅਤੇ ਜੇਕਰ ਤੇਲ ਦੀਆਂ ਕੀਮਤਾਂ ਅਗਲੇ 12 ਮਹੀਨਿਆਂ ਦੌਰਾਨ ਇੰਨੀਆਂ ਹੀ ਜ਼ਿਆਦਾ ਰਹੀਆਂ ਤਾਂ ਕੈਨੇਡਾ ਦੀਆਂ ਤੇਲ ਕੰਪਨੀਆਂ ਨੂੰ 90 ਅਰਬ (ਬਿਲੀਅਨ) ਡਾਲਰ ਦਾ ਨਿਰੋਲ ਮੁਨਾਫ਼ਾ ਹੋਵੇਗਾ।

ਸਾਡੀ ਧਰਤੀ ਨੂੰ ਸਾੜਨ ਲਈ ਜ਼ਿੰਮੇਵਾਰ ਇਸ ਸਨਅਤ ਦੀ ਕਮਾਈ ਵਿੱਚ ਹੋਏ ਇਸ ਅਚਾਨਕ ਵਾਧੇ ਬਾਰੇ ਕੈਨੇਡਾ ਅਤੇ ਬੀ ਸੀ ਕੀ ਕਰ ਰਹੇ ਹਨ?

ਹੁਣ ਤੱਕ, ਕੁਝ ਵੀ ਨਹੀਂ। ਇਹ ਸੱਚ ਹੈ ਕਿ ਰਾਇਲਟੀ ਦੇ ਤੌਰ ’ਤੇ ਹੋਣ ਵਾਲੀ ਵੱਧ ਆਮਦਨ ਕਾਰਨ ਸੂਬਾਈ ਆਮਦਨ ਵਿੱਚ ਵਾਧਾ ਹੋਵੇਗਾ, ਕਿਉਂਕਿ ਇਹ ਤੇਲ ਅਤੇ ਗੈਸ ਦੀਆਂ ਕੀਮਤਾਂ ਨਾਲ ਜੁੜੀ ਹੋਈ ਹੈ, ਅਤੇ ਕਾਰਪੋਰੇਸ਼ਨਾਂ ਵਲੋਂ ਦਿੱਤੇ ਜਾਣ ਵਾਲੇ ਆਮਦਨ ਟੈਕਸ ਦੀਆਂ ਵੱਧ ਅਦਾਇਗੀਆਂ ਕਾਰਨ ਸੂਬਾਈ ਅਤੇ ਫੈਡਰਲ ਦੋਵਾਂ ਪੱਧਰਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਪਰ ਇਹ ਵਾਧੂ ਆਮਦਨ ਉਹਨਾਂ ਘਰੇਲੂ ਪਰਿਵਾਰਾਂ (ਹਾਊਸਹੋਲਡਜ਼) ਦੀ ਕੀਮਤ ’ਤੇ ਹੋਵੇਗੀ ਜਿਨ੍ਹਾਂ ਨੂੰ ਤੇਲ ਅਤੇ ਗੈਸ ਨਾਲ ਸਬੰਧਤ ਹਰ ਚੀਜ਼ ਦੀਆਂ ਵੱਧ ਰਹੀਆਂ ਕੀਮਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਇਨ੍ਹਾਂ ਵਧੀਆਂ ਕੀਮਤਾਂ ਦੇ ਜਵਾਬ ਵਿੱਚ ਫੈਡਰਲ ਸਰਕਾਰ ਨੇ ਫੈਡਰਲ ਫਿਊਲ ਟੈਕਸਾਂ ਵਿੱਚ ਅਸਥਾਈ ਕਟੌਤੀ ਕੀਤੀ ਹੈ, ਪਰ ਇਹ ਕਟੌਤੀ ਅਕਸਰ ਤੇਲ ਅਤੇ ਗੈਸ ਕੰਪਨੀਆਂ ਦੁਆਰਾ ਜਲਦੀ ਹੀ ਹੜੱਪ ਲਈ ਜਾਂਦੀ ਹੈ ਅਤੇ ਖਪਤਕਾਰਾਂ ਨੂੰ ਇਸ ਦਾ ਬਹੁਤ ਘੱਟ ਲਾਭ ਮਿਲਦਾ ਹੈ।

ਕੈਨੇਡਾ ਐਨਰਜੀ ਰੈਗੂਲੇਟਰ ਦੀ ਸਾਬਕਾ ਮੁੱਖ ਐਗਜ਼ੇਕਟਿਵ ਅਫਸਰ ਗਿਟਾਨੇ ਡੀ ਸਿਲਵਾ ਨੇ ਹਾਲ ਹੀ ਵਿੱਚ ਨੋਟ ਕੀਤਾ ਕਿ ਤੇਲ ਦੀ ਮੌਜੂਦਾ ਵੱਧ ਕੀਮਤ ਕੈਨੇਡਾ ਲਈ ਇੱਕ “ਦੋ-ਧਾਰੀ ਤਲਵਾਰ” ਹੈ। ਉਹ ਕਹਿੰਦੀ ਹੈ ਕਿ ਜਦੋਂ ਸਰਕਾਰ ਨੂੰ ਰਾਇਲਟੀ ਤੋਂ ਵੱਧ ਪੈਸਾ ਮਿਲ ਰਿਹਾ ਹੈ, ਉਦੋਂ ਵੱਧ ਕੀਮਤਾਂ ਸਮਾਂ ਬੀਤਣ ਨਾਲ ਮੰਦੀ ਦੀ ਸੰਭਾਵਨਾ ਨੂੰ ਵਧਾਉਂਦੀਆਂ ਹਨ। ਅਤੇ ਕੈਨੇਡਾ ਵਲੋਂ ਫੈਡਰਲ ਫਿਊਲ ਟੈਕਸ ’ਤੇ ਲਾਈ ਰੋਕ ਨੂੰ ਵਾਪਸ ਲੈਣਾ ਮੁਸ਼ਕਲ ਹੋਵੇਗਾ।

ਡੀ ਸਿਲਵਾ ਲੰਬੇ ਸਮੇਂ ਲਈ ਕੈਨੇਡਾ ਦੇ ਲੋਕਾਂ ਦੀ ਮਦਦ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੰਦੀ ਹੈ, ਸ਼ਾਇਦ ਜੀ ਐੱਸ ਟੀ ’ਤੇ ਛੋਟ ਦੇ ਪ੍ਰੋਗਰਾਮ ਰਾਹੀਂ ਜਾਂ ਕਿਸੇ ਅਜਿਹੇ ਹੋਰ ਪ੍ਰੋਗਰਾਮ ਰਾਹੀਂ ਜੋ ‘ਆਰਥਿਕਤਾ ਵਿੱਚ ਪੈਸੇ ਨੂੰ ਰੀਸਾਈਕਲ ਕਰੇ’।

ਸਾਡੇ ਕੋਲ ਜਿਸ ਚੀਜ਼ ਦੀ ਬਹੁਤ ਘਾਟ ਹੈ, ਉਹ ਹੈ ਇੱਕ ਅਜਿਹੀ ਨੀਤੀ ਦੀ ਜੋ ਤੇਲ ਦੇ ਵਾਧੂ ਮੁਨਾਫਿਆਂ ਦੇ ਕੁਝ ਹਿੱਸੇ ਨੂੰ ਜਨਤਾ ਵੱਲ ਮੋੜਦੀ ਹੋਵੇ।

ਅਚਾਨਕ ਮੁਨਾਫਿਆਂ ’ਤੇ ਟੈਕਸ (ਵਿੰਡਫਾਲ ਪ੍ਰੌਫਿਟ ਟੈਕਸ) ਇਨ੍ਹਾਂ ਬੇਹੱਦ ਵੱਡੀਆਂ ਰਕਮਾਂ ਨੂੰ ਕਾਬੂ ਵਿੱਚ ਲਿਆ ਸਕਦਾ ਹੈ ਅਤੇ ਫੰਡਾਂ ਨੂੰ ਜਨਤਕ ਸੇਵਾਵਾਂ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਆਮਦਨ ਟਰਾਂਸਫਰ ਰਾਹੀਂ ਵੰਡ ਸਕਦਾ ਹੈ।

ਕੈਨੇਡਾ ਇਹ ਪਹਿਲਾਂ ਵੀ ਕਰ ਚੁੱਕਾ ਹੈ। ਹੁਣ ਕਿਉਂ ਨਹੀਂ?

ਇਹ ਰਣਨੀਤੀ ਇਤਿਹਾਸ ਵਿੱਚ ਕਈ ਵਾਰ ਵਰਤੀ ਗਈ ਹੈ, ਹਾਲ ਹੀ ਵਿੱਚ ਕੋਵਿਡ-19 ਦੀ ਮਹਾਂਮਾਰੀ ਦੌਰਾਨ, ਜਦੋਂ ਫੈਡਰਲ ਸਰਕਾਰ ਨੇ ਵਿੱਤੀ ਖੇਤਰ ’ਤੇ ਅਚਾਨਕ ਮੁਨਾਫ਼ਾ ਟੈਕਸ (ਵਿੰਡਫਾਲ ਪ੍ਰੌਫਿਟ ਟੈਕਸ) ਲਾਗੂ ਕੀਤਾ ਸੀ। ਇਹ 1 ਅਰਬ (ਬਿਲੀਅਨ) ਡਾਲਰ ਤੋਂ ਵੱਧ ਦੀ ਟੈਕਸਯੋਗ ਆਮਦਨ ’ਤੇ 15 ਫੀਸਦੀ ਦੀ ਇਕ ਵਾਰੀ ਲਾਈ ਗਈ ਲੈਵੀ (ਮਸੂਲੀ) ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੈਂਕ ਅਤੇ ਲਾਈਫ ਇੰਸ਼ੋਰੈਂਸ ਸਮੂਹ ਮਹਾਂਮਾਰੀ ਤੋਂ ਮੁੜ-ਉਭਾਰ ਵਿੱਚ ਆਪਣਾ ਹਿੱਸਾ ਪਾ ਰਹੇ ਹਨ।

ਜੇਕਰ ਕੈਨੇਡਾ ਅਗਲੇ 12 ਮਹੀਨਿਆਂ ਵਿੱਚ ਤੇਲ ਸਨਅਤ ਦੇ ਵਾਧੂ ਮੁਨਾਫ਼ਿਆਂ ’ਤੇ 15 ਫੀਸਦੀ ਟੈਕਸ ਲਾਗੂ ਕਰੇ ਤਾਂ ਇਸ ਨਾਲ 9 ਅਰਬ (ਬਿਲੀਅਨ) ਡਾਲਰ ਇਕੱਠੇ ਹੋ ਸਕਦੇ ਹਨ। 75 ਫੀਸਦੀ ਦਾ ਟੈਕਸ-ਜੋ ਦੂਜੀ ਵਿਸ਼ਵ ਜੰਗ ਦੀ ਸ਼ੁਰੂਆਤ ਵਿੱਚ ਵਾਧੂ ਕਾਰਪੋਰੇਟ ਮੁਨਾਫ਼ਿਆਂ ’ਤੇ ਲਾਗੂ ਕੀਤਾ ਗਿਆ ਸੀ-46 ਅਰਬ (ਬਿਲੀਅਨ) ਡਾਲਰ ਇਕੱਠੇ ਕਰ ਸਕਦਾ ਹੈ।

ਅਤੇ ਇਹ ਗੱਲ ਨੋਟ ਕਰੋ: ਕੈਨੇਡਾ ਦੇ ਸਭ ਤੋਂ ਵੱਡੇ ਤੇਲ ਉਤਪਾਦਕਾਂ ਵਿੱਚੋਂ ਚਾਰ 60 ਫੀਸਦੀ ਅਮਰੀਕੀ ਮਾਲਕੀਅਤ ਵਾਲੇ ਹਨ। ਇਹਨਾਂ ਮੁਨਾਫ਼ ?ਆਂ ਨੂੰ ਕਿਸੇ ਰੋਕ-ਟੋਕ ਤੋਂ ਬਿਨਾਂ ਇਕੱਠੇ ਹੋਣ ਦੇਣ ਦਾ ਮਤਲਬ ਉਸ ਆਰਥਿਕਤਾ ਵਿੱਚ ਹੋਰ ਪੈਸੇ ਪਾਉਣਾ ਹੈ ਜਿਸ ਤੋਂ ਸਾਡੇ ਆਗੂ ਕਥਿਤ ਤੌਰ ’ਤੇ ਦੂਰੀ ਬਣਾਉਣ ਲਈ ਦ੍ਰਿੜ ਹਨ।

ਅਚਾਨਕ ਜਾਂ ਵਾਧੂ ਟੈਕਸ (ਵਿੰਡਫਾਲ ਜਾਂ ਐਕਸੈੱਸ ਟੈਕਸ) ਅਸਧਾਰਨ ਹਾਲਾਤਾਂ ਵਿੱਚ ਢੁਕਵੇਂ ਬਣ ਜਾਂਦੇ ਹਨ, ਜਿਵੇਂ ਕਿ ਜੰਗਾਂ ਜਾਂ ਮਹਾਂਮਾਰੀਆਂ ਦੌਰਾਨ। ਅਜਿਹੇ ਸਮਿਆਂ ਵਿੱਚ, ਜਦੋਂ ਕੰਪਨੀਆਂ ਜਾਂ ਸਨਅਤਾਂ ਆਪਣੇ ਆਮ ਮੁਨਾਫ਼ੇ ਤੋਂ ਵੱਧ ਕਮਾਈ ਕਰਨ ਲੱਗ ਪੈਂਦੀਆਂ ਹਨ (ਅਜਿਹੇ ਮੁਨਾਫ਼ੇ ਜੋ ਵਿਅਕਤੀਗਤ ਕਾਰੋਬਾਰੀ ਸਮਝ ਨਾਲ ਸਬੰਧਤ ਨਹੀਂ ਹੁੰਦੇ), ਸਰਕਾਰੀ ਦਖ਼ਲਅੰਦਾਜ਼ੀ ਜ਼ਰੂਰੀ ਬਣ ਜਾਂਦੀ ਹੈ। ਸਾਡੀਆਂ ਸਰਕਾਰਾਂ ਲਈ ਚੰਗੀ ਖ਼ਬਰ ਇਹ ਹੈ ਕਿ ਅਚਾਨਕ ਟੈਕਸ ਸਿਆਸੀ ਤੌਰ ’ਤੇ ਹਰਮਨਪਿਆਰੇ ਹਨ।

ਅੱਧੇ ਤੋਂ ਵੱਧ ਕੈਨੇਡੀਅਨਾਂ ਦੀ ਨੁਮਾਇੰਦਗੀ ਕਰਨ ਵਾਲੇ 300 ਦੇ ਕਰੀਬ ਜਲਵਾਯੂ ਦਾ ਫਿਕਰ ਕਰਨ ਵਾਲੇ ਮੇਅਰਾਂ ਅਤੇ ਕਾਊਂਸਲਰਾਂ ਦੇ ਗਠਜੋੜ ‘ਐਲਬੋਜ਼ ਅੱਪ ਫਾਰ ਕਲਾਈਮੇਟ’ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਅਨੁਸਾਰ, ਤੇਲ ਅਤੇ ਗੈਸ ’ਤੇ ਅਚਾਨਕ ਟੈਕਸ ਲਾਉਣ ਲਈ ਨੈਸ਼ਨਲ ਪੱਧਰ ’ਤੇ ਜਨਤਕ ਸਮਰਥਨ 66 ਫੀਸਦੀ ਹੈ।

ਜਦੋਂ ਕਿ ਸਭ ਤੋਂ ਵੱਧ ਸਮਰਥਨ ਕਿਊਬਕ (73 ਫੀਸਦੀ) ਅਤੇ ਓਨਟਾਰੀਓ (69 ਫੀਸਦੀ) ਵਿੱਚ ਹੈ, ਬੀ ਸੀ ਵਿੱਚ ਵੀ ਇਹ ਸਮਰਥਨ ਕਾਫੀ ਜ਼ਿਆਦਾ (63 ਫੀਸਦੀ) ਹੈ। ਇੱਥੋਂ ਤੱਕ ਕਿ ਤੇਲ ਅਤੇ ਗੈਸ ਦੀ ਆਮਦਨ ’ਤੇ ਨਿਰਭਰ ਸੂਬੇ ਐਲਬਰਟਾ ਵਿੱਚ ਵੀ ਅੱਧੇ ਤੋਂ ਵੱਧ ਲੋਕ ਇਸ ਵਿਚਾਰ ਨੂੰ ਪਸੰਦ ਕਰਦੇ ਹਨ ਅਤੇ 55 ਫੀਸਦੀ ਕਨਜ਼ਰਵੇਟਿਵ ਵੋਟਰ ਵੀ।

ਸਰਵੇਖਣ ਅਨੁਸਾਰ ਜੇਕਰ ਤੇਲ ਅਤੇ ਗੈਸ ਸਨਅਤ ’ਤੇ ਟੈਕਸ ਲਾਇਆ ਜਾਵੇ ਤਾਂ ਸਰਵੇ ਵਿੱਚ ਹਿੱਸਾ ਲੈਣ ਵਾਲਿਆਂ ਦੀ ਪਹਿਲੀ ਤਰਜੀਹ ਇਸ ਟੈਕਸ ਤੋਂ ਇਕੱਤਰ ਹੋਣ ਵਾਲੀ ਆਮਦਨ ਨੂੰ ਮੁੜ-ਵੰਡਣ ਲਈ ਪਰਿਵਾਰਾਂ ਨੂੰ ਸਿੱਧੀ ਰਿਬੇਟ ਦੇਣਾ ਹੈ।

ਇਹ ਰਕਮ ਜਨਤਕ ਆਵਾਜਾਈ ਵਿੱਚ ਸੁਧਾਰਾਂ, ਇਮਾਰਤਾਂ ਦੇ ਪੁਨਰ-ਨਿਰਮਾਣ, ਅਤੇ ਹੋਰ ਅਜਿਹੇ ਭਵਿੱਖ-ਮੁਖੀ ਨਿਵੇਸ਼ਾਂ ਵਿੱਚ ਵੀ ਲਗਾਈ ਜਾ ਸਕਦੀ ਹੈ ਜੋ ਸਾਡੀ ਫੌਸਿਲ ਫਿਊਲ (ਤੇਲ, ਗੈਸ, ਕੋਲੇ ਆਦਿ) ’ਤੇ ਨਿਰਭਰਤਾ ਨੂੰ ਘਟਾਉਂਦੇ ਹੋਣ।

ਸਿਵਲ ਸੁਸਾਇਟੀ ਸਮੂਹ ਪਹਿਲਾਂ ਹੀ ਅਚਾਨਕ ਮੁਨਾਫ਼ਾ ਟੈਕਸ ਦੇ ਦੁਆਲੇ ਸੰਗਠਿਤ ਹੋ ਰਹੇ ਹਨ ਅਤੇ ਨਗਰਪਾਲਿਕਾਵਾਂ ਦੇ ਚੁਣੇ ਹੋਏ ਆਗੂ ਵੀ ਇਸ ਤਰ੍ਹਾਂ ਕਰ ਰਹੇ ਹਨ। ਸਿਆਸੀ ਤੌਰ ’ਤੇ ਇਹ ਇੱਕ ਜੇਤੂ ਵਿਚਾਰ ਹੈ।

ਈਰਾਨ ਵਿਚਲੀ ਗੈਰ-ਕਾਨੂੰਨੀ ਜੰਗ ਨੂੰ ਖਤਮ ਕਰਨ ਦੀ ਲੋੜ ਹੈ। ਉਦੋਂ ਤੱਕ, ਸਾਡੀਆਂ ਸਰਕਾਰਾਂ ਨੂੰ ਕਾਰਪੋਰੇਟ ਲਾਲਚ ਨੂੰ ਕਾਬੂ ਕਰਨ, ਕੈਨੇਡੀਅਨ ਪਰਿਵਾਰਾਂ ਦੀ ਭਲਾਈ ਵਿੱਚ ਨਿਵੇਸ਼ ਕਰਨ, ਅਤੇ ਸਾਡੇ ਦੇਸ਼ ਨੂੰ ਇੱਕ ਮਰ ਰਹੇ ਉਦਯੋਗ ਤੋਂ ਤੁਰੰਤ ਦੂਰ ਕਰਨ ਲਈ ਪਹਿਲਕਦਮੀ ਕਰਨ ਦੀ ਲੋੜ ਹੈ।









# ਵਿਗਿਆਨਕ ਵਿਚਾਰ ਅਪਨਾਉਣਾ ਹੀ ਮਨੁੱਖ ਦਾ ਅਗਲਾ ਜਨਮ ਹੈ



ਜਸਵੰਤ ਜੀਰਖ
98151-69825

ਸਾਡੇ ਸਮਾਜ ਵਿੱਚ ਆਮ ਮਾਨਤਾ ਹੈ ਕਿ ਮਨੁੱਖ ਮੌਤ ਉਪਰੰਤ ਕਿਸੇ ਹੋਰ ਜੀਵ ਦੀ ਜੂਨੀ ਵਿੱਚ ਅਗਲਾ ਜਨਮ ਲੈਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ 84 ਲੱਖ ਜੂਨਾਂ ਭੋਗਣ ਉਪਰੰਤ ਜੀਵ ਨੂੰ ਮਨੁੱਖਾ ਜੂਨੀਂ ਪ੍ਰਾਪਤ ਹੁੰਦੀ ਹੈ ਜੋ ਉਸ ਨੂੰ ਰੱਬ ਨੂੰ ਮਿਲਣ, ਸਵਰਗ ਅਤੇ ਜੰਮਣ-ਮਰਨ ਤੋਂ ਮੁਕਤੀ ਦੀ ਪ੍ਰਾਪਤੀ ਕਰਨ ਲਈ ਮਿਲਦੀ ਹੈ। ਇੱਕ ਪਾਸੇ ਸਾਰੇ ਧਰਮ ਮਾੜੇ ਮੋਟੇ ਫਰਕ ਨਾਲ ਇਹਨਾਂ ਮਾਨਤਾਵਾਂ ਨੂੰ ਹਰ ਰੋਜ਼ ਆਪਣੇ ਧਰਮ ਅਸਥਾਨਾਂ ਵਿੱਚ ਵੱਡੀ ਪੱਧਰ 'ਤੇ ਪ੍ਰਚਾਰਕੇ, ਮਨੁੱਖ ਨੂੰ ਇਸ ਮਾਰਗ ਉੱਪਰ ਚੱਲਣ ਦੇ ਉਪਦੇਸ਼ ਦਿੰਦਿਆਂ ਨੂੰ, ਆਪਾਂ ਸਭ ਵੇਖਦੇ ਹਾਂ। ਦੂਜੇ ਪਾਸੇ ਇਨ੍ਹਾਂ ਵੱਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਮਨੁੱਖ ਆਇਆ ਵੀ ਰੱਬ ਕੋਲੋਂ ਹੈ ਅਤੇ ਅੰਤ ਵੇਲੇ ਜਾਣਾ ਵੀ ਉਸੇ ਕੋਲ ਹੈ। ਇਹ ਸੁਣ ਕੇ ਸਵਾਲ ਪੈਦਾ ਹੁੰਦਾ ਹੈ, ਕਿ ਜੇ ਮਨੁੱਖ ਆਇਆ ਵੀ ਉਸੇ ਕੋਲੋਂ ਹੈ ਤੇ ਜਾਣਾਂ ਵੀ ਉਸੇ ਕੋਲ ਹੈ ਤਾਂ ਉਸ ਨੂੰ ਇੱਥੇ ਲੱਭਣ ਦੇ ਪ੍ਰਵਚਨ ਕਿਉਂ ਕੀਤੇ ਜਾਂਦੇ ਹਨ? ਪਰ ਮਨੁੱਖ ਇਹਨਾਂ ਨੂੰ ਸੁਣਕੇ 'ਅਣ ਦੇਖੇ ਰੱਬ' ਨੂੰ ਮਿਲਣ ਲਈ ਦਿੱਤੇ ਉਪਦੇਸ਼ਾਂ ਅਨੁਸਾਰ ਕੋਸ਼ਿਸ਼ ਕਰਦਾ ਰਹਿੰਦਾ ਹੈ, ਪਰ ਉਸ ਦੀ ਇੱਛਾ ਨੂੰ ਕਦੀ ਵੀ ਬੂਰ ਨਹੀਂ ਪਿਆ। ਇਸ ਦੇ ਬਾਵਜੂਦ ਵੀ ਉਹ ਸਾਰੀ ਉਮਰ ਇਸ ਇੱਛਾ ਨੂੰ ਬਰਕਰਾਰ ਰੱਖਦਾ ਹੈ ਅਤੇ ਅੰਤ ਬਿਨਾ ਕਿਸੇ ਪ੍ਰਾਪਤੀ ਤੋਂ ਇਸ ਦੁੱਨੀਆਂ ਨੂੰ ਸਦੀਵੀ ਅਲਵਿਦਾ ਆਖ ਜਾਂਦਾ ਹੈ। ਫਿਰ ਅੰਤਮ ਰਸਮਾਂ ਨਿਭਾਉਣ ਲਈ ਵੀ ਉਹੀ ਉਪਦੇਸ਼ ਦੇਣ ਵਾਲੇ ਆ ਪਹੁੰਚਦੇ ਹਨ ਅਤੇ 'ਵਿੱਛੜੀ ਰੂਹ' ਨੂੰ ਉਸ ਰੱਬ ਦੇ ਚਰਨਾ ਵਿੱਚ ਨਿਵਾਸ ਦੇਣ ਲਈ ਬੇਨਤੀਆਂ ਕਰਦੇ ਹਨ, ਜਿਹੜੇ ਉਸ ਦੇ ਜਿਉਂਦੇ ਸਮੇਂ ਰੱਬ ਨਾਲ ਮਿਲਣ ਦੇ ਢੰਗ ਦੱਸਦੇ ਰਹੇ ਸਨ। ਪਰਿਵਾਰਕ ਮੈਂਬਰ, ਸਕੇ ਸਬੰਧੀ, ਮਿੱਤਰ ਅਜਿਹੀਆਂ ਰਸਮਾਂ ਦੀ ਪੂਰਤੀ ਉਪਰੰਤ ਆਪਣੀ ਜ਼ਿੰਦਗੀ ਅੱਗੇ ਤੋਰਨ ਅਤੇ ਅਗਲੇ ਜਨਮ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਇਛਾਵਾਂ ਦੀ ਪੂਰਤੀ ਲਈ ਜੁਟ ਜਾਂਦਾ ਹੈ, ਜਿਨ੍ਹਾਂ ਨੂੰ ਪੂਰਾ ਕਰਨ ਦੇ ਯਤਨ ਕਰਦਾ ਹੋਇਆ ਉਹਨਾਂ ਦਾ ਸੰਗੀ ਸਾਥੀ ਇਸ ਦੁਨੀਆਂ 'ਚੋਂ ਰੁਖ਼ਸਤ ਹੋਇਆ। ਉਪਰੋਕਤ 'ਮਹਾਂਪੁਰਖਾਂ' ਦੀ ਸਿੱਖਿਆ ਅਨੁਸਾਰ ਕਿ ਕਿਸਮਤ ਵਿੱਚ ਇਵੇਂ ਹੀ ਲਿਖਿਆ ਹੋਇਆ ਸੀ ਮੰਨ ਕੇ, ਕੁੱਝ ਹੋਰ ਵਿਚਾਰਨ ਦੀ ਲੋੜ ਹੀ ਖਤਮ ਹੋ ਜਾਂਦੀ ਹੈ, ਜੋ ਮਨੁੱਖ ਨੂੰ ਅੱਗੇ ਸੋਚਣ ਦਾ ਰਸਤਾ ਬੰਦ ਕਰਨ ਲਈ ਕਾਫੀ ਹੈ। ਇਸ ਤਰ੍ਹਾਂ ਮਨੁੱਖ ਦੀ ਜ਼ਿੰਦਗੀ ਵਿੱਚ ਇਹ ਵਰਤਾਰਾ ਸਦੀਆਂ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਹੈ।

ਲੋਕਾਂ ਵਿੱਚ ਉਪਰੋਕਤ ਵਿਸ਼ਵਾਸ ਬਣਾਈ ਰੱਖਣ ਲਈ, ਜਿੱਥੇ ਤਰ੍ਹਾਂ ਤਰ੍ਹਾਂ ਦੇ ਧਰਮ ਅਸਥਾਨਾਂ ਅਤੇ ਡੇਰਿਆਂ ਦੇ 'ਮਹਾਂਪੁਰਖਾਂ' ਵੱਲੋਂ ਮਨੁੱਖ ਨੂੰ ਦੁੱਖਾਂ ਕਲੇਸ਼ਾਂ ਵਾਲੀ ਜ਼ਿੰਦਗੀ ਤੋਂ ਮੁਕਤੀ ਦੇ ਜੋੜ ਤੋੜ ਦੱਸਕੇ ਭਮਾਉਣ ਵਿੱਚ ਕਸਰ ਨਹੀਂ ਛੱਡੀ ਜਾਂਦੀ, ਉੱਥੇ ਸਰਕਾਰਾਂ ਵੀ ਇਸ ਕੰਮ ਨੂੰ ਚਲਦਾ ਰੱਖਣ ਲਈ ਬਰਾਬਰ ਦੀਆਂ ਭਾਈਵਾਲ ਹਨ। ਸਰਕਾਰਾਂ ਲੋਕਾਂ ਨੂੰ ਧਰਮ ਅਸਥਾਨਾਂ ਦੀਆਂ ਮੁਫ਼ਤ ਯਾਤਰਾਵਾਂ ਕਰਵਾਉਣ ਲਈ ਵਿਸ਼ੇਸ਼ ਬੱਸਾਂ, ਗੱਡੀਆਂ ਦੇ ਪ੍ਰਬੰਧ ਕਰਕੇ ਲੋਕਾਂ ਦੇ ਰੂੜ੍ਹੀਵਾਦੀ ਵਿਸ਼ਵਾਸਾਂ ਨੂੰ ਹੋਰ ਪੱਕਾ ਕਰਨ ਦਾ ਕੋਈ ਵੀ ਮੌਕਾ ਨਹੀਂ ਖੁਝਾਉਂਦੀਆਂ। ਨਵੇਂ ਧਰਮ ਅਸਥਾਨ ਉਸਾਰਨ, ਉਨ੍ਹਾਂ ਦੇ ਉਦਘਾਟਨਾਂ ਅਤੇ ਹੋਰ ਸਹੂਲਤਾਂ ਦੇਣ ਲਈ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ ਸਾਰੇ ਹੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਦਿਆਂ ਉਹਨਾਂ ਨੂੰ ਆਪਣੀ ਰਾਜ ਸਤਾ ਬਰਕਰਾਰ ਰੱਖਣ ਲਈ ਵਰਤ ਰਹੇ ਹਨ। ਇਸ ਤਰ੍ਹਾਂ ਉਹ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਨੂੰ ਅਣਗੌਲਿਆ ਕਰਨ ਦੇ ਰਾਹ ਤੋਰ ਕੇ, ਆਪਣੀਆਂ ਨਿਕਾਮੀਆਂ ਛੁਪਾਉਣ ਵਿੱਚ ਵੀ ਸਫਲ ਹੋ ਰਹੇ ਹਨ। ਭਾਵੇਂ ਸੰਵਿਧਾਨਕ ਤੌਰ 'ਤੇ ਕੋਈ ਵੀ ਸਰਕਾਰ ਕਿਸੇ ਧਾਰਮਿਕ ਕੰਮ ਲਈ ਖਰਚ ਨਹੀਂ ਕਰ ਸਕਦੀ ਪਰ ਸਾਡੇ ਮੁਲਕ ਵਿਚ ਇਹ ਸਭ ਆਮ ਚੱਲ ਰਿਹਾ ਹੈ। ਸਰਕਾਰ ਅਤੇ ਹਰ ਮਨੁੱਖ ਦੀ ਵਿਗਿਆਨਕ ਵਿਚਾਰਾਂ ਨੂੰ ਪ੍ਰਫੁੱਲਤ ਕਰਨ ਦੀ ਸੰਵਿਧਾਨਕ ਜ਼ੁੰਮੇਵਾਰੀ ਹੈ, ਪਰ ਇਸ ਦੀ ਕੋਈ ਵੀ ਪ੍ਰਵਾਹ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਸੰਵਿਧਾਨ ਦੀ ਪਾਲਣਾ ਕਰਵਾਉਣ ਲਈ ਕਿਸੇ ਅਦਾਲਤ ਵੱਲੋਂ ਕੋਈ ਯਤਨ ਕੀਤਾ ਜਾ ਰਿਹਾ ਹੈ। ਸਰਕਾਰੀ ਤੌਰ 'ਤੇ ਜਿਹੜੇ ਧਰਮ ਅਸਥਾਨਾਂ ਦੀ ਯਾਤਰਾ ਲੋਕਾਂ ਨੂੰ ਕਰਵਾਈ ਜਾਂਦੀ ਹੈ, ਉਨ੍ਹਾਂ ਸਥਾਨਾਂ ਵਿੱਚ ਮਨੁੱਖਤਾ ਵਿਰੋਧੀ ਅਤੇ ਗੈਰ ਇਖ਼ਲਾਕੀ ਕਰਮ ਕਾਂਡ ਅਕਸਰ ਹੀ ਵਾਪਰਦੇ ਰਹਿੰਦੇ ਹਨ, ਉਨ੍ਹਾਂ ਨੂੰ ਕਦੀ ਵੀ ਕਿਸੇ ਰੱਬ ਨੇ ਨਹੀਂ ਰੋਕਿਆ। ਉਸਨੂੰ ਰੋਕਣ ਲਈ ਹਮੇਸ਼ਾ ਮਨੁੱਖ ਨੂੰ ਹੀ ਅੱਗੇ ਆਉਣਾ ਪੈਂਦਾ ਹੈ। ਇਨ੍ਹਾਂ ਧਰਮ ਅਸਥਾਨਾਂ ਵਿੱਚ ਲੋਕਾਂ ਦੀ ਧਾਰਮਿਕ ਆਸਥਾ ਬਣਾ ਕੇ ਰੱਖਣ ਅਤੇ ਉਨ੍ਹਾਂ ਨੂੰ ਅਗਲੇ ਜਨਮ ਵਿੱਚ ਅਮੀਰੀ ਮਿਲਣ ਅਤੇ ਮੌਜੂਦਾ ਸਮੇਂ ਪਰਿਵਾਰਕ ਸੁੱਖ ਸ਼ਾਂਤੀ ਰਹਿਣ ਦੇ ਅੰਧਵਿਸ਼ਵਾਸੀ ਭਰੋਸੇ ਕਾਰਨ, ਉਨ੍ਹਾਂ ਦੀ ਦਾਨ ਪੁੰਨ ਕਰਨ ਦੀ ਭਾਵਨਾ ਨੂੰ ਮਾਇਆ ਇਕੱਠੀ ਕਰਨ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਇਸੇ ਮਾਇਆ ਉਪਰ ਕਬਜ਼ਾ ਬਣਾ ਕੇ ਰੱਖਣ ਲਈ ਕਿੰਨੇ ਹੀ ਧਰਮ ਅਸਥਾਨਾਂ ਵਿੱਚ ਹੁੰਦੇ ਲੜਾਈ ਝਗੜਿਆਂ ਤੋਂ ਕੋਈ ਵੀ ਅਣਜਾਣ ਨਹੀਂ। ਕਰੋੜਾਂ ਹੀ ਰੁਪਏ ਦੀ ਚੋਰੀ ਅਤੇ ਹੋ ਰਹੇ ਘਪਲਿਆਂ ਸਮੇਤ ਕਈ ਕੀਮਤੀ ਵਸਤਾਂ ਦੇ ਖੁਰਦ-ਬੁਰਦ ਦੇ ਮਾਮਲੇ ਅਕਸਰ ਹੀ ਅਜਿਹੇ ਧਰਮ ਅਸਥਾਨਾਂ ਦੀ ਚਰਚਾ ਦਾ ਵਿਸ਼ਾ ਬਣਦੇ ਆ ਰਹੇ ਹਨ। ਹੁਣ ਤਾਂ ਵਿਗਿਆਨ ਦੀ ਦੇਣ ਸੀ ਸੀ ਟੀ ਵੀ ਕੈਮਰੇ ਵੀ ਹਰ ਧਰਮ ਅਸਥਾਨ ਵਿੱਚ ਲੱਗ ਚੁੱਕੇ ਹਨ ਜੋ ਉਸ ਦੀ ਰੱਖਿਆ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਹ ਸਭ ਵੇਖਣ ਸੁਣਨ ਦੇ ਬਾਵਜੂਦ ਵੀ ਲੋਕਾਂ ਦਾ ਵਿਸ਼ਵਾਸ ਆਪਣੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਕੀਤੇ ਜਾਂਦੇ ਖੁਦ ਦੇ ਉਪਰਾਲਿਆਂ ਅਤੇ ਜਥੇਬੰਦ ਹੋ ਕੇ ਕੀਤੇ ਸੰਘਰਸ਼ਾਂ ਦੀਆਂ ਪ੍ਰਾਪਤੀਆਂ ਤੋਂ ਸਿੱਖਣ ਦੀ ਬਜਾਏ, ਰੂੜ੍ਹੀਵਾਦੀ ਵਿਚਾਰਾਂ ਦੀ ਘੁੰਮਣ ਘੇਰੀ ਵਿੱਚੋਂ ਬਾਹਰ ਆਉਣ ਤੋਂ ਝਿਜਕਦਾ ਹੈ। ਉਸਨੂੰ ਡਰ ਹੈ ਕਿ ਜੇ ਆਪਣੇ ਧਰਮ ਨੂੰ ਮੰਨਣਾ ਛੱਡ ਦਿੱਤਾ ਤਾਂ ਪਤਾ ਨਹੀਂ ਕਿਹੜੀ ਆਫ਼ਤ ਘੇਰ ਲਏਗੀ? ਪਰ ਉਹ ਇਹ ਨਹੀਂ ਜਾਣਦਾ ਕਿ ਕਿਸਮਤ ਵਾਦੀ ਵਿਚਾਰਾਂ ਦਾ ਤਿਆਗ ਕਰਕੇ ਹਰ ਆਫ਼ਤ ਦਾ ਮੁਕਾਬਲਾ ਕਰਦਿਆਂ ਅੱਗੇ ਵਧਣਾ ਹੀ ਮਨੁੱਖ ਦਾ ਅਸਲ ਧਰਮ ਹੈ। ਸਿਰਫ ਧਰਮ ਅਸਥਾਨਾਂ ਦੀ ਯਾਤਰਾ ਕਰਨਾ, ਮੱਥਾ ਟੇਕ ਲੈਣਾ, ਪਾਠ ਪੂਜਾ ਕਰ ਲੈਣਾ, ਹਰ ਚੰਗੀ ਮਾੜੀ ਘਟਨਾ ਨੂੰ ਕਿਸਮਤ ਵਿੱਚ ਲਿਖੀ ਸਮਝਣਾ ਕੋਈ ਧਰਮ ਨਹੀਂ। ਸਗੋਂ ਸਮਾਜ ਵਿੱਚ ਚੱਲ ਰਹੇ ਗਲਤ ਵਰਤਾਰਿਆਂ, ਮਜਲੂਮਾਂ ਨਾਲ ਹੋ ਰਹੇ ਜ਼ੁਲਮਾਂ, ਔਰਤਾਂ 'ਤੇ ਹੋ ਰਹੇ ਅੱਤਿਆਚਾਰਾਂ ਲਈ ਜ਼ੁੰਮੇਵਾਰਾਂ ਖਿਲਾਫ ਆਵਾਜ ਉਠਾਉਂਦਿਆਂ ਆਪਣੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਵੱਲ ਅੱਗੇ ਵਧਣਾ ਹੀ ਇੱਕ ਸੱਚਾ ਧਰਮ ਹੈ।



ਕੁੱਝ ਸਾਲ ਪਹਿਲਾਂ ਜੇਕਰ ਸਰਕਾਰ ਵੱਲੋਂ ਖੇਤੀ ਸਬੰਧੀ ਬਣਾਏ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਖੇ ਕਿਸਾਨੀ ਮੋਰਚਾ ਲਾਉਣ ਦੀ ਬਜਾਏ ਇਹ ਮੰਨ ਲਿਆ ਜਾਂਦਾ ਕਿ ਇਹ ਕਿਸਮਤ ਵਿੱਚ ਹੀ ਲਿਖਿਆ ਸੀ, ਤਾਂ ਕੀ ਉਹ ਵਾਪਸ ਹੋ ਜਾਂਦੇ? ਜੇ ਨੀਟ ਦਾ ਪੇਪਰ ਲੀਕ ਹੋਣ ਕਰਕੇ ਸਰਕਾਰ ਦੀ ਨਲਾਇਕੀ ਨੂੰ ਨਜ਼ਰ-ਅੰਦਾਜ਼ ਕਰਕੇ ਕਿਸਮਤ ਵਿੱਚ ਲਿਖਿਆ ਮੰਨ ਲਿਆ ਜਾਂਦਾ, ਤਾਂ ਕੀ ਕੇਂਦਰੀ ਵਿੱਦਿਆ ਮੰਤਰੀ ਦਾ ਅਸਤੀਫ਼ਾ ਹੋ ਸਕਦਾ ਸੀ? ਜੇ ਬਰਨਾਲਾ ਵਿੱਚ ਸਫ਼ਾਈ ਮਜ਼ਦੂਰ ਮਰਦਾਂ ਤੇ ਔਰਤਾਂ ਉੱਪਰ ਜ਼ੁਲਮ ਢਾਹੁਣ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ ਲੋਕ ਰੋਹ ਖੜਾ ਨਾ ਹੁੰਦਾ ਤਾਂ ਕੀ ਉਹਨਾਂ ਦੀ ਬਰਖਾਸਤੀ ਹੋ ਸਕਦੀ ਸੀ? ਅਜਿਹੇ ਅਨੇਕਾਂ ਹੀ ਸਵਾਲ ਸਾਡੇ ਸਾਹਮਣੇ ਹਨ ਜਿਨ੍ਹਾਂ ਦਾ ਜਵਾਬ ਲੱਭਣ ਲੱਗਿਆਂ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਵੀ ਮਨੁੱਖ ਦੀ ਕਿਸਮਤ ਕੋਈ ਹੋਰ ਨਹੀਂ ਸਗੋਂ ਸਾਡੇ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਦੇ ਜ਼ੁੰਮੇਵਾਰ ਲਿਖਦੇ ਹਨ। ਲੋਕਾਂ ਨੂੰ ਕਿਸਮਤ ਦਾ ਪਾਠ ਪੜ੍ਹਾਕੇ 'ਮਹਾਰਾਜ' ਅਖਵਾਉਣ ਵਾਲੇ ਕਿੰਨੇ ਹੀ ਬਾਬੇ ਬਲਾਤਕਾਰੀ ਕੇਸਾਂ ਵਿੱਚ ਉਮਰ ਕੈਦ ਵਰਗੀਆਂ ਸਜ਼ਾਵਾਂ ਭੁਗਤ ਰਹੇ ਹਨ। ਭਾਵੇਂ ਸਰਕਾਰਾਂ ਦੀ ਉਨ੍ਹਾਂ ਉੱਪਰ ਛਤਰ ਛਾਇਆ ਹੋਣ ਕਰਕੇ ਆਪਣੀ ਲੋੜ ਅਨੁਸਾਰ ਉਹਨਾਂ ਨੂੰ ਬਾਹਰ ਲਿਆਂਦਾ ਜਾਂਦਾ ਹੈ, ਪਰ ਕੋਈ ਦੈਵੀ ਤਾਕਤ ਉਨ੍ਹਾਂ ਨੂੰ ਜੇਲ੍ਹ ਜਾਣ ਤੋਂ ਰੋਕਣ ਲਈ ਸਹਾਈ ਨਹੀਂ ਹੋ ਸਕੀ। ਇਸੇ ਤਰ੍ਹਾਂ ਬਿਲਕਿਸ ਬਾਨੋਂ ਬਲਾਤਕਾਰੀ ਕੇਸ ਵਿੱਚ 11 ਦਰਿੰਦੇ ਜੋ ਕਿਸਮਤ ਵਾਦ ਦੇ ਪੁਜਾਰੀ ਸਨ, ਨੂੰ ਹੋਈ ਜੇਲ੍ਹ ਦੀ ਸਜ਼ਾ ਮੁਆਫ਼ੀ ਸਰਕਾਰੀ ਸ਼ਹਿ ਹੇਠ ਚੰਗੇ ਸੰਸਕਾਰੀ ਐਲਾਨਕੇ ਕੀਤੀ ਗਈ, ਪਰ ਲੋਕ ਵਿਰੋਧ ਨੇ ਉਨ੍ਹਾਂ ਨੂੰ ਮੁੜ ਜੇਲ੍ਹ ਭੇਜਣ ਵਿੱਚ ਸਫਲ ਹੋਇਆ। ਅਜਿਹੇ ਅਣਗਿਣਤ ਵਰਤਾਰੇ ਹਨ ਜਿਨ੍ਹਾਂ ਰਾਹੀਂ ਸਪਸਟ ਹੁੰਦਾ ਹੈ ਕਿ ਲੋਕ ਤਾਕਤ ਹੀ ਅਸਲ ਰੱਬ ਹੈ, ਜਿਸ ਦੀ ਪ੍ਰਾਪਤੀ ਲਈ ਹਰ ਮਨੁੱਖ ਨੂੰ ਅੱਗੇ ਆਣ ਦੀ ਲੋੜ ਹੈ। ਜੇਕਰ ਅੱਜ ਦੇਸ਼ ਦੀ ਨੌਜਵਾਨੀ ਵੱਡੀ ਗਿਣਤੀ ਵਿੱਚ ਪੜ੍ਹ ਲਿਖਕੇ ਵੀ ਬੇਰੋਜ਼ਗਾਰ ਹੈ ਤਾਂ ਇਹ ਇਸ ਕਰਕੇ ਨਹੀਂ ਕਿ ਉਨ੍ਹਾਂ ਦੀ ਕਿਸਮਤ ਵਿੱਚ ਬੇਰੋਜਗਾਰੀ ਲਿਖੀ ਹੋਈ ਹੈ। ਇਸ ਬੇਰੋਜ਼ਗਾਰੀ ਲਈ ਸਾਡੇ ਦੇਸ਼ ਦਾ ਰਾਜ ਪ੍ਰਬੰਧ ਜ਼ੁੰਮੇਵਾਰ ਹੈ ਜਿਸ ਨੇ ਦੇਸ਼ ਦੇ ਰੋਜ਼ਗਾਰ ਪੈਦਾ ਕਰਨ ਵਾਲੇ ਅਦਾਰਿਆਂ ਨੂੰ ਨਿੱਜੀ ਹੱਥਾਂ (ਕਾਰਪੋਰੇਟਾਂ) ਵਿੱਚ ਵੇਚ ਦਿੱਤਾ ਹੈ, ਜਿਹਨਾਂ ਦਾ ਮੁੱਖ ਮੰਤਵ ਲੋਕ ਭਲਾਈ ਦੀ ਬਜਾਏ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ। ਅਜਿਹੇ ਰਾਜ ਪ੍ਰਬੰਧ ਨੂੰ ਬਦਲਣ ਲਈ ਲੋਕਾਂ ਦੀ ਜੱਥੇਬੰਦਕ ਤਾਕਤ ਹੀ ਸਮਰੱਥ ਹੈ, ਜਿਸ ਬਾਰੇ ਸਮਝਣਾ ਤੇ ਸਮਝਾਉਣਾ ਹਰ ਲੋਕ ਹਿਤੈਸ਼ੀ ਮਨੁੱਖ ਦਾ ਇਨਸਾਨੀ ਧਰਮ ਹੈ। ਇਸ ਤਰ੍ਹਾਂ ਜਦੋਂ ਮਨੁੱਖ ਕਿਸਮਤ ਵਿੱਚ ਲਿਖਿਆ ਵਰਗੇ ਰੂੜ੍ਹੀਵਾਦੀ ਵਿਚਾਰ ਮੰਨਣਾ ਛੱਡਕੇ, ਗਲਤ ਰਾਜ ਪ੍ਰਬੰਧ ਨੂੰ ਆਪਣੀ ਮਾੜੀ ਜ਼ਿੰਦਗੀ ਲਈ ਦੋਸ਼ੀ ਸਮਝਕੇ, ਵਿਗਿਆਨਕ ਸਮਝ ਰਾਹੀਂ ਉਸ ਨੂੰ ਬਦਲਣ ਦੇ ਰਾਹ ਪੈ ਗਿਆ, ਤਾਂ ਇਹ ਉਸਦੇ ਜਿਉਂਦਿਆਂ ਹੀ ਅਗਲਾ ਜਨਮ ਹੋਵੇਗਾ। ਅਸਲ ਵਿੱਚ ਇਹੋ ਅਗਲਾ ਜਨਮ ਹੈ, ਜਿਸ ਨੂੰ ਮਰਨ ਤੋਂ ਬਾਅਦ ਮਿਲਣ ਦਾ ਝੂਠਾ ਦਾਅਵਾ ਕੀਤਾ ਜਾਂਦਾ ਹੈ। ਇਹੋ ਰਸਤਾ ਮਨੁੱਖ ਦੇ ਇਸੇ ਜਨਮ ਵਿੱਚ ਪ੍ਰਾਪਤ ਹੋਣ ਵਾਲੇ ਅਸਲ ਸਵਰਗ ਅਤੇ ਹੋਰ ਦੁਨਿਆਵੀ ਸਮੱਸਿਆਵਾਂ ਦਾ ਨਿਪਟਾਰਾ ਕਰਨ ਵੱਲ ਜਾਂਦਾ ਹੈ।

# ਬੇਅਦਬੀ ਕਾਨੂੰਨ ਅਤੇ ਪੰਜਾਬ ਸਰਕਾਰ

ਬਲਵਿੰਦਰ ਬਰਨਾਲਾ

ਅੱਜ ਕੱਲ ਪੰਜਾਬ ਸਰਕਾਰ ਬੇਅਦਬੀ ਕਾਨੂੰਨ ਨੂੰ ਲੈਕੇ ਕਾਫੀ ਸੁਰਖੀਆਂ ਵਿੱਚ ਹੈ ਅਤੇ ਸਿੱਖਾਂ ਦੇ ਸਰਉਚ ਧਾਰਮਿਕ ਅਦਾਰੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਕਾਫੀ ਆਡਾ ਲੱਗਿਆ ਹੋਇਆ ਹੈ। ਇਹ ਵੀ ਇਤਿਹਾਸ ਦੀ ਅਜੀਬ ਘਟਣਾ ਹੈ ਕਿ ਪੰਜਾਬ ਸਰਕਾਰ ਅਕਾਲ ਤਖਤ ਦੇ ਬੁਲਾਉਣ ਤੇ ਜਥੇਦਾਰ ਅਕਾਲ ਤਖਤ ਅੱਗੇ ਪੇਸ਼ ਹੋ ਗਈ ਆਪਣੇ ਪੱਗਾਂ ਵਾਲੇ ਐਮਐਲਏ ਸਹਿਬਾਨਾਂ ਸਾਰਾ ਸਮੂਹ ਲੈਕੇ ਜਿੰਨਾਂ ਦੀ ਗਿਣਤੀ ਵਿਧਾਨ ਸਭਾ ਵਿੱਚ ਬਹੁਮਤ ਵਿੱਚ ਹੀ ਹੈ।ਪਰ ਇਹ ਵੀ ਅਡੰਬਨਾ ਹੈ ਕਿ ਜਿਸ ਤਰਾਂ ਸਰੋਮਣੀ ਕਮੇਟੀ ਪੰਜ ਕੱਕਿਆਂ ਦੇ ਅਧਾਰ ਵਾਲਿਆਂ ਨੂੰ ਹੀ ਸਿੱਖ ਮੰਨਦੀ ਹੈ ਅਤੇ ਉਹੀ ਸਿੱਖ ਹੀ ਇਸ ਦੀ ਚੋਣ ਵਿੱਚ ਹਿੱਸਾ ਲੈ ਸਕਦੇ ਹਨ ਜੋ ਪੰਜ ਕੱਕਿਆਂ ਦੇ ਧਾਰਨੀ ਹਨ ਤੇ ਦੂਸਰਿਆਂ ਨੂੰ ਪਤਿਤ ਮੰਨਿਆਂ ਜਾਂਦਾ ਹੈ। ਇਸ ਪੇਸ਼ਗੀ ਸਮੇਂ ਉਹ ਵੀ ਐਮ ਐਲ ਏ ਹਾਜ਼ਰ ਸਨ ਜੋ ਪਤਿਤ ਸਨ। ਮੁੱਦਾ ਪੰਜਾਬ ਸਰਕਾਰ ਵਲੋਂ ਇਸ ਸੋਧੇ ਹੋਏ ਬੇ ਅਦਬੀ ਕਾਨੂੰਨ ਦਾ ਸੀ। ਇਹ ਕਾਨੂੰਨ ਬਾਦਲ ਸਰਕਾਰ ਸਮੇਂ 2005 ਵਿੱਚ ਬਣਾਇਆ ਗਿਆ ਸੀ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਸਭ ਤੋਂ ਵੱਧ ਬੇ ਅਦਬੀ ਦੀਆਂ ਘਟਨਾਵਾਂ ਇਸੇ ਅਕਾਲੀ ਸਰਕਾਰ ਸਮੇਂ ਹੀ ਹੋਈਆਂ ਤੇ ਇਨ੍ਹਾਂ ਦੇ ਕਰਵਾਉਣ ਵਿੱਚ ਸਾਬਕਾ ਡਿਪਟੀ ਮੁੱਖ ਮੰਤਰੀ ਸ੍ਰ ਸੁਖਬੀਰ ਬਾਦਲ ਦਾ ਨਾਮ ਵਾਰ ਵਾਰ ਲਿਆ ਜਾਂਦਾ ਰਿਹਾ ਹੈ ਅਤੇ ਇਸ ਸਬੰਧੀ ਇੱਕ ਰਿਪੋਰਟ ਸਾਬਕਾ ਆਈਪੀ ਅਫਸਰ ਵਿਜੇ ਕੁੰਵਰ ਪ੍ਰਤਾਪ ਸਿੰਘ ਦੀ ਵੀ ਆਈ ਹੋਈ ਹੈ ਤੇ ਇਹ ਕੇਸ ਫਰੀਦਕੋਟ ਅਦਾਲਤ ਚਲਦਾ ਰਿਹਾ ਤੇ ਜਿਸਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਗਿਆ ਸੀ। ਵਿਜੇ ਕੁੰਵਰ ਪਰਤਾਪ ਨੇ ਇਸ ਫੇਸ਼ਲੇ ਤੇ ਰੋਸ ਵਜੋਂ ਆਪਣਾ ਡੀ ਆਈ ਜੀ ਦਾ ਅਹੁਦਾ ਤਿਆਗ ਦਿੱਤਾ ਸੀ ਤੇ ਆਮ ਆਦਮੀ ਪਾਰਟੀ ਵਿਚ ਚਲੇ ਗਏ ਸਨ ਤੇ ਉਸ ਦੇ ਐਮ ਐਲ ਏ ਬਣੇ। ਮੈਂ ਇਸਦੇ ਬਹੁਤਾ ਵਿਸਥਾਰ ਵਿੱਚ ਨਹੀਂ ਜਾਣਾ ਚਾਹੁੰਦਾ ਹਾਂ।

ਮਸ਼ਲਾ ਇਹ ਹੈ ਕਿ ਪੰਜਾਬ ਸਰਕਾਰ ਨੂੰ ਇਸ ਬੇ ਅਦਬੀ ਕਾਨੂੰਨ ਨੂੰ ਸੋਧਕੇ ਵਾਪਸ ਲਿਆਉਣ ਦੀ ਕੀ ਲੋੜ ਪੈ ਗਈ ਸੀ ਜਦ ਕਿ ਬੇ-ਅਦਬੀ ਮਾਮਲੇ ਨਾਂ ਮਾਤਰ ਹੀ ਰਹਿ ਗਏ ਸਨ? ਕਿ ਇਸ ਕਾਨੂੰਨ ਦੇ ਬਣਨ ਨਾਲ ਹੁਣ ਇਨਸਾਫ ਸੰਭਵ ਹੋ ਜਾਵੇਗਾ? ਇਹ ਵੀ ਪਬਲਿਕ ਵਿੱਚ ਲੱਗ ਭੱਗ ਸਾਫ ਹੈ ਕਿ ਇਹਨਾ ਪਿਛੇ ਬਹੁਤਾ ਕੰਮ ਸਿਆਸਤਦਾਨਾ ਦਾ ਹੁੰਦਾ ਜੋ ਸਧਾਰਨ ਜਨਤਾ ਵਿੱਚ ਧਾਰਮਿਕ ਉਨਮਾਦ ਪੈਦਾ ਕਰਕੇ ਆਪਣੀ ਵੋਟ ਬੈਂਕ ਵਿੱਚ ਵਾਧਾ ਕਰਨਾ ਹੁੰਦਾ ਹੈ। ਬੇਅਦਬੀਆਂ ਦੀ ਕਾਫੀ ਸਪੱਸ਼ਟਤਾ ਬਾਅਦ ਪੰਜਾਬ ਦੀ ਸਿੱਖ ਖਾਸਕਰ ਕਿਸਾਨੀ ਸਾਈਕੀ ਅਕਾਲੀ ਦਲ ਤੋਂ ਦੂਰ ਹੋ ਗਈ ਤੇ ਇਹ ਪਾਰਟੀ ਹੁਣ ਕੇਵਲ ਇੱਕ ਐਮ ਐਲ ਏ ਤੱਕ ਹੀ ਸੀਮਤ ਹੋ ਗਈ। ਇਹ ਮੁੜ ਆਪਣਾ ਅਧਾਰ ਬਣਾਉਣ ਲਈ ਸਰੋਮਣੀ ਕਮੇਟੀ ਜਿਸ ਵਿੱਚ ਅਕਾਲੀਦਲ (ਸੁਖਬੀਰ ਬਾਦਲ) ਦਾ ਕਾਫੀ ਅਸਰ ਰਸੂਖ ਹੈ ਅਤੇ ਕਮੇਟੀ ਦੀ ਚੋਣ ਜੋ ਦਹਾਕੇ ਤੋਂ ਵੱਧ ਸਮਾਂ ਬੀਤ ਗਿਆ ਨਹੀਂ ਹੋਈ ਰਾਹੀਂ ਆਪਣੇ ਦਾਪੇਚ ਖੇਡ ਰਿਹਾ ਹੈ। ਇਹ ਵੀ ਸਾਫ ਹੈ ਕਿ ਮੋਜੂਦਾ ਅਕਾਲ ਤਖਤ ਜਥੇਦਾਰ ਦੀ ਨਿਯੁਕਤੀ ਸਰੋਮਣੀ ਕਮੇਟੀ ਦੁਆਰਾ ਰਾਤ ਸਮੇਂ ਚੁਪਕੇ ਕਰ ਦਿੱਤੀ ਗਈ ਸਨ।

ਵੋਟਾਂ ਦਾ ਪੰਜਾਬ ਵਿਚ ਸ਼ੀਜਣ ਹੈ ਤੇ ਆਮ ਪਾਰਟੀ ਇਹ ਕਾਨੂੰਨ ਮੋਜੂਦਾ ਕਨੂੰਨ ਦੀ ਸ਼ੋਧ ਰਾਹੀਂ ਲੋਕਾਂ ਦੇ ਧਾਰਮਿਕ ਉਨਮਾਦ ਨਾਲ ਹੀ ਖੇਡ ਰਹੀ ਹੈ ਤੇ ਸਿੱਖ ਹਿਤੈਸ਼ੀ ਹੋਣ ਦਾ ਢੋਂਗ ਰਚ ਰਹੀ ਹੈ। ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਅਤੇ ਅਕਾਲਦਲ ਦੋਵੈਂ ਇੱਕ ਨਿਸ਼ਾਨਾ ਲੈਕੇ ਚੱਲ ਰਹੇ ਹਨ। ਇਨ੍ਹਾਂ ਦਾ ਇਕੋ ਇਕ ਮਕਸਦ ਧਾਰਮਿਕ ਉਨਮਾਦ ਰਾਹੀਂ ਸਿੱਖ ਸਾਈਕੀ ਦੀ ਵੋਟ ਪ੍ਰਾਪਤ ਕਰਨਾ ਹੈ, ਕਾਂਗਰਸ ਪਾਰਟੀ ਵੀ ਇਸ ਵਿਚ ਕਿਤੇ ਕਿਤੇ ਆਪਣਾ ਬੇਸ ਬਣਾਉਣ ਲਈ ਤਾਹਨੇ ਮਿਹਣੇ ਮਾਰਦੀ ਰਹਿੰਦੀ ਹੈ ਤੇ ਐਮਐਲਏ ਅਕਾਲ ਤਖਤ ਤੇ ਭੇਜਨ ਦੀ ਗੱਲ ਕਰਦੀ ਹੈ।

ਮਸ਼ਲਾ ਇਹ ਹੈ ਕਿ ਪੰਜਾਬ ਸਰਕਾਰ ਇਸ ਕਾਨੂੰਨ ਦੇ ਰਾਹੀਂ ਦੋ ਪਾਸੇ ਨਿਸ਼ਾਨੇ ਤੇ ਸੇਧਤ ਹੈ। ਪਹਿਲਾ ਅਕਾਲੀ ਨੂੰ ਉਹਨਾ ਦੀ ਔਕਾਤ ਤੱਕ ਸੀਮਤ ਰਖਣਾ ਅਤੇ ਦੂਸਰਾ ਲੋਕਾਂ ਦਾ ਧਿਆਨ ਧਾਰਮਿਕ ਮੁੱਦਿਆਂ ਵੱਲ ਮੋੜਕੇ ਆਪਣੇ ਪਿਛਲੇ ਚਾਰ ਸਾਲ ਤੋਂ ਉਪਰ ਸਤਾ ਵਿੱਚ ਰਹਿਕੇ ਲੋਕਾਂ ਦੇ ਮੁੱਦਿਆਂ ਨੂੰ ਹੱਲ ਨਾ ਕਰਨ ਦੀ ਅਯੋਗਤਾ ਨੂੰ ਛੁਪਾਉਣਾ ਤੇ ਮਿੱਟੀ ਪਾਉਣਾ ਹੈ। ਸਰਕਾਰ ਹਰ ਖੇਤਰ ਵਿੱਚ ਅਸਫਲ ਹੋਈ ਹੈ। ਕਿਸਾਨੀ ਦੇ ਮੁੱਦੇ ਜਿਉਂ ਦੇ ਤਿਉਂ ਹਨ, ਕਿਸਾਨ ਅੱਜ ਵੀ ਸੰਘਰਸ਼ ਦੇ ਰਾਹ ਹਨ ਤੇ ਕਰਜੇ ਦੀ ਲਪੇਟ ਵਿਚ ਹਨ, ਸਰਕਾਰ ਕੋਈ ਤਹਿਸ਼ੁਦਾ ਖੇਤੀ ਪਾਲਸੀ ਨਹੀਂ ਬਣਾ ਸਕੀ, ਮਜ਼ਦੂਰ ਵਰਗ ਘੱਟ ਰਹੀ ਉਜ਼ਰਤ ਕਾਰਨ ਘੋਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਮੁਲਾਜ਼ਮ ਵਰਗ ਨਾਲ ਪੁਰਾਣੀ ਪੈਨਸ਼ਨ ਸਕੀਮ ਲਿਆਉਣ ਦਾ ਕੀਤਾ ਵਾਅਦਾ ਧਰਿਆ ਧਰਾਇਆ ਪਿਆ। ਮਹਿੰਗਾਈ ਭੱਤਾ ਸਰਕਾਰ ਫਰੀਜ਼ ਕਰੀ ਬੈਠੀ ਹੈ ਅਤੇ ਸਰਕਾਰ ਮੁਲਾਜਮਾ ਦੀਆਂ ਤਨਖਾਹਾਂ ਦੇਣ ਲਈ ਜਾਂ ਤਾਂ ਬਹਾਨੇ ਕਰਕੇ ਲੇਟ ਕਰ ਰਹੀ ਹੈ ਤੇ ਫਿਰ ਕਰਜ਼ੇ ਚੁੱਕੇ ਅਦਾਇਗੀ ਕਰ ਰਹੀ ਹੈ। ਮੁਲਾਜ਼ਮਾ ਦੇ ਰੋਜ਼ ਗਿਦੜ ਕੁੱਟ ਕੀਤੀ ਜਾ ਰਹੀ ਹੈ, ਬੇਰੁਜ਼ਗਾਰੀ ਚਰਮਸ਼ੀਮਾ ਤੱਕ ਪੁੱਜ ਚੁੱਕੀ ਹੈ। ਦੁਕਾਨਦਾਰੀ ਹੇਠਾਂ ਵੱਲ ਬੁਰੀਤਰਾਂ ਗਰਕਦੀ ਜਾ ਰਹੀ ਹੈ ਕਿਉਂਕ ਲੋਕਾਂ ਦੀ ਆਰਥਿਕ ਸੰਕਟ ਕਾਰਨ ਖਰੀਦ ਸ਼ਕਤੀ ਕਾਫੀ ਸ਼ਕਤੀ ਪ੍ਰਭਾਵਤ ਹੋਈ ਹੈ।

ਭਖਦਾ ਸੁਆਲ ਇਹ ਵੀ ਹੈ ਕਿ ਕੀ ਪੰਜਾਬ ਸਰਕਾਰ ਨੂੰ ਕੇਵਲ ਪੰਜਾਬ ਦੇ ਸਿੱਖਾਂ ਨੇ ਹੀ ਚੁਣਿਆਂ ਹੈ? ਸਰਕਾਰ ਨੂੰ ਚੁਣਨ ਲਈ ਹਰ ਵਰਗ ਨੇ ਆਪਣੇ ਵੋਟ ਦੀ ਵਰਤੋਂ ਕੀਤੀ ਹੈ ਅਤੇ ਸਰਕਾਰ ਦਾ ਮੁਹਾਂਦਰਾ ਸੈਕੂਲਰ ਅਤੇ ਇਨਸਾਫ ਪਸੰਦ ਹੋਣਾ ਚਾਹੀਦਾ ਹੈ। ਕੀ ਹੁਣ ਸਰਕਾਰ ਦੁਆਰਾ ਪਾਸ ਕੀਤੇ ਕਾਨੂੰਨਾ ਦੀ ਪ੍ਰਵਾਨਗੀ ਸਰਕਾਰ ਅਕਾਲ ਤਖਤ ਤੋਂ ਲਿਆ ਕਰੇਗੀ? ਕੀ ਸਰਕਾਰ ਨੇ ਹੋਰ ਧਾਰਮਿਕ ਅਦਾਰਿਆਂ ਲਈ ਨਵੇਂ ਦਰਵਾਜ਼ੇ ਨਹੀਂ ਖੋਲ ਦਿੱਤੇ? ਸਰਕਾਰ ਨੂੰ ਲੋਕਾਂ ਨੂੰ ਫਿਰਕੂ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਰਕਾਰ ਦੀ ਇਸਤਰਾਂ ਦੈ ਪੇਸ਼ੀ ਤਰਕਹੀਣ ਵਰਤਾਰਾ ਹੈ।ਸਰਕਾਰ ਆਪਣੇ ਸਰਕਾਰੀ ਦਫਤਰਾਂ ਵਿੱਚ ਡਾਕਟਰ ਅੰਬੇਡਕਰ ਜਿਨ੍ਹਾਂ ਭਾਰਤੀ ਸੰਵਿਧਾਨ ਦੇ ਘੜ੍ਹਨ ਵਿੱਚ ਅਹਿਮ ਰੋਲ ਅਦਾ ਕੀਤਾ ਹੈ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਤਸਵੀਰ ਸੁਸੋਭਤ ਕਰਦੀ ਹੈ। ਕੀ ਸਰਕਾਰ ਦਾ ਇੱਕ ਧਾਰਮਿਕ ਅਦਾਰੇ ਤੇ ਜਾਣਾ ਉਸੇ ਭਾਰਤੀ ਸੰਵਿਧਾਨ ਦੀ ਸੈਕੂਲਰ ਭਾਵਨਾ ਨੂੰ ਠੇਸ ਨਹੀਂ ਮਾਰਦਾ? ਕੀ ਸ਼ਹੀਦੇ ਆਜ਼ਮ ਭਗਤ ਸਿੰਘ ਦੀਆਂ ਲਿਖਤਾਂ ਤੇ ਵੀ ਕਦੇ ਸਰਕਾਰ ਨੇ ਝਾਤ ਮਾਰੀ ਹੈ ਕਿ ਉਹ ਦੀ ਧਰਮ ਸਬੰਧੀ ਕੀ ਪਹੁੰਚ ਹੈ? ਤੇ ਉਹ ਕਿਸਤਰਾਂ ਫਿਰਕੂ ਦੰਗਿਆਂ ਪਿਛੇ ਅਜਿਹੇ ਉਨਮਾਦਾ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ ਤੇ ਮਨੁੱਖ ਹੱਥੋ ਮਨੁੱਖ ਦੀ ਲੁੱਟ ਦਾ ਸ਼ਖਤ ਵਿਰੋਧੀ ਹੈ। ਸਰਕਾਰ ਦਾ ਅਜਿਹਾ ਵਰਤਾਰਾ ਸਾਡੇ ਭਾਈਚਾਰਕ ਸਬੰਧਾਂ ਤੇ ਅਸਰ ਪਾ ਸਕਦਾ ਹੈ।ਪੰਜਾਬ ਪਹਿਲਾਂ ਅਜਿਹੀ ਫਿਰਕੂ ਅੰਧੇਰੀ ਦਾ ਸੰਤਾਪ ਹੰਢਾ ਚੁੱਕਿਆ। ਕੇਵਲ ਭਗਤ ਸਿੰਘ ਦੀ ਕੈਸ਼ਰੀ ਪਗੜੀ ਦਾ ਦਿਖਾਵਾ ਕਰਕੇ ਲੋਕਾਂ ਦੀ ਹਾਲਤ ਨਹੀਂ ਸੁਧਾਰੀ ਜਾ ਸਕਦੀ।ਲੋਕਾਂ ਦੇ ਧਾਰਮਿਕ ਮਸ਼ਲਿਆ ਨੂੰ ਹੱਲ ਕਰਨਾ ਹੁੰਦਾ ਹੈ। ਸਖਤ ਕਾਨੂੰਨ ਦੋ ਧਾਰੀ ਤਲਵਾਰ ਹੀ ਹੁੰਦਾ ਜਿਸਦੀ ਵਰਤੋਂ ਅਕਸਰ ਵਿਚਾਰਧਾਰਕ ਅਤੇ ਰਾਜਨੀਤਿਕ ਵਿਰੋਧੀਆਂ ਖਿਲਾਫ ਹੀ ਹੁੰਦੀ ਹੈ। ਤਾਕਤਵਰ ਬਚ ਨਿਕਲਦਾ ਹੈ ਤੇ ਮਾੜਾ ਹਮੇਸ਼ਾ ਇਸਦੀ ਜ਼ਦ ਵਿੱਚ ਆ ਜਾਂਦਾ ਹੈ। ਇਹ ਹੋਇਆ ਵੀ ਹੈ ਕਿ ਕਿਸੇ ਮਾਨਸਿਕ ਰੋਗੀ ਨੂੰ ਇਸ ਨਾਲ ਅਟੈਚ ਕਰਕੇ ਪਾਸਾ ਵੱਟ ਲਿਆ ਜਾਂਦਾ ਹੈ। ਲੋਕਾਂ ਦੇ ਮਨ ਉਨ੍ਹਾਂ ਦੇ ਸਰੋਕਾਰਾਂ ਨੂੰ ਹੱਲ ਕਰਕੇ ਹੀ ਆਪਣੇ ਪੱਖ ਵਿੱਚ ਕੀਤੇ ਜਾ ਸਕਦੇ ਹਨ। ਅਜਿਹੇ ਕਾਨੂੰਨ ਭਵਿੱਖ ਵਿੱਚ ਨੁਕਸਾਨਦੇਹ ਹੀ ਸਾਬਤ ਹੋਣਗੇ ਉਵੇਂ ਜਿਸਤਰਾਂ ਆਈ ਪੀ ਸੀ ਦੀ ਧਾਰਾ 295 ਏ। ਜਿਸਦੀ ਪਿਛੇ ਜਿਹੇ ਇਸੇ ਸਰਕਾਰ ਨੇ ਤਰਕਸ਼ੀਲ ਕਾਰਕੁੰਨਾ ਉਪਰ ਕੀਤੀ ਹੈ। ਬਾਦਲ ਸਰਕਾਰ ਸਮੇਂ ਡਾ. ਕਾਵੂਰ ਦੀ ਪੁਰਾਣੀ ਲਿਖੀ ਅੰਧਵਿਸਵਾਸ਼ਾਂ ਖਿਲਾਫ ਲਿਖੀ ਅਤੇ ਤਰਕਸ਼ੀਲਾਂ ਵਲੋਂ ਅਨੁਵਾਦਤ ਕਿਤਾਬ 'ਤੇ ਦੇਵ ਪੁਰਸ਼ ਹਾਰ ਗਏ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ ਜਿਸਦਾ ਲਿਖਾਰੀ ਵਰਗ ਨੇ ਸ਼ਖਤ ਵਿਰੋਧ ਕੀਤਾ। ਹਿਮਾਚਲ ਵਿੱਚ 'ਤਰਕਸ਼ੀਲ ਮੈਗਜ਼ੀਨ' ਸਟਾਲ ਤੋਂ ਸਰਕਾਰ ਨੇ ਜਬਤ ਕਰ ਲਿਆ ਸੀ।

# ਐਂਡੀ ਬਰਨਹੈਮ ਬ੍ਰਿਟਿਸ਼ ਪ੍ਰਧਾਨ ਮੰਤਰੀ ਵਜੋਂ: ਕਿੰਨਾ ਸਮਾਂ ਟਿਕ ਸਕਦੇ ਹਨ



ਸੁਰਜੀਤ ਸਿੰਘ ਫਲੋਰਾ
647-829-9397

ਬ੍ਰਿਟੇਨ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਗਿਆ ਹੈ, ਪਰ ਦੇਸ਼ ਕੋਲ ਇੱਕ ਹੋਰ ਨਾਕਾਮ ਸ਼ੁਰੂਆਤ ਲਈ ਧੀਰਜ ਨਹੀਂ ਬਚਿਆ। 20 ਜੁਲਾਈ ਨੂੰ ਐਂਡੀ ਬਰਨਹੈਮ ਨੇ ਕੀਰ ਸਟਾਰਮਰ ਦੇ ਅਸਤੀਫ਼ੇ ਤੋਂ ਬਾਅਦ ਦਸ ਸਾਲਾਂ ਵਿੱਚ ਯੂਨਾਈਟਿਡ ਕਿੰਗਡਮ ਦੇ ਸੱਤਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ। ਪਰ ਸਵਾਲ ਇਹ ਉਠਦਾ ਹੈ ਕਿ ਉਹ ਕਿੰਨਾ ਸਮਾਂ ਟਿਕ ਸਕਦੇ ਹਨ, ਕਿਉਂਕਿ ਉਹ ਪਿਛਲੇ 10 ਸਾਲਾਂ ਵਿਚ 7 ਪ੍ਰਧਾਨ ਮੰਤਰੀ ਵਜੋਂ ਚੁਣੇ ਗਏ ਹਨ, ਗੱਲ ਕੀ ਕੁਝ ਦੇਰ ਬਾਅਦ ਲੋਕਾਂ ਦਾ ਅਤੇ ਵਿਰੋਧੀ ਪਾਰਟੀ ਹੀ ਨਹੀਂ ਬੱਲਕੇ ਖੁਦ ਦੇ ਪਾਰਟੀ ਮੈਂਬਰ ਜੋ ਵੀ ਪ੍ਰਧਾਨ ਮੰਤਰੀ ਬਣਦਾ ਹੈ ਉਸ ਦੇ ਵਿਰੋਧ ਵਿਚ ਹੋ ਜਾਂਦੇ ਹਨ।

ਹੁਣ ਉਹ ਗ੍ਰੇਟਰ ਮੈਨਚੈਸਟਰ ਦਾ ਸਾਬਕਾ ਮੇਅਰ ਲੇਬਰ ਪਾਰਟੀ ਅਤੇ ਸਰਕਾਰ, ਦੋਵਾਂ ਦੀ ਅਗਵਾਈ ਕਰ ਰਿਹਾ ਹੈ। ਉਸਦਾ ਪਹਿਲਾ ਸੁਨੇਹਾ ਸਿੱਧਾ ਸੀ: ਪਰਿਵਾਰਾਂ ਉੱਤੇ ਪੈ ਰਿਹਾ ਖਰਚੇ ਦਾ ਦਬਾਅ ਘਟਾਉਣਾ, ਲੋਕਾਂ ਦਾ ਭਰੋਸਾ ਵਾਪਸ ਲਿਆਉਣਾ ਅਤੇ ਵੈਸਟਮਿੰਸਟਰ ਦੀ ਬੇਕਾਬੂ ਸਿਆਸਤ ਨੂੰ ਰੋਕਣਾ। ਇਹ ਵਾਜਬ ਏਜੰਡਾ ਹੈ, ਪਰ ਇਸ ਨਾਲ ਉਮੀਦਾਂ ਵੀ ਵਧ ਗਈਆਂ ਹਨ। ਵੋਟਰਾਂ ਨੇ ਪਹਿਲਾਂ ਵੀ ਬਦਲਾਅ ਅਤੇ ਨਵੀਂ ਸ਼ੁਰੂਆਤ ਦੇ ਵਾਅਦੇ ਸੁਣੇ ਹਨ।

ਸੱਤਾ ਦਾ ਤਬਾਦਲਾ ਤੇਜ਼ੀ ਨਾਲ ਹੋਇਆ। ਸੱਤਾ ਚਲਾਉਣ ਦੀ ਅਸਲ ਪਰਖ ਹੁਣ ਸ਼ੁਰੂ ਹੋਵੇਗੀ।

**ਸੱਤਾ ਤੱਕ ਪਹੁੰਚ**

ਕੀਰ ਸਟਾਰਮਰ ਨੇ 22 ਜੂਨ ਨੂੰ ਲੇਬਰ ਸੰਸਦ ਮੈਂਬਰਾਂ ਦਾ ਸਮਰਥਨ ਗੁਆਉਣ ਤੋਂ ਬਾਅਦ ਅਸਤੀਫ਼ੇ ਦਾ ਐਲਾਨ ਕੀਤਾ। ਨਵੇਂ ਆਗੂ ਦੀ ਚੋਣ ਤੱਕ ਉਹ ਕਾਰਜਕਾਰੀ ਪ੍ਰਧਾਨ ਮੰਤਰੀ ਰਹੇ। ਇਸ ਦੌਰਾਨ ਬਰਨਹੈਮ ਨੂੰ ਤਿਆਰੀ ਲਈ ਸਮਾਂ ਮਿ ਲਿਆ, ਪਰ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ ਅਨਿਸ਼ਚਿਤਤਾ ਘਟੀ ਨਹੀਂ।

ਬਰਨਹੈਮ ਮੇਕਰਫੀਲਡ ਦੀ ਉਪਚੋਣ ਜਿੱਤ ਕੇ ਦੁਬਾਰਾ ਹਾਊਸ ਆਫ ਕਾਮਨਜ਼ ਵਿੱਚ ਪਹੁੰਚੇ। ਸਟਾਰਮਰ ਦੇ ਅਸਤੀਫ਼ੇ ਦੇ ਐਲਾਨ ਵਾਲੇ ਦਿਨ ਹੀ ਉਨ੍ਹਾਂ ਨੇ ਹਲਕੇ ਦੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਇਸ ਨਾਲ ਲੇਬਰ ਦੀ ਲੀਡਰਸ਼ਿਪ ਦੌੜ ਸ਼ੁਰੂ ਹੋਣ ਵੇਲੇ ਉਨ੍ਹਾਂ ਕੋਲ ਸੰਸਦੀ ਆਧਾਰ ਮੌਜੂਦ ਸੀ।

ਪਰ ਇਹ ਦੌੜ ਅਸਲ ਵਿੱਚ ਮੁਕਾਬਲਾ ਨਹੀਂ ਬਣੀ। 17 ਜੁਲਾਈ ਨੂੰ ਬਰਨਹੈਮ ਬਿਨਾਂ ਵਿਰੋਧ ਚੁਣੇ ਗਏ। ਉਨ੍ਹਾਂ ਨੂੰ 379 ਨਾਮਜ਼ਦਗੀਆਂ ਮਿਲੀਆਂ, ਜੋ ਲੇਬਰ ਸੰਸਦ ਮੈਂਬਰਾਂ ਦਾ 94 ਫ਼ੀਸਦੀ ਤੋਂ ਵੱਧ ਹਿੱਸਾ ਸੀ। ਲੇਬਰ ਕੋਲ ਕਾਮਨਜ਼ ਦੀਆਂ 650 ਵਿੱਚੋਂ 403 ਸੀਟਾਂ ਹਨ, ਇਸ ਲਈ ਬਰਨਹੈਮ ਨੂੰ ਪਾਰਟੀ ਅੰਦਰ ਮਜ਼ਬੂਤ ਸਮਰਥਨ ਮਿ ਲਿਆ।

ਪਰ ਬਿਨਾਂ ਵਿਰੋਧ ਜਿੱਤ ਦੀ ਆਪਣੀ ਕੀਮਤ ਹੁੰਦੀ ਹੈ। ਹੁਣ ਉਨ੍ਹਾਂ ਨੂੰ ਉਹਨਾਂ ਉਮੀਦਾਂ ਨੂੰ ਪੂਰਾ ਕਰਨਾ ਪਵੇਗਾ ਜੋ ਇਸ ਜਿੱਤ ਨੇ ਪੈਦਾ ਕੀਤੀਆਂ ਹਨ।

ਕਿੰਗ ਚਾਰਲਸ ਤੀਜੇ ਨਾਲ ਬਕਿੰਘਮ ਪੈਲੇਸ ਵਿੱਚ ਮੁਲਾਕਾਤ ਤੋਂ ਬਾਅਦ ਬਰਨਹੈਮ ਨੇ ਸਰਕਾਰ ਬਣਾਉਣ ਦਾ ਸੱਦਾ ਕਬੂਲ ਕੀਤਾ। ਇਸ ਸੰਵਿਧਾਨਕ ਕਦਮ ਨਾਲ ਉਹ ਅਧਿਕਾਰਕ ਤੌਰ 'ਤੇ ਪ੍ਰਧਾਨ ਮੰਤਰੀ ਬਣ ਗਏ।

ਉਹ ਆਪਣੀ ਪਤਨੀ ਮੈਰੀ-ਫਰਾਂਸ ਵੈਨ ਹੀਲ ਨਾਲ 10 ਡਾਊਨਿੰਗ ਸਟਰੀਟ ਪਹੁੰਚੇ। ਬਰਨਹੈਮ 2017 ਤੋਂ 2026 ਤੱਕ ਨੌਂ ਸਾਲ ਗ੍ਰੇਟਰ ਮੈਨਚੈਸਟਰ ਦੇ ਮੇਅਰ ਰਹੇ। ਲੰਡਨ-ਕੇਂਦਰਿਤ ਫ਼ੈਸਲਾ ਪ੍ਰਣਾਲੀ ਦੀ ਆਲੋਚਨਾ ਕਰਕੇ ਉਨ੍ਹਾਂ ਨੇ 'ਉੱਤਰ ਦਾ ਬਾਦਸ਼ਾਹ' ਵਾਲੀ ਰਾਸ਼ਟਰੀ ਛਵੀ ਬਣਾਈ।

ਹੁਣ ਸਵਾਲ ਇਹ ਹੈ ਕਿ ਕੀ ਖੇਤਰੀ ਸਿਆਸਤ ਪੂਰੇ ਦੇਸ਼ ਨੂੰ ਚਲਾ ਸਕਦੀ ਹੈ।

**ਮਹਿੰਗਾਈ ਅਤੇ ਭਰੋਸੇ ਦੀ ਪਰਖ**

10 ਡਾਊਨਿੰਗ ਸਟਰੀਟ ਦੇ ਬਾਹਰ ਬਰਨਹੈਮ ਨੇ ਕਿਹਾ ਕਿ ਬ੍ਰਿਟੇਨ ਨੂੰ ਸਥਿਰਤਾ, ਉਮੀਦ ਅਤੇ ਲੋਕਾਂ ਦਾ ਭਰੋਸਾ ਚਾਹੀਦਾ ਹੈ। ਇਹ ਸੁਨੇਹਾ ਉਨ੍ਹਾਂ ਵੋਟਰਾਂ ਲਈ ਸੀ ਜੋ ਲਗਾਤਾਰ ਬਦਲਦੇ ਆਗੂਆਂ ਅਤੇ ਅਜਿਹੀਆਂ ਸਿਆਸੀ ਲੜਾਈਆਂ ਤੋਂ ਥੱਕ ਚੁੱਕੇ ਹਨ ਜਿਨ੍ਹਾਂ ਦਾ ਰੋਜ਼ਾਨਾ ਜੀਵਨ 'ਤੇ ਕੋਈ ਸਾਫ਼ ਅਸਰ ਨਹੀਂ ਪੈਂਦਾ।

ਪਰ ਸ਼ਾਂਤ ਭਾਸ਼ਾ ਨਾਲ ਭਰੋਸਾ ਵਾਪਸ ਨਹੀਂ ਆਵੇਗਾ। ਲੋਕ ਸਰਕਾਰ ਨੂੰ ਆਪਣੀਆਂ ਤਨਖ਼ਾਹਾਂ, ਕਿਰਾਏ, ਘਰਾਂ ਦੀਆਂ ਕੀਮਤਾਂ, ਸਥਾਨਕ ਸੇਵਾਵਾਂ ਅਤੇ ਬਿਜਲੀ ਦੇ ਬਿੱਲਾਂ ਵਿੱਚ ਤਬਦੀਲੀ ਦੇਖ ਕੇ ਪਰਖਣਗੇ।

ਬਰਨਹੈਮ ਨੇ ਜੀਵਨ-ਜਿਉਣ ਦੇ ਖ਼ਰਚੇ ਨੂੰ ਤੁਰੰਤ ਘਟਾਉਣ ਦਾ ਵਾਅਦਾ ਕੀਤਾ ਹੈ। ਪਰਿਵਾਰਾਂ ਨੂੰ ਮਹਿੰਗਾਈ ਅਤੇ ਵੱਡੇ ਬਿੱਲਾਂ ਤੋਂ ਹੁਣ ਰਾਹਤ ਚਾਹੀਦੀ ਹੈ। ਵੱਡੀ ਸਮੱਸਿਆ ਇਹ ਹੈ ਕਿ ਸਰਕਾਰੀ ਖਰਚੇ ਪਹਿਲਾਂ ਹੀ ਦਬਾਅ ਹੇਠ ਹਨ। ਖ਼ਜ਼ਾਨੇ ਕੋਲ ਹਰ ਵਾਅਦੇ ਲਈ ਬੇਅੰਤ ਪੈਸਾ ਨਹੀਂ।

'ਸੱਤ ਪ੍ਰਧਾਨ ਮੰਤਰੀ, ਦਸ ਸਾਲ।' ਬਰਨਹੈਮ ਦੇ ਪਹਿਲੇ ਭਾਸ਼ਣ ਵਿੱਚ ਇਹ ਗਿਣਤੀ ਚੇਤਾਵਨੀ ਵਜੋਂ ਆਈ। ਇਹ ਉਸ ਸਿਆਸੀ ਪ੍ਰਣਾਲੀ ਨਾਲ ਲੋਕਾਂ ਦੀ ਨਾਰਾਜ਼ਗੀ ਦੱਸਦੀ ਹੈ ਜੋ ਵਾਰ-ਵਾਰ ਸਥਿਰਤਾ ਦਾ ਵਾਅਦਾ ਕਰਦੀ ਹੈ, ਪਰ ਨਤੀਜੇ ਵਜੋਂ ਇੱਕ ਹੋਰ ਆਗੂ ਬਦਲ ਦਿੰਦੀ ਹੈ।

**ਦਸ ਸਾਲਾ ਯੋਜਨਾ**

ਬਰਨਹੈਮ ਨੇ ਕਿਹਾ ਹੈ ਕਿ 1980 ਦੇ ਦਹਾਕੇ ਤੋਂ ਬਾਅਦ ਦੇਸ਼ ਨੇ ਕਈ ਗਲਤ ਮੋੜ ਲਏ ਹਨ। ਉਨ੍ਹਾਂ ਨੇ ਨਿੱਜੀਕਰਨ, ਕਮਜ਼ੋਰ ਸਥਾਨਕ ਸਰਕਾਰ ਅਤੇ ਦਬਾਅ ਹੇਠ ਚੱਲ ਰਹੀਆਂ ਜਨਤਕ ਸੇਵਾਵਾਂ ਤੋਂ ਬਾਅਦ 'ਸਰਕਟ ਬ੍ਰੇਕਰ' ਦੀ ਮੰਗ ਕੀਤੀ ਹੈ।

ਉਨ੍ਹਾਂ ਦੀ ਦਸ ਸਾਲਾ ਰਾਸ਼ਟਰੀ ਯੋਜਨਾ 2026 ਦੇ ਅੰਤ ਤੱਕ ਆਉਣ ਦੀ ਉਮੀਦ ਹੈ। ਇਸ ਵਿੱਚ ਉਦਯੋਗਿਕ ਪੁਨਰ-ਨਿਰਮਾਣ, ਬ੍ਰਿਟਿਸ਼ ਕਾਰੋਬਾਰਾਂ ਲਈ ਮਦਦ, ਨੌਜਵਾਨਾਂ ਲਈ ਰੁਜ਼ਗਾਰ, ਸਿੱਖਿਆ, ਸਸਤੀਆਂ ਜ਼ਰੂਰੀ ਵਸਤਾਂ ਅਤੇ ਮਜ਼ਬੂਤ ਜਨਤਕ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

ਪਰ ਐਲਾਨ ਅਤੇ ਨੀਤੀ ਵਿੱਚ ਫ਼ਰਕ ਹੁੰਦਾ ਹੈ। ਯੋਜਨਾ ਦੀ ਭਰੋਸੇਯੋਗਤਾ ਲਈ ਸਾਲਾਨਾ ਟੀਚੇ, ਪੱਕਾ ਵਿੱਤੀ ਸਰੋਤ ਅਤੇ ਲਗਾਤਾਰ ਕੰਮ ਕਰਨ ਵਾਲੇ ਮੰਤਰੀ ਚਾਹੀਦੇ ਹਨ। ਪਰਿਵਾਰਾਂ ਨੂੰ ਅੱਜ ਰਾਹਤ ਚਾਹੀਦੀ ਹੈ, ਜਦਕਿ ਆਰਥਿਕ ਪੁਨਰਗਠਨ ਨੂੰ ਸਾਲਾਂ ਲੱਗਣਗੇ।

ਬਰਨਹੈਮ ਨੂੰ ਵੱਡਾ ਸਰਕਾਰੀ ਕਰਜ਼ਾ, ਮਹਿੰਗੀਆਂ ਜਨਤਕ ਸੇਵਾਵਾਂ, ਘਰਾਂ ਦੀ ਘਾਟ ਅਤੇ ਪਰਿਵਾਰਕ ਬਜਟਾਂ ਨੂੰ ਕੱਟਦੀ ਮਹਿੰਗਾਈ ਵਿਰਾਸਤ ਵਿੱਚ ਮਿਲੀ ਹੈ। ਇਨ੍ਹਾਂ ਵਿੱਚੋਂ ਕਿਸੇ ਸਮੱਸਿਆ ਦਾ ਤੁਰੰਤ ਹੱਲ ਨਹੀਂ। ਸਰਕਾਰ ਇੱਕ ਦਿਨ ਵਿੱਚ ਖਰਚੇ ਦਾ ਐਲਾਨ ਕਰ ਸਕਦੀ ਹੈ, ਪਰ ਘਰ ਬਣਾਉਣ, ਕਾਮਿਆਂ ਨੂੰ ਸਿਖਲਾਈ ਦੇਣ, ਸੇਵਾਵਾਂ ਵਧਾਉਣ ਅਤੇ ਉਤਪਾਦਕਤਾ ਸੁਧਾਰਨ ਵਿੱਚ ਸਾਲਾਂ ਲੱਗਦੇ ਹਨ।

ਬਰਨਹੈਮ ਦਾ ਦੂਜਾ ਵੱਡਾ ਵਾਅਦਾ ਵੈਸਟਮਿੰਸਟਰ ਅਤੇ ਵ੍ਹਾਈਟਹਾਲ ਤੋਂ ਤਾਕਤ ਖੇਤਰਾਂ, ਕੌਂਸਲਾਂ ਅਤੇ ਸਥਾਨਕ ਭਾਈਚਾਰਿਆਂ ਵੱਲ ਭੇਜਣ ਦਾ ਹੈ। ਗ੍ਰੇਟਰ ਮੈਨਚੈਸਟਰ ਦੇ ਮੇਅਰ ਵਜੋਂ ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਸਥਾਨਕ ਆਗੂ ਆਪਣੇ ਲੋਕਾਂ ਦੀਆਂ ਲੋੜਾਂ ਦੂਰ ਬੈਠੇ ਸਰਕਾਰੀ ਵਿਭਾਗਾਂ ਨਾਲੋਂ ਚੰਗੀ ਤਰ੍ਹਾਂ ਸਮਝਦੇ ਹਨ।



ਵੱਧ ਅਧਿਕਾਰ ਮਿਲਣ ਨਾਲ ਆਵਾਜਾਈ, ਖੇਤਰੀ ਨਿਵੇਸ਼, ਸਥਾਨਕ ਸੇਵਾਵਾਂ ਅਤੇ ਰੁਜ਼ਗਾਰ ਯੋਜਨਾਵਾਂ 'ਤੇ ਕੌਂਸਲਾਂ ਦੀ ਭੂਮਿਕਾ ਵਧ ਸਕਦੀ ਹੈ। ਪਰ ਸਵਾਲ ਇਹ ਰਹੇਗਾ ਕਿ ਕੀ ਉਨ੍ਹਾਂ ਕੋਲ ਇਸ ਜ਼ਿੰਮੇਵਾਰੀ ਲਈ ਕਾਫ਼ੀ ਪੈਸਾ ਅਤੇ ਪ੍ਰਬੰਧਕੀ ਸਮਰੱਥਾ ਹੈ।

ਬਰਨਹੈਮ ਨੇ ਸੜਕਾਂ 'ਤੇ ਰਹਿਣ ਵਾਲੇ ਬੇਘਰ ਲੋਕਾਂ ਦੀ ਗਿਣਤੀ ਘਟਾਉਣ ਨੂੰ ਪਹਿਲੀ ਤਰਜੀਹ ਬਣਾਇਆ ਹੈ। ਉਨ੍ਹਾਂ ਦੀ ਯੋਜਨਾ ਵਿੱਚ ਕੌਂਸਲ ਘਰ, ਸਥਿਰ ਰਿਹਾਇਸ਼ ਅਤੇ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹੈ। ਇਹ ਮਸਲਾ ਸਿਰਫ਼ ਘਰ ਦੇਣ ਨਾਲ ਹੱਲ ਨਹੀਂ ਹੋਵੇਗਾ। ਨਸ਼ਾ ਛੁਡਾਉਣ ਦੀ ਸਹਾਇਤਾ, ਸਮਾਜਿਕ ਦੇਖਭਾਲ, ਭਲਾਈ ਯੋਜਨਾਵਾਂ ਅਤੇ ਕੰਮ ਤੱਕ ਪਹੁੰਚ ਵੀ ਲੋੜੀਂਦੀ ਹੈ।

ਇਸ ਵਾਅਦੇ ਦਾ ਨਿੱਜੀ ਸਿਆਸੀ ਪਿਛੋਕੜ ਵੀ ਹੈ। ਗ੍ਰੇਟਰ ਮੈਨਚੈਸਟਰ ਦੇ ਮੇਅਰ ਵਜੋਂ ਬਰਨਹੈਮ ਨੇ 2020 ਤੱਕ ਸੜਕਾਂ 'ਤੇ ਬੇਘਰੀ ਖ਼ਤਮ ਕਰਨ ਦਾ ਟੀਚਾ ਰੱਖਿਆ ਸੀ, ਪਰ ਉਹ ਪੂਰਾ ਨਹੀਂ ਹੋਇਆ। ਰਾਸ਼ਟਰੀ ਸਰਕਾਰ ਕੋਲ ਵੱਧ ਸਰੋਤ ਹਨ, ਪਰ ਉਸਦੇ ਸਾਹਮਣੇ ਸਮੱਸਿਆਵਾਂ ਵੀ ਵੱਡੀਆਂ ਹਨ।

**ਅਗਲੀ ਪਰਖ**

ਕੈਬਨਿਟ ਦੀ ਚੋਣ ਬਰਨਹੈਮ ਦਾ ਅਗਲਾ ਵੱਡਾ ਫ਼ੈਸਲਾ ਹੈ। ਖ਼ਜ਼ਾਨਾ, ਗ੍ਰਹਿ ਮੰਤਰਾਲਾ, ਵਿਦੇਸ਼ ਮੰਤਰਾਲਾ ਅਤੇ ਊਰਜਾ ਵਿਭਾਗ ਦੱਸਣਗੇ ਕਿ ਉਹ ਕਿੱਥੇ ਪੁਰਾਣੀ ਨੀਤੀ ਜਾਰੀ ਰੱਖਣਾ ਚਾਹੁੰਦੇ ਹਨ ਅਤੇ ਕਿੱਥੇ ਤਬਦੀਲੀ ਲਿਆਉਣੀ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਨੇ 21 ਜੁਲਾਈ ਨੂੰ ਪਹਿਲੀ ਕੈਬਨਿਟ ਮੀਟਿੰਗ ਕੀਤੀ ਅਤੇ ਸਟਾਰਮਰ ਦੇ ਕਈ ਸਾਥੀਆਂ ਨੂੰ ਬਦਲ ਦਿੱਤਾ।

ਮਜ਼ਬੂਤ ਸੰਸਦੀ ਬਹੁਮਤ ਤੁਰੰਤ ਬਗਾਵਤ ਦਾ ਖ਼ਤਰਾ ਘਟਾਉਂਦਾ ਹੈ, ਪਰ ਲੇਬਰ ਅੰਦਰ ਟੈਕਸਾਂ, ਸਰਕਾਰੀ ਖਰਚੇ, ਘਰਾਂ, ਪਰਵਾਸ ਅਤੇ ਵਿਦੇਸ਼ ਨੀਤੀ 'ਤੇ ਮਤਭੇਦ ਮੌਜੂਦ ਰਹਿਣਗੇ।

ਵਿਦੇਸ਼ ਨੀਤੀ ਵਿੱਚ ਬ੍ਰਿਟੇਨ ਯੂਕਰੇਨ ਲਈ ਸਮਰਥਨ ਸਮੇਤ ਆਪਣੇ ਰੱਖਿਆ ਵਾਅਦੇ ਜਾਰੀ ਰੱਖੇਗਾ। ਅਮਰੀਕੀ ਅਤੇ ਯੂਕਰੇਨੀ ਰਾਸ਼ਟਰਪਤੀਆਂ ਨਾਲ ਬਰਨਹੈਮ ਦੀਆਂ ਸ਼ੁਰੂਆਤੀ ਗੱਲਬਾਤਾਂ ਮਹੱਤਵਪੂਰਨ ਹੋਣਗੀਆਂ। ਪਰ ਵਿਦੇਸ਼ੀ ਵਾਅਦਿਆਂ ਨੂੰ ਘਰੇਲੂ ਖਰਚਿਆਂ ਨਾਲ ਜੋੜਨਾ ਆਸਾਨ ਨਹੀਂ ਹੋਵੇਗਾ।

ਬਰਨਹੈਮ ਕੋਲ ਮਜ਼ਬੂਤ ਬਹੁਮਤ ਹੈ, ਪਰ ਅਸੀਮਿਤ ਪੈਸਾ ਜਾਂ ਅਸੀਮਿਤ ਸਮਾਂ ਨਹੀਂ। ਉਨ੍ਹਾਂ ਦੀ ਅਸਲ ਚੁਣੌਤੀ ਸਾਫ਼ ਹੈ: ਵੱਡੇ ਵਾਅਦਿਆਂ ਨੂੰ ਅਜਿਹੇ ਕਿਫ਼ਾਇਤੀ ਫ਼ੈਸਲਿਆਂ ਵਿੱਚ ਬਦਲਣਾ ਜੋ ਵੈਸਟਮਿੰਸਟਰ ਤੋਂ ਬਾਹਰ ਲੋਕਾਂ ਦੀ ਜ਼ਿੰਦਗੀ ਸੁਧਾਰਨ।

ਲੋਕ ਉਨ੍ਹਾਂ ਨੂੰ ਭਾਸ਼ਣਾਂ ਨਾਲ ਨਹੀਂ, ਨਤੀਜਿਆਂ ਨਾਲ ਯਾਦ ਰੱਖਣਗੇ। ਜੇ ਉਹ ਖਰਚੇ ਦਾ ਦਬਾਅ ਘਟਾ ਸਕੇ, ਘਰਾਂ ਦੀ ਘਾਟ 'ਤੇ ਕੰਮ ਕਰ ਸਕੇ, ਸਥਾਨਕ ਸਰਕਾਰਾਂ ਨੂੰ ਅਸਲ ਤਾਕਤ ਦੇ ਸਕੇ ਅਤੇ ਬੇਘਰੀ ਘਟਾ ਸਕੇ, ਤਾਂ ਉਨ੍ਹਾਂ ਕੋਲ ਟਿਕਣ ਦਾ ਮੌਕਾ ਹੈ। ਨਹੀਂ ਤਾਂ ਦਸ ਸਾਲਾਂ ਵਿੱਚ ਅੱਠਵੇਂ ਪ੍ਰਧਾਨ ਮੰਤਰੀ ਦੀ ਗਿਣਤੀ ਸਿਰਫ਼ ਸਮੇਂ ਦੀ ਗੱਲ ਹੋਵੇਗੀ।

# 'ਭਾਰਤੀ ਸਿਨੇਮਾ ਦੀ ਪਹਿਲੀ ਮਹਿਲਾ' ਦੇਵਿਕਾ ਰਾਣੀ




ਸੁਰਜੀਤ ਸਿੰਘ ਫਲੋਰਾ

ਦੇਵਿਕਾ ਰਾਣੀ ਨੂੰ 'ਭਾਰਤੀ ਸਿਨੇਮਾ ਦੀ ਪਹਿਲੀ ਮਹਿਲਾ' ਕਹਿਣਾ ਸਿਰਫ਼ ਇਕ ਮਾਣ-ਸਨਮਾਨ ਨਹੀਂ, ਇਕ ਠੋਸ ਇਤਿਹਾਸਕ ਫੈਸਲਾ ਹੈ। ਉਹ ਸਿਰਫ਼ ਅਦਾਕਾਰਾ ਨਹੀਂ ਸੀ, ਸਗੋਂ ਉਸ ਪੀੜ੍ਹੀ ਦੀ ਅਗਵਾਈ ਕਰਨ ਵਾਲੀ ਹਸਤੀ ਸੀ ਜਿਸ ਨੇ ਭਾਰਤੀ ਸਿਨੇਮਾ ਨੂੰ ਪੇਸ਼ੇਵਰ ਢਾਂਚਾ ਦੇ ਕੇ ਉਸ ਦੀ ਸ਼ੁਰੂਆਤ ਕੀਤੀ।

1908 ਵਿੱਚ ਜਨਮੀ ਦੇਵਿਕਾ ਰਾਣੀ ਨੇ ਇੰਗਲੈਂਡ ਵਿੱਚ ਪੜ੍ਹਾਈ ਕੀਤੀ, ਲੰਡਨ ਵਿੱਚ ਕਲਾ ਦੀ ਤਾਲੀਮ ਲਈ, ਫਿਰ ਹਿਮਾਂਸ਼ੂ ਰਾਏ ਨਾਲ ਮਿਲ ਕੇ ਫਿਲਮ ਉਦਯੋਗ ਦਾ ਰੁਖ ਬਦਲਿਆ। ਉਨ੍ਹਾਂ ਦੀ ਕਹਾਣੀ ਸਿਤਾਰਾਗਿਰੀ ਨਾਲੋਂ ਵੱਧ, ਸੰਸਥਾ-ਨਿਰਮਾਣ ਦੀ ਕਹਾਣੀ ਹੈ। ਦੇਵਿਕਾ ਰਾਣੀ ਦਾ ਜਨਮ 30 ਮਾਰਚ, 1908 ਨੂੰ ਵਾਲਟੇਅਰ ਵਿੱਚ ਹੋਇਆ ਸੀ, ਜੋ ਕਿ ਮੌਜੂਦਾ ਵਿਸ਼ਾਖਾਪਟਨਮ ਦੇ ਨੇੜੇ ਹੈ। ਉਹ ਇੱਕ ਅਮੀਰ, ਪੜ੍ਹੇ-ਲਿਖੇ ਬੰਗਾਲੀ ਪਰਿਵਾਰ ਤੋਂ ਆਈ ਸੀ ਜਿਸਦੇ ਆਪਣੇ ਵਿਸਤ੍ਰਿਤ ਪਰਿਵਾਰ ਰਾਹੀਂ ਰਬਿੰਦਰਨਾਥ ਟੈਗੋਰ ਨਾਲ ਸਬੰਧ ਸਨ। ਇਸ ਪਿਛੋਕੜ ਨੇ ਉਸਨੂੰ ਬਚਪਨ ਤੋਂ ਹੀ ਸਾਹਿਤ, ਕਲਾ ਅਤੇ ਜਨਤਕ ਜੀਵਨ ਦੀ ਦੁਨੀਆ ਵਿੱਚ ਬਿਠਾ ਦਿੱਤਾ।

ਨੌਂ ਸਾਲ ਦੀ ਉਮਰ ਵਿੱਚ ਉਹ ਇੰਗਲੈਂਡ ਦੇ ਬੋਰਡਿੰਗ ਸਕੂਲ ਭੇਜੀ ਗਈ। ਬਾਅਦ ਵਿੱਚ ਰਾਇਲ ਅਕੈਡਮੀ ਆਫ਼ ਡਰਾਮੈਟਿਕ ਆਰਟ ਐਂਡ ਰਾਇਲ ਅਕੈਡਮੀ ਆਫ਼ ਮਿਊਜ਼ਿਕ, ਲੰਡਨ ਵਿੱਚ ਅਦਾਕਾਰੀ ਅਤੇ ਸੰਗੀਤ ਪੜ੍ਹਿਆ। ਨਾਲ ਹੀ ਸਜਾਵਟ, ਟੈਕਸਟਾਈਲ ਅਤੇ ਸੈੱਟ ਡਿਜ਼ਾਈਨ ਦੀ ਵੀ ਸਿਖਲਾਈ ਲਈ। ਇਸ ਕਰਕੇ ਉਹ ਕੇਵਲ ਪਰਦੇ ਲਈ ਨਹੀਂ, ਫਿਲਮ ਬਣਾਉਣ ਦੀ ਸਮੂਹ ਪ੍ਰਕਿਰਿਆ ਲਈ ਤਿਆਰ ਹੋਈ। ਉਨ੍ਹਾਂ ਦੀ ਮਾਂ, ਰਬਿੰਦਰਨਾਥ ਟੈਗੋਰ ਦੀ ਭਤੀਜੀ ਸੀ। ਇਸ ਰਿਸ਼ਤੇ ਨੇ ਦੇਵਿਕਾ ਰਾਣੀ ਨੂੰ ਇੱਕ ਅਜਿਹਾ ਸਾਂਸਕ੍ਰਿਤਕ ਆਧਾਰ ਦਿੱਤਾ ਜਿਸ ਵਿੱਚ ਕਲਾ, ਭਾਸ਼ਾ ਅਤੇ ਆਤਮ-ਵਿਸ਼ਵਾਸ ਇਕੱਠੇ ਵਧੇ।

1928 ਵਿੱਚ ਸਾਇਲੈਂਟ ਫਿਲਮ 1 Throw of Dice ਦੇ ਸੈੱਟ ਕੰਮ ਦੌਰਾਨ ਉਨ੍ਹਾਂ ਦੀ ਮੁਲਾਕਾਤ ਹਿਮਾਂਸ਼ੂ ਰਾਏ ਨਾਲ ਹੋਈ। 1929 ਵਿੱਚ ਵਿਆਹ ਤੋਂ ਬਾਅਦ ਦੋਵੇਂ ਜਰਮਨੀ ਗਏ, ਜਿੱਥੇ ਬਰਲਿਨ ਯੂਐਫਏ ਸਟੂਡੀਓ ਵਿੱਚ ਫਿਲਮ ਬਣਾਉਣ ਦੀ ਤਰਬੀਅਤ ਲਈ। 1934 ਵਿੱਚ ਭਾਰਤ ਆ ਕੇ ਉਨ੍ਹਾਂ ਨੇ ਬੌਂਬੇ ਟਾਕੀਜ਼ ਦੀ ਸਥਾਪਨਾ ਕੀਤੀ, ਜੋ ਦੇਸ਼ ਦੇ ਪਹਿਲੇ ਪੂਰੀ ਤਰ੍ਹਾਂ ਸੰਗਠਿਤ ਅਤੇ ਸਹੂਲਤਾਂ ਵਾਲੇ ਸਟੂਡੀਓਆਂ ਵਿੱਚ ਗਿਣਿਆ ਜਾਂਦਾ ਸੀ।

ਇਹ ਜੋੜੀ ਨਿੱਜੀ ਜੀਵਨ ਤੱਕ ਸੀਮਿਤ ਨਹੀਂ ਸੀ। ਹਿਮਾਂਸ਼ੂ ਰਾਏ ਨਿਰਮਾਣ ਅਤੇ ਦਿਸ਼ਾ ਲਿਆਉਂਦੇ ਸਨ, ਜਦਕਿ ਦੇਵਿਕਾ ਰਾਣੀ ਅਦਾਕਾਰੀ, ਡਿਜ਼ਾਈਨ ਅਤੇ ਸਟੂਡੀਓ ਸੰਸਕਾਰ ਨੂੰ ਸਵਾਰਦੀ ਸੀ। ਇਸ ਸਾਂਝੇ ਕੰਮ ਨੇ ਹਿੰਦੀ ਸਿਨੇਮਾ ਨੂੰ ਉਦਯੋਗਿਕ ਅਨੁਸ਼ਾਸਨ ਦਿੱਤਾ। ਇਸ ਸਟੂਡੀਓ ਨੇ ਅਗਲੀ ਪੀੜ੍ਹੀ ਲਈ ਰਸਤਾ ਖੋਲ੍ਹਿਆ। ਦਿਲੀਪ ਕੁਮਾਰ, ਮਧੂਬਾਲਾ, ਲੀਲਾ ਚਿਟਨਿਸ, ਮੁਮਤਾਜ਼ ਅਤੇ ਰਾਜ ਕਪੂਰ ਵਰਗੇ ਨਾਮਾਂ ਨਾਲ ਜੁੜੀ ਇਹ ਪਰੰਪਰਾ ਦਿਖਾਉਂਦੀ ਹੈ ਕਿ ਦੇਵਿਕਾ ਰਾਣੀ ਦੀ ਸੋਚ ਸਿਰਫ਼ ਆਪਣੇ ਕਰੀਅਰ ਤੱਕ ਸੀਮਿਤ ਨਹੀਂ ਸੀ। ਦੇਵਿਕਾ ਰਾਣੀ ਦੀ ਸਕ੍ਰੀਨ ਮੌਜੂਦਗੀ ਨਰਮ ਵੀ ਸੀ ਅਤੇ ਦ੍ਰਿੜ੍ਹ ਵੀ। ਅਸ਼ੋਕ ਕੁਮਾਰ ਨਾਲ ਉਨ੍ਹਾਂ ਦੀ ਜੋੜੀ ਲੋਕਪ੍ਰਿਯ ਹੋਈ, ਅਤੇ ਉਨ੍ਹਾਂ ਦੀਆਂ ਫਿਲਮਾਂ ਵਿੱਚ ਰੋਮਾਂਸ ਨਾਲ ਸਮਾਜਕ ਤਣਾਅ ਵੀ ਮਿਲਦਾ ਸੀ। ਉਹ ਗਲੈਮਰ ਦੀ ਮੂਰਤੀ ਨਹੀਂ, ਆਧੁਨਿਕ ਔਰਤ ਦੀ ਪੇਸ਼ਕਸ਼ ਸੀ। 1933 ਦੀ ਕਾਰਮਾ ਨੇ ਉਨ੍ਹਾਂ ਨੂੰ ਵਿਦੇਸ਼ੀ ਪਛਾਣ ਦਿੱਤੀ। ਇਸ ਵਿੱਚ ਹਿਮਾਂਸ਼ੂ ਰਾਏ ਨਾਲ ਲੰਮਾ ਚੁੰਮਣ ਦਾ ਦ੍ਰਿਸ਼ ਅਤੇ ਅੰਗਰੇਜ਼ੀ ਗੀਤ ਸੀ। ਵਿਦੇਸ਼ ਵਿੱਚ ਇਸ ਨੂੰ ਹਿਮਤੀ ਮੰਨਿਆ ਗਿਆ, ਜਦਕਿ ਘਰੇਲੂ ਪੱਧਰ 'ਤੇ ਇਹ ਵਾਦ-ਵਿਵਾਦ ਦਾ ਕਾਰਨ ਬਣੀ।


ਉਨ੍ਹਾਂ ਦੀਆਂ ਹੀਰੋਇਨਾਂ ਅਕਸਰ ਆਪਣਾ ਮਨ ਰੱਖਦੀਆਂ ਸਨ। ਉਹ ਪ੍ਰੇਮ ਕਰਦੀਆਂ ਸਨ, ਵਿਰੋਧ ਵੀ ਕਰਦੀਆਂ ਸਨ। ਇਸੇ ਕਰਕੇ ਦੇਵਿਕਾ ਰਾਣੀ ਦੀਆਂ ਭੂਮਿਕਾਵਾਂ ਨੇ ਔਰਤ ਨੂੰ ਸਿਰਫ਼ ਸਜਾਵਟੀ ਹਾਜ਼ਰੀ ਨਹੀਂ ਮੰਨਿਆ। ਹਿਮਾਂਸ਼ੂ ਰਾਏ ਦੀ ਮੌਤ ਤੋਂ ਬਾਅਦ ਦੇਵਿਕਾ ਰਾਣੀ ਨੇ ਬੌਂਬੇ ਟਾਕੀਜ਼ ਸੰਭਾਲਿਆ। ਪਰ ਅੰਦਰੂਨੀ ਖਿੱਚਤਾਣ ਅਤੇ ਕਲਾਤਮਕ ਅਸਹਿਮਤੀਆਂ ਵਧੀਆਂ। ਹਮਾਰੀ ਬਾਤ (1943) ਉਨ੍ਹਾਂ ਦੀ ਆਖ਼ਰੀ ਫਿਲਮ ਬਣੀ, ਅਤੇ 1945 ਤੱਕ ਉਹ ਫਿਲਮ ਜਗਤ ਤੋਂ ਦੂਰ ਹੋ ਗਈ। ਬਾਅਦ ਵਿੱਚ ਉਨ੍ਹਾਂ ਨੇ ਰੂਸੀ ਚਿਤਰਕਾਰ ਸਵੇਤੋਸਲਾਵ ਰੋਇਰਿਚ ਨਾਲ ਵਿਆਹ ਕੀਤਾ ਅਤੇ ਬੈਂਗਲੂਰ ਨੇੜੇ ਰਹੀ।

**ਅਵਾਰਡ, ਸਨਮਾਨ ਅਤੇ ਅੰਤਿਮ ਵਿਰਾਸਤ** : ਉਨ੍ਹਾਂ ਨੂੰ 1958 ਵਿੱਚ ਪਦਮ ਸ਼੍ਰੀ ਮਿਲਿਆ। 1969 ਵਿੱਚ ਸ਼ੁਰੂ ਹੋਏ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੀ ਪਹਿਲੀ ਪ੍ਰਾਪਤ ਕਰਤਾ ਵੀ ਉਹੀ ਸੀ। ਬਾਅਦ ਵਿੱਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ, ਅਤੇ ਉਨ੍ਹਾਂ ਦੀ ਯਾਦ ਵਿੱਚ ਡਾਕ ਟਿਕਟ ਵੀ ਜਾਰੀ ਹੋਈ। 9 ਮਾਰਚ 1994 ਨੂੰ ਉਨ੍ਹਾਂ ਦਾ ਦੇਹਾਂਤ ਹੋਇਆ। ਦੇਵਿਕਾ ਰਾਣੀ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਨੇ ਭਾਰਤੀ ਸਿਨੇਮਾ ਨੂੰ ਚਿਹਰਾ ਵੀ ਦਿੱਤਾ ਅਤੇ ਢਾਂਚਾ ਵੀ। 'ਭਾਰਤੀ ਸਿਨੇਮਾ ਦੀ ਪਹਿਲੀ ਮਹਿਲਾ' ਦਾ ਖ਼ਿਤਾਬ ਉਨ੍ਹਾਂ ਨੂੰ ਕੇਵਲ ਸ਼ੋਹਰਤ ਕਰਕੇ ਨਹੀਂ ਮਿਲਿਆ, ਸਗੋਂ ਇਸ ਲਈ ਮਿਲਿਆ ਕਿ ਉਨ੍ਹਾਂ ਨੇ ਸਟੂਡੀਓ-ਆਧਾਰਿਤ ਹਿੰਦੀ ਫਿਲਮ ਉਦਯੋਗ ਦੀ ਰਚਨਾ ਜਨਮ ਦਿੱਤਾ। ਇਸ ਲਈ ਉਹ ਪਹਿਲੀ ਪ੍ਰਾਪਤਕਰਤਾ ਵਜੋਂ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੀ ਇਤਿਹਾਸਕ ਲੜੀ ਦਾ ਸਭ ਤੋਂ ਸਹੀ ਸ਼ੁਰੂਆਤੀ ਨਾਮ ਰਹਿੰਦੀ ਹੈ।

## ਮੋਦੀ ਹਕੂਮਤ ਦੇ 12 ਸਾਲ

# ਸਰਮਾਏਦਾਰਾਂ ਨੂੰ ਗੱਫੇ, ਲੋਕਾਂ ਨੂੰ ਧੱਕੇ, ਲੋਕ ਦੋਖੀ ਪ੍ਰਬੰਧ ਵਿਰੁੱਧ ਸੰਘਰਸ਼ ਸਮੇਂ ਦੀ ਅਣਸਰਦੀ ਲੋੜ

12 ਜੂਨ 2026 ਨੂੰ ਮੋਦੀ ਨੂੰ ਪ੍ਰਧਾਨ ਮੰਤਰੀ ਬਣੇ ਨੂੰ 4399 ਦਿਨ ਪੂਰੇ ਹੋਣ ’ਤੇ ਗੋਦੀ ਮੀਡੀਆ ਅਤੇ ਭਾਜਪਾ ਆਈਟੀ ਸੈਲ ਨੇ ਪੂਰੇ ਮੁਲਕ ਵਿੱਚ ਜਸ਼ਨ ਮਨਾਏ। ਵਿਧੀਵਤ ਢੰਗ ਨਾਲ਼ ਚੋਣਾਂ ਜਿੱਤ ਕੇ ਨਹਿਰੂ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਮਾਂ 4398 ਦਿਨ ਦਾ ਸੀ। ਇਸ ਲਈ ਇਸ ਗੱਲ ਨੂੰ ਜੋਰ ਸ਼ੋਰ ਨਾਲ਼ ਪ੍ਰਚਾਰਿਆ ਗਿਆ ਕਿ ਮੋਦੀ ਨੇ ਲਗਾਤਾਰ ਪ੍ਰਧਾਨ ਮੰਤਰੀ ਬਣੇ ਰਹਿਣ ਦੇ ਸਮੇਂ ਦਾ ਜਵਾਹਰ ਲਾਲ ਨਹਿਰੂ ਦਾ ਰਿਕਾਰਡ ਤੋੜ ਦਿੱਤਾ ਹੈ। ਨਰਿੰਦਰ ਮੋਦੀ ਨੇ 26 ਮਈ 2014 ਨੂੰ ਪਹਿਲੀ ਵਾਰ ਪ੍ਰਧਾਨ ਮੰਤਰੀ ਦੀ ਸਹੁੰ ਚੁੱਕੀ ਸੀ, ਦੂਜੀ ਵਾਰ 2019 ਅਤੇ ਫਿਰ 2024 ਵਿੱਚ ਭਾਜਪਾ ਦੀਆਂ ਸਹਿਯੋਗੀ ਪਾਰਟੀਆਂ ਦੇ ਸਾਥ ਨਾਲ਼ ਤੀਜੀ ਵਾਰ ਪ੍ਰਧਾਨ ਮੰਤਰੀ ਬਣਿਆ। ਜੇ ਗੁਜਰਾਤ ਸੂਬੇ ਦੇ ਮੁੱਖ ਮੰਤਰੀ ਕਾਲ ਨੂੰ ਵੀ ਜੋੜ ਲਿਆ ਜਾਏ ਤਾਂ ਮੋਦੀ ਦਾ ਹਕੂਮਤ ਕਰਨ ਦਾ ਸਮਾਂ 24 ਸਾਲ ਬਣ ਜਾਂਦਾ ਹੈ। ਮੋਦੀ ਖੇਮੇ ਨੇ ਵੱਡੀ ਪੱਧਰ ’ਤੇ ਇਸ ਦਿਨ ਦਾ ਜਸ਼ਨ ਮਨਾਇਆ ਹੈ। ਇਹੋ ਹੀ ਦੌਰ ਭਾਰਤ ਵਿੱਚ ਨਿੱਜੀਕਰਨ ਅਤੇ ਉਦਾਰੀਕਰਨ ਦੇ ਨਾਂ ਨਾਲ਼ ਜਾਣਿਆ ਜਾਂਦਾ ਨਵ-ਉਦਾਰਵਾਦੀ ਨੀਤੀਆਂ ਨੂੰ ਤੇਜੀ ਨਾਲ਼ ਲਾਗੂ ਕਰਨ ਦਾ ਸਮਾਂ ਵੀ ਹੈ। ਜੇ ਸਾਫ਼ ਸ਼ਬਦਾਂ ਵਿੱਚ ਕਿਹਾ ਜਾਏ ਤਾਂ ਇਹ ਸਮਾਂ ਭਾਰਤ ਦੇ ਸਰਮਾਏਦਾਰਾਂ ਵੱਲੋਂ ਮਜਦੂਰਾਂ ਅਤੇ ਹੋਰ ਕਿਰਤੀ ਲੋਕਾਂ ਦੀ ਲੁੱਟ ਦੇ ਰਾਹ ਦੀਆਂ ਸਾਰੀਆਂ ਬਚੀਆਂ-ਖੁਚੀਆਂ ਰੁਕਾਵਟਾਂ ਨੂੰ ਖਤਮ ਕਰਕੇ, ਨੰਗੀ ਚਿੱਟੀ, ਬੇਕਿਰਕ ਲੁੱਟ ਦਾ ਰਾਹ ਪੱਧਰਾ ਕਰਨ ਦਾ ਸਮਾਂ ਹੈ। ਭਾਵੇਂ ਇਹ ਸੱਚ ਹੈ ਕਿ ਭਾਰਤ ਵਿੱਚ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਦਾ ਸਿਹਰਾ, ਅਜਾਦੀ ਤੋਂ ਬਾਅਦ ਲੰਬਾ ਸਮਾਂ ਰਾਜ ਕਰਨ ਵਾਲ਼ੀ ਕਾਂਗਰਸ ਪਾਰਟੀ ਨੂੰ ਜਾਂਦਾ ਹੈ। ਮਨਮੋਹਨ ਸਿੰਘ ਦੇ ਖਜਾਨਾ ਮੰਤਰੀ ਬਣਨ ਅਤੇ ਫਿਰ ਦੋ ਵਾਰ ਪ੍ਰਧਾਨ ਮੰਤਰੀ ਬਣਨ ਦੇ ਕਾਲ ਵਿੱਚ ਇਹਨਾਂ ਨੀਤੀਆਂ ਦੀ ਸ਼ੁਰੂਆਤ ਹੁੰਦੀ ਹੈ। ਇਹ ਭਾਰਤ ਸਮੇਤ ਸੰਸਾਰ ਪੱਧਰ ’ਤੇ ਸਰਮਾਏਦਾਰੀ ਦੇ ਕਲਿਆਣਕਾਰੀ ਰਾਜ ਵਾਲ਼ੇ ਮਾਡਲ ਦੇ ਪਤਨ ਦਾ ਸਮਾਂ ਸੀ। 1929-30 ਦੀ ਮਹਾਂਮੰਦੀ ਤੋਂ ਬਾਅਦ ਮਰ ਰਹੇ ਸੰਸਾਰ ਸਰਮਾਏਦਾਰੀ ਦੇ ਸਾਮਰਾਜੀ ਪ੍ਰਬੰਧ ਨੂੰ ਬਚਾਉਣ ਲਈ ਕਲਿਆਣਕਾਰੀ ਰਾਜ ਵਾਲ਼ਾ ਮਾਡਲ ਇੱਕ ਐਸਾ ਠੁਮਣਾ ਸੀ ਜਿਸ ਨੇ ਵੀਹਵੀਂ ਸਦੀ ਦੀ ਅਖੀਰਲੀ ਚੌਥਾਈ ਤੱਕ, ਮਰਨ ਕੰਢੇ ਪਹੁੰਚ ਚੁੱਕੇ ਸਰਮਾਏਦਾਰਾ ਪ੍ਰਬੰਧ ਦੇ ਸਾਹ ਚਲਦੇ ਰੱਖਣ ਲਈ ਆਕਸੀਜਨ ਦਾ ਕੰਮ ਕੀਤਾ। ਉਧਾਰ ਸਮਾਜਵਾਦੀ ਪ੍ਰਬੰਧ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਸੰਸਾਰ ਸਾਮਰਾਜੀ ਪ੍ਰਬੰਧ ਬੇਹੱਦ ਡਰਿਆ ਹੋਇਆ ਸੀ। ਐਸੇ ਸਮੇਂ ਪ੍ਰਸਿੱਧ ਅਰਥਸ਼ਾਸਤਰੀ ਕੀਨਜ ਸਰਮਾਏਦਾਰੀ ਦੀ ਡੁੱਬਦੀ ਬੇੜੀ ਨੂੰ ਬਚਾਉਣ ਲਈ ‘ਕਲਿਆਣਕਾਰੀ ਰਾਜ’ ਵਾਲ਼ਾ ਨੁਸਖਾ ਸਾਹਮਣੇ ਲੈ ਕੇ ਆਇਆ। ਇਹ ਕਲਿਆਣਕਾਰੀ ਮਾਡਲ ਸਰਮਾਏਦਾਰਾਂ ਦੇ ਮੁਨਾਫਿਆਂ ਵਿੱਚੋਂ ਲੋਕਾਂ ਨੂੰ ਕੁਝ ਸਹੂਲਤਾਂ ਦੇ ਕੇ ਲੋਕਾਂ ਅੰਦਰ ਉਹਨਾਂ ਦੇ ਰੋਸ ਉੱਤੇ ਠੰਡੇ ਛਿੱਟੇ ਮਾਰਨਾ ਤੇ ਸਰਮਾਏਦਾਰਾ ਪ੍ਰਬੰਧ ਨੂੰ ਬਚਾਉਣ ਦਾ ਯਤਨ ਹੈ ਪਰ ਇਹ ਯਤਨ ਖੁਦ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਸਰਮਾਏਦਾਰਾਂ ਦੇ ਨਿਵੇਸ਼ ਦੀ ਮੁਨਾਫ਼ਾਦਾਇਕਤਾ ਬਣੀ ਰਹੇ (ਜਿਸਦਾ ਇਸ ਪ੍ਰਬੰਧ ਅੰਦਰ ਇੱਕ ਸਮੇਂ ਬਾਅਦ ਡਿੱਗਣਾ ਤੈਅ ਹੁੰਦਾ ਹੈ)। ਇਹਨਾਂ ਡਿੱਗਦੇ ਮੁਨਾਫਿਆਂ ਨੂੰ ਹੀ ਹਲੂਣਾ ਦੇਣ ਲਈ ਸਰਮਾਏਦਾਰੀ ਦੇ ਬੌਧਿਕ ਚਾਕਰ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦਾ ਏਜੰਡਾ ਸਾਹਮਣੇ ਲੈ ਆਏ ਸਨ। ਭਾਰਤ ਵਿੱਚ 1991-92 ਵਿੱਚ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਦਾ ਦੌਰ ਸ਼ੁਰੂ ਹੁੰਦਾ ਹੈ, ਜਿਸ ’ਤੇ ਹਾਕਮ ਜਮਾਤੀ ਸਿਆਸੀ ਪਾਰਟੀਆਂ ਵਿੱਚ ਆਮ ਸਹਿਮਤੀ ਸੀ। ਕਾਂਗਰਸ ਦੇ ਦੌਰ ਵਿੱਚ ਸ਼ੁਰੂ ਹੋਏ ਇਹਨਾਂ ਅਖੌਤੀ ਸੁਧਾਰਾਂ ਦਾ ਸਿਲਸਿਲਾ ਮੋਦੀ ਦੇ ਦੌਰ ਵਿੱਚ ਤੇਜ ਰਫਤਾਰ ਫੜ ਜਾਂਦਾ ਹੈ। ਨਿੱਜੀਕਰਨ ਅਤੇ ਕੇਂਦਰੀਕਰਨ ਦੀਆਂ ਨੀਤੀਆਂ ਨਾਲ਼ ਆਮ ਲੋਕਾਂ ਵਿੱਚ ਪੈਦਾ ਹੋਣ ਵਾਲ਼ੇ ਰੋਸ ਨਾਲ਼ ਨਜਿੱਠਣ ਲਈ, ਭਾਰਤ ਦੇ ਅਜਾਰੇਦਾਰ ਸਰਮਾਏਦਾਰਾਂ ਦੇ ਵੱਡੇ ਹਿੱਸੇ ਨੇ ਫਿਰਕੂ ਫਾਸ਼ੀਵਾਦੀ ਭਾਜਪਾ ਅਤੇ ਸੰਘੀ ਲਾਣੇ ਦੀ ਸਮਰੱਥਾ ਅਤੇ ਤੌਰ ਤਰੀਕਿਆਂ ਵਿੱਚ ਭਰੋਸਾ ਪ੍ਰਗਟ ਕੀਤਾ। ਇਸ ਦੌਰ ਵਿੱਚ ਮੋਦੀ ਦੀ ਸਰਕਾਰ ਭਾਰਤ ਦੀ ਵਾਗਡੋਰ ਸੰਭਾਲਦੀ ਹੈ। ਮੋਦੀ ਸਰਕਾਰ ਦੇ 12 ਸਾਲਾਂ ਦੀ ਕਾਰਗੁਜਾਰੀ - ਸਰਮਾਏਦਾਰਾ ਪ੍ਰਬੰਧ ਵਿੱਚ ਹਕੂਮਤੀ ਨੀਤੀਆਂ ਸਰਬੱਤ ਦੇ ਭਲੇ ਦੀਆਂ ਨਹੀਂ ਹੋ ਸਕਦੀਆਂ। ਸਰਕਾਰਾਂ ਇੱਕ ਤਰ੍ਹਾਂ ਸਰਮਾਏਦਾਰਾਂ ਦੀਆਂ ਮੈਨੇਜਮੈਂਟ ਕਮੇਟੀਆਂ ਹੁੰਦੀਆਂ ਹਨ ਜਿਹਨਾਂ ਦਾ ਮੁੱਖ ਸਰੋਕਾਰ ਲੁਟੇਰੇ ਪ੍ਰਬੰਧ ਨੂੰ ਬਣਾਈ ਰੱਖਣਾ ਹੁੰਦਾ ਹੈ ਤਾਂ ਜੋ ਮਜਦੂਰਾਂ ਅਤੇ ਹੋਰ ਕਿਰਤੀ ਲੋਕਾਂ ਦੀ ਸਰਮਾਏਦਾਰਾਂ ਵੱਲੋਂ ਕੀਤੀ ਜਾਂਦੀ ਲੁੱਟ ਨੂੰ, ਮੁਲਕ ਦੇ ਕੁਦਰਤੀ ਸਰੋਤਾਂ ਦੀ ਬੇਕਿਰਕ ਲੁੱਟ ਨੂੰ ਜਾਰੀ ਰੱਖਿਆ ਜਾ ਸਕੇ। ਇਸ ਇੱਕ ਲੇਖ ਵਿੱਚ 12 ਸਾਲਾਂ ਦੀ ਕਾਰਗੁਜਾਰੀ ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਪਹਿਲੂਆਂ ਨੂੰ ਸਮੇਟ ਸਕਣਾ ਸੰਭਵ ਨਹੀਂ ਹੈ। ਅਸੀਂ ਕੁਝ ਚੋਣਵੇਂ ਨੁਕਤਿਆਂ ਦੀ ਗੱਲ ਕਰਾਂਗੇ। ਕਿਹਾ ਜਾ ਰਿਹਾ ਹੈ ਕਿ ਮੋਦੀ ਦੇ ਸੱਤਾ ਸੰਭਾਲਣ ਮੌਕੇ ਭਾਰਤ ਸੰਸਾਰ ਦੇ ਪੰਜ ਕਮਜ਼ੋਰ ਉੱਭਰ ਰਹੇ ਅਰਥਚਾਰਿਆਂ ਵਿੱਚੋਂ ਇੱਕ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸੇ ਦੌਰਾਨ ਹੀ ਯੂਕੇ, ਫਰਾਂਸ ਅਤੇ ਜਰਮਨੀ ਨੂੰ ਪਿੱਛੇ ਛੱਡ ਕੇ ਭਾਰਤ ਸੰਸਾਰ ਦਾ ਚੌਥਾ ਵੱਡਾ ਅਰਥਚਾਰਾ ਬਣ ਗਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ 2025 ਵਿੱਚ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਨੇ ਚਾਰ ਖਰਬ ਡਾਲਰ ਦੇ ਅੰਕੜੇ ਨੂੰ ਛੂਹ ਲਿਆ ਸੀ। 2025 ਦੇ ਵਿੱਤੀ ਵਰ੍ਹੇ ਵਿੱਚ ਵਿਕਾਸ ਦਰ 7 ਫੀਸਦੀ ਰਹੀ ਹੈ ਪਰ ਕਈ ਅਰਥਸ਼ਾਸਤਰੀਆਂ ਨੇ ਪਿੱਛੇ ਜਹੇ ਇਸ ਵਾਧਾ ਦਰ ਦੇ ਸਹੀ ਹੋਣ ਉੱਤੇ ਸਵਾਲ ਚੁੱਕੇ ਹਨ ਤੇ ਇਹ ਦਿਖਾਇਆ ਹੈ ਕਿ ਮੋਦੀ ਕਾਲ ਸਮੇਂ ਕੁੱਲ ਘਰੇਲੂ ਪੈਦਾਵਾਰ ਨੂੰ ਵਧਾ-ਚੜ੍ਹਾ ਕੇ ਦਿਖਾਇਆ ਗਿਆ ਹੈ। ਅਰਥਚਾਰੇ ਦੇ ਹੋਰ ਅੰਕੜਿਆਂ ਖਾਸਕਰ ਰੁਜਗਾਰ ਦੇ ਅੰਕੜਿਆਂ ਨੂੰ ਦੇਖ ਕੇ ਇਹੋ ਲਗਦਾ ਹੈ ਕਿ ਕੁੱਲ ਘਰੇਲੂ ਪੈਦਾਵਾਰ ਨੂੰ ਵਧਾ-ਚੜ੍ਹਾ ਕੇ ਦਿਖਾਇਆ ਗਿਆ ਹੈ। ਮੋਦੀ ਸਰਕਾਰ ਨੇ ਕਾਫੀ ਪ੍ਰਚਾਰ ਕੀਤਾ ਕਿ ਅਸੀਂ ਲੋਕਾਂ ਨੂੰ ਕਾਫੀ ਸਹੂਲਤਾਂ ਦੇ ਰਹੇ ਹਾਂ। ਪਰ ਅਸਲੀਅਤ ਕੁਝ ਹੋਰ ਹੀ ਹੈ। ਸਿੱਧੀਆਂ ਸਬਸਿਡੀਆਂ ਦਾ ਹਸ਼ਰ ਇਹ ਹੈ ਕਿ ਆਮ ਲੋਕਾਂ ਨੂੰ ਗੈਸ ਸਲੰਡਰ ਮਹਿੰਗੇ ਰੇਟਾਂ ਵਿੱਚ ਦੇ ਕੇ ਖਾਤੇ ਵਿੱਚ ਭੇਜੀ ਜਾਣ ਵਾਲ਼ੀ ਸਬਸਿਡੀ ਹੌਲ਼ੀ-ਹੌਲ਼ੀ ਖਤਮ ਕਰ ਦਿੱਤੀ ਗਈ ਹੈ ਜਾਂ ਨਾ-ਮਾਤਰ ਜਹੀ ਰਹਿ ਗਈ ਹੈ। ਇਹੋ ਹਾਲ ਹੋਰਾਂ ਸਰਕਾਰੀ ਸਹਾਇਤਾ ਵਾਲ਼ੀਆਂ ਸਕੀਮਾਂ ਵਿੱਚ ਹੋਇਆ ਹੈ। ਹੋਰਨਾਂ ਪ੍ਰਾਪਤੀਆਂ ਵਿੱਚ ‘ਕੌਮੀ ਸ਼ਾਹਮਾਰਗਾਂ’ ਦੇ ਨਿਰਮਾਣ ਦਾ ਹਵਾਲਾ ਦਿੱਤਾ ਜਾਂਦਾ ਹੈ। ਜਿਨ੍ਹਾਂ ਦੀ ਲੰਬਾਈ 2014 ਵਿੱਚ 91 ਹਜ਼ਾਰ ਕਿਲੋਮੀਟਰ ਸੀ ਪਰ ਹੁਣ 2026 ਤੱਕ ਡੇਢ ਲੱਖ ਕਿਲੋਮੀਟਰ ਹੋ ਗਈ ਹੈ। ਡਿਜੀਟਲ ਤਰੱਕੀ ਦੇ ਮਾਮਲੇ ਵਿੱਚ ਘਰ-ਘਰ ਮੋਬਾਇਲ ਅਤੇ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਤ ਕੀਤੇ ਜਾਣ ਦੀ ਗੱਲ ਕੀਤੀ ਗਈ ਹੈ। ਸਭ ਦਾ ਸਾਥ ਅਤੇ ਸਭ ਦਾ ਵਿਕਾਸ ਦੇ ਨਾਹਰਿਆਂ ਅਤੇ ਅੰਨ੍ਹੇ ਕੌਮਵਾਦੀ ਪ੍ਰਚਾਰ ਨਾਲ ਸਭ ਪਾਸੇ ਵਿਕਾਸ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਮਹਿੰਗਾਈ, ਬੇਰੁਜਗਾਰੀ, ਸਿਹਤ ਅਤੇ ਸਿੱਖਿਆ ਦੀ ਦਿਨੋ-ਦਿਨ ਨਿੱਘਰਦੀ ਹਾਲਤ ਨਾਲ਼ ਆਮ ਕਿਰਤੀ ਅਬਾਦੀ ਨੇ ਸੰਘ ਪਰਿਵਾਰ ਦੇ ਫੈਲਾਏ ਭਰਮ-ਜਾਲ ਵਿੱਚੋਂ ਨਿੱਕਲ਼ਣਾ ਸ਼ੁਰੂ ਕਰ ਦਿੱਤਾ ਹੈ। ਪਿੱਛੇ ਜਹੇ ਭਾਰਤ ਦੇ ਕੁਝ ਇਲਾਕਿਆਂ ਵਿੱਚ ਹੋਏ ਮਜਦੂਰ ਘੋਲ਼ ਇਸ ਦੀ ਉੱਘੜਵੀਂ ਮਿਸਾਲ ਹਨ। ਆਮ ਲੋਕਾਂ ਨੂੰ ਕੀ ਮਿਲ਼ਿਆ? - ਘਰ-ਘਰ ਲੋਕਾਂ ਦੇ ਖਾਤਿਆਂ ਵਿੱਚ ਲੱਖਾਂ ਰੁਪਏ ਪਹੁੰਚਾਉਣ ਅਤੇ ਹਰ ਸਾਲ ਦੋ ਕਰੋੜ ਰੁਜਗਾਰ ਪੈਦਾ ਕਰਨ ਵਰਗੇ ਬੜਬੋਲੇ ਵਾਅਦਿਆਂ ਨਾਲ਼ ਪ੍ਰਧਾਨ ਮੰਤਰੀ ਬਣਨ ਵਾਲ਼ੇ ਮੋਦੀ ਦੇ ਰਾਜ ਵਿੱਚ ਲੋਕਾਂ ਨੂੰ ਕੀ ਮਿਲ਼ਿਆ ਹੈ? ਰਹਿਣ-ਸਹਿਣ ਦੀ ਵਧਦੀ ਲਾਗਤ ਅਤੇ ਜ਼ਰੂਰੀ ਵਸਤੂਆਂ ਦੀਆਂ ਤੇਜੀ ਨਾਲ਼ ਵਧਦੀਆਂ ਕੀਮਤਾਂ ਨੇ ਜਿੱਥੇ ਆਮ ਆਦਮੀ ਲਈ ਜ਼ਿੰਦਗੀ ਜਿਉਣੀ ਮੁਸ਼ਕਲ ਕਰ ਦਿੱਤੀ ਹੈ ਉੱਥੇ ਮਨੁੱਖੀ ਜੀਵਨ ਲਈ ਜ਼ਰੂਰੀ ਚੀਜ਼ਾਂ ਪੈਦਾ ਕਰਨ ਵਾਲ਼ੇ ਮਜਦੂਰਾਂ ਦੇ ਵੱਡੇ ਹਿੱਸੇ ਦੀਆਂ ਅਸਲ ਉਜਰਤਾਂ ਜਾਂ ਤਾਂ ਘਟ ਗਈਆਂ ਹਨ ਤੇ ਜਾਂ ਖੜੋਤ ਮਾਰੀਆਂ ਹਨ। ਜਿਉਂਦੇ ਰਹਿਣ ਲਈ ਜ਼ਰੂਰੀ ਵਸਤਾਂ ’ਤੇ ਹੋਣ ਵਾਲ਼ਾ ਖਰਚ ਹੁਣ ਉਨੇ ਹੀ ਸਮਾਨ ਖਰੀਦਣ ਵਾਸਤੇ ਪਹਿਲਾਂ ਨਾਲ਼ੋਂ ਵਧ ਗਿਆ ਹੈ। ਗੈਸ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਇਸ ਦੌਰ ਵਿੱਚ ਇਤਿਹਾਸਕ ਵਾਧਾ ਹੋਇਆ ਹੈ। ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿੱਚ ਵੱਡੀ ਗਿਰਾਵਟ ਆਈ ਹੈ ਜਦੋਂ ਕਿ ਸੰਸਾਰ ਮੰਡੀ ਵਿੱਚ ਡਾਲਰ ਦੀ ਆਪਣੀ ਹਾਲਤ ਵੀ ਡਾਵਾਂ-ਡੋਲ ਹੈ। ਬੇਰੁਜਗਾਰੀ ਦੀ ਦਰ ਅਤੇ ਖਾਸ ਕਰਕੇ ਪੜ੍ਹੇ-ਲਿਖੇ ਬੇਰੁਜਗਾਰਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਸਰਕਾਰੀ ਨੌਕਰੀਆਂ ਵਿੱਚ ਕਾਫੀ ਕਟੌਤੀ ਕੀਤੀ ਗਈ ਹੈ। ਆਰਥਿਕ ਨਾ-ਬਰਾਬਰੀ - ਦੌਲਤ ਦੀ ਨਾ-ਬਰਾਬਰੀ ਦੇ ਮਾਮਲੇ ਵਿੱਚ ਮੁਲਕ ਦੇ ਸਭ ਤੋਂ ਅਮੀਰ ਇੱਕ ਫੀਸਦੀ ਲੋਕਾਂ ਕੋਲ਼ 40 ਫੀਸਦੀ ਦੌਲਤ ਹੈ। ਸਭ ਤੋਂ ਅਮੀਰ ਦਸ ਫੀਸਦੀ ਲੱਗਭੱਗ 65 ਫੀਸਦੀ ਦੌਲਤ ਦੇ ਮਾਲਕ ਹਨ। ਹੇਠਲੇ 50 ਫੀਸਦੀ ਲੋਕਾਂ ਕੋਲ਼ ਸਿਰਫ ਛੇ ਫੀਸਦੀ ਦੇ ਕਰੀਬ ਦੌਲਤ ਹੈ। 2020 ਵਿੱਚ ਸੰਸਾਰ ਭੁੱਖਮਰੀ ਸੂਚਕਅੰਕ ਵਿੱਚ 123 ਮੁਲਕਾਂ ਵਿੱਚੋਂ ਭਾਰਤ ਦਾ 102ਵਾਂ ਸਥਾਨ ਸੀ। ਖੁਸ਼ਹਾਲੀ ਸੂਚਕਅੰਕ 2026 ਵਿੱਚ ਭਾਰਤ ਦਾ 116ਵਾਂ ਸਥਾਨ ਹੈ। ਸੰਸਾਰ ਵਿੱਚ ਭਾਰਤ ਦੀ ਥਾਂ - ਬੜੇ ਜੋਰ ਸ਼ੋਰ ਨਾਲ਼ ਭਾਰਤ ਨੂੰ “ਵਿਸ਼ਵ ਗੁਰੂ”ਦੇ ਤੌਰ ’ਤੇ ਪ੍ਰਚਾਰਨ ਦੇ ਬਾਵਜੂਦ ਅੱਜ ਹਾਲਤ ਇਹ ਹੈ ਕਿ ਸਾਡੇ ਆਪਣੇ ਸਾਰੇ ਗੁਆਂਢੀ ਮੁਲਕਾਂ ਨਾਲ਼ ਸਬੰਧ ਸਾਜਗਾਰ ਨਹੀਂ ਹਨ। ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਅੱਜ ਜਿਉਨਵਾਦੀ ਇਜਰਾਈਲ ਨਾਲ਼ ਅਮਰੀਕਾ ਤੋਂ ਬਿਨਾਂ ਦੁਨੀਆਂ ਵਿੱਚ ਥੋੜੇ ਹੀ ਦੇਸ਼ ਹਨ, ਪਰ ਮੋਦੀ ਸਰਕਾਰ ਨਸਲਵਾਦੀ ਅਤੇ ਕਾਤਲ ਇਜਰਾਇਲ ਦੀ ਹਮਾਇਤ ਕਰ ਰਹੀ ਹੈ। ਇਜਰਾਇਲ ਵੱਲੋਂ ਬੇਕਸੂਰ ਫਲਸਤੀਨੀਆਂ ਦੀ ਨਸਲਕੁਸ਼ੀ ਬਾਦਸਤੂਰ ਜਾਰੀ ਹੈ ਅਤੇ ਖਾਸ ਕਰਕੇ ਅਕਤੂਬਰ 2023 ਤੋਂ ਬਾਅਦ ਗਾਜਾ ਵਿੱਚ ਹੁਣ ਤੱਕ ਇਜਰਾਇਲੀ ਹਕੂਮਤ 10 ਹਜਾਰ ਬੱਚਿਆਂ ਦਾ ਕਤਲ ਕਰ ਚੁੱਕੀ ਹੈ। ਇਰਾਨ ਵਿਰੁੱਧ ਅਮਰੀਕਾ-ਇਜਰਾਇਲ ਵੱਲੋਂ ਵਿੱਢੀ ਨਿਹੱਕੀ ਜੰਗ ਸਮੇਂ ਮੋਦੀ ਸਰਕਾਰ ਨੇ ਬੜੀ ਬੇਸ਼ਰਮੀ ਨਾਲ਼ ਇਜਰਾਈਲ ਦੀ ਧਿਰ ਮੱਲੀ ਹੈ। ਭਾਰਤ ਵਿੱਚ ਅੰਨ੍ਹੀ ਕੌਮਵਾਦੀ ਫਾਸ਼ੀਵਾਦੀ ਮੁਹਿੰਮ - ਮੋਦੀ ਦੇ ਦੌਰ ਵਿੱਚ ਪਹਿਲਾਂ ਤੋਂ ਹੀ ਚੱਲ ਰਹੀ ਅੰਨ੍ਹੀ ਕੌਮਵਾਦੀ ਫਿਰਕੂ ਫਾਸ਼ੀਵਾਦੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ। ਹਿੰਦੂ-ਮੁਸਲਿਮ ਕਤਾਰਬੰਦੀ ਦੀ ਮੁਹਿੰਮ ਨੇ ਮੁਲਕ ਦੀ ਕਿਰਤੀ ਅਬਾਦੀ ਦੀ ਧਰਮ ਅਤੇ ਜਾਤ ਦੇ ਨਾਂ ’ਤੇ ਏਕਤਾ ਤੋੜਨ ਦੀ ਕੋਸ਼ਿਸ਼ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਘੱਟ ਗਿਣਤੀਆਂ ਵਿਰੁੱਧ ਖਾਸ ਕਰਕੇ ਮੁਸਲਮਾਨਾਂ ਵਿਰੁੱਧ ਭੀੜਤੰਤਰ ਵੱਲੋਂ ਹਮਲੇ ਮੋਦੀ ਹਕੂਮਤ ਦਾ ਸ਼ਰਮਨਾਕ ਹਾਸਲ ਹੈ। 2002 ਦੇ ਗੁਜਰਾਤ ਦੇ ਮੁਸਲਮਾਨਾਂ ਦੇ ਕਤਲੇਆਮ ਸਮੇਂ ਹਿੰਦੂ-ਮੁਸਲਿਮ ਦੇ ਨਾਂ ’ਤੇ ਸਾਡੇ ਮੁਲਕ ਵਿੱਚ ਫਿਰਕੂ ਸਿਆਸਤ ਵਿੱਚ ਸਿਫਤੀ ਤਬਦੀਲੀ ਆ ਚੁੱਕੀ ਸੀ। ਪਰ 2014 ਵਿੱਚ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਸ ਮੁਹਿੰਮ ਨੂੰ ਪੂਰੀ ਸਰਕਾਰੀ ਸਰਪ੍ਰਸਤੀ ਹਾਸਲ ਹੋਈ ਹੈ। ਕਦੀ ਗਊ ਰੱਖਿਆ ਦੇ ਨਾਂ ’ਤੇ ਕਦੀ ਲਵ ਜਿਹਾਦ ਅਤੇ ਕਦੀ ਜ਼ਮੀਨ ਜਿਹਾਦ ਅਤੇ ਵੱਖ-ਵੱਖ ਤਰ੍ਹਾਂ ਦੇ ਫਿਰਕੂ ਨਾਅਰਿਆਂ ਨਾਲ਼ ਤੇਜ ਕੀਤੀ ਜਾਣ ਵਾਲ਼ੀ ਫਿਰਕੂ ਫਾਸ਼ੀਵਾਦੀ ਮੁਹਿੰਮ ਕਾਰਨ ਮੁਲਕ ਦੀ ਮੁਸਲਮਾਨ ਅਬਾਦੀ ਲਗਾਤਾਰ ਦਹਿਸ਼ਤ ਦੇ ਮਹੌਲ ਵਿੱਚ ਰਹਿਣ ਲਈ ਮਜਬੂਰ ਹੈ। ਨਿਜੀਕਰਨ ਦੀ ਮੁਹਿੰਮ - ਮੋਦੀ ਹਕੂਮਤ ਦੇ 12 ਸਾਲਾਂ ਦੀ ਇੱਕ ਵੱਡੀ “ਪ੍ਰਾਪਤੀ” ਇਹ ਹੈ ਕਿ ਇਸ ਨੇ ਲੱਗਭੱਗ ਹਰ ਖੇਤਰ ਵਿੱਚ ਸਰਕਾਰੀ ਨੌਕਰੀਆਂ ਦਾ ਖਾਤਮਾ ਕੀਤਾ ਹੈ। ਵਿੱਦਿਆ ਅਤੇ ਸਿਹਤ ਦੇ ਖੇਤਰ ਵਿੱਚ ਨਿੱਜੀਕਰਨ ਨੇ ਵੱਡੀ ਪੱਧਰ ’ਤੇ ਸਰਕਾਰੀ ਸਕੂਲਾਂ ਦਾ ਭੋਗ ਪਾ ਕੇ ਨਿੱਜੀ ਯੂਨੀਵਰਸਿਟੀਆਂ ਅਤੇ ਸਿਹਤ ਖੇਤਰ ਵਿੱਚ ਨਿੱਜੀ ਹਸਪਤਾਲਾਂ ਦੀ ਨੀਤੀ ਨੂੰ ਅੱਗੇ ਵਧਾਇਆ ਹੈ। ਉੱਚ ਵਿੱਦਿਆ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਵਿੱਦਿਆ ਦੇ ਖੇਤਰ ਦਾ ਇਹ ਹਾਲ ਹੈ ਕਿ ਮੋਦੀ ਕਾਲ ਵਿੱਚ 60 ਤੋਂ ਵੱਧ ਪੇਪਰ ਲੀਕ ਦੇ ਘਪਲੇ ਹੋ ਚੁੱਕੇ ਹਨ। ਨੀਟ ਅਤੇ ਸੀਬੀਐਸਈ ਦੇ ਇਮਤਿਹਾਨਾਂ ਵਿੱਚ ਬੇਨਿਯਮੀਆਂ ਦਾ ਘਪਲਾ ਇਹਨਾਂ ਦਿਨਾਂ ਵਿੱਚ ਚਰਚਾ ਵਿੱਚ ਹੈ। ਕੇਂਦਰੀਕਰਨ - ਭਾਵੇਂ ਕਿ ਸੰਵਿਧਾਨ ਵਿੱਚ ਰਾਜਾਂ ਦੇ ਸੰਘ ਦੇ ਤੌਰ ’ਤੇ ਭਾਰਤ ਨੂੰ ਸੰਘੀ ਗਣਰਾਜ ਲਿਖਿਆ ਗਿਆ ਹੈ ਪਰ ਹਕੀਕਤ ਇਹ ਨਹੀਂ ਹੈ। ਭਾਰਤ ਵਿਚ ਕੌਮਾਂ ਨੂੰ ਆਪਾ-ਨਿਰਣੇ ਦਾ ਹੱਕ ਹਾਸਲ ਨਹੀਂ ਹੈ। ਸ਼ੁਰੂ ਤੋਂ ਹੀ ਇਹ ਕੇਂਦਰੀਕਰਨ ਦੀ ਧੁੱਸ ਵਾਲ਼ਾ ਏਕਾਤਮਕ ਰਾਜ ਹੈ ਜਿਸ ਵਿੱਚ ਵੱਖੋ-ਵੱਖ ਕੌਮਾਂ ਨੂੰ ਸੀਮਤ ਖੁਦਮੁਖਤਿਆਰੀ ਹਾਸਲ ਹੈ। ਭਾਰਤ ਦੀ ਵੱਡੀ ਤੇ ਮੁੜ ਕੇ ਅਜਾਰੇਦਾਰ ਸਰਮਾਏਦਾਰੀ ਦਾ ਮੁਲਕ ਨੂੰ ਏਕਾਤਮਕ ਰਾਜ ਦੇ ਤੌਰ ’ਤੇ ਕਾਇਮ ਰੱਖਣ ਦਾ ਮਤਲਬ ਇੱਕ ਮੰਡੀ ਦੇ ਤੌਰ ਉੱਤੇ ਇਸ ਨੂੰ ਕਾਇਮ ਰੱਖਣਾ ਹੈ। ਮੋਦੀ ਕਾਲ ਵਿੱਚ ਕੇਂਦਰੀਕਰਨ ਦਾ ਅਮਲ ਬਹੁਤ ਤੇਜ ਹੋ ਗਿਆ ਹੈ। ਉੱਤਰ-ਪੂਰਬੀ ਸੂਬਿਆਂ ਅਤੇ ਕਸ਼ਮੀਰ ਇਸਦੀ ਉੱਘੜਵੀਂ ਮਿਸਾਲ ਹੈ। ਧਾਰਾ 370 ਤੋੜਨਾ ਇਸੇ ਨੀਤੀ ਦਾ ਹੀ ਹਿੱਸਾ ਸੀ। ਹਿੰਦੀ, ਹਿੰਦੂ, ਹਿੰਦੁਸਤਾਨ ਦੇ ਨਾਂ ’ਤੇ ਹਿੰਦੀ ਨੂੰ ਤੇਜੀ ਨਾਲ਼ ਲਾਗੂ ਕਰਨ ਦੀ ਨੀਤੀ ਕੇਂਦਰੀਕਰਨ ਦੀ ਮੁਹਿੰਮ ਦਾ ਹਿੱਸਾ ਹੈ। ਦੱਖਣੀ ਰਾਜਾਂ ਵਿੱਚ ਵਿਤਕਰੇ ਵਿਰੁੱਧ ਅਵਾਜਾਂ ਵੀ ਇਸੇ ਕੇਂਦਰੀਕਰਨ ਵਿਰੁੱਧ ਰੋਸ ਦਾ ਪ੍ਰਗਟਾਵਾ ਹਨ। ਦੇਸ਼ ਦੀ ਏਕਤਾ-ਅਖੰਡਤਾ ਦੇ ਨਾਂ ’ਤੇ ਸੂਬਿਆਂ ਦੇ ਹੱਕਾਂ ’ਤੇ ਲਗਾਤਾਰ ਹਮਲਾ ਇਸੇ ਕੇਂਦਰੀਕਰਨ ਦੀ ਧੁੱਸ ਦਾ ਹੀ ਨਤੀਜਾ ਹੈ। ਜਮਹੂਰੀ ਹੱਕਾਂ ’ਤੇ ਹਮਲੇ - ਅੱਜ ਮੁਲਕ ਦੀ ਏਕਤਾ-ਅਖੰਡਤਾ ਦੇ ਨਾਂ ’ਤੇ ਐਨਐਸਏ ਅਤੇ ਯੂਏਪੀਏ ਵਰਗੇ ਕਾਲ਼ੇ ਕਨੂੰਨਾਂ ਦੀ ਵਰਤੋਂ ਵਿੱਚ ਮੋਦੀ ਕਾਲ ਵਿੱਚ ਭਾਰੀ ਵਾਧਾ ਹੋਇਆ ਹੈ। ਨੋਟ ਬਦਲੀ ਵੇਲੇ ਅਤੇ ਕਰੋਨਾ-ਕਾਲ ਵੇਲੇ ਆਮ ਲੋਕਾਂ ਨੇ ਜੋ ਦੁੱਖ ਝੱਲੇ ਉਹ ਇੱਕ ਵੱਖਰਾ ਵਿਸ਼ਾ ਹੈ। ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਲੱਗਭੱਗ ਅੱਸੀ ਲੱਖ ਦੇ ਕਰੀਬ ਕਿਰਤੀ ਲੋਕ ਆਪਣੇ ਕੰਮ ਵਾਲ਼ੀ ਥਾਂ ਤੋਂ ਹਿਜਰਤ ਕਰਨ ਲਈ ਬੇਹਦ ਮਾੜੀਆਂ ਹਾਲਤਾਂ ਵਿੱਚ ਖੱਜਲ-ਖੁਆਰ ਹੋਏ ਸਨ। ਇਸ ਤੋਂ ਬਿਨਾਂ ਭੀਮਾ ਕੋਰੇਗਾਓਂ ਮਾਮਲੇ ਵਿੱਚ ਬੁੱਧੀਜੀਵੀਆਂ ’ਤੇ ਮੁਕੱਦਮੇ ਦਰਜ ਕਰਕੇ ਨਜਾਇਜ ਜੇਲ੍ਹਾਂ ਵਿੱਚ ਡੱਕਣਾ ਜਮਹੂਰੀ ਅਧਿਕਾਰਾਂ ’ਤੇ ਹਮਲੇ ਦੀ ਵੱਡੀ ਮਿਸਾਲ ਹੈ। ਆਦਿਵਾਸੀ ਅਬਾਦੀ ’ਤੇ ਜਬਰ ਅਤੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਨੰਗੀ ਚਿੱਟੀ ਹਮਾਇਤ ਮੋਦੀ ਕਾਲ ਵਿੱਚ ਪਹਿਲਾਂ ਤੋਂ ਤੇਜ ਹੋਈ ਹੈ। ਆਮ ਲੋਕਾਈ ਦੇ ਜਮਹੂਰੀ ਹੱਕਾਂ ਦਾ ਦਾਇਰਾ ਬੇਹੱਦ ਸੁੰਗੜ ਗਿਆ ਹੈ। ਮਜਦੂਰ ਘੋਲਾਂ ਵਿੱਚ ਆਗੂਆਂ ਅਤੇ ਉਹਨਾਂ ਦੇ ਸਮਰਥਕਾਂ ’ਤੇ ਦੇਸ਼ ਧਰੋਹ ਦੇ ਮਾਮਲੇ ਦਰਜ ਕਰਨੇ ਮੋਦੀ ਸਰਕਾਰ ਦਾ ਸ਼ਰਮਨਾਕ ਕਾਰਾ ਹੈ। ਮੋਦੀ ਕਾਲ ਲੋਕਾਈ ਲਈ ਦੋਜ਼ਖ ਦਾ ਕਾਲ ਹੈ - ਇਹ ਸਰਮਾਏਦਾਰਾਂ ਲਈ ਵਿਕਾਸ ਹੋ ਸਕਦਾ ਹੈ, ਪਰ ਆਮ ਲੋਕਾਈ ਲਈ ਇਹ ਅਨੇਕਾਂ ਦੁੱਖਾਂ-ਤਕਲੀਫ਼ਾਂ ਲੈ ਕੇ ਆਇਆ ਹੈ। ਅੱਜ ਜਰੂਰਤ ਹੈ ਦੇਸ਼ ਭਰ ਦੇ ਕਿਰਤੀ ਲੋਕ ਅਤੇ ਲੋਕਾਂ ਦੀ ਧਿਰ ’ਚ ਖੜ੍ਹੇ ਬੁੱਧੀਜੀਵੀ ਇਸ ਲੋਕ ਦੋਖੀ ਸਰਮਾਏਦਾਰਾ ਪ੍ਰਬੰਧ ਨੂੰ ਖਤਮ ਕਰਨ ਦੇ ਸੰਘਰਸ਼ ਲਈ ਅੱਗੇ ਆਉਣ। ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਤੋਂ ਮੁਕਤ ਸੱਚੇ ਅਰਥਾਂ ਵਿੱਚ ਅਜਾਦੀ ਤੇ ਬਰਾਬਰੀ ਵਾਲ਼ੇ ਸਮਾਜਵਾਦੀ ਪ੍ਰਬੰਧ ਵਿੱਚ ਹੀ ਲੋਕ ਸੱਚੀ ਅਜਾਦੀ ਦਾ ਨਿੱਘ ਮਾਣ ਸਕਣਗੇ।





ਲਲਕਾਰ ’ਚੋਂ ਧੰਨਵਾਦ ਸਹਿਤ

# ਬੀ ਬੀ ਸੀ ਦੀ ਖੋਜ : ਇੰਸਟਾਗ੍ਰਾਮ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਵਾਲੇ ਇਸ਼ਤਿਹਾਰ ਚਲਾ ਰਿਹਾ ਹੈ

*(ਇਹ ਰਿਪੋਰਟ ਬੀ ਬੀ ਸੀ ਦੀ ਆਨਲਾਈਨ ਸਾਈਟ ’ਤੇ 3 ਜੁਲਾਈ 2026 ਨੂੰ ਪ੍ਰਕਾਸ਼ਤ ਹੋਈ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਅਨੁਵਾਦ ਪੇਸ਼ ਹੈ)*





ਲੇਖਕ:
ਦਿਵਿਆ ਆਰਿਆ

ਅਨੁਵਾਦ:
ਸੁਖਵੰਤ ਹੁੰਦਲ
604644-2470

ਬੀ ਬੀ ਸੀ ਆਈ ਦੀ ਇੱਕ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇੰਸਟਾਗ੍ਰਾਮ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ (ਚਾਇਲਡ ਸੈਕਸੁਅਲ ਅਬਿਊਜ਼ ਮਟੀਰੀਅਲ) ਨੂੰ ਉਤਸ਼ਾਹਿਤ ਕਰਨ ਵਾਲੇ ਪੇਡ ਇਸ਼ਤਿਹਾਰ ਚਲਾ ਰਿਹਾ ਹੈ।

ਬੀ ਬੀ ਸੀ ਵਰਲਡ ਸਰਵਿਸ ਵੱਲੋਂ ਦੇਖੇ ਗਏ ਇਹਨਾਂ ਇਸ਼ਤਿਹਾਰਾਂ ਵਿੱਚ ‘ਰੇਪ ਵੀਡੀਓ’ (ਬਲਾਤਕਾਰ ਵੀਡੀਓ) ਅਤੇ ‘ਚਾਈਲਡ ਵੀਡੀਓ’ (ਬੱਚੇ ਦੀ ਵੀਡੀਓ) ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਇਸ਼ਤਿਹਾਰ ਵਰਤੋਂਕਾਰਾਂ (ਯੂਜ਼ਰਜ਼) ਨੂੰ ਮੈਸੇਜਿੰਗ ਐਪ ‘ਟੈਲੀਗ੍ਰਾਮ’ ਦੇ ਅਜਿਹੇ ਚੈਨਲਾਂ ਨਾਲ ਜੋੜਦੇ ਹਨ, ਜਿੱਥੋਂ ਉਹ ਇਸ ਸਮੱਗਰੀ ਨੂੰ ਮਹਿਜ਼ 99 ਰੁਪਏ ਵਿੱਚ ਖਰੀਦ ਸਕਦੇ ਹਨ।

ਇਸ ਜਾਂਚ ਦੇ ਪ੍ਰਕਾਸ਼ਿਤ ਹੋਣ ਦੇ ਕੁਝ ਘੰਟਿਆਂ ਬਾਅਦ ਹੀ, ਭਾਰਤ ਸਰਕਾਰ ਨੇ ਕਿਹਾ ਕਿ ਉਸ ਨੇ ਇਹਨਾਂ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਇੰਸਟਾਗ੍ਰਾਮ ਦੀ ਮੂਲ ਕੰਪਨੀ, ਮੈਟਾ ਦੇ ਪ੍ਰਤੀਨਿਧੀਆਂ ਨੂੰ ਤਲਬ ਕੀਤਾ ਹੈ।

ਇੰਸਟਾਗ੍ਰਾਮ ’ਤੇ ਇਸ਼ਤਿਹਾਰ ਸਿਰਫ਼ ਉਦੋਂ ਹੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਜਦੋਂ ਉਹਨਾਂ ਨੂੰ ਪਹਿਲਾਂ ਇਸ ਦੀ ਮਾਡਰੇਸ਼ਨ ਤਕਨਾਲੋਜੀ (ਨਾ-ਛਾਪਣਯੋਗ ਗਲਤ ਸਮੱਗਰੀ ਦਾ ਪਤਾ ਲਾਉਣ ਵਾਲੀ ਤਕਨਾਲੋਜੀ) ਵਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ।

ਜਦੋਂ ਬੀ ਬੀ ਸੀ ਨੇ ਇੰਸਟਾਗ੍ਰਾਮ ਕੋਲ ਇਹਨਾਂ ਵਿੱਚੋਂ ਇੱਕ ਇਸ਼ਤਿਹਾਰ ਦੀ ਰਿਪੋਰਟ ਕੀਤੀ ਤਾਂ ਸੋਸ਼ਲ ਮੀਡੀਆ ਪਲੇਟਫਾਰਮ ਨੇ 24 ਘੰਟਿਆਂ ਬਾਅਦ ਜਵਾਬ ਦਿੱਤਾ ਕਿ ਇਹ ਪੋਸਟ ਉਸ ਦੀਆਂ ‘ਕਮਿਊਨਿਟੀ ਦੀਆਂ ਸੇਧਾਂ (ਕਮਿਊਨਿਟੀ ਗਾਈਡਲਾਈਨਜ਼)’ ਦੀ ਉਲੰਘਣਾ ਨਹੀਂ ਕਰਦੀ।

ਬਾਅਦ ਵਿੱਚ, ਜਦੋਂ ਬੀ ਬੀ ਸੀ ਨੇ ਮੈਟਾ ਤੋਂ ਇਸ ’ਤੇ ਟਿੱਪਣੀ ਮੰਗੀ, ਤਾਂ ਉਹਨਾਂ ਨੇ ਕਿਹਾ ਕਿ ਉਹ ਪਹਿਲਾਂ ਹੀ ਕਈ ਇਸ਼ਤਿਹਾਰਾਂ ਨੂੰ ਬੰਦ ਕਰ ਚੁੱਕੇ ਹਨ ਅਤੇ ਉਹਨਾਂ ਨੂੰ ਪੋਸਟ ਕਰਨ ਵਾਲੇ ਅਕਾਊਂਟਾਂ ਨੂੰ ਮੁਅੱਤਲ ਕਰ ਚੁੱਕੇ ਹਨ। ਕੰਪਨੀ ਨੇ ਕਿਹਾ ਕਿ ਬੀ ਬੀ ਸੀ ਦੀ ਜਾਂਚ ਦੇ ਪ੍ਰਤੀਕਰਮ ਵਿੱਚ, ਉਸ ਨੇ ਹੋਰ ਇਸ਼ਤਿਹਾਰ ਹਟਾ ਦਿੱਤੇ ਹਨ, ਹੋਰ ਅਕਾਊਂਟ ਬੰਦ ਕਰ ਦਿੱਤੇ ਹਨ ਅਤੇ ਆਪਣੀਆਂ ਨੀਤੀਆਂ ਦੀ ਉਲੰਘਣਾ ਕਰਨ ਵਾਲੀ ਹੋਰ ਸਮੱਗਰੀ ਦੇ ਯੂ ਆਰ ਐੱਲਜ਼ (ਵੈੱਬ ਐਡਰੈਸਾਂ) ਨੂੰ ਬਲੌਕ ਕਰ ਦਿੱਤਾ ਹੈ।

ਟੈਲੀਗ੍ਰਾਮ ਨੇ ਕਿਹਾ ਕਿ ਉਸ ਨੇ 2026 ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ ਨਾਲ ਸਬੰਧਤ 2,74,000 ਤੋਂ ਵੱਧ ਗਰੁੱਪਾਂ ਅਤੇ ਚੈਨਲਾਂ ਨੂੰ ਹਟਾਇਆ ਹੈ।

ਜਦੋਂ ਬੀ ਬੀ ਸੀ ਨੇ ਦੇਖਿਆ ਕਿ ਇਹ ਪਲੇਟਫਾਰਮ ਖੁਦ ਕਾਮ-ਉਕਸਾਊ ਸਮੱਗਰੀ ਨੂੰ ਪੇਸ਼ ਕਰ ਰਿਹਾ ਹੈ, ਭਾਵੇਂ ਕਿ ਵਰਤੋਂਕਾਰ ਨੇ ਅਜਿਹੀ ਸਮੱਗਰੀ ਦੀ ਸਰਚ ਨਾ ਵੀ ਕੀਤੀ ਹੋਵੇ, ਤਾਂ ਅਸੀਂ ਇੰਸਟਾਗ੍ਰਾਮ ’ਤੇ ਇਕ ਫਰਜ਼ੀ ਅਕਾਊਂਟ ਬਣਾਇਆ।

ਇਸ ਵਿੱਚ ਭਾਰਤ ਵਿੱਚ ਮੌਸਮ ਅਤੇ ਰੋਜ਼ਾਨਾ ਜਿੰਦਗੀ ਬਾਰੇ ਪੋਸਟਾਂ ਪਾਉਣ ਵਾਲੀਆਂ ਅਜਿਹੀਆਂ ਔਰਤਾਂ ਸ਼ਾਮਲ ਸਨ ਜਿਹਨਾਂ ਨੇ ਅੰਗ ਪ੍ਰਦਰਸ਼ਨ ਕਰਨ ਵਾਲੇ ਕੱਪੜੇ ਪਾਏ ਹੋਏ ਸਨ ਅਤੇ ਆਪਣੀਆਂ ਪੋਸਟਾਂ ਵਿੱਚ ਦੋ-ਅਰਥੀ ਕਾਮੁਕ ਇਸ਼ਾਰਿਆਂ ਦੀ ਵਰਤੋਂ ਕਰ ਰਹੀਆਂ ਸਨ।

ਪਲੇਟਫਾਰਮ ’ਤੇ ਕਾਮੁਕ ਸਮੱਗਰੀ ਦੀ ਜਾਂਚ ਕਰਨ ਲਈ, ਭਾਰਤ ਵਿੱਚ ਬਣਾਏ ਗਏ ਇਸ ਨਵੇਂ ਫਰਜ਼ੀ ਅਕਾਊਂਟ ਤੋਂ ਇਹਨਾਂ ਔਰਤਾਂ ਅਤੇ ਉਸ ਤਰ੍ਹਾਂ ਦੇ ਹੋਰ ਲੋਕਾਂ ਨੂੰ – ਕੁੱਲ ਮਿਲਾ ਕੇ 10 ਨੂੰ – ਫਾਲੋ ਕਰਨਾ ਸ਼ੁਰੂ ਕੀਤਾ ਗਿਆ।

ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਇੰਸਟਾਗ੍ਰਾਮ ਨੇ ਫੀਡ ’ਤੇ ਉਹ ਇਸ਼ਤਿਹਾਰ ਦਿਖਾਉਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚ ਔਰਤਾਂ ਵੀਡੀਓ ਕਾਲਾਂ ਦੀ ਪੇਸ਼ਕਸ਼ ਕਰ ਰਹੀਆਂ ਸਨ ਅਤੇ ਸਪੱਸ਼ਟ ਤੌਰ ’ਤੇ ਨੰਗੇ ਜੋੜਿਆਂ ਨੂੰ ਸੈਕਸ ਕਰਦੇ ਦਿਖਾਇਆ ਗਿਆ ਸੀ। ਕੁਝ ਦਿਨਾਂ ਬਾਅਦ, ਇਸ ਨੇ ਬਾਲਗਾਂ ਨਾਲ ਕਾਮ-ਉਕਸਾਊ ਸਥਿਤੀਆਂ ਵਿੱਚ ਮੌਜੂਦ ਬੱਚਿਆਂ ਦੇ ਇਸ਼ਤਿਹਾਰ ਦਿਖਾਉਣੇ ਸ਼ੁਰੂ ਕਰ ਦਿੱਤੇ, ਜਿਹਨਾਂ ਨਾਲ ਟੈਲੀਗ੍ਰਾਮ ਉਤਲੀਆਂ ਚੈਨਲਾਂ ਦੇ ਲਿੰਕ ਵੀ ਸਨ। ਕੁੱਲ ਮਿਲਾ ਕੇ, ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਪ੍ਰਚਾਰ ਕਰਨ ਵਾਲੇ 30 ਦੇ ਕਰੀਬ ਵੱਖ-ਵੱਖ ਇਸ਼ਤਿਹਾਰ ਦਿਖਾਏ ਗਏ, ਭਾਵੇਂ ਕਿ ਇਨ੍ਹਾਂ ਵਿੱਚੋਂ ਕੁਝ ਨੂੰ ਕਈ ਅਕਾਊਂਟਾਂ ਦੁਆਰਾ ਸਾਂਝਾ ਕੀਤਾ ਗਿਆ ਸੀ। ਉਸ ਫਰਜ਼ੀ ਅਕਾਊਂਟ ਨੂੰ ਬਾਲਗ ਪੋਰਨੋਗ੍ਰਾਫੀ ਵਾਲੇ 20 ਦੇ ਕਰੀਬ ਇਸ਼ਤਿਹਾਰ ਵੀ ਦਿਖਾਏ ਗਏ।



ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਅਤੇ ਬਾਲਗ ਪੋਰਨੋਗ੍ਰਾਫੀ, ਦੋਵਾਂ ਨੂੰ ਵੰਡਣਾ ਇਕ ਫੌਜਦਾਰੀ ਅਪਰਾਧ ਹੈ ਅਤੇ ਮੈਟਾ ਦੀ ਨੀਤੀ ਕਹਿੰਦੀ ਹੈ ਕਿ ਇਸ਼ਤਿਹਾਰਾਂ ਵਿੱਚ ਬਾਲਗਾਂ ਦਾ ਨੰਗੇਜ਼, ਜਨਣ ਅੰਗਾਂ ਦਾ ਵਿਖਾਵਾ ਜਾਂ ਅਜਿਹੀ ਸਮੱਗਰੀ ਨਹੀਂ ਹੋਣੀ ਚਾਹੀਦੀ ਜਿਹੜੀ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਦੀ ਹੋਵੇ ਜਾਂ ਉਹਨਾਂ ਨੂੰ ਖਤਰੇ ਵਿੱਚ ਪਾਉਂਦੀ ਹੋਵੇ। ਬੀ ਬੀ ਸੀ ਨੇ ਇਹਨਾਂ ਸਾਰੇ ਇਸ਼ਤਿਹਾਰਾਂ ਅਤੇ ਟੈਲੀਗ੍ਰਾਮ ਉਤਲੀਆਂ ਚੈਨਲਾਂ ਬਾਰੇ ਭਾਰਤੀ ਅਧਿਕਾਰੀਆਂ ਕੋਲ ਰਿਪੋਰਟ ਕੀਤੀ ਹੈ।

ਇੱਕ ਇਸ਼ਤਿਹਾਰ ਵਿੱਚ ਤਕਰੀਬਨ 12 ਸਾਲ ਦੀ ਉਮਰ ਦੇ ਦਿਖਾਈ ਦਿੰਦੇ ਇੱਕ ਮੁੰਡੇ ਅਤੇ ਇੱਕ ਕੁੜੀ ਨੂੰ ਸੈਕਸ ਕਰਦੇ ਦਿਖਾਇਆ ਗਿਆ ਸੀ। ਇੱਕ ਹੋਰ ਇਸ਼ਤਿਹਾਰ ਵਿੱਚ ਇਕ ਆਦਮੀ ਨੇ ਇਕ ਕੁੜੀ ਨੂੰ ਬਾਹਾਂ ਵਿੱਚ ਲਿਆ ਹੋਇਆ ਸੀ, ਅਤੇ ਇਸ ਬਾਰੇ ਲਿਖਿਆ ਸੀ ਕਿ ਮਰਦ ਦੀ ਉਮਰ 52 ਸਾਲ ਹੈ ਅਤੇ ਕੁੜੀ ਦੀ 12 ਸਾਲ। ਫਿਰ ਲਿਖਿਆ ਸੀ ‘ਹੋਰ ਦੇਖਣ ਲਈ ਕਲਿੱਕ ਕਰੋ’ ਅਤੇ ਇਹ ਲਿੰਕ ਇਕ ਟੈਲੀਗ੍ਰਾਮ ਦੀ ਚੈਨਲ ਨਾਲ ਜੁੜਿਆ ਹੋਇਆ ਸੀ।

ਬੀ ਬੀ ਸੀ ਨੇ ਇੰਸਟਾਗ੍ਰਾਮ ਨੂੰ ਇੱਕ ਇਸ਼ਤਿਹਾਰ ਬਾਰੇ ਰਿਪੋਰਟ ਕੀਤੀ ਜਿਸ ਵਿੱਚ ਇੱਕ ਬਹੁਤ ਛੋਟੀ ਕੁੜੀ ਨੂੰ ਰੋਂਦੀ ਦਿਖਾਇਆ ਗਿਆ ਸੀ, ਅਤੇ ਲਿਖਿਆ ਹੋਇਆ ਸੀ ਕਿ ਉਸ ’ਤੇ ਜਿਨਸੀ ਹਮਲਾ ਕੀਤਾ ਗਿਆ ਸੀ। 24 ਘੰਟਿਆਂ ਬਾਅਦ, ਇੰਸਟਾਗ੍ਰਾਮ ਨੇ ਜਵਾਬ ਦਿੱਤਾ ਕਿ ਉਹਨਾਂ ਨੇ ਇਸ਼ਤਿਹਾਰ ਨੂੰ ਨਹੀਂ ਹਟਾਇਆ ਕਿਉਂਕਿ ‘ਸਾਡੀ ਰਿਵੀਊ ਟੀਮ ਅਨੁਸਾਰ ਇਸ਼ਤਿਹਾਰ ਦੇਣ ਵਾਲੇ ਦਾ ਇਸ਼ਤਿਹਾਰ ਸਾਡੇ ਕਮਿਊਨਿਟੀ ਦੇ ਮਾਪਦੰਡਾਂ ਦੇ ਵਿਰੁੱਧ ਨਹੀਂ ਜਾਂਦਾ’।

ਬਾਅਦ ਵਿੱਚ ਮੈਟਾ ਨੇ ਬੀ ਬੀ ਸੀ ਨੂੰ ਦੱਸਿਆ ਕਿ ‘ਕੋਈ ਵੀ ਸਿਸਟਮ ਸੰਪੂਰਨ ਨਹੀਂ ਹੁੰਦਾ ਅਤੇ ਸਾਡੀ ਰਿਵੀਊ ਦੇ ਅਮਲ ਦੀ ਨੀਤੀ ਸਾਰੀਆਂ ਉਲੰਘਣਾਵਾਂ ਦਾ ਪਤਾ ਨਹੀਂ ਲਗਾ ਸਕਦੀ। ਅਸੀਂ ਇਸ਼ਤਿਹਾਰਾਂ ਦੇ ਲਾਈਵ ਹੋਣ ਤੋਂ ਬਾਅਦ ਉਨ੍ਹਾਂ ’ਤੇ ਡਿਟੈਕਸ਼ਨ ਤਕਨਾਲੋਜੀ (ਉਲੰਘਣਾਵਾਂ ਦਾ ਪਤਾ ਲਾਉਣ ਵਾਲੀ ਤਕਨਾਲੌਜੀ) ਵਰਤਦੇ ਰਹਿੰਦੇ ਹਾਂ ਅਤੇ ਕੋਈ ਵੀ ਵਿਅਕਤੀ ਸਾਨੂੰ ਅਜਿਹੇ ਇਸ਼ਤਿਹਾਰ ਬਾਰੇ ਰਿਪੋਰਟ ਕਰ ਸਕਦਾ ਹੈ ਜਿਸ ਬਾਰੇ ਉਹ ਸੋਚਦਾ ਹੈ ਕਿ ਉਹ (ਇਸ਼ਤਿਹਾਰ) ਸਾਡੇ ਨਿਯਮਾਂ ਦੀ ਉਲੰਘਣਾ ਕਰਦਾ ਹੈ।’

ਇਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜਦੋਂ ਇਸ ਨੂੰ ਬੱਚਿਆਂ ਦੇ ਸਪਸ਼ਟ ਸ਼ੋਸ਼ਣ ਦਾ ਪਤਾ ਲੱਗਦਾ ਹੈ, ਤਾਂ ਇਹ ਕਾਨੂੰਨ ਦੀ ਪਾਲਣਾ ਕਰਦਿਆਂ ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲਾਇਟਿਡ ਚਿਲਡਰਨ ਭਾਵ ਗੁਆਚੇ ਅਤੇ ਸ਼ੋਸ਼ਿਤ ਬੱਚਿਆਂ ਲਈ ਰਾਸ਼ਟਰੀ ਕੇਂਦਰ (ਐਨ ਸੀ ਐਮ ਈ ਸੀ) ਕੋਲ ਇਸ ਦੀ ਰਿਪੋਰਟ ਕਰਦਾ ਹੈ। ਐਨ ਸੀ ਐਮ ਈ ਸੀ ਬੱਚਿਆਂ ਦੇ ਔਨਲਾਈਨ ਜਿਨਸੀ ਸ਼ੋਸ਼ਣ ਬਾਰੇ ਰਿਪੋਰਟ ਕਰਨ ਲਈ ਵਿਸ਼ਵ ਪੱਧਰ ਦਾ ਇਕ ਕੇਂਦਰੀ ਪ੍ਰਬੰਧ ਹੈ।

ਅਸੀਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀਆਂ ਵੀਡੀਓਜ਼ ਵੇਚਣ ਵਾਲੀਆਂ ਦੋ ਚੈਨਲਾਂ ਦੀ ਟੈਲੀਗ੍ਰਾਮ ਕੋਲ ਰਿਪੋਰਟ ਕੀਤੀ। ਉਨ੍ਹਾਂ ਵਿੱਚੋਂ ਇੱਕ ਨੂੰ ਤੁਰੰਤ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ’ਤੇ ਇੱਕ ਸੁਨੇਹਾ ਆਉਣ ਲੱਗਾ ਜਿਸ ਵਿੱਚ ਕਿਹਾ ਗਿਆ ਸੀ: ‘ਇਸ ਗਰੁੱਪ ਨੂੰ ਦਿਖਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਨੇ ਟੈਲੀਗ੍ਰਾਮ ਦੀ ਸੇਵਾ ਦੀਆਂ ਸ਼ਰਤਾਂ (ਟਰਮਜ਼ ਆਫ ਸਰਵਿਸ) ਦੀ ਉਲੰਘਣਾ ਕੀਤੀ ਹੈ।÷ ਦੂਜਾ ਚੈਨਲ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਵੇਚਣ ਲਈ ਨਵੀਆਂ ਵੀਡੀਓਜ਼ ਪੋਸਟ ਕਰਦਾ ਰਿਹਾ, ਫਿਰ ਉਸ ਨੂੰ ਵੀ ਹਟਾ ਦਿੱਤਾ ਗਿਆ।

ਆਲੋਚਕਾਂ ਨੇ ਪਹਿਲਾਂ ਵੀ ਇਸ ਪਲੇਟਫਾਰਮ ’ਤੇ ਦੋਸ਼ ਲਾਇਆ ਸੀ ਕਿ ਇਹ ਅਪਰਾਧਕ ਸਮੱਗਰੀ ਨੂੰ ਸਾਂਝੀ ਕੀਤੀ ਜਾਣ ਤੋਂ ਰੋਕਣ ਲਈ ਲੋੜੀਂਦੇ ਉਪਰਾਲੇ ਨਹੀਂ ਕਰਦਾ।

ਦੁਬਈ-ਸਥਿੱਤ ਇਹ ਕੰਪਨੀ ਐਨ ਸੀ ਐਮ ਈ ਸੀ ਦੀ ਮੈਂਬਰ ਨਹੀਂ ਹੈ। ਇਹ 2024 ਦੇ ਅਖੀਰ ਵਿੱਚ ਇੰਟਰਨੈੱਟ ਵਾਚ ਫਾਊਂਡੇਸ਼ਨ ਵਿੱਚ ਸ਼ਾਮਲ ਹੋਈ ਸੀ, ਜਿਹੜੀ ਅਜਿਹੀ ਸਮੱਗਰੀ ਨੂੰ ਲੱਭਣ, ਰਿਪੋਰਟ ਕਰਨ ਅਤੇ ਹਟਾਉਣ ਲਈ ਬਹੁਤੇ ਆਨਲਾਈਨ ਪਲੇਟਫਾਰਮਾਂ ਨਾਲ ਕੰਮ ਕਰਦੀ ਹੈ।

ਟੈਲੀਗ੍ਰਾਮ ਨੇ ਬੀ ਬੀ ਸੀ ਨੂੰ ਦੱਸਿਆ ਕਿ ਕੰਪਨੀ ਐਪ ਤੋਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਸਮੱਗਰੀ (ਚਾਇਲਡ ਸੈਕਸੁਅਲ ਅਬਿਊਜ਼ ਮਟੀਰੀਅਲ) ਨੂੰ ਖਤਮ ਕਰਨ ਲਈ ਆਟੋਮੇਟਿਡ (ਸਵੈਚਾਲਿਤ) ਅਤੇ ਮਨੁੱਖੀ, ਦੋਵੇਂ ਤਰ੍ਹਾਂ ਦੀ ਨਿਗਰਾਨੀ ਦੀ ਵਰਤੋਂ ਕਰਦੀ ਹੈ ਅਤੇ ਇਸ ਦੇ ਨਤੀਜੇ ਵਜੋਂ ਉਸ ਨੇ ‘ਆਪਣੇ ਪਲੇਟਫਾਰਮ ਤੋਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਸਮੱਗਰੀ ਦੇ ਜਨਤਕ ਪ੍ਰਸਾਰ ਨੂੰ ਤਕਰੀਬਰ ਤਕਰੀਬਨ ਮੁਕੰਮਲ ਤੌਰ ’ਤੇ ਖਤਮ ਕਰ ਦਿੱਤਾ ਹੈ’।

ਇਸ਼ਤਿਹਾਰ ਮੈਟਾ ਲਈ ਆਮਦਨੀ ਦਾ ਇੱਕ ਮਹੱਤਵਪੂਰਨ ਸ੍ਰੋਤ ਹਨ। ਇਸ ਨੇ ਜਨਵਰੀ ਵਿੱਚ ਰਿਪੋਰਟ ਕੀਤਾ ਸੀ ਕਿ 2025 ਵਿੱਚ ਖਤਮ ਹੋਣ ਵਾਲੇ ਵਿੱਤੀ ਸਾਲ ਲਈ ਇਸ ਦੀ 200 ਅਰਬ (ਬਿਲੀਅਨ) ਡਾਲਰ (152 ਅਰਬ ਬਿਲੀਅਨ ਪੌਂਡ) ਦੀ ਆਮਦਨ ਵਿੱਚੋਂ ਲਗਭਗ 98% ਆਮਦਨ ਇਸ਼ਤਿਹਾਰਾਂ ਤੋਂ ਆਈ ਸੀ। ਵਿਸ਼ਲੇਸ਼ਕਾਂ ਦਾ ਅੰਦਾਜ਼ਾ ਹੈ ਕਿ ਇੰਸਟਾਗ੍ਰਾਮ ਦੀ ਆਮਦਨ ਦਾ 90% ਤੋਂ ਵੱਧ ਹਿੱਸਾ ਇਸ਼ਤਿਹਾਰਾਂ ਤੋਂ ਆਉਂਦਾ ਹੈ।

ਜਦੋਂ ਕਿ ਆਮ ਪੋਸਟਾਂ ਨੂੰ ਆਮ ਤੌਰ ’ਤੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਮੈਟਾ ਦੀ ਤਕਨਾਲੋਜੀ ਵਲੋਂ ਚੈੱਕ ਨਹੀਂ ਕੀਤਾ ਜਾਂਦਾ, ਪਰ ਮੈਟਾ ਦਾ ਕਹਿਣਾ ਹੈ ਕਿ ਹਰੇਕ ਇਸ਼ਤਿਹਾਰ ਨੂੰ ਉਸ ਦੇ ਪਲੇਟਫਾਰਮਾਂ ’ਤੇ ਪਾਏ ਜਾਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਰਿਵੀਊ ਕੀਤਾ ਜਾਂਦਾ ਹੈ। ਇਸ ਦਾ ਰਿਵੀਊ ਕਰਨ ਵਾਲਾ ਪ੍ਰਬੰਧ ਮੁੱਖ ਤੌਰ ’ਤੇ ਆਟੋਮੇਟਿਡ (ਸਵੈਚਾਲਿਤ) ਤਕਨਾਲੋਜੀ ’ਤੇ ਨਿਰਭਰ ਕਰਦਾ ਹੈ ਅਤੇ ਇਹ ਚਿੱਤਰਾਂ, ਵੀਡੀਓ, ਲਿਖਤ ਅਤੇ ਆਡੀਓ ਦੇ ਨਾਲ-ਨਾਲ ਇਹ ਵੀ ਚੈੱਕ ਕਰਨ ਲਈ ਤਿਆਰ ਕੀਤਾ ਗਿਆ ਹੈ ਕਿ ਇਸ਼ਤਿਹਾਰ ਕਿਸ ਵੱਲ ਸੇਧਿਤ ਹੈ ਅਤੇ ਲਿੰਕ ਵਰਤੋਂਕਾਰਾਂ ਨੂੰ ਕਿੱਥੇ ਭੇਜਦੇ ਹਨ। ਇਹ ਸੌਫਟਵੇਅਰ ਫਿਰ ਇਸ਼ਤਿਹਾਰਾਂ ਨੂੰ ਰੱਦ ਜਾਂ ਮਨਜ਼ੂਰ ਕਰਦਾ ਹੈ ਅਤੇ ਜਦੋਂ ਇਹ ਸਪਸ਼ਟ ਨਹੀਂ ਹੁੰਦਾ ਤਾਂ ਮਾਮਲਿਆਂ ਨੂੰ ਮਨੁੱਖੀ ਰਿਵੀਊ ਲਈ ਅੱਗੇ ਭੇਜ ਦਿੰਦਾ ਹੈ।

ਮਾਰਚ ਵਿੱਚ, ਮੈਟਾ ਨੇ ਐਲਾਨ ਕੀਤਾ ਸੀ ਕਿ ਉਹ ਥਰਡ-ਪਾਰਟੀ (ਤੀਜੀ-ਧਿਰ) ਦੇ ਮਨੁੱਖੀ ਮਾਡਰੇਟਰਾਂ ’ਤੇ ਆਪਣੀ ਨਿਰਭਰਤਾ ਨੂੰ ਘਟਾ ਰਿਹਾ ਹੈ ਅਤੇ ਆਰਟੀਫਿਸ਼ਲ ਇਨਟੈਲੀਜੈਂਸ (ਏ ਆਈ) ਦੀ ਵਰਤੋਂ ਵਧਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ÷ਮਾਹਰ ਸਾਡੇ ਏ ਆਈ ਸਿਸਟਮਾਂ ਨੂੰ ਡਿਜ਼ਾਈਨ ਕਰਨਗੇ, ਸਿਖਲਾਈ ਦੇਣਗੇ, ਨਿਗਰਾਨੀ ਕਰਨਗੇ ਅਤੇ ਉਨ੍ਹਾਂ ਦਾ ਮੁਲਾਂਕਣ ਕਰਨਗੇ।’

ਬੀ ਬੀ ਸੀ ਨੇ ਭਾਰਤ ਦੀ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ, ਮਦਨ ਲੋਕੁਰ ਨੂੰ ਉਹਨਾਂ ਇਸ਼ਤਿਹਾਰਾਂ ਬਾਰੇ ਦੱਸਿਆ ਜੋ ਅਸੀਂ ਵੇਖੇ ਸਨ। ਉਹ ਇਸ ਬਾਰੇ ਚਿੰਤਤ ਸੀ ਕਿ ਇੰਸਟਾਗ੍ਰਾਮ ‘ਇੱਕ ਅਪਰਾਧਕ ਗਤੀਵਿਧੀ ਵਿੱਚ ਹਿੱਸਾ ਲੈ ਕੇ ਪੈਸਾ ਕਮਾ ਰਿਹਾ ਹੈ’।

ਉਸ ਦਾ ਕਹਿਣਾ ਹੈ, ‘ਇਹ ਭਾਰਤ ਦੀ ਸੁਪਰੀਮ ਕੋਰਟ ਲਈ ਸੁਓ ਮੋਟੋ (ਜਦੋਂ ਅਦਾਲਤ ਕਿਸੇ ਹੋਰ ਵੱਲੋਂ ਮੁਕੱਦਮਾ ਲਿਆਂਦੇ ਜਾਣ ਦੀ ਉਡੀਕ ਕੀਤੇ ਬਿਨਾਂ ਕਾਨੂੰਨੀ ਕਾਰਵਾਈ ਸ਼ੁਰੂ ਕਰਦੀ ਹੈ) ਨੋਟਿਸ ਲੈਣ ਅਤੇ ਸਰਕਾਰ ਨੂੰ ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ ਦੇ ਵਿਰੁੱਧ ਕਾਰਵਾਈ ਕਰਨ ਲਈ ਕਾਫ਼ੀ ਗੰਭੀਰ ਮੁੱਦਾ ਹੈ।’ ਜੱਜ ਲੋਕੁਰ ਨੇ ਅੱਗੇ ਕਿਹਾ ਕਿ ਭਾਵੇਂ ਭਾਰਤੀ ਕਾਨੂੰਨ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਮੱਗਰੀ ਅਪਲੋਡ ਕਰਨ ਵਾਲਿਆਂ ਵਲੋਂ ਅਪਲੋਡ ਕੀਤੀ ਸਮੱਗਰੀ ਲਈ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਚਾਉਂਦਾ ਹੈ, ਫਿਰ ਵੀ ‘ਪਲੇਟਫਾਰਮ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਨਹੀਂ ਮੋੜ ਸਕਦਾ’।

ਫੇਸਬੁੱਕ (ਜਿਸ ਨਾਂ ਨਾਲ ਮੈਟਾ ਨੂੰ 2021 ਵਿੱਚ ਆਪਣਾ ਨਾਮ ਬਦਲਣ ਤੋਂ ਪਹਿਲਾਂ ਜਾਣਿਆ ਜਾਂਦਾ ਸੀ) ਦੇ ਇੱਕ ਸਾਬਕਾ ਵਾਈਸ-ਪ੍ਰੈਜ਼ੀਡੈਂਟ ਨੇ ਕਿਹਾ ਕਿ ਉਹ ਬੀ ਬੀ ਸੀ ਦੇ ਖੁਲਾਸਿਆਂ ਤੋਂ ‘ਬੇਹੱਦ ਪ੍ਰੇਸ਼ਾਨ ਹੈ, ਪਰ ਹੈਰਾਨ ਬਿਲਕੁਲ ਨਹੀਂ।’

ਕੰਪਨੀ ਲਈ 2009 ਤੋਂ 2020 ਦਰਮਿਆਨ ਕੰਮ ਕਰਨ ਵਾਲੇ ਅਤੇ ਇਸ ਦੇ ਐਡਵਰਟਾਈਜ਼ਿੰਗ ਅਤੇ ਮਾਰਕੀਟਿੰਗ ਦੇ ਕਾਰੋਬਾਰ ਨੂੰ ਖੜ੍ਹਾ ਕਰਨ ਵਿੱਚ ਮਦਦ ਕਰਨ ਵਾਲੇ ਬ੍ਰਾਇਨ ਬੋਲੈਂਡ ਨੇ ਦੱਸਿਆ ਕਿ ਉਸ ਨੇ ਕੰਪਨੀ ਇਸ ਲਈ ਛੱਡੀ ਸੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ ‘ਉਹ (ਕੰਪਨੀ) ਕਿਤੇ ਵੀ ਆਪਣੇ ਵਰਤੋਂਕਾਰਾਂ ਦੀ ਪ੍ਰਵਾਹ ਨਹੀਂ ਕਰਦੀ ਸੀ।’

ਉਸ ਨੇ ਕਿਹਾ ਕਿ ਇੰਸਟਾਗ੍ਰਾਮ ਦਾ ਐਲਗੋਰਿਦਮ ਵਰਤੋਂਕਾਰਾਂ ਨੂੰ ‘ਕੁੱਝ ਜ਼ਿਆਦਾ ਸਨਸਨੀਖੇਜ਼ ਅਤੇ ਲੁਭਾਊ ਦਿਖਾ ਕੇ’ ਪਲੇਟਫਾਰਮ ’ਤੇ ਟਿਕਾਏ ਰੱਖਣ ਲਈ ਤਿਆਰ ਕੀਤਾ ਗਿਆ ਸੀ। ‘ਇਹ ਇਸ ਤਰ੍ਹਾਂ ਨਹੀਂ ਕਿ ਐਲਗੋਰਿਦਮ ਕਹਿੰਦਾ ਹੈ ‘ਆਓ ਲੋਕਾਂ ਨੂੰ ਪੀਡੋਫਾਈਲ (ਬੱਚਿਆਂ ਨਾਲ ਲਿੰਗਕ ਸੰਬੰਧ ਬਣਾਉਣ ਦੇ ਇੱਛਕ) ਬਣਾਈਏ’ ਪਰ ਕਿਉਂਕਿ ਉਹ ਇਸ ਨੂੰ ਜ਼ਿੰਮੇਵਾਰੀ ਨਾਲ ਸੇਧ ਨਹੀਂ ਦੇ ਰਹੇ ਅਤੇ ਕੰਟਰੋਲ ਨਹੀਂ ਕਰ ਰਹੇ – ਅਤੇ ਸਿਰਫ਼ ਆਮਦਨ ਅਤੇ ਕਲਿੱਕਾਂ ਦੇ ਟੀਚਿਆਂ ਮਗਰ ਭੱਜ ਰਹੇ ਹਨ। ਜੇਕਰ ਲੋਕ ਇਹਨਾਂ ਸਿਸਟਮਾਂ ਦਾ ਸੱਚਮੁੱਚ, ਜ਼ੋਰਦਾਰ ਢੰਗ ਨਾਲ ਬਚਾਅ ਨਹੀਂ ਕਰ ਰਹੇ ਤਾਂ ਇਸ ਦੇ ਅਜਿਹੇ ਨਤੀਜੇ ਹੀ ਨਿਕਲਣਗੇ।’

ਬੋਲੈਂਡ ਨੇ ਕਿਹਾ ਕਿ 2009 ਅਤੇ 2010 ਦੇ ਵਿਚਕਾਰ ਉਸ ਨੇ ਅਜਿਹੇ ਇਸ਼ਤਿਾਰ ਹਟਾਉਣ ਲਈ ਇੱਕ ਪ੍ਰੋਜੈਕਟ ਦੀ ਅਗਵਾਈ ਕੀਤੀ ਸੀ ਜੋ ਵਰਤੋਂਕਾਰਾਂ ਨਾਲ ਧੋਖਾਧੜੀ ਕਰ ਰਹੇ ਸਨ, ਜਿਸ ਦਾ ਮਤਲਬ ਸੀ ਕਿ ਉਸ ਨੂੰ ‘ਉਸ ਸਮੇਂ, ਵਰਤੋਂਕਾਰਾਂ ਦੀ ਸੁਰੱਖਿਆ ਅਤੇ ਵਰਤੋਂਕਾਰਾਂ ਦੇ ਤਜਰਬੇ ਖਾਤਰ ਕੰਪਨੀ ਦੀ ਆਮਦਨ ਦਾ ਇੱਕ ਵੱਡਾ ਹਿੱਸਾ ਹਟਾਉਣ ਦੀ ਇਜਾਜ਼ਤ ਸੀ। ਮੇਰੇ ਖਿਆਲ ਵਿੱਚ ਦੁਖਦਾਈ ਅਤੇ ਤ੍ਰਾਸਦਿਕ ਗੱਲ ਇਹ ਹੈ ਕਿ ਸਮੇਂ ਦੇ ਨਾਲ, ਕਮਾਈ ਅਤੇ ਵਰਤੋਂਕਾਰ ਦੇ ਤਜਰਬੇ ਵਿਚਕਾਰ ਸਮਝੌਤਾ ਚਰਚਾ ਦਾ ਇਕ ਮੁੱਖ ਹਿੱਸਾ ਬਣ ਗਿਆ।’

ਉਸ ਦਾ ਕਹਿਣਾ ਹੈ ਕਿ ਉਸ ਨੇ 2025 ਵਿੱਚ ਆਪਣਾ ਇੰਸਟਾਗ੍ਰਾਮ ਦਾ ਖਾਤਾ ਬੰਦ ਕਰ ਦਿੱਤਾ ਸੀ। ਉਸ ਦੇ ਵਿਚਾਰ ਵਿੱਚ ਜੇਕਰ ਲੋਕ ਵੱਡੀ ਗਿਣਤੀ ਵਿੱਚ ਕਹਿਣ ਲੱਗ ਪੈਣ, ‘ਮੈਂ ਬਾਹਰ ਹਾਂ, ਮੇਰਾ ਇਸ ਨਾਲ ਸੰਬੰਧ ਖਤਮ ਹੋ ਗਿਆ ਹੈ, ਇਸ ਨੂੰ ਭੁੱਲ ਜਾਓ,’ ਤਾਂ ਕੰਪਨੀ ਧਿਆਨ ਦੇਵੇਗੀ।

ਬੀ ਬੀ ਸੀ ਨੂੰ ਭੇਜੇ ਇੱਕ ਬਿਆਨ ਵਿੱਚ, ਮੈਟਾ ਨੇ ਕਿਹਾ: ‘ਬੱਚਿਆਂ ਦਾ ਸ਼ੋਸ਼ਣ ਇੱਕ ਭਿਆਨਕ ਅਪਰਾਧ ਹੈ ਅਤੇ ਮੈਟਾ ਆਪਣੀਆਂ ਐਪਾਂ ’ਤੇ ਇਸ ਨਾਲ ਲੜਨ ਲਈ ਜ਼ੋਰਦਾਰ ਢੰਗ ਨਾਲ ਕੰਮ ਕਰਦਾ ਹੈ।’ ਉਹਨਾਂ ਅੱਗੇ ਕਿਹਾ ਕਿ ਇਹ ਸੁਝਾਅ ਦੇਣਾ ‘ਪੂਰੀ ਤਰ੍ਹਾਂ ਗਲਤ’ ਹੈ ਕਿ ਮੈਟਾ ਨੇ ਜਾਣਬੁੱਝ ਕੇ ਅਤੇ ਮਿੱਥ ਕੇ ਅਜਿਹੀ ਸਮੱਗਰੀ ਵਿੱਚ ਅਣਉਚਿਤ ਦਿਲਚਸਪੀ ਰੱਖਣ ਵਾਲੇ ਵਰਤੋਂਕਾਰਾਂ ਵੱਲ ਬੱਚਿਆਂ ਵਾਲੇ ਇਸ਼ਤਿਹਾਰ

ਭੇਜੇ ਸਨ।

ਕੰਪਨੀ ਨੇ ਕਮਾਈ ਨੂੰ ਸੁਰੱਖਿਆ ਨਾਲੋਂ ਤਰਜੀਹ ਦੇਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ 2025 ਵਿੱਚ ਉਹਨਾ ਨੇ 'ਸੰਭਾਵੀ ਤੌਰ 'ਤੇ ਸ਼ੱਕੀ ਵਤੀਰੇ ਦੇ ਕਾਫ਼ੀ ਸੰਕੇਤ' ਦਿਖਾਉਣ ਵਾਲੇ ਚਾਲੀ ਲੱਖ (ਚਾਰ ਮਿਲੀਅਨ) ਤੋਂ ਵੱਧ ਅਕਾਊਂਟਾਂ ਨੂੰ ਆਪਣੇ ਆਪ ਅਯੋਗ ਬਣਾ ਦਿੱਤਾ ਸੀ।

ਮੈਟਾ ਨੇ ਅੱਗੇ ਕਿਹਾ, 'ਜਦੋਂ ਕਿ ਦ੍ਰਿੜ ਅਪਰਾਧੀ ਫੜੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਸਾਡੀਆਂ ਮਾਹਰ ਟੀਮਾਂ ਸਾਡੇ ਸੁਰੱਖਿਆ ਉਪਾਵਾਂ ਨੂੰ ਸੁਧਾਰਨ ਲਈ ਲਗਾਤਾਰ ਕੰਮ ਕਰ ਰਹੀਆਂ ਹਨ, ਸ਼ੋਸ਼ਣਕਾਰੀਆਂ ਨੂੰ ਪੂਰੀ ਤਰ੍ਹਾਂ ਬਾਹਰ ਕੱਢਣ ਲਈ ਨਵੀਂ ਤਕਨਾਲੋਜੀ ਵਿਕਸਿਤ ਕਰ ਰਹੀਆਂ ਹਨ, ਉਲੰਘਣਾ ਕਰਨ ਵਾਲੀਆਂ ਵੈੱਬਸਾਈਟਾਂ ਦੇ ਲਿੰਕਾਂ ਨੂੰ ਬਲਾਕ ਕਰ ਰਹੀਆਂ ਹਨ, ਅਤੇ ਹੋਰ ਕੰਪਨੀਆਂ ਨਾਲ ਖੁਫੀਆ ਜਾਣਕਾਰੀ ਸਾਂਝੀ ਕਰ ਰਹੀਆਂ ਹਨ ਤਾਂ ਜੋ ਉਹ ਵੀ ਕਾਰਵਾਈ ਕਰ ਸਕਣ।'

ਇਸ ਸਾਲ ਦੇ ਸ਼ੁਰੂ ਵਿੱਚ ਬੋਲੈਂਡ ਨੇ ਅਮਰੀਕਾ ਦੇ ਸੂਬੇ ਨਿਊ ਮੈਕਸੀਕੋ ਵਿੱਚ ਇੱਕ ਮੁਕੱਦਮੇ ਵਿੱਚ ਮੈਟਾ ਦੇ ਵਿਰੁੱਧ ਗਵਾਹੀ ਦਿੱਤੀ ਸੀ, ਜਿਸ ਵਿੱਚ ਮੈਟਾ 'ਤੇ ਆਪਣੇ ਪਲੇਟਫਾਰਮਾਂ 'ਤੇ ਬੱਚਿਆਂ ਦੀ ਸੁਰੱਖਿਆ ਬਾਰੇ ਵਰਤੋਂਕਾਰਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ ਗਿਆ ਸੀ।

ਅਦਾਲਤ ਨੇ ਮੈਟਾ ਨੂੰ ਨਿਊ ਮੈਕਸੀਕੋ ਨੂੰ 37 ਕ੍ਰੋੜ 50 ਲੱਖ (375 ਮਿਲੀਅਨ) ਡਾਲਰ ਭਾਵ 27 ਕ੍ਰੋੜ 90 ਲੱਖ (279 ਮਿਲੀਅਨ) ਪੌਂਡ ਅਦਾ ਕਰਨ ਦਾ ਹੁਕਮ ਦਿੱਤਾ ਸੀ। ਉਸ ਸਮੇਂ, ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ ਸੀ ਕਿ ਉਹ ਫੈਸਲੇ ਨਾਲ ਸਹਿਮਤ ਨਹੀਂ ਸਨ ਅਤੇ ਅਪੀਲ ਕਰਨ ਦਾ ਇਰਾਦੇ ਰੱਖਦੇ ਸਨ।

ਅਮਰੀਕਾ-ਅਧਾਰਤ ਸੋਸ਼ਲ ਮੀਡੀਆ ਕੰਪਨੀਆਂ ਲਈ ਆਪਣੇ ਪਲੇਟਫਾਰਮ 'ਤੇ ਬੱਚਿਆਂ ਦੀ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਬਾਰੇ ਐਨ ਸੀ ਐਮ ਈ ਸੀ (ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲਾਇਟਿਡ ਚਿਲਡਰਨ) ਦੀ ਸਾਇਬਰ ਟਿੱਪ-ਲਾਈਨ 'ਤੇ ਰਿਪੋਰਟ ਕਰਨਾ ਲਾਜ਼ਮੀ ਹੈ। ਫਿਰ ਟਿਪਲਾਈਨ ਰਿਪੋਰਟ ਨੂੰ ਉਸ ਦੇਸ਼ ਦੀ ਕਾਨੂੰਨ ਲਾਗੂ ਕਰਨ ਵਾਲੀ ਢੁਕਵੀਂ ਏਜੰਸੀ ਨੂੰ ਭੇਜ ਦਿੰਦੀ ਹੈ ਜਿੱਥੇ ਉਸ ਨੂੰ ਲੱਗਦਾ ਹੈ ਕਿ ਘਟਨਾ ਵਾਪਰੀ ਹੈ। 2025 ਵਿੱਚ ਭਾਰਤ ਨੂੰ 19 ਲੱਖ (1.9 ਮਿਲੀਅਨ) ਰਿਪੋਰਟਾਂ ਪ੍ਰਾਪਤ ਹੋਈਆਂ, ਜੋ ਕਿ 20 ਲੱਖ ਰਿਪੋਰਟਾਂ ਪ੍ਰਾਪਤ ਕਰਨ ਵਾਲੇ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ।

ਭਾਰਤ ਦੇ ਸੂਬੇ ਤੇਲੰਗਨਾ ਵਿੱਚ ਸਾਈਬਰ ਸੁਰੱਖਿਆ ਬਿਊਰੋ ਦੀ ਡਾਇਰੈਕਟਰ, ਭਾਰਤ ਦੇ ਚੋਟੀ ਦੇ ਸਾਈਬਰ ਪੁਲੀਸ ਅਧਿਕਾਰੀਆਂ ਵਿੱਚੋਂ ਇਕ, ਸਿਖਾ ਗੋਇਲ ਨੇ ਕਿਹਾ ਕਿ ਸਭ ਤੋਂ ਵੱਧ ਟਿੱਪਾਂ ਇੰਸਟਾਗ੍ਰਾਮ ਅਤੇ ਫੇਸਬੁੱਕ ਤੋਂ ਆਉਂਦੀਆਂ ਹਨ, ਜਿਹੜੀਆਂ ਦੋਵੇਂ ਮੈਟਾ ਦੀ ਮਲਕੀਅਤ ਹਨ। ਉਸ ਨੇ ਅਗਾਂਹ ਕਿਹਾ 'ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਭ ਤੋਂ ਵੱਡੇ ਹਨ। ਜੇਕਰ ਉਨ੍ਹਾਂ ਕੋਲ ਬੱਚਿਆਂ ਦੀ ਜਿਨਸੀ ਸ਼ੋਸ਼ਣ ਸਮੱਗਰੀ ਨੂੰ ਟਰੈਕ ਕਰਨ ਲਈ ਇੱਕ ਚੰਗੀ ਐਲਗੋਰਿਦਮ ਹੈ, ਤਾਂ ਸਪੱਸ਼ਟ ਤੌਰ 'ਤੇ ਉਹਨਾਂ ਵਲੋਂ ਵਧੇਰੇ ਚੇਤਾਵਨੀਆਂ ਆਉਣਗੀਆਂ।'

ਆਨਲਾਈਨ ਨੁਕਸਾਨ ਦਾ ਸਾਹਮਣਾ ਕਰ ਰਹੇ ਬੱਚਿਆਂ ਲਈ ਹੈਲਪਲਾਈਨ ਦੀ ਸੇਵਾ ਚਲਾਉਣ ਵਾਲੀ ਇਕ ਮੁੰਬਈ-ਅਧਾਰਤ ਐੱਨ ਜੀ ਓ, ਰਾਤੀ ਫਾਊਂਡੇਸ਼ਨ ਨੇ ਵੀ ਦੱਸਿਆ ਕਿ ਬੱਚਿਆਂ ਦੀ ਜਿਨਸੀ ਸ਼ੋਸ਼ਣ ਸਮੱਗਰੀ ਬਾਰੇ ਉਸ ਨੂੰ ਪ੍ਰਾਪਤ ਹੋਣ ਵਾਲੀਆਂ ਰਿਪੋਰਟਾਂ ਦਾ ਵੱਡਾ ਹਿੱਸਾ ਮੈਟਾ ਦੇ ਪਲੇਟਫਾਰਮਾਂ ਤੋਂ ਆਉਂਦਾ ਹੈ। ਇਹ ਐੱਨ ਜੀ ਓ ਨੁਕਸਾਨਦਾਇਕ ਸਮੱਗਰੀ ਨੂੰ ਹਟਾਉਣ ਵਿੱਚ ਮਦਦ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਨਾਲ ਸਹਿਯੋਗ ਕਰਦੀ ਹੈ, ਪਰ ਇਸ ਦੇ ਸਹਿ-ਸੰਸਥਾਪਕ ਅਤੇ ਡਾਇਰੈਕਟਰ ਸਿਧਾਰਥ ਪਿਲਾਈ ਨੇ ਕਿਹਾ ਕਿ 'ਅਪਰਾਧੀ ਸਾਡੇ ਨਿਗਰਾਨੀ ਦੇ ਯਤਨਾਂ ਤੋਂ ਬਚਣ ਲਈ ਇੰਸਟਾਗ੍ਰਾਮ ਤੋਂ ਟੈਲੀਗ੍ਰਾਮ ਤੱਕ ਨਿਰਵਿਘਨ ਸਫਰ ਕਰਦੇ ਹਨ ਅਤੇ ਅਸੀਂ ਜਿਸ ਸਮੱਗਰੀ ਨੂੰ ਹਟਾਉਣ ਵਿੱਚ ਮਦਦ ਕਰਦੇ ਹਾਂ ਉਹ ਉਸ ਨੂੰ ਮੁੜ ਅਪਲੋਡ ਕਰਦੇ ਰਹਿੰਦੇ ਹਨ।'

ਮਾਹਰਾਂ ਨੇ ਦੱਸਿਆ ਕਿ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ ਆਮ ਤੌਰ 'ਤੇ ਅਪਰਾਧਕ ਗਰੁੱਪਾਂ ਵਲੋਂ ਬਣਾਈ ਜਾਂਦੀ ਹੈ, ਜਿਵੇਂ ਕਿ ਮਨੁੱਖੀ ਤਸਕਰੀ ਕਰਨ ਵਾਲਿਆਂ ਵਲੋਂ, ਭਾਵੇਂ ਕਿ ਕਈ ਵਾਰੀ ਇਸ ਲਈ ਪਰਿਵਾਰ ਅਤੇ ਕਮਿਊਨਿਟੀ ਦੇ ਮੈਂਬਰ ਵੀ ਜ਼ਿੰਮੇਵਾਰ ਹੁੰਦੇ ਹਨ।

ਭਾਰਤ ਵਿੱਚ ਬੱਚਿਆਂ ਦੇ ਵਿਰੁੱਧ ਹਿੰਸਾ ਨੂੰ ਰੋਕਣ ਲਈ ਕੰਮ ਕਰਨ ਵਾਲੀਆਂ 250 ਤੋਂ ਵੱਧ ਸੰਸਥਾਵਾਂ ਦੇ ਇੱਕ ਨੈੱਟਵਰਕ, ਜਸਟ ਰਾਈਟਸ ਫਾਰ ਚਿਲਡਰਨ ਦੇ ਸੰਸਥਾਪਕ ਭੁਵਨ ਰਿਭੂ ਨੇ ਕਿਹਾ ਕਿ ਇਸ ਅਪਰਾਧ ਦੀ ਕਾਫ਼ੀ ਰਿਪੋਰਟ ਨਹੀਂ ਹੁੰਦੀ ਅਤੇ ਪੁਲੀਸ ਅਜੇ ਇਸ ਨਾਲ ਨਜਿੱਠਣ ਲਈ ਤਕਨੀਕੀ ਹੁਨਰ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਤੇ ਇਸ ਨੂੰ ਸਫਲਤਾਪੂਰਵਕ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਅਤੇ ਸਰਹੱਦਾਂ ਤੋਂ ਪਾਰ ਖੁਫੀਆ ਜਾਣਕਾਰੀ ਸਾਂਝੀ ਕਰਨਾ ਬਹੁਤ ਜ਼ਰੂਰੀ ਹੈ। 'ਜਥੇਬੰਦਕ ਅਪਰਾਧ ਦੇ ਜਾਲ ਨੂੰ ਲੱਭਣ ਲਈ, ਮੰਗ ਅਤੇ ਸਪਲਾਈ ਦੀ ਪੂਰੀ ਲੜੀ ਨੂੰ ਟਰੈਕ ਕੀਤਾ ਜਾਣਾ ਚਾਹੀਦਾ ਹੈ।'

## *ਵਿਗਿਆਨੀਆਂ ਅਨੁਸਾਰ ਸਾਡੇ ਧੂੰਏਂ ਵਾਲੇ ਅਸਮਾਨਾਂ ਦਾ ਇਕ ਹੀ ਹੱਲ ਹੈ*

# 'ਫੌਸਿਲ ਫਿਊਲ ਦੀ ਵਰਤੋਂ ਬੰਦ ਕਰਨਾ'

***ਕੈਨੇਡਾ ਵਿੱਚ ਲੱਗੀਆਂ ਜੰਗਲੀ ਅੱਗਾਂ ਦੇ ਸੰਬੰਧ ਵਿੱਚ ਇਹ ਰਿਪੋਰਟ ਸੀ ਬੀ ਸੀ ਦੇ ਆਨਲਾਈਨ ਸਾਈਟ 'ਤੇ 18 ਜੁਲਾਈ ਨੂੰ ਪ੍ਰਕਾਸ਼ਤ ਕੀਤੀ ਗਈ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ। -ਸੰਪਾਦਕ***

ਲੇਖਕ: ਇਨਾਇਤ ਸਿੰਘ
ਅਨੁਵਾਦ: ਸੁਖਵੰਤ ਹੁੰਦਲ



ਦੱਖਣੀ ਉਨਟਾਰੀਉ ਵਿੱਚ ਇਹ ਇੱਕ ਹੋਰ ਧੂੰਏਂ ਵਾਲੀ ਗਰਮੀ ਹੈ, ਅਤੇ ਟੋਰਾਂਟੋ ਵਿੱਚ ਅਤੇ ਇਸ ਦੇ ਆਲੇ-ਦੁਆਲੇ ਖਰਾਬ ਹਵਾ ਵਿੱਚ ਸਾਹ ਲੈਣ ਵਾਲੇ ਲੋਕ ਇੱਕ ਵਾਰ ਫਿਰ ਪੁੱਛ ਰਹੇ ਹਨ ਕਿ ਸਰਕਾਰਾਂ ਜੰਗਲੀ ਅੱਗਾਂ ਦੇ ਧੂੰਏਂ ਬਾਰੇ ਕੀ ਕਰ ਸਕਦੀਆਂ ਹਨ।

ਉਨਟਾਰੀਉ ਦੇ ਪ੍ਰੀਮੀਅਰ ਡੱਗ ਫੋਰਡ ਨੇ ਸੂਬੇ ਦੇ ਜੰਗਲੀ ਅੱਗਾਂ ਦੇ ਬਜਟ ਨੂੰ ਠੀਕ ਠਹਿਰਾਇਆ ਹੈ ਅਤੇ ਔਟਾਵਾ ਤੋਂ ਵਾਧੂ ਮਦਦ ਮੰਗੀ ਹੈ। ਅਮਰੀਕਾ ਵਿੱਚ ਕੁਝ ਰਿਪਬਲਿਕਨ ਸੰਸਦ ਮੈਂਬਰਾਂ ਨੇ ਵੀ ਮੰਗ ਕੀਤੀ ਹੈ ਕਿ ਕੈਨੇਡਾ ਸਰਹੱਦ ਪਾਰ ਧੂੰਏਂ ਨੂੰ ਆਉਣ ਤੋਂ ਰੋਕਣ ਲਈ ਹੋਰ ਕਦਮ ਚੁੱਕੇ।

ਪਰ ਮਾਹਿਰਾਂ ਦਾ ਕਹਿਣਾ ਹੈ ਕਿ ਸਿਆਸਤ ਇੱਕ ਕਰੂਰ ਹਕੀਕਤ ਨੂੰ ਛੁਪਾ ਸਕਦੀ ਹੈ: ਅੱਗ ਕੈਨੇਡਾ ਦੇ ਜੰਗਲਾਂ ਦਾ ਇੱਕ ਕੁਦਰਤੀ ਹਿੱਸਾ ਹੈ ਅਤੇ ਗਰਮ ਹੋ ਰਿਹਾ ਜਲਵਾਯੂ ਇਹਨਾਂ ਅੱਗਾਂ ਨੂੰ ਵਧੇਰੇ ਤੀਬਰ ਕਰ ਰਿਹਾ ਹੈ, ਬੁਝਾਉਣ ਦੇ ਕਾਰਜ ਨੂੰ ਮੁਸ਼ਕਲ ਬਣਾ ਰਿਹਾ ਹੈ ਅਤੇ ਪ੍ਰਮੁੱਖ ਸ਼ਹਿਰਾਂ ਵਿੱਚ ਧੂੰਆਂ ਪਹੁੰਚਣ ਦੀ ਸੰਭਾਵਨਾ ਵਿੱਚ ਵਾਧਾ ਕਰ ਰਿਹਾ ਹੈ।

ਟੋਰਾਂਟੋ ਯੂਨੀਵਰਸਿਟੀ ਦੇ ਜੰਗਲਾਤ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਪੈਟਰਿਕ ਜੇਮਜ਼ ਨੇ ਕਿਹਾ, 'ਇਸ ਵਿੱਚੋਂ ਬਹੁਤ ਕੁਝ ਪੂਰੀ ਤਰ੍ਹਾਂ ਅਚਾਨਕ ਵਾਪਰਨ ਵਾਲਾ ਨਹੀਂ ਹੈ। (ਪਰ) ਇਹ ਬਹੁਤ ਸਾਰੇ ਲੋਕਾਂ ਦੀ ਉਮੀਦ ਨਾਲੋਂ ਕਿਤੇ ਪਹਿਲਾਂ ਵਾਪਰ ਰਿਹਾ ਹੈ।'

'ਅਸੀਂ ਜੋ ਦੇਖ ਰਹੇ ਹਾਂ ਉਹ ਇਹ ਹੈ ਕਿ ਤਾਪਮਾਨ ਵਿੱਚ ਬਹੁਤ ਮਾਮੂਲੀ ਵਾਧੇ ਦੇ ਨਤੀਜੇ ਵਜੋਂ ਅੱਗਾਂ ਦੀ ਗਿਣਤੀ ਅਤੇ ਉਨ੍ਹਾਂ ਅੱਗਾਂ ਦੀ ਤੀਬਰਤਾ ਵਿੱਚ ਕਈ ਗੁਣਾ ਜ਼ਿਆਦਾ ਅਸਰ ਪੈ ਸਕਦਾ ਹੈ।'

ਦੱਖਣੀ ਉਨਟਾਰੀਉ ਦੇ ਕੁਝ ਹਿੱਸਿਆਂ ਨੂੰ ਸੰਤਰੀ ਰੰਗ ਵਿੱਚ ਬਦਲਣ ਵਾਲੇ ਧੂੰਏਂ ਵਾਲੇ ਅਸਮਾਨਾਂ ਦੇ ਪਿੱਛੇ ਇੱਕ ਜਲਵਾਯੂ ਪ੍ਰਣਾਲੀ ਹੈ ਜੋ ਲਗਾਤਾਰ ਪਹਿਲਾਂ ਅਨੁਮਾਨ ਨਾ ਲਾਏ ਜਾ ਸਕਣ ਵਾਲੇ (ਅਨਪ੍ਰੀਡਿਕਟੇਬਲ) ਤਰੀਕਿਆਂ ਨਾਲ ਕੰਮ ਕਰ ਰਹੀ ਹੈ। ਗਰਮ ਤਾਪਮਾਨ ਅਤੇ ਸੋਕੇ ਵਾਲੀਆਂ ਸਥਿਤੀਆਂ ਜੰਗਲਾਂ ਨੂੰ ਤੇਜ਼ੀ ਨਾਲ ਸੁਕਾ ਦਿੰਦੀਆਂ ਹਨ ਅਤੇ ਮੌਸਮ ਦੀਆਂ ਹਾਲਤਾਂ (ਪੈਟਰਨ) ਧੂੰਏਂ ਨੂੰ ਸੈਂਕੜੇ ਜਾਂ ਹਜ਼ਾਰਾਂ ਕਿਲੋਮੀਟਰ ਦੂਰ ਸ਼ਹਿਰਾਂ ਵਿੱਚ ਲਿਜਾ ਸਕਦੀਆਂ ਹਨ।

ਜੰਗਲੀ ਅੱਗਾਂ ਦਾ ਧੂੰਆਂ ਹਵਾ ਦੀਆਂ ਕੁਦਰਤੀ ਹਾਲਤਾਂ ਰਾਹੀਂ ਟੋਰਾਂਟੋ ਵਰਗੇ ਸ਼ਹਿਰਾਂ ਤੱਕ ਪਹੁੰਚ ਸਕਦਾ ਹੈ। ਇਸ ਵਾਰ, ਇੱਕ ਅਸਧਾਰਨ ਤੌਰ 'ਤੇ ਮਜ਼ਬੂਤ ਮੌਸਮ ਦੀ ਅਲ ਨੀਨੋ ਹਾਲਤ (ਪੈਟਰਨ) ਨੇ ਧੂੰਏਂ ਨੂੰ ਦੱਖਣੀ ਸ਼ਹਿਰਾਂ ਵੱਲ ਧੱਕਣ ਵਿੱਚ ਸੰਭਾਵਿਤ ਮਦਦ ਕੀਤੀ ਹੈ। ਹੋ ਸਕਦਾ ਹੈ ਕਿ ਜੁਲਾਈ ਦੇ ਸ਼ੁਰੂ ਵਿੱਚ ਰਿਕਾਰਡ ਤੋੜ ਤਾਪਮਾਨ ਲਿਆਉਣ ਵਾਲੇ ਹੀਟ ਡੋਮ ਨੇ ਵੀ ਸ਼ਾਇਦ ਧੂੰਏਂ ਨੂੰ ਰੋਕ ਲਿਆ ਹੋਵੇ ਅਤੇ ਇਸ ਨੂੰ ਜ਼ਿਆਦਾ ਦੇਰ ਤੱਕ ਰੋਕੀ ਰੱਖਿਆ ਹੋਵੇ।

ਮਿਸ਼ੀਗਨ ਯੂਨੀਵਰਸਿਟੀ ਵਿੱਚ ਡੀਨ ਅਤੇ ਜਲਵਾਯੂ ਵਿਗਿਆਨੀ (ਕਲਾਈਮੇਟ ਸਾਇੰਟਿਸਟ) ਜੌਨਾਥਨ ਓਵਰਪੈਕ ਨੇ ਕਿਹਾ, 'ਵਿਸ਼ਵਵਿਆਪੀ ਜਲਵਾਯੂ ਤਬਦੀਲੀ (ਗਲੋਬਲ ਕਲਾਈਮੇਟ ਚੇਂਜ) ਅਤੇ ਧਰਤੀ ਦੇ ਗਰਮ ਹੋਣ ਕਾਰਨ, ਅਤੀਤ ਦੇ ਮੁਕਾਬਲੇ ਬਨਸਪਤੀ ਬਹੁਤ ਜ਼ਿਆਦਾ ਸੁੱਕ ਰਹੀ ਹੈ, ਅਤੇ ਇਸ ਕਾਰਨ ਇਸ ਨੂੰ ਅੱਗ ਲੱਗਣ ਦਾ ਖਤਰਾ ਵੱਧ ਰਿਹਾ ਹੈ।'

ਕੈਨੇਡਾ ਗਲੋਬਲ ਔਸਤ ਨਾਲੋਂ ਕਿਤੇ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਦੇਸ਼ ਵਿਸ਼ਵ ਪੱਧਰ ਤੋਂ ਦੁੱਗਣੀ ਦਰ ਨਾਲ ਗਰਮ ਹੋ ਰਿਹਾ ਹੈ, ਜਦੋਂ ਕਿ ਕੈਨੇਡੀਅਨ ਆਰਕਟਿਕ ਵਿਸ਼ਵ ਪੱਧਰ ਦੀ ਦਰ ਤੋਂ ਲਗਭਗ ਚਾਰ ਗੁਣਾ ਦਰ ਨਾਲ ਗਰਮ ਹੋ ਰਿਹਾ ਹੈ, ਜਿਸ ਨਾਲ ਉੱਤਰੀ ਖੇਤਰਾਂ ਵਿੱਚ ਪਿਘਲ ਰਹੇ ਪਰਮਾਫਰੌਸਟਸ (ਕੋਈ ਵੀ ਅਜਿਹੀ ਜ਼ਮੀਨ ਜੋ ਜ਼ੀਰੋ ਡਿਗਰੀ ਸੈਂਟੀਗ੍ਰੇਡ ਤੋਂ ਹੇਠਾਂ ਦੇ ਤਾਪਮਾਨ ਵਿੱਚ ਘੱਟੋ ਘੱਟ ਦੋ ਸਾਲਾਂ ਲਈ ਜੰਮੀ ਰਹਿੰਦੀ ਹੈ-ਅਨੁਵਾਦਕ) ਬਾਰੇ ਚਿੰਤਾਵਾਂ ਵਧ ਰਹੀਆਂ ਹਨ।

ਇਹ ਕਾਰਬਨ ਨਾਲ ਭਰਪੂਰ ਮਿੱਟੀ ਨੂੰ ਨੰਗੀ ਕਰ ਸਕਦਾ ਹੈ, ਜੋ ਵਾਯੂਮੰਡਲ ਵਿੱਚ ਧਰਤੀ ਦੇ ਗਰਮ ਹੋਣ ਵਿੱਚ ਤੇਜ਼ੀ ਲਿਆਉਣ ਵਾਲੀਆਂ ਗ੍ਰੀਨ ਹਾਊਸ ਗੈਸਾਂ, ਕਾਰਬਨ ਡਾਈਆਕਸਾਈਡ ਅਤੇ ਮੀਥੇਨ ਛੱਡ ਸਕਦੀ ਹੈ।

ਓਵਰਪੈਕ ਨੇ ਕਿਹਾ, 'ਇਹ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਅਤੇ ਇਹ ਹੋਰ ਵੀ ਬਦਤਰ ਹੋ ਸਕਦਾ ਹੈ। ਅਤੇ ਪਰਮਾਫਰੌਸਟ ਅਤੇ ਆਰਕਟਿਕ ਮਹਾਂਸਾਗਰ ਦੇ ਘੱਟ ਡੂੰਘੇ ਸਮੁੰਦਰਾਂ ਵਿੱਚ ਵੱਡੀ ਮਾਤਰਾ ਵਿੱਚ ਕਾਰਬਨ ਜਮ੍ਹਾਂ ਹੈ।'

ਆਰਕਟਿਕ ਪਰਮਾਫਰੌਸਟ ਦੇ ਵਧੇਰੇ ਵਿਆਪਕ ਤੌਰ 'ਤੇ ਪਿਘਲਣ ਤੋਂ ਪਹਿਲਾਂ ਕਿੰਨੀ ਗਰਮੀ ਦੀ ਲੋੜ ਹੈ, ਇਸ ਬਾਰੇ ਅਜੇ ਵੀ ਵਿਗਿਆਨਕ ਅਨਿਸ਼ਚਿਤਤਾ ਹੈ, ਪਰ ਖੋਜ ਦਰਸਾਉਂਦੀ ਹੈ ਕਿ ਇਹ ਅਮਲ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

ਸਰਕਾਰਾਂ ਕੀ ਕਰ ਸਕਦੀਆਂ ਹਨ?

ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਅੱਗ ਬੁਝਾਉਣ ਦੇ ਹੋਰ ਵਸੀਲੇ ਜ਼ਰੂਰੀ ਹਨ।

ਗਵੈਲਫ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਤੇ ਜਲਵਾਯੂ ਵਿਗਿਆਨੀ ਜ਼ੀਵ ਗੇਡਾਲੋਫ ਨੇ ਕਿਹਾ, 'ਇਸ ਸਮੇਂ ਨੋਵਾ ਸਕੋਸ਼ੀਆ ਵਿੱਚ ਅੱਗ ਲੱਗੀ ਹੋਈ ਹੈ, ਬ੍ਰਿਟਿਸ਼ ਕੋਲੰਬੀਆ ਦੇ ਤਟਵਰਤੀ ਇਲਾਕਿਆਂ ਵਿੱਚ ਅੱਗ ਲੱਗੀ ਹੋਈ ਹੈ, ਅਤੇ ਦੂਰ ਉੱਤਰ ਵਿੱਚ ਵੀ ਅੱਗ ਲੱਗੀ ਹੋਈ ਹੈ।'

'ਇਸ ਲਈ ਅਸੀਂ ਵਸੀਲਿਆਂ ਨੂੰ ਇੱਧਰ-ਉੱਧਰ ਨਹੀਂ ਲਿਜਾ ਸਕਦੇ। ਅਸੀਂ ਪਹਿਲਾਂ ਹਵਾਈ ਜਹਾਜ਼ਾਂ, ਹੈਲੀਕੋਪਟਰਾਂ ਅਤੇ ਲੋਕਾਂ ਨੂੰ ਜੰਗਲੀ ਅੱਗਾਂ ਦੇ ਮੌਸਮ ਦੇ ਬਦਲਣ ਨਾਲ ਦੇਸ਼ ਭਰ ਵਿੱਚ ਇਕ ਥਾਂ ਤੋਂ ਦੂਜੀ ਥਾਂ 'ਤੇ ਤਬਦੀਲ ਕਰ ਲੈਂਦੇ ਸੀ।'

ਇਸ ਸਥਿਤੀ ਨੇ ਕੈਨੇਡਾ ਵਿੱਚ ਲੰਬੇ ਅਤੇ ਵਧੇਰੇ ਵਿਆਪਕ ਅੱਗ ਦੇ ਮੌਸਮਾਂ ਨਾਲ ਨਜਿੱਠਣ ਲਈ ਇੱਕ ਵਧੇਰੇ ਸਥਾਈ ਨੈਸ਼ਨਲ ਫਾਇਰਫਾਈਟਿੰਗ ਫੋਰਸ ਦੀ ਮੰਗ ਨੂੰ ਜਨਮ ਦਿੱਤਾ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਕਿ ਅੱਗ ਬੁਝਾਉਣ ਦੇ ਵਸੀਲੇ ਸਥਾਨਕ ਭਾਈਚਾਰਿਆਂ ਦੀ ਰੱਖਿਆ ਲਈ ਮਹੱਤਵਪੂਰਨ ਹਨ-ਜਿਨ੍ਹਾਂ ਵਿੱਚੋਂ ਕੁਝ ਇਸ ਸਾਲ ਉਨਟਾਰੀਉ ਦੀਆਂ ਅੱਗਾਂ ਵਿੱਚ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ-ਵੱਡੇ ਸ਼ਹਿਰਾਂ ਵੱਲ ਧੂੰਆਂ ਭੇਜਣ ਵਾਲੀ ਹਰ ਅੱਗ ਨੂੰ ਬੁਝਾਉਣਾ ਸੰਭਵ ਨਹੀਂ ਹੈ।

ਅਮਰੀਕਾ ਦੇ ਪ੍ਰਸਿੱਧ ਕਲਾਈਮੇਟ ਸਾਇੰਟਿਸਟ (ਜਲਵਾਯੂ ਵਿਗਿਆਨੀ) ਨੇ ਆਨਲਾਈਨ ਪਾਈ ਇਕ ਵਿਸਤ੍ਰਿਤ ਪੋਸਟ ਵਿੱਚ ਲਿਖਿਆ ਹੈ ਕਿ ਕੈਨੇਡਾ ਦੇ ਬੋਰੀਅਲ ਜੰਗਲਾਂ ਵਿੱਚ ਅੱਗ ਅਕਸਰ ਤੀਬਰ 'ਕ੍ਰਾਊਨ ਫਾਇਰ (ਦਰੱਖਤਾਂ ਦੇ ਉੱਪਰਲੇ ਸਿਰਿਆਂ 'ਤੇ ਲੱਗਣ ਵਾਲੀ ਅੱਗ)' ਵਜੋਂ ਬਲਦੀ ਹੈ, ਜਿੱਥੇ ਮਨੁੱਖੀ ਪ੍ਰਬੰਧ ਤੋਂ ਦੂਰ ਦੁਰਾਡੇ ਇਲਾਕਿਆਂ ਵਿੱਚ ਲਾਟਾਂ ਰੁੱਖਾਂ ਦੀਆਂ ਚੋਟੀਆਂ ਤੱਕ ਪਹੁੰਚ ਜਾਂਦੀਆਂ ਹਨ। ਬਹੁਤ ਸਾਰੀਆਂ ਅੱਗਾਂ ਨੂੰ ਬੁਝਾਉਣਾਂ ਮੁਮਕਿਨ ਨਹੀਂ ਹੁੰਦਾ ਕਿਉਂਕਿ ਉਹ ਬਹੁਤ ਦੂਰ ਅਤੇ ਤੀਬਰ ਹੁੰਦੀਆਂ ਹਨ।

ਹੌਸਫਾਦਰ ਨੇ ਅੱਗੇ ਲਿਖਿਆ, 'ਇਹ ਇੱਕ ਅਜਿਹਾ ਲੈਂਡਸਕੇਪ ਹੈ ਜੋ ਉਡੀਕ ਕਰਦਾ ਹੈ ਅਤੇ ਫਿਰ ਅਤਿ ਦੇ ਮੌਸਮ (ਐਸਕਟ੍ਰੀਮ ਵੈਧਰ) ਅਧੀਨ ਭਿਆਨਕ ਰੂਪ ਵਿੱਚ ਸੜਦਾ ਹੈ।'

ਅਜਿਹਾ ਹੋਣ ਦੇ ਬਾਵਜੂਦ ਮਿਸ਼ੀਗਨ ਦੇ ਰਿਪਬਲਿਕਨ ਕਾਨੂੰਨ ਘਾੜਿਆ ਦੇ ਇਕ ਗਰੁੱਪ ਨੇ ਕੈਨੇਡਾ ਤੋਂ ਧੂੰਏਂ ਨਾਲ ਨਜਿੱਠਣ ਲਈ ਹੋਰ ਕਦਮ ਚੁੱਕਣ ਦੀ ਮੰਗ ਕੀਤੀ ਹੈ-ਇਕ ਕਦਮ ਜੋ ਉਨ੍ਹਾਂ ਵਿੱਚੋਂ ਕੁਝ ਨੇ ਪਿਛਲੇ ਸਾਲ ਵੀ ਚੁੱਕਿਆ ਸੀ। ਓਹਾਇਓ ਦੇ ਇੱਕ ਰਿਪਬਲਿਕਨ ਅਮਰੀਕੀ ਸੈਨੇਟਰ ਨੇ ਕਿਹਾ ਹੈ ਕਿ ਉਹ ਧੂੰਏਂ ਨਾਲ ਨਿਪਟਣ ਵਿੱਚ ਅਸਫਲ ਰਹਿਣ ਲਈ ਜ਼ਿੰਮੇਵਾਰ ਮੰਨੇ ਜਾਣ ਵਾਲੇ ਕੈਨੇਡੀਅਨ ਅਧਿਕਾਰੀਆਂ 'ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ ਪੇਸ਼ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਉਹਨਾਂ ਵਿੱਚੋਂ ਕਿਸੇ ਵੀ ਕਾਨੂੰਨ ਘਾੜੇ ਨੇ ਜਲਵਾਯੂ ਵਿੱਚ ਤਬਦੀਲੀ (ਕਲਾਈਮੇਟ ਚੇਂਜ) ਜਾਂ ਫੌਸਿਲ ਫਿਊਲ (ਤੇਲ, ਗੈਸ, ਕੋਲਾ ਆਦਿ) ਦੀ ਵਰਤੋਂ ਦਾ ਜ਼ਿਕਰ ਨਹੀਂ ਕੀਤਾ। 2023 ਦੇ ਇੱਕ ਇਤਿਹਾਸਕ ਅਧਿਐਨ ਨੇ ਪੱਛਮੀ ਅਮਰੀਕਾ ਅਤੇ ਦੱਖਣ-ਪੱਛਮੀ ਕੈਨੇਡਾ ਦੇ ਜੰਗਲਾਂ ਵਿੱਚ ਵੱਧ ਰਹੀਆਂ ਜੰਗਲੀ ਅੱਗਾਂ ਨੂੰ ਦੁਨੀਆ ਦੀਆਂ ਫੌਸਿਲ ਫਿਊਲ ਦੀ ਸਭ ਤੋਂ ਵੱਡੀਆਂ 88 ਕੰਪਨੀਆਂ ਦੇ ਸਮੂਹ ਨਾਲ ਸਿੱਧਾ ਜੋੜਿਆ ਹੈ, ਜਿਹਨਾਂ ਵਿੱਚ ਅਮਰੀਕਾ ਦੀਆਂ ਕਈ ਵੱਡੀਆਂ ਤੇਲ ਕੰਪਨੀਆਂ ਵੀ ਸ਼ਾਮਲ ਹਨ।

ਓਵਰਪੈੱਕ ਦਾ ਕਹਿਣਾ ਹੈ, 'ਅਸੀਂ ਕਈ ਛੋਟੀਆਂ ਸਮੱਸਿਆਂ ਦੇ ਮੇਲ ਕਾਰਨ ਪੈਦਾ ਹੋਈ ਇਕ ਵੱਡੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ। ਅਤੇ ਇਸ ਨੂੰ ਹੱਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਫੌਸਿਲ ਫਿਊਲਾਂ (ਤੇਲ, ਗੈਸ, ਕੋਲੇ) ਦੀ ਵਰਤੋਂ ਨੂੰ ਬੰਦ ਕੀਤਾ ਜਾਵੇ।'

# ਕਾਕਰੋਚ ਲੋਕਤੰਤਰ: ਨਿਹੱਥਾ ਅਤੇ ਖ਼ਤਰਨਾਕ




ਅਰੁੰਧਤੀ ਰਾਏ
ਅਨੁ.: ਬੂਟਾ ਸਿੰਘ ਮਹਿਮੂਦਪੁਰ

*[ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਇਸ ਵਕਤ ਮੋਦੀ ਸਰਕਾਰ ਨੂੰ ਕੰਬਣੀ ਛੇੜ ਰਹੇ ਕਾਕਰੋਚ ਅੰਦੋਲਨ ਦੇ ਹਵਾਲੇ ਨਾਲ ਫਾਸ਼ੀਵਾਦੀ ਹਕੂਮਤ ਦੇ ਤਹਿਤ ਮੁਲਕ ਦੇ ਅਜੋਕੇ ਹਾਲਾਤ, ਕਾਕਰੋਚ ਅੰਦੋਲਨ ਦੀ ਸ਼ਾਨਦਾਰ ਭੂਮਿਕਾ ਇਸ ਦੀਆਂ ਸੰਭਾਵਨਾਵਾਂ ਅਤੇ ਸੀਮਤਾਈਆਂ ਵਰਗੇ ਕਈ ਪੱਖਾਂ ਬਾਰੇ ਵਿਸਤਾਰਤ ਟਿੱਪਣੀ ਕੀਤੀ ਹੈ। ਜਿਸਦਾ ਪੰਜਾਬੀ ਰੂਪ ਪਾਠਕਾਂ ਦੀ ਜਾਣਕਾਰੀ ਲਈ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*



ਕੀ ਸਾਰੇ ਲੋਕਾਂ ਨੂੰ ਹਰ ਵਕਤ ਬੇਵਕੂਫ਼ ਬਣਾਇਆ ਜਾ ਸਕਦਾ ਹੈ? ਕੀ ਡੇਢ ਅਰਬ ਦੀ ਆਬਾਦੀ ਵਾਲੇ ਮੁਲਕ ਨੂੰ ਹਮੇਸ਼ਾ ਲਈ ਇੱਕ ਲਾਸ਼ ਵਾਂਗ ਘਸੀਟਿਆ ਜਾ ਸਕਦਾ ਹੈ? ਨਹੀਂ, ਇਹ ਨਹੀਂ ਹੋ ਸਕਦਾ। ਕਾਕਰੋਚ ਬਾਹਰ ਨਿੱਕਲ ਆਏ ਹਨ।

ਵਰ੍ਹਿਆਂ ਵਿੱਚ ਪਹਿਲੀ ਵਾਰ, ਭਾਰਤੀ ਹੋਣਾ ਅਦਭੁੱਤ ਲੱਗ ਰਿਹਾ ਹੈ। ਜਦੋਂ ਉਮੀਦ ਖ਼ਤਮ ਹੁੰਦੀ ਲੱਗ ਰਹੀ ਸੀ, ਓਦੋਂ ਉਹ ਆ ਗਏ। ਮੀਂਹ ਦੇ ਨਾਲ ਆਏ ਨੌਜਵਾਨ ਕਾਕਰੋਚ। ਇੱਕ ਜੱਜ ਅਤੇ ਇੱਕ ਮਜ਼ਾਕ ਦੇ ਨਾਜਾਇਜ਼ ਮੇਲ ਦੀ ਔਲਾਦ।

ਇਹ ਕਹਾਣੀ ਅਸੀਂ ਸਭ ਜਾਣਦੇ ਹਾਂ, ਪਰ ਇੱਥੇ ਰਿਕਾਰਡ ਲਈ ਲਿਖੀ ਜਾ ਰਹੀ ਹੈ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਇੱਕ ਹੰਕਾਰੀ ਅਤੇ ਬੇਇਜ਼ਤੀ ਭਰੀ ਟਿੱਪਣੀ ਦੇ ਜਵਾਬ ਵਿੱਚ, ਜਿਸ ਵਿੱਚ ਉਸ ਨੇ ਕੁਝ ਬੇਰੁਜ਼ਗਾਰ ਨੌਜਵਾਨ ਭਾਰਤੀਆਂ ਨੂੰ ਕਾਕਰੋਚ ਕਿਹਾ ਸੀ, ਬੋਸਟਨ ਵਿੱਚ ਰਹਿੰਦੇ ਇੱਕ ਵਿਦਿਆਰਥੀ ਅਭਿਜੀਤ ਦੀਪਕੇ ਨੇ ਇੰਸਟਾਗ੍ਰਾਮ ਉੱਤੇ ਇੱਕ ਟਿੱਪਣੀ ਪਾਈ: "ਕੀ ਹੋਵੇਗਾ ਜੇ ਸਾਰੇ ਕਾਕਰੋਚ ਇਕੱਠੇ ਹੋ ਜਾਣ?" ਲੱਖਾਂ ਲੋਕਾਂ ਨੇ ਜਵਾਬ ਦਿੱਤਾ ਅਤੇ ਇਸ ਤਰ੍ਹਾਂ ਕਾਕਰੋਚ ਜਨਤਾ ਪਾਰਟੀ ਦਾ ਜਨਮ ਹੋਇਆ। ਦੀਪਕੇ ਕਾਕਰੋਚਾਂ ਦਾ ਪਾਈਡ ਪਾਈਪਰ (ਮੁਰਲੀਧਰ) ਬਣ ਗਿਆ। ਇਸ ਦੀ ਪਹਿਲੀ ਮੰਗ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਮੰਗਣਾ ਸੀ, ਜੋ ਇੱਕ ਭ੍ਰਿਸ਼ਟ ਅਤੇ ਸੜੇ ਹੋਏ ਮੰਤਰਾਲੇ ਉੱਪਰ ਮੌਜ ਨਾਲ ਬਿਰਾਜਮਾਨ ਹਨ, ਜਿਸ ਦੇ ਅਧੀਨ ਪਬਲਿਕ ਪ੍ਰੀਖਿਆਵਾਂ ਦੇ ਪੇਪਰ ਬਾਕਾਇਦਗੀ ਨਾਲ ਲੀਕ ਹੁੰਦੇ ਹਨ। ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਅਨੁਸਾਰ, 2014 ਤੋਂ ਲੈ ਕੇ 152 ਵਾਰ ਲੀਕ ਹੋ ਚੁੱਕੇ ਹਨ। ਇਨ੍ਹਾਂ ਲੀਕ ਪ੍ਰੀਖਿਆਵਾਂ ਨੇ ਲੱਖਾਂ ਜਵਾਨਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ, ਜਿਨ੍ਹਾਂ ਨੇ ਇਨ੍ਹਾਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਸਾਲ ਗੁਜ਼ਾਰੇ। ਉਨ੍ਹਾਂ ਵਿੱਚੋਂ ਕੁਝ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਅਤੇ ਇਨ੍ਹਾਂ ਪ੍ਰੀਖਿਆਵਾਂ ਵਿੱਚ ਬੈਠਣ ਦਾ ਹੱਕ ਹਾਸਲ ਕਰਨ ਲਈ ਫ਼ੀਸ ਭਰਨ ਦੀ ਖ਼ਾਤਰ ਆਪਣੀ ਜ਼ਮੀਨ ਜਾਂ ਘਰ ਵੇਚਣੇ ਪਏ। ਇਹ ਕਾਨੂੰਨੀ ਜ਼ਬਰੀ-ਵਸੂਲੀ ਦਾ ਇੱਕ ਨਵਾਂ ਰੂਪ ਹੈ। ਹਾਲ ਹੀ ਵਿੱਚ ਨੈਸ਼ਨਲ ਐਲਿਜ਼ਿਬਿਲਿਟੀ ਕਮ ਐਂਟਰੈਂਸ ਟੈਸਟ-ਨੀਟ-ਦਾ ਪੇਪਰ ਲੀਕ ਹੋਣ ਤੋਂ ਬਾਅਦ 12 ਦੁਖੀ ਅਤੇ ਤਬਾਹ ਹੋ ਚੁੱਕੇ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕਰ ਲਈ।

ਜਿਵੇਂ-ਜਿਵੇਂ ਕਾਕਰੋਚਾਂ ਦਾ ਗੁੱਸਾ ਆਨਲਾਈਨ ਸੁਨਾਮੀ ਵਿੱਚ ਬਦਲਦਾ ਗਿਆ, ਦੀਪਕੇ 6 ਜੂਨ ਨੂੰ ਬੋਸਟਨ ਤੋਂ ਵਾਪਸ ਆਇਆ ਅਤੇ ਸਿੱਧਾ ਹਵਾਈ ਅੱਡੇ ਤੋਂ ਦਿੱਲੀ ਦੇ ਮਸ਼ਹੂਰ ਪ੍ਰਦਰਸ਼ਨ ਸਥਾਨ ਜੰਤਰ-ਮੰਤਰ ਪਹੁੰਚਿਆ। ਲੱਦਾਖ ਤੋਂ ਮਸ਼ਹੂਰ ਕਾਰਕੁਨ ਅਤੇ ਸਿੱਖਿਆ ਸੁਧਾਰਕ ਸੋਨਮ ਵਾਂਗਚੁਕ ਵੀ ਉਨ੍ਹਾਂ ਨਾਲ ਆ ਕੇ ਸ਼ਾਮਲ ਹੋਏ ਅਤੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਦਾ ਐਲਾਨ ਕੀਤਾ। ਛੇ ਯੂਨੀਵਰਸਿਟੀ ਵਿਦਿਆਰਥੀਆਂ-ਨੇਹਾ ਬੋਰਾ, ਮਨੀਸ਼ ਕੁਮਾਰ, ਆਮੀਨ ਅਮਿਤੋਸ਼, ਦਾਨਿਸ਼ ਅਲੀ, ਰਿਸ਼ੀਕੇਸ਼ ਅਤੇ ਦੀਪਕ-ਜੋ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ, ਏਆਈਐਸਏ, ਦੇ ਮੈਂਬਰ ਹਨ, ਜੋ ਸੀ.ਪੀ.ਆਈ.ਐੱਮ.ਐੱਲ. -ਲਿਬਰੇਸ਼ਨ ਦਾ ਵਿਦਿਆਰਥੀ ਵਿੰਗ ਹੈ, ਨੇ ਐਲਾਨ ਕੀਤਾ ਕਿ ਉਹ ਵੀ ਭੁੱਖ ਹੜਤਾਲ ਕਰਨਗੇ ਅਤੇ ਨੇੜੇ ਬਣੇ ਇੱਕ ਮੰਚ ਉੱਪਰ ਭੁੱਖ ਹੜਤਾਲ 'ਤੇ ਬੈਠ ਗਏ। ਦੂਜੇ ਸ਼ਹਿਰਾਂ ਵਿੱਚ ਵੀ ਪ੍ਰਦਰਸ਼ਨ ਸ਼ੁਰੂ ਹੋ ਗਏ। ਜਿਵੇਂ-ਜਿਵੇਂ ਭੁੱਖ ਹੜਤਾਲ ਕਰਨ ਵਾਲਿਆਂ ਦੀ ਹਾਲਤ ਨਾਜ਼ੁਕ ਹੁੰਦੀ ਗਈ, ਇੰਟਰਨੈੱਟ ਉੱਤੇ ਛਾਏ ਨੌਜਵਾਨ ਕਾਕਰੋਚ ਵਾਸਤਵ ਵਿੱਚ ਜੰਤਰ-ਮੰਤਰ ਉੱਤੇ ਆਉਣੇ ਸ਼ੁਰੂ ਹੋ ਗਏ। ਕਾਕਰੋਚ ਜਨਤਾ ਪਾਰਟੀ ਨੇ ਐਲਾਨ ਕੀਤਾ ਕਿ 20 ਜੁਲਾਈ ਨੂੰ, ਜਿਸ ਦਿਨ ਸੰਸਦ ਦਾ ਮਾਨਸੂਨ ਸੈਸ਼ਨ ਸ਼ੁਰੂ ਹੋਣਾ ਸੀ, ਉਹ ਸੰਸਦ ਵੱਲ ਮਾਰਚ ਕਰਨਗੇ। ਤੈਅ ਮਾਰਚ ਤੋਂ ਦੋ ਦਿਨ ਪਹਿਲਾਂ ਸੋਨਮ ਵਾਂਗਚੁਕ ਨੂੰ ਪੁਲਿਸ ਨੇ ਮੰਚ ਤੋਂ ਧੂਹ ਕੇ ਹਿਰਾਸਤ ਵਿੱਚ ਲੈ ਲਿਆ—ਪਹਿਲਾਂ ਇੱਕ ਸਰਕਾਰੀ ਹਸਪਤਾਲ ਵਿੱਚ ਅਤੇ ਬਾਅਦ ਵਿੱਚ, ਉਨ੍ਹਾਂ ਦੀ ਪਤਨੀ ਦੇ ਜ਼ੋਰ ਪਾਉਣ ਉੱਤੇ, ਇੱਕ ਨਿੱਜੀ ਹਸਪਤਾਲ ਵਿੱਚ ਹਿਰਾਸਤ ਵਿਚ ਰੱਖਿਆ ਗਿਆ। ਉਹ ਅਜੇ ਵੀ ਭੁੱਖ ਹੜਤਾਲ ਉੱਤੇ ਹਨ (ਲੇਖ ਸੋਨਮ ਵੱਲੋਂ ਭੁੱਖ ਹੜਤਾਲ ਖ਼ਤਮ ਕੀਤੇ ਜਾਣ ਤੋਂ ਪਹਿਲਾਂ ਦਾ ਲਿਖਿਆ ਹੋਇਆ ਹੈ)।20 ਜੁਲਾਈ ਦੀ ਸਵੇਰ, ਮਾਰਚ ਵਾਲੇ ਦਿਨ, ਏ.ਆਈ.ਐੱਸ.ਏ. ਦੇ ਵਿਦਿਆਰਥੀਆਂ ਨੇ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ।

ਕਾਕਰੋਚਾਂ ਨੇ ਰਾਜਧਾਨੀ ਸ਼ਹਿਰ ਨੂੰ ਤੂਫ਼ਾਨ ਵਾਂਗ ਆਪਣੇ ਕਬਜ਼ੇ ਵਿੱਚ ਲੈ ਲਿਆ। ਉਹ ਰੇਲ, ਬੱਸ, ਹਵਾਈ ਜਹਾਜ਼ ਅਤੇ ਮੈਟਰੋ ਰਾਹੀਂ ਆਏ। ਉਨ੍ਹਾਂ ਦੀ ਗਿਣਤੀ ਹਰ ਘੰਟੇ ਵਧਦੀ ਗਈ। ਸੂਰਜ ਦੀ ਪਹਿਲੀ ਕਿਰਨ ਤੋਂ ਕਈ ਘੰਟੇ ਪਹਿਲਾਂ, ਜਦੋਂ ਦਿੱਲੀ ਦੇ ਮਾਨਸੂਨੀ ਅਸਮਾਨ ਵਿੱਚ ਚਾਨਣ ਫੈਲ ਰਿਹਾ ਸੀ, ਉਹ ਹਜ਼ਾਰਾਂ ਦੀ ਗਿਣਤੀ ਵਿੱਚ ਜੰਤਰ-ਮੰਤਰ ਵਿੱਚ ਉਮੜਨੇ ਸ਼ੁਰੂ ਹੋ ਗਏ। ਸੂਰਜ ਚੜ੍ਹਨ ਤੱਕ ਇਹ ਸਾਫ਼ ਸੀ ਕਿ ਨਿਰਾਸ਼ ਅਤੇ ਗੁੱਸੇ ਨਾਲ ਭਰੀ ਨੌਜਵਾਨਾਂ ਦੀ ਇੱਕ ਪੀੜ੍ਹੀ, ਜਿਸ ਨੇ ਆਪਣਾ ਭਵਿੱਖ ਆਪਣੀਆਂ ਅੱਖਾਂ ਸਾਹਮਣੇ ਬੁਝਦਾ ਵੇਖਿਆ ਹੈ, ਉਹ ਚੀਜ਼ ਮੁੜ ਹਾਸਲ ਕਰਨ ਜਾ ਰਹੀ ਸੀ ਜਿਸ ਨੂੰ ਉਨ੍ਹਾਂ ਦੇ ਮਾਪਿਆਂ ਅਤੇ ਦਾਦੇ-ਦਾਦੀਆਂ ਦੀਆਂ ਪੀੜ੍ਹੀਆਂ ਨੇ ਤਿਆਗ ਦਿੱਤਾ ਸੀ: ਲੋਕਾਂ ਅਤੇ ਇੱਕ ਮੁਲਕ ਵਜੋਂ ਸਾਡੀ ਇੱਜ਼ਤ। ਇੱਕ ਲੋਕਤੰਤਰ ਦੇ ਨਾਗਰਿਕਾਂ ਵਜੋਂ ਸਾਡੇ ਹੱਕ। ਪ੍ਰਦਰਸ਼ਨਕਾਰੀਆਂ ਨੇ ਆਪਣੇ ਹੌਸਲੇ, ਸੁਘੜਤਾ ਅਤੇ ਹਾਸੇ ਨਾਲ ਉਸ ਖੋਖਲੇ ਕਰ ਦੇਣ ਵਾਲੇ ਡਰ ਨੂੰ ਬਾਹਰ ਕੱਢ ਦਿੱਤਾ, ਜੋ ਸਾਡੇ ਲਈ ਦੂਜਾ ਸੁਭਾਅ ਬਣ ਗਿਆ ਹੈ। ਦਿਨ ਦੇ ਅੰਤ ਤੱਕ ਇਹ ਸਾਫ਼ ਸੀ ਕਿ ਪ੍ਰਦਰਸ਼ਨ ਪ੍ਰਦਰਸ਼ਨਕਾਰੀਆਂ ਜਾਂ ਉਨ੍ਹਾਂ ਦੇ ਆਗੂਆਂ ਦੀਆਂ ਮੰਗਾਂ ਨਾਲੋਂ ਕਿਤੇ ਵੱਡੀ ਗੱਲ ਬਾਰੇ ਹੋ ਗਿਆ ਸੀ। ਧਰਮੇਂਦਰ ਪ੍ਰਧਾਨ ਹੁਣ ਛੋਟੀ ਗੱਲ ਹੈ। ਦਾਅ ਕਿਤੇ ਵੱਡੇ ਹਨ। ਸ਼ਾਸਨ ਵਿਵਸਥਾ ਵਿੱਚ ਉੱਪਰੋਂ ਹੇਠਾਂ ਤੱਕ ਸੜਿਆਂਦ ਸਾਫ਼ ਦਿਖਾਈ ਦੇ ਰਹੀ ਹੈ ਅਤੇ ਇੱਕ ਗਲ-ਸੜ ਰਹੀ ਲਾਸ਼ ਵਾਂਗ ਬਦਬੂ ਮਾਰ ਰਹੀ ਹੈ। ਇੱਥੋਂ ਤੱਕ ਕਿ ਸਭ ਤੋਂ ਛੋਟੇ ਕਾਕਰੋਚ, ਜਿਨ੍ਹਾਂ ਵਿੱਚੋਂ ਕੁਝ ਸੱਤ ਜਾਂ ਅੱਠ ਸਾਲ ਤੋਂ ਵੱਧ ਉਮਰ ਦੇ ਨਹੀਂ ਸਨ, ਵੀ ਇਸ ਨੂੰ ਸਾਫ਼ ਤੌਰ ਉੱਤੇ ਬਿਆਨ ਕਰਨ ਦੇ ਸਮਰੱਥ ਸਨ।

ਮਾਰਚ ਤੋਂ ਕੁਝ ਦਿਨ ਪਹਿਲਾਂ ਇੱਕ ਨਵੇਂ ਪੁਲਿਸ ਮੁਖੀ ਦੀ ਤੇਜ਼ੀ ਨਾਲ ਅਤੇ ਲਗਭਗ ਗੁਪਤ ਨਿਯੁਕਤੀ ਦੇ ਬਾਵਜੂਦ, ਅਤੇ ਸਾਡੇ ਭਿਆਨਕ ਗ੍ਰਹਿ ਮੰਤਰੀ ਦੀ ਡਰਾਉਣੀ ਕਾਰਗੁਜ਼ਾਰੀ ਬਾਰੇ ਚਿੰਤਾਜਨਕ ਫੁਸਫੁਸਾਹਟਾਂ ਦੇ ਬਾਵਜੂਦ, ਪੁਲਿਸ ਅਤੇ ਗ੍ਰਹਿ ਮੰਤਰਾਲੇ ਦੋਵਾਂ ਨੇ 20 ਜੁਲਾਈ ਨੂੰ ਦਿੱਲੀ ਵਿੱਚ ਆਈ ਸੁਨਾਮੀ ਦੇ ਪੈਮਾਨੇ ਦਾ ਪੂਰੀ ਤਰ੍ਹਾਂ ਗਲਤ ਅੰਦਾਜ਼ਾ ਲਾਇਆ। ਉਨ੍ਹਾਂ ਨੇ ਸਭ ਕੁਝ ਕਰਨ ਦੀ ਕੋਸ਼ਿਸ਼ ਕੀਤੀ। ਬੱਸਾਂ, ਸੜਕਾਂ ਅਤੇ ਮੈਟਰੋ ਸਟੇਸ਼ਨ ਬੰਦ ਕਰ ਦਿੱਤੇ। ਇਸ ਨਾਲ ਕੋਈ ਫ਼ਾਇਦਾ ਨਹੀਂ ਹੋਇਆ। ਇੰਟਰਨੈੱਟ ਜਾਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਇੰਟਰਨੈੱਟ ਦੀ ਪੈਦਾਇਸ਼ ਨੌਜਵਾਨ ਕਾਕਰੋਚ ਨੇ ਕਿਸੇ ਤਰ੍ਹਾਂ ਮੀਮਾਂ ਅਤੇ ਵੀਡੀਓਆਂ ਦੇ ਹੜ੍ਹ ਨਾਲ ਉਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ, ਜਿਨ੍ਹਾਂ ਨੂੰ ਵੇਖ ਕੇ ਤੁਹਾਨੂੰ ਇਕੱਠੇ ਹਾਸਾ ਅਤੇ ਰੋਣਾ ਆਉਂਦਾ ਸੀ। ਪ੍ਰਦਰਸ਼ਨ ਵਿੱਚ ਸ਼ਾਮਲ ਨੌਜਵਾਨ ਔਰਤਾਂ ਨੇ ਕਿਹਾ ਕਿ ਉਹ ਦੁਨੀਆ ਦੀਆਂ ਸਾਰੀਆਂ ਥਾਵਾਂ ਵਿੱਚੋਂ, ਦਿੱਲੀ ਵਿੱਚ ਭੀੜ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੀਆਂ ਸਨ-ਹਾਲਾਂਕਿ ਕੁਝ ਨੇ ਪੁਲਿਸ ਵਾਲਿਆਂ ਵੱਲੋਂ ਛੇੜਛਾੜ ਕੀਤੇ ਜਾਣ ਦੀ ਸ਼ਿਕਾਇਤ ਕੀਤੀ। ਅਸੀਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਈਸਾਈਆਂ, ਬੋਧੀਆਂ ਅਤੇ ਹਰ ਜਾਤ ਤੇ ਵਰਗ ਦੇ ਲੋਕਾਂ ਨੂੰ ਇਕੱਠੇ ਆਉਂਦੇ, ਇੱਕ-ਦੂਜੇ ਦੀ ਮਦਦ ਕਰਦੇ ਅਤੇ ਇੱਕ-ਦੂਜੇ ਦੀ ਰੱਖਿਆ ਕਰਦੇ ਵੇਖਿਆ, ਜਦੋਂ ਉਹ ਪੁਲਿਸ ਦਾ ਸਾਹਮਣਾ ਕਰ ਰਹੇ ਸਨ। ਸਾਨੂੰ ਉਪਦੇਸ਼ ਦੇਣ ਜਾਂ ਵੱਡੇ-ਵੱਡੇ ਭਾਸ਼ਣ ਦੇਣ ਦੀ ਬਜਾਏ, ਉਨ੍ਹਾਂ ਨੇ ਸਾਨੂੰ ਦਿਖਾਇਆ, ਸਾਡੇ ਸਾਹਮਣੇ ਪੇਸ਼ ਕੀਤਾ-ਸੰਭਵ ਭਾਰਤ, ਸਾਡੇ ਸੁਪਨਿਆਂ ਦਾ ਸੋਹਣਾ ਭਾਰਤ।

ਇਸ ਖ਼ਤਰੇ ਨਾਲ ਨਜਿੱਠਣ ਲਈ ਪੁਲਿਸ ਨੇ ਆਪਣੇ ਪੀਲੀ ਧਾਤ ਦੇ ਬੈਰੀਕੇਡ ਜੋੜ ਲਏ ਅਤੇ ਆਪਣਾ ਅਜ਼ਮਾਇਆ ਹੋਇਆ ਸਾਜ਼ੋ-ਸਾਮਾਨ ਲੈ ਆਈ: ਪੱਥਰਾਂ ਨਾਲ ਭਰੇ ਟਰੱਕ ਅਤੇ ਪਹਿਲਾਂ ਤੋਂ ਨੁਕਸਾਨੇ ਵਾਹਨ, ਇਸ ਉਮੀਦ ਨਾਲ ਕਿ ਉਹ ਇਹ ਦਿਖਾ ਸਕਣ ਕਿ ਨੌਜਵਾਨ ਹਿੰਸਕ ਹੋ ਗਏ ਸਨ ਅਤੇ ਪੁਲਿਸ ਸਵੈ-ਰੱਖਿਆ ਵਿੱਚ ਕਾਰਵਾਈ ਕਰ ਰਹੀ ਸੀ। ਉਹ ਬੈਂਤਾਂ ਅਤੇ ਡੰਡਿਆਂ ਨਾਲ ਲੈਸ ਸਾਦੇ ਕੱਪੜਿਆਂ ਵਾਲੇ ਗੁੰਡਿਆਂ ਦੀ ਫ਼ੌਜ ਲੈ ਆਏ। ਕਾਰਵਾਈ ਦੀ ਤਿਆਰੀ ਲਈ ਰੈਪਿਡ ਐਕਸ਼ਨ ਫੋਰਸ-ਆਰ.ਏ.ਐੱਫ.-ਨੇ ਆਪਣੀਆਂ ਵਰਦੀਆਂ ਤੋਂ ਆਪਣੀਆਂ ਨੇਮ-ਪਲੇਟਾਂ ਹਟਾ ਦਿੱਤੀਆਂ। ਵਫ਼ਾਦਾਰ ਮੁੱਖਧਾਰਾ ਦੇ ਟੀਵੀ ਚੈਨਲਾਂ ਨੂੰ ਝੂਠੀਆਂ ਖ਼ਬਰਾਂ ਦੇਣ ਲਈ ਤਿਆਰ ਕਰਕੇ ਖੜ੍ਹਾ ਕੀਤਾ ਗਿਆ ਸੀ। (ਕੁਝ ਨੇ ਜਲਦਬਾਜ਼ੀ ਕੀਤੀ ਅਤੇ ਉਨ੍ਹਾਂ ਗੱਲਾਂ ਦੀ ਰਿਪੋਰਟਿੰਗ ਕਰਨੀ ਸ਼ੁਰੂ ਕਰ ਦਿੱਤੀ ਜੋ ਅਜੇ ਤੱਕ ਹੋਈਆਂ ਹੀ ਨਹੀਂ ਸਨ। ਭਾਰਤ ਵਿੱਚ ਖ਼ਬਰਾਂ ਅਕਸਰ ਵਰਤਮਾਨ ਦੀ ਬਜਾਏ ਭਵਿੱਖ ਬਾਰੇ ਹੁੰਦੀਆਂ ਹਨ।) ਕੁਝ ਵੀ ਕੰਮ ਨਾ ਆਇਆ। ਪੁਲਿਸ ਅਤੇ ਆਰ.ਏ.ਐੱਫ. ਨੇ ਬੇਤਹਾਸ਼ਾ ਲਾਠੀਆਂ ਚਲਾਈਆਂ, ਬੱਚਿਆਂ ਦੇ ਸਿਰ ਭੰਨੇ ਅਤੇ ਹੱਥ-ਪੈਰ ਤੋੜੇ। ਅੱਥਰੂ ਗੈਸ ਦੇ ਗੋਲੇ ਸੁੱਟੇ। ਪਰ ਨੌਜਵਾਨ ਮਾਰਚ ਕਰਦੇ ਰਹੇ। ਸਿੱਧੇ ਸੰਸਦ ਵੱਲ। ਸਿੱਧੇ ਉਸ ਥਾਂ ਵੱਲ ਜਿੱਥੇ ਉਨ੍ਹਾਂ ਨੇ ਜਾਣ ਦਾ ਐਲਾਨ ਕੀਤਾ ਸੀ। ਜਿਵੇਂ ਹੀ ਉਹ ਨੇੜੇ ਆਏ, ਸੁਰੱਖਿਆ ਬਲਾਂ ਨੇ ਪੁਜੀਸ਼ਨਾਂ ਲੈ ਲਈਆਂ, ਉਨ੍ਹਾਂ ਨੇ ਆਪਣੀਆਂ ਏਕੇ-47 ਰਾਈਫ਼ਲਾਂ ਉਨ੍ਹਾਂ ਨਿਹੱਥੇ ਵਿਦਿਆਰਥੀਆਂ ਵੱਲ ਤਾਣੀਆਂ ਹੋਈਆਂ ਸਨ। ਫਿਰ ਵੀ ਕਾਕਰੋਚ ਮਾਰਚ ਕਰਦੇ ਰਹੇ ਅਤੇ ਜਿਵੇਂ-ਜਿਵੇਂ ਉਹ ਮਾਰਚ ਕਰਦੇ ਗਏ, ਉਨ੍ਹਾਂ ਨੇ ਸਰਕਾਰ ਦੀ ਲੋਹੇ ਦੀ ਮੁੱਠੀ ਨੂੰ ਢਕਣ ਲਈ ਪਾਏ ਮਖ਼ਮਲੀ ਦਸਤਾਨੇ ਦੇ ਹਰ ਬਚੇ-ਖੁੱਚੇ ਨਿਸ਼ਾਨ ਨੂੰ ਲਾਹ ਕੇ ਸੁੱਟ ਦਿੱਤਾ ਅਤੇ ਮੌਜੂਦਾ ਹਕੂਮਤ ਨੂੰ ਉਸ ਦੇ ਅਸਲੀ ਰੂਪ 'ਚ ਬੇਨਕਾਬ ਕਰ ਦਿੱਤਾ-ਜੋ ਉਹ ਹੈ ਅਤੇ ਹਮੇਸ਼ਾ ਤੋਂ ਰਹੀ ਹੈ। ਇੱਕ ਫ਼ਾਸ਼ੀਵਾਦੀ ਲੋਹੇ ਦੀ ਮੁੱਠੀ। ਬਦਮਾਸ਼ਾਂ ਦਾ ਗਰੋਹ, ਜਿਸ ਕੋਲ ਉਸ ਮੁਲਕ ਦੇ ਇਤਿਹਾਸ ਅਤੇ ਵੰਨ-ਸੁਵੰਨਤਾ ਨੂੰ ਸਮਝਣ ਦੀ ਕੋਈ ਸਮਰੱਥਾ ਨਹੀਂ ਹੈ, ਜਿਸ ਉੱਤੇ ਉਹ ਰਾਜ ਕਰਦਾ ਹੈ। ਅਜਿਹੇ ਲੋਕ ਜੋ ਸਿਰਫ਼ ਨਫ਼ਰਤ ਕਰਨਾ ਜਾਣਦੇ ਹਨ, ਪਰ ਉਨ੍ਹਾਂ ਨੂੰ ਪਿਆਰ ਕਰਨਾ ਜਾਂ ਸੋਚਣਾ ਨਹੀਂ ਆਉਂਦਾ।

ਜਿਵੇਂ ਹੀ ਮਾਰਚ ਕਰਨ ਵਾਲੇ ਨੇੜੇ ਆਏ, ਸਾਡੇ ਬਹਾਦਰ ਅਤੇ ਸ਼ੇਖ਼ੀਬਾਜ਼ ਪ੍ਰਧਾਨ ਮੰਤਰੀ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਦਿੱਤਾ ਗਿਆ। ਸੰਸਦ ਮੈਂਬਰਾਂ ਨੂੰ ਚਮਕਾਂ ਮਾਰਦੇ ਨਵੇਂ ਸੰਵਿਧਾਨ ਸੰਸਦ ਭਵਨ ਵਿੱਚੋਂ ਬਾਹਰ ਨਿਕਲਣ ਤੋਂ ਰੋਕ ਦਿੱਤਾ ਗਿਆ, ਜਿਸ ਦਾ ਪੂਰਾ ਮਕਸਦ ਨਿੱਤ ਦਿਨ ਸੰਵਿਧਾਨ ਨੂੰ ਕਮਜ਼ੋਰ ਕਰਨਾ ਜਾਪਦਾ ਹੈ।

ਸ਼ਾਮ ਤੱਕ ਪੁਲਿਸ ਨੇ ਪ੍ਰਦਰਸ਼ਨ ਸਥਾਨ ਉੱਤੇ ਮੁੱਖ ਮੰਚ ਤੋੜ ਦਿੱਤਾ ਸੀ। ਰਾਤ ਤੱਕ ਲੋਕਾਂ ਨੇ ਉਸ ਨੂੰ ਮੁੜ ਆਪਣੇ ਕਬਜ਼ੇ ਵਿੱਚ ਲੈ ਲਿਆ। ਜਿਵੇਂ ਹੀ ਪੁਲਿਸ ਰਾਤ ਲਈ ਪਿੱਛੇ ਹਟੀ, ਕਾਕਰੋਚਾਂ ਨੇ ਉਨ੍ਹਾਂ ਨੂੰ ਖੜ੍ਹੇ ਹੋ ਕੇ ਤਾਲੀਆਂ ਵਜਾਕੇ ਉਨ੍ਹਾਂ ਦਾ ਸਨਮਾਨ ਕੀਤਾ। ਬੱਚਿਆਂ ਨੂੰ ਕੁੱਟਣ ਲਈ। ਵਾਹ ਮੋਦੀ ਜੀ! ਵਾਹ!

ਇਸ ਤੋਂ ਵੱਡੇ ਰਾਜਨੀਤਿਕ ਬਦਲਾਅ ਦੀ ਉਮੀਦ ਕਰਨਾ ਮੂਰਖਤਾ ਹੋਵੇਗੀ। ਪਰ ਇਸ ਨੂੰ ਸਿਰਫ਼ ਇੱਕ ਉਤਸ਼ਾਹ ਭਰੇ ਪਲ ਵਜੋਂ ਖਾਰਜ ਕਰ ਦੇਣਾ ਵੀ ਅਸੰਵੇਦਨਸ਼ੀਲ ਹੋਵੇਗਾ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵਾਇਰਜ਼ ਅਤੇ ਲਾਈਵ-ਸਕ੍ਰੀਮਿੰਗ ਟੀਵੀ ਚੈਨਲ ਵਿਦੇਸ਼ੀ ਫੰਡਿੰਗ ਅਤੇ ਸੀ.ਆਈ.ਏ. ਸਾਜ਼ਿਸ਼ਾਂ ਬਾਰੇ ਗੱਪਾਂ, ਇਸ਼ਾਰਿਆਂ ਅਤੇ ਸਾਜ਼ਿਸ਼ੀ ਸਿਧਾਂਤਾਂ ਦੀ ਅੱਗ ਨਾਲ ਮੱਚ ਰਹੇ ਹਨ। ਮਾਣਮੱਤੇ ਅੰਦੋਲਨਜੀਵੀ-ਮੋਦੀ ਵੱਲੋਂ ਮੇਰੇ ਵਰਗੇ ਲੋਕਾਂ ਲਈ ਵਰਤਿਆ ਗਿਆ ਅਪਮਾਨਜਨਕ ਨਾਮ-ਵਜੋਂ ਮੈਂ ਮੰਨਦੀ ਹਾਂ ਕਿ ਜਦੋਂ ਇਹ ਸਭ ਸ਼ੁਰੂ ਹੋਇਆ, ਮੈਂ ਵੀ ਚੁਕੰਨੀ ਸੀ। ਮੈਨੂੰ ਚਿੰਤਾ ਸੀ ਕਿ ਅਸੀਂ ਇੱਕ ਹੋਰ ਅੰਨਾ ਹਜ਼ਾਰੇ ਪਲ ਵੱਲ ਜਾ ਰਹੇ ਹਾਂ—2011 ਦਾ ਕਥਿਤ ਭ੍ਰਿਸ਼ਟਾਚਾਰ ਵਿਰੋਧੀ ਜਨ-ਅੰਦੋਲਨ-ਜੋ ਆਪਣੇ ਸ਼ੁਰੂਆਤੀ ਇਰਾਦਿਆਂ ਦੇ ਬਾਵਜੂਦ ਅਖ਼ੀਰ ਸਾਨੂੰ ਤਿੰਨ ਕਾਰਜਕਾਲਾਂ ਲਈ ਅਜਿਹੀ ਰਾਜਨੀਤਿਕ ਪਾਰਟੀ ਦੇ ਰਾਜ ਦੀ ਸੌਗਾਤ ਦੇ ਗਿਆ, ਜਿਸ ਨੇ ਇਸ ਮੁਲਕ ਦੀ ਹਰ ਸੰਸਥਾ ਤਬਾਹ ਕਰ ਦਿੱਤੀ ਹੈ। ਇੱਕ ਅਜਿਹੀ ਪਾਰਟੀ ਜੋ ਆਪਣੇ ਆਪ ਨੂੰ ਇੱਕ ਰਾਜਨੀਤਿਕ ਪਾਰਟੀ ਅਤੇ ਭਾਰਤ ਸਰਕਾਰ ਵਿਚਕਾਰ ਕੋਈ ਫ਼ਰਕ ਨਹੀਂ ਦੇਖਦੀ, ਜੋ ਨਾ ਮੁਲਕ ਦਾ ਆਦਰ ਕਰਦੀ ਹੈ ਅਤੇ ਨਾ ਆਪਣੇ ਨਾਗਰਿਕਾਂ ਦਾ ਅਤੇ ਜਿਸ ਨੇ ਸਾਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਸ਼ਰਮਿੰਦਾ ਕੀਤਾ ਹੈ ਅਤੇ ਭਾਰਤ ਨੂੰ ਗੋਡਿਆਂ ਭਾਰ ਕਰ ਦਿੱਤਾ ਹੈ।

ਪਰ ਕਾਕਰੋਚ ਜਨਤਾ ਪਾਰਟੀ ਬਾਰੇ ਮੇਰੇ ਸ਼ੱਕ ਉਦੋਂ ਦੂਰ ਹੋ ਗਏ ਜਦੋਂ ਮੈਂ ਮੁੱਖਧਾਰਾ ਦੇ ਮੀਡੀਆ ਦਾ ਉਨ੍ਹਾਂ ਪ੍ਰਤੀ ਦੁਸ਼ਮਣੀ ਭਰਿਆ ਰਵੱਈਆ ਵੇਖਿਆ। ਇਹ ਮੇਰੇ ਲਈ ਪਹਿਲਾ ਅਤੇ ਸਭ ਤੋਂ ਭਰੋਸਾ ਦਿਵਾਉਣ ਵਾਲਾ ਸੰਕੇਤ ਸੀ। ਮੈਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ ਕਿ ਅਭਿਜੀਤ ਦੀਪਕੇ ਇੱਕ ਦਲਿਤ ਭਾਈਚਾਰੇ ਨਾਲ ਸੰਬੰਧਤ ਹਨ ਅਤੇ ਇਸ ਤੋਂ ਵੀ ਵੱਧ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਕਿਸੇ ਦਾ ਧਿਆਨ ਉਸ ਉੱਤੇ ਕੇਂਦਰਿਤ ਨਹੀਂ ਸੀ। ਮੇਰੇ ਲਈ ਸਭ ਕੁਝ ਉਦੋਂ ਬਦਲ ਗਿਆ ਜਦੋਂ ਮੈਂ ਉਸ ਨੂੰ ਇਹ ਕਹਿੰਦੇ ਸੁਣਿਆ: "ਜੇ ਮੇਰਾ ਨਾਮ ਖ਼ਾਲਿਦ ਹੁੰਦਾ, ਜਾਂ ਜੇ ਮੈਂ ਮੁਸਲਮਾਨ ਹੁੰਦਾ, ਤਾਂ ਮੈਂ ਹੁਣ ਤੱਕ ਜੇਲ੍ਹ ਵਿੱਚ ਹੁੰਦਾ।" ਉਸ ਵਿੱਚ ਭਾਰਤ ਵਿੱਚ ਚੀਜ਼ਾਂ ਅਸਲ ਵਿੱਚ ਕਿਵੇਂ ਕੰਮ



ਕਰਦੀਆਂ ਹਨ, ਉਸ ਦੀ ਅਸ਼ਲੀਲਤਾ ਨੂੰ ਬੇਨਕਾਬ ਕਰਨ ਦਾ ਹੌਸਲਾ ਸੀ—ਇਹ ਤੱਥ ਕਿ ਸਾਡੇ ਮੁਲਕ ਵਿੱਚ ਸਭ ਕੁਝ, ਖ਼ਾਸ ਕਰਕੇ ਕਾਨੂੰਨ, ਸਭ ਉੱਤੇ ਇੱਕੋ ਜਿਹਾ ਲਾਗੂ ਨਹੀਂ ਹੁੰਦਾ। ਸਭ ਕੁਝ ਪੂਰੀ ਤਰ੍ਹਾਂ ਤੁਹਾਡੇ ਧਰਮ, ਜਾਤ, ਵਰਗ, ਨਸਲੀ ਪਛਾਣ ਅਤੇ ਲਿੰਗ ਉੱਤੇ ਨਿਰਭਰ ਕਰਦਾ ਹੈ। ਇਹ ਬਹੁਤ ਸਾਦਗੀ ਨਾਲ ਕਹੀ ਗਈ ਡੂੰਘੀ ਟਿੱਪਣੀ ਸੀ। ਉਸ ਵੱਲੋਂ ਇਹ ਗੱਲ ਜਨਤਕ ਤੌਰ ਉੱਤੇ ਕਹਿਣ ਨੇ—ਜਦੋਂ ਵਿਰੋਧੀ ਧਿਰ ਦੇ ਰਾਜਨੇਤਾ ਵੀ "ਹਿੰਦੂ ਪ੍ਰਤੀਕਿਰਿਆ" ਦੇ ਡਰ ਕਾਰਨ "ਮੁਸਲਮਾਨ" ਕਹਿਣ ਦੀ ਬਜਾਏ ਸਿਰਫ਼ "ਘੱਟਗਿਣਤੀ ਭਾਈਚਾਰਾ" ਕਹਿੰਦੇ ਹਨ—ਮੈਨੂੰ ਤੁਰੰਤ ਜੰਤਰ-ਮੰਤਰ ਵੱਲ ਜਾਣ ਲਈ ਮਜਬੂਰ ਕਰ ਦਿੱਤਾ। ਮੈਨੂੰ ਇਹ ਵੀ ਪਤਾ ਸੀ ਕਿ ਜਦੋਂ ਦੀਪਕੇ ਨੇ "ਖ਼ਾਲਿਦ" ਨਾਮ ਚੁਣਿਆ, ਉਹ ਉਮਰ ਖ਼ਾਲਿਦ ਦੀ ਗੱਲ ਕਰ ਰਿਹਾ ਸੀ-ਜੇ.ਐਨ.ਯੂ. ਦਾ ਵਿਦਵਾਨ, ਜੋ ਸ਼ਰਜੀਲ ਇਮਾਮ ਅਤੇ ਕਈ ਹੋਰਾਂ ਨਾਲ ਲਗਭਗ ਛੇ ਸਾਲਾਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿੱਚ ਡੱਕਿਆ ਹੋਇਆ ਹੈ। ਉਮਰ ਦਾ ਜੁਰਮ? 2020 ਦੇ ਨਾਗਰਿਕਤਾ ਸੋਧ ਕਾਨੂੰਨ-ਸੀਏਏ-ਵਿਰੁੱਧ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਅਹਿੰਸਕ ਰਹਿਣ ਦੀ ਅਪੀਲ ਕਰਨਾ, ਜਦੋਂ ਦਿੱਲੀ ਹਿੰਦੂ ਚੌਕਸੀ ਗਰੋਹਾਂ ਦੇ ਗੁੰਡਿਆਂ ਵੱਲੋਂ ਭੜਕਾਈ ਅੱਗਜ਼ਨੀ, ਕਤਲਾਂ ਅਤੇ ਮਸਜਿਦਾਂ ਸਾੜਨ ਦੀਆਂ ਘਟਨਾਵਾਂ ਨਾਲ ਜੂਝ ਰਹੀ ਸੀ, ਜੋ ਪੁਲਿਸ ਨਿਗਰਾਨੀ ਹੇਠ ਹੁੰਦੀਆਂ ਸਨ ਅਤੇ ਕਈ ਵਾਰ ਪੁਲਿਸ ਉਨ੍ਹਾਂ ਵਿੱਚ ਹਿੱਸਾ ਵੀ ਲੈਂਦੀ ਸੀ। ਜ਼ਮਾਨਤ ਲਈ ਉਸਦੀ ਇੱਕ ਤੋਂ ਬਾਅਦ ਇੱਕ ਅਪੀਲ ਉਨ੍ਹਾਂ ਜੱਜਾਂ ਨੇ ਰੱਦ ਕਰ ਦਿੱਤੀ, ਜੋ ਇੰਝ ਜਾਪਦਾ ਹੈ ਕਿ ਇਹ ਕਰਨ ਜਾਂ ਸਮਝਣ ਦਾ ਹੌਸਲਾ ਗੁਆ ਚੁੱਕੇ ਹਨ ਕਿ ਸਹੀ ਕੀ ਹੈ।

ਜਿਵੇਂ-ਜਿਵੇਂ ਕਾਕਰੋਚ ਮਾਰਚ ਕਰਦੇ ਗਏ ਅਤੇ ਉਨ੍ਹਾਂ ਦੀ ਗਿਣਤੀ ਵਧਦੀ ਗਈ, ਮੈਂ ਸੋਚਿਆ: ਸ਼ੁਕਰ ਹੈ ਕਿ ਉਹ ਜ਼ਿਆਦਾਤਰ ਮੁਸਲਮਾਨ, ਸਿੱਖ, ਈਸਾਈ ਜਾਂ ਆਦਿਵਾਸੀ ਨਹੀਂ ਹਨ। ਉਨ੍ਹਾਂ ਨੂੰ ਕੁਚਲ ਦਿੱਤਾ ਜਾਂਦਾ, ਮਾਰ ਦਿੱਤਾ ਜਾਂਦਾ, ਗੋਲੀਆਂ ਮਾਰ ਦਿੱਤੀਆਂ ਜਾਂਦੀਆਂ, ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ। ਸ਼ੁਕਰ ਹੈ ਕਿ ਉਹ ਕਸ਼ਮੀਰੀ ਨਹੀਂ ਹਨ। ਉਨ੍ਹਾਂ ਨੂੰ ਅੰਨ੍ਹਾ ਕਰ ਦਿੱਤਾ ਜਾਂਦਾ (ਹਾਲਾਂਕਿ ਕੁਝ ਨੂੰ ਪੈਲਟ ਗੰਨਾਂ ਦੇ ਛਰਿਆਂ ਵਰਗੀਆਂ ਚੋਟਾਂ ਜ਼ਰੂਰ ਲੱਗੀਆਂ)। ਸ਼ੁਕਰ ਹੈ ਕਿ ਉਹ ਜ਼ਿਆਦਾਤਰ ਹਿੰਦੂ ਹਨ। ਭਾਰਤ ਵਿੱਚ ਇਸ ਵੇਲੇ ਹਾਲਤ ਕਿੰਨੀ ਦੁਖਦਾਈ ਹੈ। ਹਾਲਾਂਕਿ ਹਾਲਤ ਇੱਕ ਮਿੰਟ ਵਿੱਚ ਬਦਲ ਸਕਦੀ ਹੈ। ਅਸੀਂ ਇੱਕ "ਵਿਕਾਸਸ਼ੀਲ ਸਥਿਤੀ" ਵਿੱਚ ਹਾਂ। ਦੂਜੇ ਰਾਜਾਂ ਤੋਂ ਹਜ਼ਾਰਾਂ ਨੀਮ-ਫ਼ੌਜੀ ਬਲਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਲਿਆਂਦੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਅਸੀਂ ਨਹੀਂ ਜਾਣਦੇ ਕਿ ਆਉਣ ਵਾਲੇ ਦਿਨ ਕੀ ਲੈ ਕੇ ਆਉਣਗੇ।

ਇਹ ਸਭ ਸਾਨੂੰ ਕਿੱਥੇ ਛੱਡ ਦਿੰਦਾ ਹੈ? ਅੰਨਾ ਹਜ਼ਾਰੇ ਅੰਦੋਲਨ ਦੇ ਉਲਟ, ਜਿਸ ਨੂੰ ਸੈਂਕੜਿਆਂ ਉਤਾਵਲੇ, ਕਾਰਪੋਰੇਟ ਮਲਕੀਅਤ ਵਾਲੇ ਟੀਵੀ ਚੈਨਲਾਂ ਉੱਤੇ ਹਫ਼ਤਿਆਂ ਤੱਕ ਚੌਵੀ ਘੰਟੇ ਉਤਸ਼ਾਹੀ ਅਤੇ ਲਗਾਤਾਰ ਕਵਰੇਜ ਮਿਲੀ, ਕਾਕਰੋਚ ਜਨਤਾ ਪਾਰਟੀ ਕੋਲ ਸਿਰਫ਼ ਆਪਣੇ ਆਪ ਅਤੇ ਇੰਟਰਨੈੱਟ ਉੱਤੇ ਭਰੋਸਾ ਕਰਨ ਦਾ ਸਾਧਨ ਹੈ। ਅੰਨਾ ਅੰਦੋਲਨ ਦੇ ਉਲਟ, ਜਿਸ ਵਿੱਚ ਰਾਸ਼ਟਰੀ ਸਵੈਮਸੇਵਕ ਸੰਘ-ਆਰ.ਐੱਸ.ਐੱਸ.-ਨੇ ਘੁਸਪੈਠ ਕਰਕੇ ਉਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ, ਅਤੇ ਮੋਦੀ ਦੀ ਅਗਵਾਈ ਵਾਲੀ ਭਾਜਪਾ ਪੈਦਾ ਹੋਏ ਟੀ.ਵੀ. ਜਨੂੰਨ ਤੋਂ ਚੁਣਾਵੀ ਲਾਭ ਲੈਣ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਦਰਵਾਜ਼ੇ ਉੱਤੇ ਖੜ੍ਹੀ ਸੀ, ਕਾਕਰੋਚਾਂ ਕੋਲ ਪਿੱਛੇ ਪਰ ਤੋਲ ਰਹੀਆਂ ਸੰਗਠਿਤ ਵਿਰੋਧੀ-ਧਿਰ ਦੀ ਪਾਰਟੀ ਨਹੀਂ ਹੈ ਜੋ ਚੀਜ਼ਾਂ ਨੂੰ ਅੱਗੇ ਲੈ ਜਾਣ ਲਈ ਤਿਆਰ ਹੋਵੇ। ਅਸੀਂ ਜੋ ਸੁਭਾਵਿਕ ਗੁੱਸਾ ਦੇਖ ਰਹੇ ਹਾਂ, ਉਹ ਉਦੋਂ ਤੱਕ ਖ਼ਤਮ ਹੋ ਜਾਵੇਗਾ ਜਦੋਂ ਤੱਕ ਕੋਈ ਅਸਲ ਰਾਜਨੀਤਿਕ ਕੰਮ ਸ਼ੁਰੂ ਨਹੀਂ ਹੁੰਦਾ। ਜਦੋਂ ਤੱਕ ਵੱਡੇ ਲੋਕ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਆਪਣੇ ਜੋੜ-ਤੋੜ ਅਤੇ ਛੋਟੇ-ਮੋਟੇ ਝਗੜੇ ਛੱਡ ਕੇ ਕੁਝ ਏਕਤਾ ਨਹੀਂ ਦਿਖਾਉਂਦੇ। ਸਰਕਾਰ ਜਾਣਦੀ ਹੈ ਕਿ ਇਹ ਅਸੰਭਵ ਹੈ। ਉਹ ਬੇਅਸਰ ਬੈਠੀ ਰਹਿੰਦੀ ਹੈ, ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਨੂੰ ਸਿਰਫ਼ ਇੰਤਜ਼ਾਰ ਕਰਨ ਦੀ ਜ਼ਰੂਰਤ ਹੈ। ਰਾਜਾਂ ਕੋਲ ਇੰਤਜ਼ਾਰ ਕਰਨ ਦੀ ਤਾਕਤ ਹੁੰਦੀ ਹੈ। ਲੋਕਾਂ ਕੋਲ ਨਹੀਂ।

ਇਸ ਵੇਲੇ ਕਾਕਰੋਚ ਵਿਦਰੋਹ ਭਾਰਤ ਭਰ ਵਿੱਚ ਚੱਲ ਰਹੇ ਕਈ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਇੱਕ ਹੈ। ਮੱਧ ਪ੍ਰਦੇਸ਼ ਵਿੱਚ ਆਦਿਵਾਸੀ ਕੇਨ-ਬੇਤਵਾ ਨਦੀ ਜੋੜੋ ਪ੍ਰਾਜੈਕਟ ਦਾ ਵਿਰੋਧ ਕਰ ਰਹੇ ਹਨ। ਉੱਤਰਾਖੰਡ ਵਿੱਚ ਪਿੰਡਾਂ ਦੇ ਲੋਕ ਵੱਡੇ ਪੱਧਰ ਉੱਤੇ ਦਰੱਖ਼ਤਾਂ ਦੀ ਕਟਾਈ ਦਾ ਵਿਰੋਧ ਕਰ ਰਹੇ ਹਨ। ਲੋਕ ਗ੍ਰੇਟਰ ਨਿਕੋਬਾਰ ਟਾਪੂਆਂ ਦੇ ਵਾਤਾਵਰਣੀ ਅਪਮਾਨ ਦਾ ਵਿਰੋਧ ਕਰ ਰਹੇ ਹਨ। ਮਣੀਪੁਰ ਉਬਲ ਰਿਹਾ ਹੈ। ਨੌਕਰੀਆਂ ਗਾਇਬ ਹੋ ਰਹੀਆਂ ਹਨ। ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਗੁੱਸਾ ਵਧ ਰਿਹਾ ਹੈ। ਅਤੇ ਭਾਜਪਾ-ਆਰਐੱਸਐੱਸ ਦਾ "ਭਗਵਾਨ" ਵਾਲਾ ਖੇਡ ਆਪਣੇ ਅਸਲੀ ਰੂਪ 'ਚ ਬੇਨਕਾਬ ਹੋ ਰਿਹਾ ਹੈ। ਇੱਕ ਝਾਂਸਾ। ਗੁੰਡਿਆਂ ਵੱਲੋਂ ਸੰਚਾਲਿਤ ਅਣਕਿਆਸੇ ਲਾਭ ਦੀ ਦੌੜ। ਅਯੁੱਧਿਆ ਵਿੱਚ ਰਾਮ ਮੰਦਰ ਦੀ ਲੁੱਟ ਨੇ ਸਾਨੂੰ ਇੱਕ ਮਾੜੀ ਬਾਲੀਵੁੱਡ ਸਕ੍ਰਿਪਟ ਦਿੱਤੀ ਹੈ, ਜੋ ਸਾਡੀਆਂ ਅੱਖਾਂ ਸਾਹਮਣੇ ਖੇਡੀ ਜਾ ਰਹੀ ਹੈ: ਆਕਰਸ਼ਕ ਭਗਵਾਨ ਅਤੇ ਭ੍ਰਿਸ਼ਟ ਰਾਜਨੇਤਾ ਹੋਟਲ ਬਣਾ ਰਹੇ ਹਨ, ਜਾਇਦਾਦਾਂ ਇਕੱਠੀਆਂ ਕਰ ਰਹੇ ਹਨ, ਐੱਸ.ਯੂ.ਵੀ. ਗੱਡੀਆਂ ਵਿੱਚ ਘੁੰਮ ਰਹੇ ਹਨ ਅਤੇ ਗਰੀਬ ਤੇ ਭੋਲੇ-ਭਾਲੇ ਲੋਕਾਂ ਦੇ ਵਿਸ਼ਵਾਸ ਉੱਪਰ ਗੋਗੜਾਂ ਵਧਾ ਰਹੇ ਹਨ। ਭ੍ਰਿਸ਼ਟਾਚਾਰ ਅਤੇ ਦਿਨ-ਦਿਹਾੜੇ ਲੁੱਟ ਦਾ ਜਾਲ ਉੱਪਰ ਤੱਕ ਫੈਲਿਆ ਹੋਇਆ ਹੈ।

ਕੀ ਕਾਕਰੋਚਾਂ ਦੀ ਤਾਕਤ ਸਾਨੂੰ ਇਸ ਖੱਡ ਵਿੱਚੋਂ ਬਾਹਰ ਕੱਢ ਸਕਦੀ ਹੈ? ਇਹ ਸੌਖਾ ਨਹੀਂ ਹੈ। ਭਾਰਤ ਵਿੱਚ ਜਨ-ਅੰਦੋਲਨਾਂ ਦੇ ਨਤੀਜਿਆਂ ਉੱਤੇ ਤੇਜ਼ੀ ਨਾਲ ਨਜ਼ਰ ਮਾਰਿਆਂ ਸਥਿਤੀ ਉਤਸ਼ਾਹਜਨਕ ਨਹੀਂ ਹੈ। ਇਹ ਸੁੰਗੜਦੀਆਂ ਮਹੱਤਵ ਆਕਾਖਿਆਵਾਂ ਅਤੇ ਟੁੱਟੇ ਹੋਏ ਸੁਪਨਿਆਂ ਦਾ ਸੰਖੇਪ ਇਤਿਹਾਸ ਹੈ। ਸੱਠ ਅਤੇ ਸੱਤਰ ਦੇ ਦਹਾਕਿਆਂ ਵਿੱਚ ਵੱਖ-ਵੱਖ ਅੰਦੋਲਨਾਂ ਨੇ-ਜਿਨ੍ਹਾਂ ਵਿੱਚ ਨਕਸਲੀਆਂ ਦਾ ਹਥਿਆਰਬੰਦ ਵਿਦਰੋਹ ਵੀ ਸ਼ਾਮਲ ਸੀ-ਦੌਲਤ ਅਤੇ ਜ਼ਮੀਨ ਦੀ ਮੁੜ ਵੰਡ ਦੀ ਮੰਗ ਕੀਤੀ, ਅਤੇ ਕਿਹਾ ਕਿ ਜ਼ਮੀਨ ਉਸ ਦੀ ਹੋਵੇ ਜੋ ਉਸ ਨੂੰ ਵਾਹੁੰਦਾ ਹੈ। ਉਨ੍ਹਾਂ ਨੂੰ ਕੁਚਲ ਦਿੱਤਾ ਗਿਆ। ਅੱਸੀ ਅਤੇ ਨੱਬੇ ਦੇ ਦਹਾਕਿਆਂ ਵਿੱਚ ਸਮਾਜਿਕ ਅੰਦੋਲਨਾਂ, ਖ਼ਾਸ ਕਰਕੇ "ਨਰਮਦਾ ਬਚਾਓ ਅੰਦੋਲਨ" ਅਤੇ ਬਾਅਦ ਵਿੱਚ ਆਂਧਰਾ ਪ੍ਰਦੇਸ਼, ਛੱਤੀਸਗੜ੍ਹ ਅਤੇ ਝਾਰਖੰਡ ਵਿੱਚ ਮਾਓਵਾਦੀਆਂ ਨੇ ਕਿਸਾਨਾਂ ਅਤੇ ਆਦਿਵਾਸੀ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਉਜਾੜੇ ਜਾਣ ਦੇ ਵਿਰੁੱਧ ਲੜਾਈ ਲੜੀ। ਦੂਜੇ ਸ਼ਬਦਾਂ ਵਿੱਚ, ਉਹ ਮੰਗ ਕਰ ਰਹੇ ਸਨ ਕਿ ਗਰੀਬਾਂ ਕੋਲ ਜੋ ਕੁਝ ਬਚਿਆ ਹੈ, ਉਹ ਨਾ ਖੋਹਿਆ ਜਾਵੇ। ਉਨ੍ਹਾਂ ਨੂੰ ਵੀ ਕੁਚਲ ਦਿੱਤਾ ਗਿਆ। 2000 ਦੇ ਦਹਾਕੇ ਤੱਕ ਉਹ ਨੈਸ਼ਨਲ ਰੂਰਲ ਐਮਪਲਾਇਮੈਂਟ ਗਾਰੰਟੀ ਐਕਟ-ਨਰੇਗਾ-ਦੇ ਸ਼ੁਕਰਗੁਜ਼ਾਰ ਰਹਿਣ ਤੱਕ ਸੀਮਿਤ ਹੋ ਗਏ। ਘੱਟੋ-ਘੱਟ ਮਜ਼ਦੂਰੀ ਦੇ ਆਧਾਰ 'ਤੇ ਸਾਲ ਵਿਚ ਤਿੰਨ ਮਹੀਨਿਆਂ ਦੇ ਰੁਜ਼ਗਾਰ ਦਾ ਹੱਕ-ਇੱਕ ਅਜਿਹੀ ਰਕਮ, ਜੋ ਕਿਸੇ ਸ਼ਹਿਰ ਦੇ ਮਹਿੰਗੇ ਰੈਸਤਰਾਂ ਵਿੱਚ ਇੱਕ ਵਧੀਆ ਖਾਣੇ ਦੇ ਮੁੱਲ ਦੇ ਬਰਾਬਰ ਹੈ। ਉਸ ਨੂੰ ਵੀ ਇਸ ਸ਼ਾਸਨ ਵੱਲੋਂ ਖ਼ਤਮ ਕਰ ਦਿੱਤਾ ਗਿਆ ਹੈ, ਅਤੇ ਉਸ ਦੀ ਥਾਂ ਜੀਉਂਦੇ ਰਹਿਣ ਜਿੰਨਾ ਰਾਸ਼ਨ-ਮੋਦੀ ਦੀ ਫੋਟੋ ਵਾਲੀਆਂ ਸਹੂਲਤਾਂ ਦੀਆਂ ਥੈਲੀਆਂ-ਲੋਕਾਂ ਵੱਲ ਤਿਰਸਕਾਰ ਨਾਲ ਸੁੱਟੀਆਂ ਗਈਆਂ ਹਨ, ਜਿਵੇਂ ਚੱਲਦੀ ਕਾਰ ਵਿੱਚੋਂ ਭਿਖਾਰੀਆਂ ਵੱਲ ਭੀਖ ਸੁੱਟੀ ਜਾਂਦੀ ਹੈ, ਬਦਲੇ ਵਿੱਚ ਸ਼ੁਕਰਾਨੇ ਅਤੇ ਵੋਟਾਂ ਲਈ। ਜਿਵੇਂ-ਜਿਵੇਂ ਆਰਥਿਕਤਾ ਲੜਖੜਾ ਰਹੀ ਹੈ, ਇਹ ਵੀ ਸੰਕਟ ਵਿੱਚ ਹੈ।

ਅੱਜ, 2026 ਵਿੱਚ, ਅਸੀਂ ਆਪਣੇ ਵੋਟ ਪਾਉਣ ਦੇ ਆਪਣੇ ਅਧਿਕਾਰ ਅਤੇ ਆਪਣੀ ਨਾਗਰਿਕਤਾ ਲਈ ਲੜਨ ਤੱਕ ਸੀਮਿਤ ਹੋ ਗਏ ਹਾਂ। ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ (ਐੱਨ.ਆਰ.ਸੀ.) ਦੇ ਨਾਲ ਮਿਲ ਕੇ ਨਾਜ਼ੀ ਜਰਮਨੀ ਦੇ 1935 ਦੇ ਨਿਊਰਨਬਰਗ ਕਾਨੂੰਨਾਂ ਦਾ ਹਿੰਦੂ ਰਾਸ਼ਟਰ ਐਡੀਸ਼ਨ ਹੈ, ਜਿਨ੍ਹਾਂ ਰਾਹੀਂ ਤੀਜੀ ਰਾਈਖ (ਨਾਜ਼ੀ ਪਾਰਲੀਮੈਂਟ) ਨੇ ਜਰਮਨ ਨਾਗਰਿਕਾਂ ਨੂੰ ਉਨ੍ਹਾਂ ਦੇ "ਵਿਰਾਸਤੀ ਕਾਗਜ਼ਾਂ" ਦੇ ਆਧਾਰ ਉੱਤੇ ਨਾਗਰਿਕਤਾ ਦਿੱਤੀ ਸੀ। ਭਾਰਤ ਵਿੱਚ ਕਿੰਨੇ ਲੋਕਾਂ ਕੋਲ ਇਹ ਕਾਗਜ਼ ਹਨ? ਸੀ.ਏ.ਏ.-ਐੱਨ.ਆਰ.ਸੀ. ਵਿਰੋਧੀ ਅੰਦੋਲਨ ਵੱਡੇ ਪੱਧਰ ਦੇ ਵਿਰੋਧ ਪ੍ਰਦਰਸ਼ਨਾਂ ਕਾਰਨ ਪ੍ਰਦਰਸ਼ਨਕਾਰੀਆਂ ਦੇ ਕਤਲਾਂ ਅਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਡੱਕੇ ਜਾਣ ਤੋਂ ਬਾਅਦ ਮੱਠਾ ਪੈ ਗਿਆ। ਪਰ ਵਿਰੋਧ ਪ੍ਰਦਰਸ਼ਨਾਂ ਦੇ ਕਾਰਨ ਸਰਕਾਰ ਨੂੰ ਇਨ੍ਹਾਂ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਰਫ਼ਤਾਰ ਹੌਲੀ ਕਰਨੀ ਪਈ। ਪਰ ਹੁਣ ਸੀ.ਏ.ਏ.-ਐੱਨ.ਆਰ.ਸੀ., ਜਿਸ ਬਾਰੇ ਬਹੁਤ ਸਾਰੇ ਲੋਕ ਠੀਕ ਸਮਝਦੇ ਸਨ ਕਿ ਇਹ ਮੁੱਖ ਤੌਰ ਉੱਤੇ ਮੁਸਲਮਾਨਾਂ ਵਿਰੁੱਧ ਹੈ, ਚੋਣ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.) ਭਾਵ ਵੋਟਰ ਸੂਚੀਆਂ ਦੀ ਬਾਰੀਕੀ ਨਾਲ ਸੋਧ ਦੇ ਰੂਪ ਵਿੱਚ ਭੇਸ ਬਦਲ ਕੇ ਵਾਪਸ ਆ ਗਿਆ ਹੈ। ਸਾਨੂੰ ਬਿਨਾਂ ਕਿਸੇ ਰਸਮੀ ਕਾਰਵਾਈ ਦੇ ਦੱਸ ਦਿੱਤਾ ਗਿਆ ਹੈ ਕਿ ਸਾਡੇ ਪਾਸਪੋਰਟ ਵੀ ਨਾਗਰਿਕਤਾ ਦਾ ਸਬੂਤ ਨਹੀਂ ਹਨ। ਲੱਖਾਂ ਲੋਕਾਂ ਨੂੰ ਵੋਟਰ ਸੂਚੀਆਂ ਵਿੱਚੋਂ ਹਟਾਇਆ ਜਾ ਰਿਹਾ ਹੈ। ਪੂਰਾ ਮੁਲਕ ਘਬਰਾਕੇ "ਵਿਰਾਸਤੀ ਕਾਗਜ਼" ਲੱਭ ਰਿਹਾ ਹੈ। ਸਾਨੂੰ ਨਹੀਂ ਪਤਾ ਕਿ ਅਸੀਂ ਕਿੱਥੇ ਖੜ੍ਹੇ ਹਾਂ। ਕੀ ਅਸੀਂ ਕਾਨੂੰਨੀ ਹਾਂ? ਗੈਰਕਾਨੂੰਨੀ? ਕੀ ਸਾਡੇ ਕੋਲ ਹੱਕ ਹਨ? ਸਾਡੇ ਵਿੱਚੋਂ ਕੌਣ "ਸ਼ੱਕੀ ਨਾਗਰਿਕਾਂ" ਲਈ ਬਣਾਏ ਜਾ ਰਹੇ ਵਿਸ਼ਾਲ ਨਜ਼ਰਬੰਦੀ ਕੇਂਦਰਾਂ ਵਿੱਚ ਹੋਵੇਗਾ? ਕੀ ਅਸੀਂ ਆਪਣੇ ਦਿਨ ਇੱਕ ਟ੍ਰਿਬਿਊਨਲ ਤੋਂ ਦੂਜੇ ਟ੍ਰਿਬਿਊਨਲ ਤੱਕ ਦੌੜਦਿਆਂ ਗੁਜ਼ਾਰਾਂਗੇ? ਫ਼ਾਸ਼ੀਵਾਦੀਆਂ ਨੂੰ ਅਫ਼ਰਾ-ਤਫ਼ਰੀ ਅਤੇ ਭਰਮ ਪਸੰਦ ਹੁੰਦੇ ਹਨ।

ਸਾਡੀ ਘਬਰਾਹਟ ਅਤੇ ਪੀੜ ਸਾਨੂੰ ਕਾਕਰੋਚ ਵਿਦਰੋਹ ਉੱਤੇ ਬਹੁਤ ਜ਼ਿਆਦਾ ਉਮੀਦ ਰੱਖਣ ਲਈ ਪ੍ਰੇਰਿਤ ਕਰ ਸਕਦੀ ਹੈ। ਕੁਝ ਲੋਕਾਂ ਨੇ ਇਸ ਦੀ ਤੁਲਨਾ ਉਸ ਨੌਜਵਾਨ ਵਿਦਰੋਹ ਨਾਲ ਕੀਤੀ ਹੈ ਜਿਸ ਕਾਰਨ ਬੰਗਲਾਦੇਸ਼, ਨੇਪਾਲ ਅਤੇ ਸ੍ਰੀਲੰਕਾ ਵਿੱਚ ਹਕੂਮਤੀ ਬਦਲਾਅ ਹੋਏ। ਪਰ ਭਾਰਤ ਇੰਨਾ ਵਿਸ਼ਾਲ ਮੁਲਕ ਹੈ ਕਿ ਅਜਿਹਾ ਹੋ ਸਕਣਾ ਸੌਖਾ ਨਹੀਂ ਹੈ। ਹੋਰ ਲੋਕ ਇਸ ਦੀ ਤੁਲਨਾ ਜੈਪ੍ਰਕਾਸ਼ ਨਰੈਣ ਦੀ ਅਗਵਾਈ ਵਾਲੇ ਅੰਦੋਲਨ ਨਾਲ ਕਰਦੇ ਹਨ, ਜਿਸ ਨੇ 1977 ਵਿੱਚ ਇੰਦਰਾ ਗਾਂਧੀ ਦਾ ਤਖ਼ਤ ਪਲਟ ਦਿੱਤਾ ਸੀ। ਇਹ ਤੁਲਨਾਵਾਂ ਮਦਦਗਾਰ ਨਹੀਂ ਹਨ। ਕਾਕਰੋਚ ਜਨਤਾ ਪਾਰਟੀ ਇਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੈ। ਇਹ ਆਪਣੇ ਆਪ ਵਿੱਚ ਇੱਕ ਅਨੋਖੀ ਚੀਜ਼ ਹੈ। ਆਪਣੇ ਸਮੇਂ ਦੀ ਇੱਕ ਅਨੋਖੀ ਪੈਦਾਇਸ਼। ਇਹ ਕਮਜ਼ੋਰ ਨੌਜਵਾਨ ਹਨ, ਜੋ ਕਰੂਰ, ਬਦਲੇਖੋਰ ਸਰਕਾਰ ਦੇ ਵਿਰੁੱਧ ਖੜ੍ਹੇ ਹਨ, ਜਿਸ ਨੇ ਖ਼ੁਦ ਨੂੰ ਆਪਣੇ ਵਿਰੋਧੀਆਂ ਪ੍ਰਤੀ ਕਰੂਰ ਸਾਬਤ ਕੀਤਾ ਹੈ। ਬਦਲਾ ਯਕੀਨਨ ਹੀ ਯੋਜਨਾਬੱਧ ਕੀਤਾ ਜਾ ਰਿਹਾ ਹੋਵੇਗਾ ਅਤੇ ਉਨ੍ਹਾਂ ਲੋਕਾਂ ਉੱਤੇ ਥੋਪਿਆ ਜਾਵੇਗਾ, ਜਿਨ੍ਹਾਂ ਨੂੰ ਉਹ ਮੁੱਖ ਉਕਸਾਉਣ ਵਾਲੇ ਮੰਨਦੀ ਹੈ।

ਇੱਕ ਸ਼ਾਸਨ, ਜੋ ਸਾਫ਼ ਤੌਰ ਉੱਤੇ ਬਹੁਤ ਬਦਨਾਮ ਹੁੰਦਾ ਜਾ ਰਿਹਾ ਹੈ, ਖ਼ੁਦ ਨੂੰ ਵੋਟ ਪਾਉਣ ਵਾਲੇ ਲੋਕਾਂ ਨੂੰ ਕੋਈ ਰਿਆਇਤ ਨਾ ਦੇਣ ਦਾ ਆਤਮਵਿਸ਼ਵਾਸ ਕਿੱਥੋਂ ਲਿਆਉਂਦਾ ਹੈ? ਸ਼ਾਇਦ ਇਸ ਲਈ ਕਿ ਉਸ ਨੂੰ ਲੱਗਦਾ ਹੈ ਕਿ ਉਸ ਨੇ ਚੁਣਾਵੀ ਕਾਰੋਬਾਰ ਵਿੱਚ ਸਫ਼ਲਤਾਪੂਰਵਕ ਹੇਰਾਫੇਰੀ ਕਰ ਲਈ ਹੈ। ਉਸ ਨੇ ਪੂਰੀ ਮਸ਼ੀਨਰੀ ਉੱਤੇ ਕਬਜ਼ਾ ਕਰ ਲਿਆ ਹੈ। ਚੋਣ ਕਮਿਸ਼ਨ ਆਪਣੀ ਬਣਤਰ ਵਿੱਚ ਹੀ ਦੋਸ਼ਪੂਰਨ ਹੈ ਅਤੇ ਹੁਣ ਉਸ ਤੋਂ ਨਿਰਪੱਖ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਈ.ਵੀ.ਐੱਮ. ਨਾਲ ਛੇੜਛਾੜ ਕੀਤੀ ਗਈ ਹੈ, ਵੋਟਰ ਸੂਚੀਆਂ ਵਿੱਚ ਲੱਖਾਂ ਅਸਲੀ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਅਤੇ ਲੱਖਾਂ ਕਾਲਪਨਿਕ ਨਾਮ ਸ਼ਾਮਲ ਕਰ ਦਿੱਤੇ ਗਏ ਹਨ। ਚੋਣਾਂ ਦੀ ਨਿਗਰਾਨੀ ਕਰਨ ਵਾਲੀ ਨੌਕਰਸ਼ਾਹੀ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਿਲੀਭੁਗਤ ਵਾਲੀ ਸਾਬਤ ਕੀਤਾ ਹੈ। ਅਦਾਲਤਾਂ ਉੱਤੇ ਗੰਭੀਰ ਬੇਨਿਯਮੀਆਂ ਵਿੱਚ ਦੇਰੀ ਕਰਨ ਜਾਂ ਉਨ੍ਹਾਂ ਤੋਂ ਅੱਖਾਂ ਮੀਟ ਲੈਣ ਲਈ ਭਰੋਸਾ ਕੀਤਾ ਜਾ ਸਕਦਾ ਹੈ। ਪੁਲਿਸ ਨੂੰ ਨਿਰਪੱਖਤਾ ਬਾਰੇ ਕੋਈ ਪਤਾ ਹੀ ਨਹੀਂ ਹੈ। ਜਦੋਂ ਸੱਤਾ ਵਿੱਚ ਬੈਠਾ ਕੋਈ ਵਿਅਕਤੀ ਆਪਣੀਆਂ ਉਂਗਲੀਆਂ ਖੜਕਾਉਂਦਾ ਹੈ ਤਾਂ ਪ੍ਰੈੱਸ ਹਰ ਵਾਰ ਝੁਕ ਜਾਂਦੀ ਹੈ। ਚੋਣ ਹਲਕਿਆਂ ਦੀ ਮੁੜ ਹੱਦਬੰਦੀ ਇਹ ਯਕੀਨੀਂ ਬਣਾਉਣ ਲਈ ਇਸ ਤਰ੍ਹਾਂ ਕੀਤੀ ਜਾ ਰਹੀ ਹੈ ਕਿ ਇਹ ਹਮੇਸ਼ਾ ਭਾਜਪਾ ਦੇ ਹੱਕ ਵਿੱਚ ਰਹੇ। ਸੱਤਾਧਾਰੀ ਪਾਰਟੀ ਨੂੰ ਕਿਸ ਗੱਲ ਦਾ ਡਰ ਹੋਣਾ ਚਾਹੀਦਾ ਹੈ? ਉਸ ਨੂੰ ਕਿਸੇ ਦੀ ਗੱਲ ਕਿਉਂ ਸੁਣਨੀ ਚਾਹੀਦੀ ਹੈ? ਇਹ ਧਰਤੀ ਦੀ ਸਭ ਤੋਂ ਧਨਾਢ ਰਾਜਨੀਤਿਕ ਪਾਰਟੀ ਹੈ, ਜਿਸ ਨੂੰ ਦੁਨੀਆ ਦੇ ਸਭ ਤੋਂ ਅਮੀਰ ਉਦਯੋਗਪਤੀਆਂ ਦੀ ਹਮਾਇਤ ਹਾਸਲ ਹੈ। ਇਹ ਕੁਝ ਵੀ ਖ਼ਰੀਦ ਸਕਦੀ ਹੈ। ਅਤੇ ਕਿਸੇ ਨੂੰ ਵੀ। ਜਾਂ ਘੱਟੋ-ਘੱਟ ਇਸ ਨੂੰ ਇਹੀ ਯਕੀਨ ਹੈ।

ਪਰ ਕੀ ਇਹ ਖੇਡ ਹਮੇਸ਼ਾ ਚੱਲ ਸਕਦੀ ਹੈ? ਕੀ ਸਾਰੇ ਲੋਕਾਂ ਨੂੰ ਹਰ ਵਕਤ ਬੇਵਕੂਫ਼ ਬਣਾਇਆ ਜਾ ਸਕਦਾ ਹੈ? ਕੀ ਡੇਢ ਅਰਬ ਦੀ ਆਬਾਦੀ ਵਾਲੇ ਮੁਲਕ ਨੂੰ ਹਮੇਸ਼ਾ ਲਈ ਲਾਸ਼ ਵਾਂਗ ਘਸੀਟਿਆ ਜਾ ਸਕਦਾ ਹੈ? ਨਹੀਂ, ਇਹ ਨਹੀਂ ਹੋ ਸਕਦਾ। ਕਾਕਰੋਚ ਬਾਹਰ ਆ ਗਏ ਹਨ। ਕਿਸਾਨ ਇੱਕ ਵਾਰ ਫਿਰ ਦਿੱਲੀ ਵੱਲ ਮਾਰਚ ਕਰਨ ਲੱਗ ਪਏ ਹਨ, ਇਸ ਵਾਰ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਨ ਲਈ—ਮੌਤ ਦੀ ਸਜ਼ਾ, ਜਿਸ ਉੱਤੇ ਭਾਰਤ ਸਰਕਾਰ ਨੇ ਉਨ੍ਹਾਂ ਦੇ ਵੱਲੋਂ ਗ਼ੁਲਾਮੀ ਭਰੇ ਢੰਗ ਨਾਲ ਦਸਤਖ਼ਤ ਕਰਨ ਲਈ ਸਹਿਮਤੀ ਦਿੱਤੀ ਹੈ। ਸ਼ਹਿਰ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ, ਪਰ ਇਸ ਨਾਲ ਉਨ੍ਹਾਂ ਨੂੰ ਰੋਕ ਲਏ ਜਾਣ ਦੀ ਸੰਭਾਵਨਾ ਨਹੀਂ ਹੈ। ਸ਼ਾਇਦ ਅਸੀਂ ਬਾਕੀ ਲੋਕ ਆਪਣੇ ਕਿਸਾਨਾਂ ਅਤੇ ਆਪਣੇ ਕਾਕਰੋਚਾਂ ਤੋਂ ਸਬਕ ਸਿੱਖ ਸਕਦੇ ਹਾਂ ਕਿ ਥੋੜ੍ਹੇ ਖ਼ਤਰਨਾਕ ਕਿਵੇਂ ਬਣਿਆ ਜਾਵੇ। ਨੌਜਵਾਨਾਂ ਨੇ ਸਾਨੂੰ ਇੱਕ ਤੋਹਫ਼ਾ ਦਿੱਤਾ ਹੈ। ਇਹ ਸਾਡੇ ਸਾਰਿਆਂ ਉੱਤੇ, ਸਾਡੇ ਵਿੱਚੋਂ ਹਰੇਕ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਜੋ ਕੀਤਾ ਹੈ, ਉਸ ਨੂੰ ਸਾਰਥਕ ਬਣਾਈਏ।

ਇੱਕ ਵਾਰ ਜਦੋਂ ਕੋਈ ਪ੍ਰਧਾਨ ਮੰਤਰੀ ਸਰੀਰਕ ਤੌਰ ਉੱਤੇ ਭੱਜ ਜਾਂਦਾ ਹੈ, ਤਾਂ ਦੇਰ ਨਹੀਂ ਲੱਗਦੀ ਕਿ ਉਸ ਨੂੰ ਰਾਜਨੀਤਿਕ ਤੌਰ ਉੱਤੇ ਵੀ ਭੱਜਣਾ ਪਵੇ।

ਪਰ ਇਹ ਸ਼ਾਸਨ ਆਸਾਨੀ ਨਾਲ ਨਹੀਂ ਜਾਵੇਗਾ। ਇਹ ਰਾਜਧਾਨੀ ਦੀਆਂ ਸੜਕਾਂ ਉੱਤੇ ਅਪਮਾਨਿਤ ਹੋਣਾ ਬਰਦਾਸ਼ਤ ਨਹੀਂ ਕਰੇਗਾ। ਸਾਨੂੰ ਖ਼ੂਨ-ਖਰਾਬਾ ਦੇਖਣ ਨੂੰ ਮਿਲ ਸਕਦਾ ਹੈ। ਨੌਜਵਾਨਾਂ ਦਾ ਮਿਜ਼ਾਜ ਤਿੱਖਾ ਹੋ ਰਿਹਾ ਹੈ। ਇਸ ਉਤੇਜਿਤ ਅਤੇ ਉਤਸ਼ਾਹੀ ਭੀੜ ਵਿੱਚ ਕਿਸੇ ਦਾ ਸਬਰ ਕਦੋਂ ਟੁੱਟ ਜਾਵੇਗਾ ਅਤੇ ਪੁਲਿਸ ਨੂੰ ਗੋਲੀ ਚਲਾਉਣ ਦਾ ਬਹਾਨਾ ਦੇ ਦੇਵੇਗਾ? ਉਹ ਸਾਨੂੰ ਤੋੜਨ ਲਈ ਹਰ ਸੰਭਵ ਯਤਨ ਕਰਨਗੇ। ਸਾਨੂੰ ਉਨ੍ਹਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।


**(ਦੀ ਵਾਇਰ ਦੇ ਧੰਨਵਾਦ, 22 ਜੁਲਾਈ 2026)**



## ਵੱਖ-ਵੱਖ ਜਥੇਬੰਦੀਆਂ ਵਲੋਂ ਸੰਘਰਸ਼ ਦੀ ਹਮਾਇਤ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਸਿੱਖ ਵਿਰਸਾ, ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਅਤੇ 'ਸਰੋਕਾਰਾਂ ਦੀ ਆਵਾਜ਼' ਵੱਲੋਂ ਕੈਲਗਰੀ ਕੈਨੇਡਾ ਵਿੱਚ ਸੰਘਰਸ਼ ਕਰ ਰਹੇ ਵਿਦਿਆਰਥੀਆਂ, ਦਿੱਲੀ ਦੇ ਜੰਤਰ ਮੰਤਰ ਵਿੱਚ ਚੱਲ ਰਹੇ ਹੱਕੀ ਵਿਦਿਆਰਥੀ ਅੰਦੋਲਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਆਰਐੱਸਐੱਸ ਦੇ ਸਿੱਧੇ ਦਖ਼ਲ ਵਿਰੁੱਧ ਚੱਲ ਰਹੇ ਸੰਘਰਸ਼ਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ। ਕੈਲਗਰੀ ਦੇ ਸੈਂਕੜੇ ਵਿਦਿਆਰਥੀ ਵਰਕ ਪਰਮਿਟ ਐਕਸਟੈਂਡ ਕਰਵਾਉਣ ਲਈ ਲਗਾਤਾਰ ਸੰਘਰਸ਼ ਅਤੇ ਭੁੱਖ ਹੜਤਾਲ 'ਤੇ ਹਨ। ਅਸੀਂ ਉਨ੍ਹਾਂ ਦੇ ਹੱਕੀ ਸੰਘਰਸ਼ਾਂ 'ਚ ਉਨ੍ਹਾਂ ਦੀ ਡਟਵੀਂ ਹਮਾਇਤ ਕਰਦੇ ਹੋਏ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਖੱਜਲ ਖੁਆਲ ਕਰਨ ਦੀ ਨਿੰਦਾ ਕਰਦੇ ਹਾਂ ਅਤੇ ਜ਼ੋਰਦਾਰ ਮੰਗ ਕਰਦੇ ਹਾਂ ਕਿ ਉਨ੍ਹਾਂ ਦੇ ਮਸਲੇ ਨੂੰ ਤੁਰੰਤ ਹੱਲ ਕੀਤਾ ਜਾਵੇ। ਭਾਰਤ ਸਰਕਾਰ ਵੱਲੋਂ ਦਿੱਲੀ ਵਿੱਚ ਵਿਦਿਆਰਥੀਆਂ ਦੇ ਹੱਕੀ ਸੰਘਰਸ਼ਾਂ ਨੂੰ ਡੰਡੇ ਨਾਲ ਦਬਾਉਣ, ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਨੂੰ ਖਤਮ ਕਰਨ ਦੀ ਨਿਖੇਧੀ ਕਰਦੇ ਮੰਗ ਕਰਦੇ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਆਰਐੱਸਐੱਸ ਦੀ ਸਿੱਧੀ ਦਖ਼ਲਅੰਦਾਜ਼ੀ ਬੰਦ ਕਰਕੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ। ਹਕੂਮਤਾਂ ਹਮੇਸ਼ਾ ਇਹ ਭਰਮ ਪਾਲਦੀਆਂ ਰਹੀਆਂ ਹਨ ਕਿ ਜ਼ੋਰ ਜਬਰ ਨਾਲ ਵਿਦਿਆਰਥੀਆਂ ਦੀ ਆਵਾਜ਼ ਦਬਾ ਦਿਆਂਗੇ, ਪਰ ਇਹ ਆਵਾਜ਼ਾਂ ਹੁਣ ਚਾਰੇ ਪਾਸੇ ਤੋਂ ਗੂੰਜਣਗੀਆਂ! ਆਓ ਇਸ ਆਵਾਜ਼ ਸੰਗ ਆਪੋ ਆਪਣੀ ਆਵਾਜ਼ ਮਿਲਾਈਏ ਤੇ ਇਸ ਨੂੰ ਇੱਕ ਭਰਵੀਂ ਲਲਕਾਰ ਬਣਾ ਦੇਈਏ ਜਿੱਤ ਲੜਦੇ ਲੋਕਾਂ ਦੀ ਹੋਵੇਗੀ ਇਨਕਲਾਬ ਜ਼ਿੰਦਾਬਾਦ!!



# ਲੈਂਡ ਪੂਲਿੰਗ ਨੀਤੀ, ਖੇਤੀ ਨੀਤੀ ਅਤੇ ਪੰਜਾਬ ਦਾ ਅਰਥਚਾਰਾ

ਪ੍ਰੋ. ਮੇਹਰ ਮਾਣਕ
90411-13193



ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਲਿਆਂਦੀ ਹੈ ਜਿਸ ਦਾ ਮਕਸਦ ਪੰਜਾਬ ਦੇ ਵਿਕਾਸ ਵਿੱਚ ਭੂਮੀ ਮਾਲਕਾਂ, ਪ੍ਰਮੋਟਰਾਂ ਤੇ ਕੰਪਨੀਆਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨਾ ਅਤੇ ਭੂਮੀ ਮਾਲਕਾਂ ਦੀ ਇਸ ਨੀਤੀ ਵਿੱਚ ਦਿਲਚਸਪੀ ਵਧਾਉਣਾ ਦੱਸਿਆ ਗਿਆ ਹੈ। ਇਸ ਤਹਿਤ ਸਰਕਾਰ ਸੂਬੇ ਦੇ 27 ਸ਼ਹਿਰਾਂ ਦੇ ਆਲੇ-ਦੁਆਲੇ ਅਰਬਨ ਅਸਟੇਟ ਵਿਕਸਤ ਕਰਨ ਲਈ 65533 ਏਕੜ ਜ਼ਮੀਨ ਦੀ ਕਾਗਜ਼ੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਸਰਕਾਰ ਨੇ 6 ਸਨਅਤੀ ਜ਼ੋਨ ਬਣਾਉਣ ਵਾਸਤੇ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24511 ਏਕੜ ਜ਼ਮੀਨ ਐਕੁਆਇਰ ਕਰਨੀ ਹੈ। ਸਰਕਾਰ ਮੁਤਾਬਿਕ ਰੀਅਲ ਅਸਟੇਟ ਵਾਲੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਕਲੋਨੀਆਂ ਬਣਾ ਕੇ ਮਹਿੰਗੇ ਘਰ ਵੇਚਦੇ ਹਨ। ਇਹ ਕਲੋਨੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਕਰ ਕੇ ਸਰਕਾਰ ਆਪ ਜ਼ਮੀਨ ਐਕੁਆਇਰ ਕਰ ਕੇ ਆਪਣੀ ਦੇਖ-ਰੇਖ ਵਿੱਚ ਕਲੋਨੀਆਂ ਵਿਕਸਿਤ ਕਰੇਗੀ। ਸਵਾਲ ਹੈ: ਕਲੋਨਾਈਜ਼ਰਾਂ ਨੂੰ ਖੁੱਲ੍ਹ ਕਿਸ ਨੇ ਅਤੇ ਕਿਉਂ ਦਿੱਤੀ? ਕੀ ਸਰਕਾਰ ਇਨ੍ਹਾਂ ਖਿਲਾਫ ਕਾਰਵਾਈ ਕਰ ਕੇ ਕਲੋਨੀਆਂ ਦੀ ਵਿਗੜੀ ਹਾਲਤ ਸੁਧਾਰ ਨਹੀਂ ਸਕਦੀ? ਦੂਜਾ, ਪੰਜਾਬ ਦੇ ਬਾਸ਼ਿੰਦਿਆਂ ਕੋਲ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ। ਜੇ ਕਲੋਨੀਆਂ ਦਾ ਪਸਾਰਾ ਅਤੇ ਖਿਲਾਰਾ ਬਹੁਤ ਦੇਰ ਤੋਂ ਲਗਾਤਾਰ ਰਿਹਾ ਹੈ ਤਾਂ ਦੇਖਣ ਦੀ ਜ਼ਰੂਰਤ ਹੈ ਕਿ ਇਹ ਕਿਉਂ ਅਤੇ ਕਿਨ੍ਹਾਂ ਲੋਕਾਂ ਲਈ ਹੋ ਰਿਹਾ ਹੈ। ਇਸ ਦੇ ਆਰਥਿਕ ਅਤੇ ਸਮਾਜਿਕ ਪਹਿਲੂ ਕੀ ਹਨ? ਜੇ 43533 ਏਕੜ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਤਕਰੀਬਨ 14000 ਪਰਿਵਾਰਾਂ ਦਾ ਉਜਾੜਾ ਹੋਵੇਗਾ, ਨਾਲ ਹੀ ਸੂਬੇ ਅੰਦਰ ਝੋਨੇ ਦੀ ਡੇਢ ਲੱਖ ਟਨ ਪੈਦਾਵਾਰ ਵੀ ਘਟੇਗੀ ਅਤੇ ਕਾਮਾ ਵਰਗ ਲਈ ਕੰਮ ਦੇ ਮੌਕੇ ਵੀ ਮਨਫ਼ੀ ਹੋਣਗੇ। ਸਰਕਾਰ ਅਨੁਸਾਰ, ਇਹ 27 ਸ਼ਹਿਰਾਂ ਵਿੱਚ ਇਹ ਨੀਤੀ ਲਾਗੂ ਕਰੇਗੀ। ਕੀ ਪਹਿਲਾਂ ਹੀ ਸੂਬੇ ਅੰਦਰ ਸ਼ਹਿਰਾਂ ਦੀ ਘਾਟ ਹੈ? ਜੇ ਅਸੀਂ ਪਹਿਲਾਂ ਹੀ ਵਸਦੇ ਸ਼ਹਿਰਾਂ ਨੂੰ ਸਾਫ-ਸੁਥਰਾ ਅਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਹੀਂ ਕਰ ਸਕੇ ਤਾਂ ਸ਼ਹਿਰਾਂ ਦੇ ਹੋਰ ਪਸਾਰੇ ਨਾਲ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ? ਇਸ ਨੀਤੀ ਵਿੱਚ ਕਿਹਾ ਗਿਆ ਹੈ ਕਿ ਇੱਕ ਕਿੱਲਾ ਜ਼ਮੀਨ ਦੇਣ ਬਦਲੇ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਮੀਡੀਆ ਵਿੱਚ ਆਈ ਜਾਣਕਾਰੀ ਮੁਤਾਬਿਕ, ਵਿਕਸਿਤ ਹੋਣ ਪਿੱਛੋਂ ਇੱਕ ਕਿੱਲੇ ਦੀ ਕੀਮਤ ਮਾਰਕੀਟ ਰੇਟ ਤੋਂ ਵਧ ਕੇ ਚਾਰ ਕਰੋੜ ਵੀਹ ਲੱਖ ਰੁਪਏ ਹੋ ਜਾਵੇਗੀ। ਨੀਤੀ ਵਿੱਚ ਕਿਹਾ ਗਿਆ ਹੈ ਕਿ 50 ਏਕੜ ਦੇ ਏਰੀਏ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਸਬੰਧਿਤ ਕਿਸਾਨ ਨੂੰ 60:40 ਦੇ ਅਨੁਪਾਤ ਅਨੁਸਾਰ ਇੱਕ ਕਿੱਲੇ ਪਿੱਛੇ ਇੱਕ ਕਰੋੜ ਰੁਪਏ ਦਾ ਵਿਕਾਸ ਖਰਚਾ ਵੀ ਦੇਣਾ ਪਵੇਗਾ। ਜੇ ਤਜਰਬਿਆਂ ਨੂੰ ਆਧਾਰ ਬਣਾਈਏ ਤਾਂ ਏਰੀਏ ਨੂੰ ਵਿਕਸਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਵਕਤ ਲੱਗੇਗਾ। ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਰੇਟ ਦੀ ਗੱਲ ਕਰੀਏ ਤਾਂ ਇਹ ਕਿਤੇ ਦੇ ਕਿਤੇ ਜਾ ਚੁੱਕੇ ਹਨ। ਹੁਣ ਸਵਾਲ ਹੈ: ਕੀ ਜ਼ਮੀਨਾਂ ਐਕੁਆਇਰ ਕਰਨ ਨਾਲ ਪੇਂਡੂ ਅਰਥਚਾਰੇ ਦਾ ਮੂੰਹ-ਮੁਹਾਂਦਰਾ ਸੁਧਰੇਗਾ? ਜੇ ਨਹੀਂ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਖੇਤੀ ਅਰਥਚਾਰੇ ਨੂੰ ਉੱਨਤ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਲੈ ਕੇ ਆਵੇ? ਇਸ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਛੋਟਾ ਕਿਸਾਨ ਜੋ ਅੱਜ ਇੱਕ ਕਿੱਲੇ, ਭਾਵ 4840 ਗਜ਼ ਦਾ ਮਾਲਕ ਹੈ, ਸਿਰਫ 1200 ਗਜ਼ ਦਾ ਮਾਲਕ ਬਣ ਕੇ ਰਹਿ ਜਾਵੇਗਾ। ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ ਪਰ ਅਸਾਵੇਂ ਸਮਾਜਾਂ ਵਿੱਚ ਸਹਿਮਤੀ ਦੇ ਮੌਕੇ ਬਣਾਉਣ ਲਈ ਅਨੇਕ ਦਿੱਖ-ਅਦਿੱਖ ਦਬਾਵਾਂ ਰਾਹੀਂ ਹਾਲਾਤ ਪੈਦਾ ਹੋਣੇ ਸੁਭਾਵਿਕ ਹਨ। ਸਵਾਲ ਇਹ ਵੀ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ ਕੀ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਰਜ਼ੀ ਮੁਤਾਬਿਕ ਕਿਸੇ ਹੋਰ ਕੋਲ ਵੇਚ ਜਾਂ ਗਹਿਣੇ ਧਰ ਸਕਦਾ ਹੈ? ਜੇ ਨਹੀਂ ਤਾਂ ਫਿਰ ਸਹਿਮਤੀ ਅਸਹਿਮਤੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਨੀਤੀ ਤਹਿਤ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਲੈਂਡ ਪੂਲਿੰਗ ਵਿੱਚ ਆਈ, ਉਸ ਨੂੰ ਤੀਜੇ ਹਿੱਸੇ ਤੋਂ ਘੱਟ, ਕਿਸੇ ਹੋਰ ਥਾਂ ਵਿਕਸਤ ਜ਼ਮੀਨ ਮੁਆਵਜ਼ੇ ਦੇ ਰੂਪ ਵਿੱਚ ਮਿਲੇਗੀ ਪਰ ਜਿਸ ਕਿਸਾਨ ਦੀ ਜ਼ਮੀਨ ਨੌਂ ਏਕੜ ਐਕੁਆਇਰ ਹੋਵੇਗੀ, ਉਸ ਨੂੰ ਤੀਜਾ ਹਿੱਸਾ ਮਿਲੇਗਾ। ਵੱਡੇ ਕਿਸਾਨਾਂ ਦਾ ਸਮੂਹ ਜੋ ਪੰਜਾਹ ਏਕੜ ਜ਼ਮੀਨ ਦੇਵੇਗਾ, ਉਸ ਨੂੰ ਅੱਧ ਤੋਂ ਵੱਧ ਜ਼ਮੀਨ ਮਿਲੇਗੀ। ਇਉਂ ਇਹ ਨੀਤੀ ਵੱਡੇ ਅਤੇ ਛੋਟਿਆਂ ਵਿੱਚ ਫ਼ਰਕ ਕਰਦੀ ਹੈ ਜਦਕਿ ਸੂਬੇ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਦੀ ਹੋਂਦ ਅਤੇ ਰੋਜ਼ੀ-ਰੋਟੀ ਖੇਤੀ ਅਰਥਚਾਰੇ ਨਾਲ ਜੁੜੀ ਹੋਈ ਹੈ। ਨੀਤੀ ਤਹਿਤ ਉਨ੍ਹਾਂ ਬਹੁਗਿਣਤੀ ਕਿਸਾਨਾਂ ਦਾ ਉਜਾੜਾ ਤੈਅ ਹੈ ਜਿਨ੍ਹਾਂ ਕੋਲ ਕੋਈ ਬਦਲਵਾਂ ਆਮਦਨ ਸਾਧਨ ਨਹੀਂ। ਨੀਤੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਜੈਕਟ ਪੂਰਾ ਹੋਣ 'ਤੇ ਹਰ ਕਿਸਾਨ ਨੂੰ 30,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲਾਂ ਲਈ ਸਾਲਾਨਾ ਗੁਜ਼ਾਰਾ ਭੱਤਾ ਮਿਲੇਗਾ ਹਾਲਾਂਕਿ ਅੱਜ ਕੱਲ੍ਹ ਜ਼ਮੀਨ ਦਾ ਠੇਕਾ ਲੱਖ-ਲੱਖ ਰੁਪਏ ਸਾਲਾਨਾ ਨੂੰ ਜਾ ਢੁੱਕਿਆ ਹੈ। ਉਂਝ ਵੀ, ਤਜਰਬਾ ਦੱਸਦਾ ਹੈ ਕਿ ਬਹੁਗਿਣਤੀ ਪ੍ਰਾਜੈਕਟ ਕਦੀ ਸਮੇਂ ਸਿਰ ਨੇਪਰੇ ਨਹੀਂ ਚੜ੍ਹਦੇ। ਜੇ ਅਜਿਹੇ ਪ੍ਰਾਜੈਕਟ ਸਿਰੇ ਚੜ੍ਹ ਵੀ ਜਾਂਦੇ ਹਨ ਤਾਂ ਇਸ ਨੇ ਪਿੰਡ ਦੀ ਖੂਬਸੂਰਤ ਇਕਾਈ ਦਾ ਜਿੱਥੇ ਮਲੀਆਮੇਟ ਕਰਨਾ ਹੈ, ਉੱਥੇ ਇਸ ਨੇ ਨਵੀਆਂ ਸਮਾਜਿਕ ਪਰਤਾਂ ਅਤੇ ਸਫਬੰਦੀਆਂ ਨੂੰ ਜਨਮ ਦੇਣਾ ਹੈ। ਪਿੰਡਾਂ ਵਿੱਚ ਬਹੁਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਇਸ ਕਰ ਕੇ ਪੇਂਡੂ ਵਸੋਂ ਦੇ ਵੱਡੇ ਸਮਾਜਿਕ ਹਿੱਸੇ ਨੇ ਆਰਥਿਕ ਤੰਗੀ, ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਉਲਝਣ ਭਰੇ ਸੰਕਟਾਂ ਦਾ ਸ਼ਿਕਾਰ ਹੋਣਾ ਹੈ। ਵੱਡੀਆਂ ਕੌਮੀ ਸੜਕਾਂ ਰਾਹੀਂ ਜੁੜ ਕੇ ਇਹ ਮਾਡਲ ਵੱਡੇ ਘਰਾਣਿਆਂ ਦੇ ਹਿੱਤ ਪੂਰਦਾ ਹੋਇਆ ਜਿੱਥੇ ਕਿਸਾਨੀ ਦੀ ਬਹੁ ਵਸੋਂ ਨੂੰ ਉਜਾੜੇਗਾ, ਉੱਥੇ ਆਮ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਕਾਰੀਗਰਾਂ ਅਤੇ ਰੋਜ਼ੀ-ਰੋਟੀ ਦੇ ਆਹਰ ਲੱਗੇ ਹੋਰ ਲੋਕਾਂ ਨੂੰ ਵਿਹਲਾ ਕਰ ਦੇਵੇਗਾ। ਇਸ ਵਿਚ ਅਨਪੜ੍ਹ, ਬੇਜ਼ਮੀਨੇ ਅਤੇ ਗੈਰ-ਕਾਰੀਗਰ ਕਾਮਿਆਂ ਲਈ ਕੋਈ ਥਾਂ ਨਹੀਂ। ਇਹ ਨੀਤੀ ਲੋਕਾਂ ਦੇ ਮੁੜ ਵਸੇਵੇਂ ਅਤੇ ਮੁਆਵਜ਼ੇ ਦੇ ਮਸਲੇ ਬਾਰੇ ਚੁੱਪ ਹੈ। ਜੇ ਕਿਸਾਨਾਂ ਨੂੰ ਤੁਰੰਤ, ਨਗਦੀ, ਖੁੱਲ੍ਹੇ ਪੈਸੇ ਦੇ ਵੀ ਦਿੱਤੇ ਜਾਣ ਤਾਂ ਉਹ ਕੁਝ ਅਰਸੇ ਬਾਅਦ ਅਣਕਿਆਸੀ ਕੰਗਾਲੀ ਦਾ ਸ਼ਿਕਾਰ ਹੋ ਜਾਣਗੇ। ਇਹ ਹਕੀਕਤ ਹੈ ਕਿ ਕਿਸਾਨ ਬਹੁਤ ਸਿੱਧਾ ਸਾਦਾ ਹੈ, ਇਸ ਕਰ ਕੇ ਕਿਸਾਨੀ ਦੀ ਬਹੁ ਵਸੋਂ ਨੂੰ ਤਾਂ ਲੰਮੇ ਨਫੇ ਲਈ ਪੈਸੇ ਵੀ ਖਰਚਣੇ ਨਹੀਂ ਆਉਂਦੇ। ਨਾਲੇ ਨਵੇਂ ਬਦਲਵੇਂ ਹਾਲਾਤ ਵਿੱਚ ਉਹ ਤਾਂ ਕੀ, ਚੰਗੇ-ਚੰਗੇ ਵਪਾਰੀ ਵੀ ਅਸਾਵੇਂ ਮੁਕਾਬਲੇ ਦੇ ਇਸ ਦੌਰ ਵਿੱਚ ਦਿਓ ਕੱਦ ਮੰਡੀ ਤਾਕਤਾਂ ਸਾਹਮਣੇ ਟਿਕ ਨਹੀਂ ਸਕਣਗੇ। ਇਸ ਤੋਂ ਵੀ ਅਗਾਂਹ ਦਾ ਮਸਲਾ ਇਹ ਹੈ ਕਿ ਜੇ ਇੱਦਾਂ ਹੀ ਸਨਅਤੀ ਜ਼ੋਨ ਵਿਕਸਿਤ ਕਰਨ ਲਈ ਉਪਜਾਊ ਜ਼ਮੀਨਾਂ ਐਕੁਆਇਰ ਕਰਦੇ ਜਾਓਗੇ ਤਾਂ ਅੰਨ-ਦਾਣਾ ਅਤੇ ਸਬਜ਼ੀਆਂ ਖਾਣ ਲਈ ਫ਼ਸਲਾਂ ਕਿੱਥੇ ਬੀਜੋਗੇ? ਪੰਜਾਬ ਅੰਦਰ ਖੇਤੀ ਅਧੀਨ ਰਕਬਾ ਪਹਿਲਾਂ ਹੀ ਤੇਜ਼ੀ ਨਾਲ ਘਟ ਰਿਹਾ ਹੈ। ਲੰਘੇ ਦਹਾਕੇ ਦੌਰਾਨ ਸੂਬੇ ਵਿੱਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਉਸਰ ਰਹੀਆਂ ਕਲੋਨੀਆਂ ਅਤੇ ਸੜਕਾਂ ਦੇ ਜਾਲ ਨੇ ਖਪਾ ਲਿਆ ਹੈ। ਸਰਕਾਰ ਨੇ ਹੁਣ ਲੁਧਿਆਣੇ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਅਰਬਨ ਅਸਟੇਟ ਅਧੀਨ ਲਿਆਉਣ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ 60 ਹਜ਼ਾਰ ਏਕੜ ਜ਼ਮੀਨ ਹਾਈਵੇਅ ਬਣਾਉਣ ਲਈ ਐਕੁਆਇਰ ਕਰ ਚੁੱਕੀ ਹੈ। ਰੇਲਵੇ ਵੀ ਮਾਲ ਗੱਡੀਆਂ ਲਈ ਨਵੀਆਂ ਰੇਲ ਪਟੜੀਆਂ ਵਿਛਾਉਣ ਲਈ ਜ਼ਮੀਨ ਐਕੁਆਇਰ ਕਰ ਸਕਦਾ ਹੈ। ਖੇਤੀ ਯੋਗ ਜ਼ਮੀਨ ਉੱਤੇ ਅਰਬਨ ਅਸਟੇਟ ਅਤੇ ਪ੍ਰਾਈਵੇਟ ਕਲੋਨੀਆਂ ਦਾ ਵਾਧਾ ਬਾਦਸਤੂਰ ਜਾਰੀ ਹੈ। ਪੰਜਾਬ ਦੀ ਬਹੁ ਵਸੋਂ ਦਾ ਵਸੇਵਾ, ਸਮਾਜਿਕ ਹੋਂਦ, ਰੁਤਬਾ, ਮਾਣ ਤੇ ਸਨਮਾਨ ਖੇਤੀ ਨਾਲ ਨੇੜਿਉਂ ਜੁੜੇ ਹੋਏ ਹਨ। ਜ਼ਮੀਨ ਖਿਸਕਣਾ ਉਨ੍ਹਾਂ ਲਈ ਪੈਰਾਂ ਹੇਠੋਂ ਜ਼ਮੀਨ ਖਿਸਕਣ ਬਰਾਬਰ ਹੈ। ਮਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਦੀ ਤਾਜ਼ਾ ਰਿਪੋਰਟ ਮੁਤਾਬਿਕ, 2011-12 ਤੋਂ 2023-24 ਦੌਰਾਨ ਪੰਜਾਬ ਦੇ ਅਨਾਜ ਉਤਪਾਦਨ ਦਾ ਕੌਮੀ ਹਿੱਸਾ 11.93% ਤੋਂ ਘਟ ਕੇ 11.01% ਰਹਿ ਗਿਆ ਹੈ। ਇਸੇ ਸਮੇਂ ਦੌਰਾਨ ਮੱਧ ਪ੍ਰਦੇਸ਼ ਨੇ 47,000 ਕਰੋੜ ਅਤੇ ਉੱਤਰ ਪ੍ਰਦੇਸ਼ ਨੇ 74,000 ਕਰੋੜ ਦੇ ਅਨਾਜ ਪੈਦਾ ਕਰ ਕੇ ਪੰਜਾਬ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਪਹਿਲਾਂ ਹੀ ਕਣਕ ਝੋਨੇ ਦੇ ਚੱਕਰ ਵਿੱਚ ਉਲਝਿਆ ਹੈ। ਬਹੁਤ ਸਾਰੇ ਕਾਰਨਾਂ ਕਰ ਕੇ ਪੰਜਾਬ ਬਾਕੀਆਂ ਸੂਬਿਆਂ ਨਾਲੋਂ ਮੁਕਾਬਲਤਨ ਪਿੱਛੇ ਰਹਿ ਗਿਆ ਹੈ। ਇਨ੍ਹਾਂ ਕਾਰਨਾਂ ਵਿੱਚ ਝੋਨੇ ਕਣਕ ਦੇ ਫ਼ਸਲੀ ਚੱਕਰ ਦੀ ਲਗਾਤਾਰਤਾ, ਭੂਗੋਲਿਕ ਵਿਸ਼ਾਲ ਖੇਤਰ ਦਾ ਪਹਿਲਾਂ ਹੀ ਕਾਸ਼ਤ ਅਧੀਨ ਆ ਜਾਣਾ, ਫ਼ਸਲੀ ਘਣਤਾ ਦੇ ਅੰਨ੍ਹੇ ਵਾਧੇ ਦੇ ਨਾਲੋ-ਨਾਲ ਧਰਤੀ ਦੀ ਉਪਜਾਊ ਸ਼ਕਤੀ ਘਟਣਾ, ਕੁਦਰਤੀ ਤੇ ਆਰਥਿਕ ਵਸੀਲਿਆਂ ਦਾ ਘਟਣਾ ਆਦਿ ਸ਼ਾਮਿਲ ਹਨ। ਖੇਤੀਬਾੜੀ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਖੇਤੀ ਬਾਰੇ ਕੋਈ ਨੀਤੀ ਨਹੀਂ ਬਣਾਈ। ਮੌਜੂਦਾ ਸਰਕਾਰ ਨੇ ਪ੍ਰੋ. ਸੁਖਪਾਲ ਸਿੰਘ ਦੀ ਅਗਵਾਈ ਵਿੱਚ ਖੇਤੀ ਨੀਤੀ ਲਈ ਕਮੇਟੀ ਬਣਾਈ। ਕਮੇਟੀ ਨੇ ਵੱਖ-ਵੱਖ ਖੇਤਰਾਂ ਦੇ ਹਾਲਾਤ ਸਮਝ ਕੇ ਵੰਨ-ਸਵੰਨੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਖੋਜ, ਪਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ। ਕਮੇਟੀ ਨੇ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਅਗਵਾਈ, ਸਬੰਧਿਤ ਵਿਸ਼ਾ ਮਾਹਿਰਾਂ ਨੂੰ ਦੇਣ ਦੇ ਨਾਲ-ਨਾਲ ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਬੇੜਾ ਕਰਨ ਦੀ ਸਕੀਮ ਸ਼ੁਰੂ ਕਰਨ ਲਈ ਕਿਹਾ। ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਅਤੇ ਮਗਨਰੇਗਾ ਸਕੀਮ ਅਧੀਨ ਰੁਜ਼ਗਾਰ ਵਧਾਉਣ ਦੀ ਤਜਵੀਜ਼ ਦਿੱਤੀ। ਕਮੇਟੀ ਨੇ ਖੇਤੀ ਨੀਤੀ ਵਿੱਚ ਪੇਂਡੂ ਖੇਤਰ ਨੂੰ ਬਚਾਉਣ ਲਈ ਹੋਰ ਵੀ ਬਹੁਤ ਸਾਰੇ ਸੁਝਾਅ ਦਿੱਤੇ। ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰ ਨਾਲ 3 ਮਾਰਚ 2025 ਵਾਲੀ ਮੀਟਿੰਗ ਤੋਂ ਇਲਾਵਾ 8 ਜੁਲਾਈ 2025 ਨੂੰ ਚੰਡੀਗੜ੍ਹ ਵਿੱਚ ਕੀਤੀ ਆਪਣੀ ਮੀਟਿੰਗ ਵਿੱਚ ਇਹ ਨੀਤੀ ਲਾਗੂ ਕਰਨ ਦੀ ਮੰਗ ਦੁਹਰਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਆਮ ਸਹਿਮਤੀ ਵਾਲੀ ਇਹ ਖੇਤੀ ਨੀਤੀ ਲਾਗੂ ਕਰਨ ਦੀ ਥਾਂ ਨਵੀਂ ਲੈਂਡ ਪੂਲਿੰਗ ਨੀਤੀ ਲੈ ਆਈ। ਅੱਜ ਪੰਜਾਬ ਦਾ ਸਮੁੱਚਾ ਅਰਥਚਾਰਾ ਅਤੇ ਸਰਕਾਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਹਾਲਾਤ ਦੇ ਮੱਦੇਨਜ਼ਰ ਲੈਂਡ ਪੂਲਿੰਗ ਨੀਤੀ ਦੀ ਥਾਂ ਤਰਜੀਹੀ ਤੌਰ 'ਤੇ ਪੇਂਡੂ ਵਿਕਾਸ ਕੇਂਦਰਿਤ ਨਵੀਂ ਖੇਤੀ ਨੀਤੀ ਤੁਰੰਤ ਲਾਗੂ ਕਰਨੀ ਚਾਹੀਦੀ ਹੈ।

# ਚੱਕੀਰਾਹਾ, ਦੁਨੀਆ ਦੇ ਸਭ ਤੋਂ ਅਜੀਬ ਪੰਛੀਆਂ ਵਿੱਚੋਂ ਇੱਕ

ਸੁਰਜੀਤ ਸਿੰਘ ਫਲੋਰਾ

ਚੱਕੀਰਾਹਾ ਭਾਰਤ ਵਿੱਚ ਪਾਇਆ ਜਾਣ ਵਾਲਾ ਇੱਕ ਬਹੁਤ ਹੀ ਖੂਬਸੂਰਤ ਅਤੇ ਰੰਗਦਾਰ ਪੰਛੀ ਹੈ। ਇਸਨੂੰ ਆਮ ਤੌਰ 'ਤੇ 'ਹੁਦਹੁਦ' ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਇਹ ਪੰਛੀ ਸਥਾਈ ਤੌਰ 'ਤੇ ਵੀ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਪਰਵਾਸੀ ਪੰਛੀਆਂ ਵਜੋਂ ਵੀ ਆਉਂਦਾ ਹੈ।

ਇਸਦੇ ਸਿਰ ਉੱਤੇ ਖੰਭਾਂ ਦੀ ਇੱਕ ਬਹੁਤ ਸੁੰਦਰ ਅਤੇ ਖੁੱਲਣ ਵਾਲੀ ਕਲਗੀ ਹੁੰਦੀ ਹੈ।ਇਸਦੀ ਚੁੰਝ ਕਾਫ਼ੀ ਲੰਮੀ, ਪਤਲੀ ਅਤੇ ਤਿੱਖੀ ਹੁੰਦੀ ਹੈ। ਇਸਦੇ ਖੰਭ ਕਾਲੇ, ਚਿੱਟੇ ਅਤੇ ਭੂਰੇ ਰੰਗ ਦੇ ਮਿਸ਼ਰਣ ਵਾਲੇ ਹੁੰਦੇ ਹਨ।ਇਹ ਪੰਛੀ ਪੂਰੇ ਭਾਰਤ ਵਿੱਚ ਆਮ ਦੇਖਿਆ ਜਾ ਸਕਦਾ ਹੈ। ਪੰਜਾਬ ਵਿੱਚ ਇਸਨੂੰ ਵਿਸ਼ੇਸ਼ ਤੌਰ 'ਤੇ ਪਸੰਦ ਕੀਤਾ ਜਾਂਦਾ ਹੈ ਅਤੇ ਕਈ ਵਾਰ ਇਸਨੂੰ ਪੰਜਾਬ ਰਾਜ ਪੰਛੀ ਵੀ ਮੰਨਿਆ ਜਾਂਦਾ ਹੈ। ਇਹ ਮੁੱਖ ਤੌਰ 'ਤੇ ਜ਼ਮੀਨ ਵਿੱਚੋਂ ਕੀੜੇ-ਮਕੌੜੇ ਅਤੇ ਸੁੰਡੀਆਂ ਲੱਭ ਕੇ ਖਾਂ ਜਾਂਦਾ ਹੈ ਜਿਸ ਕਰਕੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਕਿਸਾਨਾਂ ਦਾ ਮਿੱਤਰ ਵੀ ਮੰਨਿਆ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਇਸ ਪੰਛੀ ਨੂੰ ਬਹੁਤ ਸਤਿਕਾਰਿਆ ਜਾਂਦਾ ਹੈ ਅਤੇ ਪੰਜਾਬੀ ਸਾਹਿਤ ਅਤੇ ਲੋਕ-ਬੋਲੀਆਂ ਵਿੱਚ ਇਸਦਾ ਜ਼ਿਕਰ ਆਉਂਦਾ ਹੈ।

ਜਿਵੇਂ ਕਿ ਪੰਛੀਆਂ ਦੀ ਮਹਿਮਾ ਵਾਲੀ ਬੋਲੀ:

**ਉੱਡ ਕੇ ਤੂੰ ਆਵੀਂ ਚੱਕੀਰਾਹਿਆ,**
**ਵੇਖੀਂ ਕਿਤੇ ਜਾਈਂ ਨਾ ਉਡਾਰੀ ਮਾਰ ਕੇ !**

ਜਦ ਰਿਸ਼ਤਿਆਂ ਦੀ ਸਾਂਝੀ ਬੋਲੀ ਪਾਉਣ ਦੀ ਗੱਲ ਆਉਂਦੀ ਹੈ ਤਾਂ:

**ਪਿੱਪਲੀਂ ਤੇ ਪੀਂਘ ਪਾ ਲਈ,**
**ਚੱਕੀਰਾਹਾ ਬਹਿ ਗਿਆ ਕੂਕਦਾ।**
**ਆਉਂਦੀ ਕੁੜੀਓ,**
**ਵਧਾਓ ਪੀਂਘ ਨੂੰ,**
**ਨੀ ਮੈਂ ਨਣਦ ਦਾ ਵੀਰਾ ਉਡੀਕਦੀ।**

ਪਰ ਸਮੇਂ ਦੇ ਨਾਲ ਅੱਜਕਲ੍ਹ ਇਸ ਤਰ੍ਹਾਂ ਦੀਆਂ ਬੋਲੀਆਂ, ਗਿੱਧਾ, ਪੰਜਾਬੀ ਸੱਭਿਆਚਾਰ ਖਤਮ ਹੁੰਦਾ ਜਾ ਰਿਹਾ ਹੈ ਤੇ ਇਸ ਤਰ੍ਹਾ ਦੀਆਂ ਬੋਲੀਆਂ ਦਮ ਤੋੜ ਰਹੀਆਂ ਹਨ

ਇਹ ਦਲਦਲਾਂ, ਦਰਿਆਵਾਂ ਦੇ ਕੰਢਿਆਂ ਵਾਲੇ ਜੰਗਲੀ ਖੇਤਰਾਂ ਵਿੱਚ ਰਹਿੰਦਾ ਹੈ। ਆਪਣੇ ਅਜੀਬ ਸਰੀਰਕ ਲੱਛਣਾਂ ਅਤੇ ਖੁਰਾਕ ਕਾਰਨ ਇਸਨੂੰ ਦੁਨੀਆ ਦੇ ਵਿਲੱਖਣ ਪੰਛੀਆਂ ਵਿੱਚ ਗਿ ?ਣਿਆ ਜਾਂਦਾ ਹੈ।

ਇਸ ਲਗਾਤਾਰ ਖਮੀਰਕਰਨ ਕਾਰਨ ਪੰਛੀ ਦੇ ਸਰੀਰ ਅਤੇ ਸਾਹ ਵਿੱਚ ਗੋਬਰ ਜਾਂ ਸੜੀ ਹੋਈ ਬਨਸਪਤੀ ਵਰਗੀ ਤਿੱਖੀ ਬਦਬੂ ਆਉਂਦੀ ਹੈ। ਇਸੇ ਲਈ ਇਸਦਾ ਆਮ ਨਾਂ 'ਸਟਿੰਕਬਰਡ' ਪੈ ਗਿਆ। ਗਿਨੀਜ਼ ਵਰਲਡ ਰਿਕਾਰਡ ਦੇ ਅਨੁਸਾਰ, ਚੱਕੀਰਾਹੇ ਨੂੰ ਦੁਨੀਆ ਦਾ ਸਭ ਤੋਂ ਬਦਬੂਦਾਰ ਪੰਛੀ ਵੀ ਕਿਹਾ ਜਾਂਦਾ ਹੈ।

ਵਿਗਿਆਨੀਆਂ ਲਈ ਇਸ ਪੰਛੀ ਦੀ ਵਰਗੀਕਰਨ ਕਰਨਾ ਲੰਮੇ ਸਮੇਂ ਤੱਕ ਮੁਸ਼ਕਲ ਰਿਹਾ ਹੈ। ਇਹ ਚੱਕੀਰਾਹੇ ਦੀ ਕ੍ਰਮ ਦੀ ਇਕੱਲੀ ਜੀਉਂਦੀ ਪ੍ਰਜਾਤੀ ਹੈ।



ਇਸਦੇ ਮਾਸ ਵਿੱਚ ਪਾਚਨ ਤੰਤਰ ਦੀ ਬਦਬੂ ਅਤੇ ਸੁਆਦ ਰਚ ਜਾਂਦਾ ਹੈ। ਇਸ ਕਾਰਨ ਮਨੁੱਖ ਅਤੇ ਕਈ ਸ਼ਿਕਾਰੀ ਇਸਨੂੰ ਖਾਣ ਤੋਂ ਪਰਹੇਜ਼ ਕਰਦੇ ਹਨ।

# ਜਨਤਕ ਪੜਤਾਲ ਤੋਂ ਕਿਉਂ ਡਰਦਾ ਹੈ ਆਰ.ਐੱਸ.ਐੱਸ.

**-ਸਵੇਰਾ**

ਕਰਨਾਟਕ ਦੇ ਗ੍ਰਹਿ ਮੰਤਰੀ ਪ੍ਰਿਯਾਂਕ ਖੜਗੇ ਨੇ 13 ਜੂਨ ਨੂੰ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੂੰ ਇੱਕ ਚਿੱਠੀ ਭੇਜੀ ਸੀ। ਇਸ ਵਿੱਚ ਉਸ ਨੇ ਭਾਗਵਤ ਜੀ ਤੋਂ ਆਰ.ਐੱਸ.ਐੱਸ. ਦੀ 'ਕਾਨੂੰਨੀ ਹੈਸੀਅਤ ਰਜਿਸਟ੍ਰਡ ਅਧਿਕਾਰੀਆਂ, ਫੰਡਿੰਗ, ਖ਼ਰਚ, ਟੈਕਸ ਅਤੇ ਜਨਤਕ ਸਰਗਰਮੀਆ ਲਈ ਮਿਲੀ ਮਨਜ਼ੂਰੀ ਬਾਰੇ ਜਾਣਕਾਰੀ ਮੰਗੀ ਸੀ। ਇਸ 'ਤੇ ਦੋ ਪ੍ਰਤੀਕਰਮ ਸਾਹਮਣੇ ਆਏ। ਇੱਕ ਪ੍ਰਤੀਕਰਮ ਜੋ ਖ਼ੁਦ ਭਾਗਵਤ ਜੀ ਦਾ ਸੀ। ਉਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਚਿੱਠੀ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ ਹੈ, ਪਰ ਨਾਲ ਹੀ ਇਹ ਵੀ ਕਿਹਾ ਕਿ 'ਹਿੰਦੂ ਧਰਮ ਰਜਿਸਟਡ ਨਹੀਂ ਹੈ, ਕਈ ਚੀਜ਼ਾਂ ਰਜਿਸਟਰਡ ਨਹੀਂ ਹੁੰਦੀਆਂ ਅਤੇ ਸਰਕਾਰ ਜਾਣਦੀ ਹੈ ਕਿ ਸੰਘ ਦੀ ਹੋਂਦ ਹੈ। ਉਨ੍ਹਾਂ ਨੇ ਇਹ ਕਹਿ ਕੇ ਧਿਆਨ ਭਟਕਾਉਣ ਦੀ ਕੋਸਿਸ਼ ਕੀਤੀ ਕਿ ਰਜਿਸਟ੍ਰੇਸ਼ਨ ਦੀ ਲੋੜ ਸਿਰਫ ਉਨ੍ਹਾਂ ਸੰਸਥਾਵਾਂ ਨੂੰ ਹੁੰਦੀ ਹੈ, ਜੋ ਸਰਕਾਰ ਤੋਂ ਫੰਡ ਲੈਣਾ ਚਾਹੁੰਦੀਆਂ ਹਨ। ਭਾਗਵਤ ਦੇ ਦਿਮਾਗ 'ਚ ਆਰ.ਐੱਸ.ਐੱਸ. ਅਤੇ ਹਿੰਦੂ ਸਮਾਜ ਇੱਕ ਹੀ ਹਨ ਅਤੇ ਉਹ ਆਪਣੀ ਜਥੇਬੰਦੀ ਨੂੰ ਹਿੰਦੂਆਂ ਦਾ ਇੱਕੋਇੱਕ ਪ੍ਰਤੀਨਿਧੀ ਮੰਨਦੇ ਹਨ। ਪਰ ਇਸ ਦਾ ਜਥੇਬੰਦੀ ਦੇ ਆਮਦਨ-ਖਰਚ ਕਾਨੂੰਨੀ ਹੈਸੀਅਤ ਜਾਂ ਕੰਮਕਾਜ ਦੇ ਢੰਗ ਤਰੀਕੇ ਨੂੰ ਜਨਤਕ ਕਰਨ ਨਾਲ ਕੀ ਲੈਣਾ ਦੇਣਾ ਹੈ?

ਇਸ 'ਤੇ ਅਸੀਂ ਬਾਅਦ 'ਚ ਵਿਸਥਾਰ ਨਾਲ ਗੱਲਬਾਤ ਕਰਾਂਗੇ, ਪਰ ਇਸ 'ਤੇ ਆਏ ਇੱਕ ਹੋਰ ਅਜੀਬ ਪ੍ਰਤੀਕਰਮ 'ਤੇ ਨਜ਼ਰ ਮਾਰੀਏ, ਜੋ ਕਰਨਾਟਕ ਦੇ ਬੀਜਾਪੁਰ ਤੋਂ ਸੱਤ ਵਾਰ ਭਾਜਪਾ ਸੰਸਦ ਰਹੇ ਰਮੇਸ਼ ਚੰਦੱਪਾ ਜਿਵਾਜਿਨਾਗੀ ਵੱਲੋਂ ਆਇਆ। ਇੱਕ ਪ੍ਰੋਗਰਾਮ 'ਚ ਪੱਤਰਕਾਰਾਂ ਨੇ ਉਨ੍ਹਾਂ ਤੋਂ ਖੜਗੇ ਦੀ ਚਿੱਠੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਇੱਕ ਦਲਿਤ ਵਿਅਕਤੀ ਨੂੰ ਆਰ.ਐੱਸ.ਐੱਸ. ਨਾਲ ਕਿਉਂ ਪੰਗਾ ਲੈਣਾ ਚਾਹੀਦਾ ਹੈ? ਮੇਰਾ ਇਹੀ ਸਵਾਲ ਹੈ, ਭਾਈ। ਬਸ ਸ਼ਾਂਤੀ ਅਤੇ ਆਰਾਮ ਨਾਲ ਰਹੋ।' ਖੜਗੇ ਦਲਿਤ ਹਨ ਅਤੇ ਜਿਗਾਜਿਨਾਗੀ ਵੀ। ਜਦੋਂ ਉਸ ਨੂੰ ਸਾਫ਼ ਸਾਫ਼ ਦੱਸਣ ਲਈ ਕਿਹਾ ਗਿਆ, ਤਾਂ ਜਿਨਾਜਿਨਾਗੀ ਨੇ ਕਿਹਾ, 'ਮੇਰੀ ਗੱਲ ਸੁਣੋ, ਕਿਉਂਕਿ ਉਸ ਦੇ (ਖੜਗੇ ਦੇ) ਪਿਤਾ ਨੇ ਕਾਂਗਰਸ ਪਾਰਟੀ 'ਚ ਸਖ਼ਤ ਮਿਹਨਤ ਕੀਤੀ ਸੀ, ਇਸ ਲਈ ਉਸ ਨੇ ਉਸ ਲਈ ਇੰਤਜ਼ਾਮ ਕਰ ਦਿੱਤਾ। ਉਨ੍ਹਾਂ ਨੂੰ ਲੋਕਾਂ ਲਈ ਕੰਮ ਕਰਕੇ ਚੰਗਾ ਨਾਮ ਕਮਾਉਣਾ ਚਾਹੀਦਾ ਹੈ। ਜੋ ਕੋਈ ਵੀ ਆਰ.ਐੱਸ.ਐੱਸ. ਨਾਲ ਪੰਗਾ ਲਵੇਗਾ, ਉਹ ਟਿਕ ਨਹੀਂ ਸਕੇਗਾ। ਧੰਨਵਾਦ।' ਖ਼ਬਰਾਂ ਦੇ ਮੁਤਾਬਿਕ ਜਿਗਾਜਿਨਾਗੀ ਪਹਿਲਾਂ ਵੀ ਆਰ.ਐੱਸ.ਐੱਸ.-ਭਾਜਪਾ ਨਾਲ ਪੰਗਾ ਨਾ ਲੈਣ ਦੀ ਚੇਤਾਵਨੀ ਦੇ ਰਹੇ ਸਨ, ਕਿਉਂਕਿ ਦਲਿਤ ਹੋਣ ਦੇ ਨਾਤੇ ਇਸ ਦੇ ਮਾੜੇ ਨਤੀਜੇ ਹੋ ਸਕਦੇ ਸਨ। ਖੜਗੇ ਦੀ ਚਿੱਠੀ ਨੇ ਅਚਾਨਕ ਆਰ.ਐੱਸ.ਐੱਸ.-ਭਾਜਪਾ ਅੰਦਰਲੀਆਂ ਤਰੇੜਾਂ ਨੂੰ ਉਜਾਗਰ ਕੀਤਾ ਹੈ - ਜਿਸ ਦੀ ਪੁਸ਼ਟੀ ਇੱਕ ਤਜਰਬੇਕਾਰ ਭਾਜਪਾ ਆਗੂ ਨੇ ਵੀ ਕੀਤੀ ਹੈ।

ਆਰ.ਐੱਸ.ਐੱਸ. ਦੇ ਕੰਮਕਾਜ ਦੇ ਢੰਗ ਤਰੀਕਿਆਂ, ਉਸਦੇ ਫੰਡਿੰਗ ਦੇ ਸਰੋਤਾਂ ਅਤੇ ਅਸਲੀ ਮਕਸਦ ਬਾਰੇ ਸਵਾਲ ਉਠਾਉਣਾ ਕੋਈ ਨਵੀਂ ਗੱਲ ਨਹੀਂ ਹੈ। ਮਹਾਤਮਾ ਗਾਂਧੀ ਦੇ ਕਤਲ ਸਮੇਂ ਹੀ ਲੋਕਾਂ ਅਤੇ ਸਰਕਾਰਾਂ ਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਇਹ ਰਹੱਸਮਈ ਅਤੇ ਗੁਪਤ ਜਥੇਬੰਦੀ ਹੈ। ਇਸ ਦੀ ਪਛਾਣ ਇਸਦੇ ਨੀਮ ਫ਼ੌਜੀ ਕਵਾਇਦ ਅਤੇ ਮਾਰਚ, ਇੱਕ ਗ਼ੈਰ-ਚੁਣੇ ਹੋਏ ਬੰਦੇ

(ਸਰਸੰਘਚਾਲਕ), ਜਿਸ ਨੂੰ ਆਮ ਤੌਰ 'ਤੇ ਪਿਛਲੇ ਮੁਖੀ ਵੱਲੋਂ ਥਾਪਿਆ ਜਾਂਦਾ ਹੈ, ਦੀ ਅਗਵਾਈ ਅਤੇ ਪਰਦੇ ਪਿੱਛੇ ਕਈ ਤਰ੍ਹਾਂ ਦੀਆਂ ਹਿੰਦੂ ਕੱਟੜਪੰਥੀ ਸਰਗਰਮੀਆਂ, ਜਿਸ ਵਿੱਚ ਹਿੰਸਾ ਵੀ ਸ਼ਾਮਲ ਹੈ, ਵਿੱਚ ਇਸ ਦੀ ਭੂਮਿਕਾ ਤੋਂ ਹੁੰਦੀ ਹੈ। 1978 'ਚ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸੇਸ (ਸੀ.ਬੀ.ਡੀ.ਟੀ.) ਦੇ ਨਿਰਦੇਸ਼ਾਂ ਤਹਿਤ ਇਸ ਨੂੰ ਆਮਦਨ ਟੈਕਸ ਤੋਂ ਛੋਟ ਦਿੱਤੀ ਗਈ ਸੀ। ਇਸੇ ਵਜ੍ਹਾ ਕਰਕੇ ਇਨਕਮ ਟੈਕਸ ਦੇ ਟ੍ਰਿਬਿਊਨਲ ਦੇ ਕਈ ਮਾਮਲਿਆਂ 'ਚ - ਖਾਸ ਕਰ ਬੰਬੇ ਅਤੇ ਪਟਨਾ 'ਚ ਆਰ.ਐੱਸ.ਐੱਸ. ਨੂੰ ਆਮਦਨ ਟੈਕਸ ਦੇ ਦਾਅਵਿਆਂ ਲਈ ਜ਼ਿੰਮੇਵਾਰ ਨਹੀਂ ਮੰਨਿਆ ਗਿਆ। ਇਸਦੇ ਪਿੱਛੇ ਆਰ.ਐੱਸ.ਐੱਸ. ਦੀ ਦਲੀਲ ਇਹ ਸੀ ਕਿ ਉਸਦਾ ਫੰਡ 'ਗੁਰੂ ਦੱਕਸ਼ਣਾ' (ਗੁਰੂ ਨੂੰ ਚੜ੍ਹਾਇਆ ਜਾਣ ਵਾਲਾ ਚੜ੍ਹਾਵਾ) ਹੈ ਅਤੇ 'ਆਪਸੀ ਸਹਿਯੋਗ' ਦੇ ਸਿਧਾਂਤ ਕਾਰਨ ਇਸ ਨੂੰ ਟੈਕਸ ਦੇ ਦਾਇਰੇ 'ਚੋਂ ਬਾਹਰ ਰੱਖਿਆ ਗਿਆ ਹੈ।

ਪਰ ਇਸ ਦੇ ਹਾਸ਼ੀਏ 'ਤੇ ਰਹਿਣ ਵਾਲੇ ਦਿਨਾਂ ਦੇ ਬਾਅਦ ਤੋਂ ਹਾਲਾਤ ਬਦਲ ਗਏ ਹਨ। ਆਓ ਦੇਖੀਏ ਕਿ ਕਿਵੇਂ।

ਆਰ.ਐੱਸ.ਐੱਸ. ਦੇ ਬਾਰੇ 'ਚ ਸਭ ਤੋਂ ਵੱਧ ਅਤੇ ਲਗਾਤਾਰ ਫੈਲਾਈਆਂ ਜਾਣ ਵਾਲੀਆਂ ਮਿੱਥਾਂ ਵਿੱਚੋਂ ਇੱਕ ਇਹ ਹੈ ਕਿ ਇਹ ਗ਼ੈਰ-ਸਿਆਸੀ ਸਭਿਆਚਾਰਕ ਜਥੇਬੰਦੀ ਹੈ। ਇੱਥੋਂ ਤਕ ਕਿ ਆਰ.ਐੱਸ.ਐੱਸ. ਦਾ ਸੰਵਿਧਾਨ ਦੀ ਇਹੀ ਕਹਿੰਦਾ ਹੈ। ਇਸ ਨੂੰ ਸਰਦਾਰ ਪਟੇਲ ਦੇ ਜ਼ੋਰ ਦੇਣ 'ਚ ਪਰਵਾਨ ਕੀਤਾ ਗਿਆ ਸੀ, ਜਦੋਂ ਮਹਾਤਮਾ ਗਾਂਧੀ ਦੇ ਕਤਲ 'ਚ ਅਖੌਤੀ ਭੂਮਿਕਾ ਬਾਅਦ ਆਰ.ਐੱਸ.ਐੱਸ. 'ਚ ਪਾਬੰਦੀ ਲਾ ਦਿੱਤੀ ਗਈ ਸੀ।

ਆਰ.ਐੱਸ.ਐੱਸ. ਸਿੱਧੇ ਤੌਰ 'ਚ ਚੋਣ ਨਹੀਂ ਲੜਦਾ ਹੈ, ਪਰ ਸਿਆਸਤ ਦਾ ਮਤਲਬ ਸਿਰਫ ਚੋਣ ਲੜਨਾ ਨਹੀਂ ਹੁੰਦਾ। ਆਰ.ਐੱਸ.ਐੱਸ. ਅਤੇ ਉਸਦੀਆਂ ਅਣਗਿਣਤ ਸਹਿਯੋਗੀ ਜਥੇਬੰਦੀਆਂ ਅਜਿਹੀ ਵਿਚਾਰਧਾਰਾ ਨੂੰ ਫੈਲਾਉਣ ਲਈ ਕਈ ਤਰ੍ਹਾਂ ਦੀਆਂ ਸਰਗਰਮੀਆਂ ਕਰਦੀਆਂ ਹਨ, ਜੋ ਸਿੱਧੇ ਤੌਰ 'ਚ ਸਿਆਸੀ ਟੀਚਿਆਂ ਅਤੇ ਉਮੀਦਾਂ ਨਾਲ ਜੁੜੀਆਂ ਹੁੰਦੀਆਂ ਹਨ। ਉਹ ਸਮਾਜ ਨੂੰ ਬਦਲਣਾ ਚਾਹੁੰਦਾ ਹੈ ਅਤੇ ਇੱਕ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦਾ ਹੈ, ਜੋ ਸ਼ਾਇਦ ਮਨਸਮ੍ਰਿਤੀ ਵਾਂਗ ਹਿੰਦੂ ਧਾਰਮਿਕ ਗ੍ਰੰਥਾਂ ਦੇ ਆਧਾਰ 'ਚ ਚੱਲੇ, ਜਿਨ੍ਹਾਂ 'ਚ ਕਈ ਰੂੜੀਵਾਦੀ ਵਿਚਾਰ ਹਨ। ਇਹ ਉਨ੍ਹਾਂ ਸਾਰੇ ਤਬਕਿਆਂ ਪ੍ਰਤੀ ਨਫਰਤ ਫੈਲਾਉਂਦਾ ਹੈ, ਜੋ ਹਿੰਦੂਤਵ ਦੀ ਉਸਦੀ ਸੌੜੀ, ਬ੍ਰਾਹਮਣਵਾਦੀ ਸਿਧਾਂਤਾਂ 'ਚ ਆਧਾਹਿਤ ਸੋਚ ਨੂੰ ਨਹੀਂ ਮੰਨਦੇ। ਖ਼ਾਸਕਰ ਇਹ



ਇਸਲਾਮ ਅਤੇ ਇਸਾਈ ਧਰਮ ਦੇ ਪ੍ਰਤੀ ਦੁਸ਼ਮਣੀ ਫੈਲਾਉਂਦਾ ਹੈ, ਹਾਲਾਂਕਿ ਅਕਸਰ ਇਸ ਨੂੰ ਘੁੰਮਾ-ਫਿਰਾ ਕੇ ਜਾ ਲੁਕਵੇਂ ਸ਼ਬਦਾਂ 'ਚ ਕਿਹਾ ਜਾਂਦਾ ਹੈ। ਇਨ੍ਹਾਂ ਅਤੇ ਹੋਰ ਅਜਿਹੇ ਹੀ ਵਿਚਾਰਾਂ ਨੂੰ ਕਿਹੜੇ ਤਰੀਕਿਆਂ ਨਾਲ ਪੂਰਾ ਕੀਤਾ ਜਾਏਗਾ? ਆਰ.ਐੱਸ.ਐੱਸ. ਦਾ ਦਾਅਵਾ ਹੈ ਕਿ ਇਹ ਲੋਕਾਂ ਦੇ 'ਚਰਿੱਤਰ ਨਿਰਮਾਣ' ਜ਼ਰੀਏ ਕੀਤਾ ਜਾਂਦਾ ਹੈ। ਪਰ ਆਰ.ਐੱਸ.ਐੱਸ. ਇੱਕ ਸਦੀ ਤੋਂ ਅਜਿਹਾ ਕਰ ਰਿਹਾ ਹੈ ਅਤੇ ਨਤੀਜੇ ਕੁਛ ਖ਼ਾਸ ਨਹੀਂ ਦਿਸੇ ਹਨ। ਦੂਸਰਾ ਅਣਕਿਹਾ ਢੰਗ ਸਿਆਸੀ ਸੱਤਾ ਹਾਸਲ ਕਰਨਾ ਹੈ। ਇਸ ਨੇ ਸਭ ਤੋਂ ਪਹਿਲਾਂ 1950 'ਚ ਸਿਆਸੀ ਖੇਤਰ 'ਚ ਆਪਣਾ ਕੰਮ ਕਰਨ ਲਈ 'ਭਾਰਤੀ ਜਨਸੰਘ' ਦੀ ਸਥਾਪਨਾ ਕੀਤੀ। ਫਿਰ 1980 'ਚ ਜਨਸੰਘ ਨੂੰ ਭਾਜਪਾ 'ਚ ਬਦਲ ਦਿੱਤਾ ਗਿਆ। ਇਨ੍ਹਾਂ ਸਰੇਆਮ ਸਿਆਸੀ ਸਾਧਨਾਂ ਦੇ ਇਲਾਵਾ, ਇਸਨੇ ਸਿਆਸੀ ਸੱਤਾ ਹਾਸਲ ਕਰਨ ਲਈ ਧਰਮ ਦੀ ਵਰਤੋਂ ਇੱਕ ਹਥਿਆਰ ਦੇ ਤੌਰ 'ਚ ਕੀਤੀ, ਜਿਸ ਵਿੱਚ ਕਈ ਕੱਟੜਪੰਥੀ ਅਤੇ ਲੁੱਕਵੇਂ ਰਾਸ਼ਟਰਵਾਦੀ ਨਾਅਰਿਆਂ ਜਾਂ ਮੁੱਦਿਆਂ ਦਾ ਸਹਾਰਾ ਲਿਆ ਗਿਆ।

ਮੋਦੀ ਦੇ ਸੱਤਾ 'ਚ ਆਉਣ ਦੇ ਨਾਲ ਹੀ ਆਰ.ਐੱਸ.ਐੱਸ. ਦੇ ਕੰਮਕਾਜ ਦੀਆਂ ਹਾਲਤਾਂ 'ਚ ਇੱਕ ਗੁਣਾਤਮਕ ਬਦਲਾਅ ਆਇਆ ਹੈ। ਇਸ ਦੇ ਪ੍ਰਚਾਰਕ ਮੁੱਖ ਸਾਬਕਾ ਅਹੁਦੇਦਾਰ) ਅਤੇ ਸਮਰਪਿਤ ਮੈਂਬਰਾਨ ਉੱਚ ਅਹੁਦਿਆਂ 'ਚ ਪਹੁੰਚੇ ਹਨ। ਖ਼ੁਦ ਪ੍ਰਧਾਨ ਮੰਤਰੀ ਪ੍ਰਚਾਰਕ ਰਿਹਾ ਹੈ ਅਤੇ ਉਸ ਦੇ ਮੰਤਰੀ ਮੰਡਲ ਦੇ ਕਈ ਮੈਂਬਰ ਆਰ.ਐੱਸ.ਐੱਸ. ਨਾਲ ਜੁੜੇ ਹਨ। ਇਹੀ ਗੱਲ ਸੂਬਾ ਸਰਕਾਰਾਂ ਦੇ ਮਾਮਲੇ 'ਚ ਵੀ ਸੱਚ ਹੈ, ਸੂਬਿਆਂ 'ਚ ਚੁਣੇ ਹੋਏ ਆਰ.ਐੱਸ.ਐੱਸ. ਅਹੁਦੇਦਾਰ, ਮੁੱਖ ਮੰਤਰੀ ਅਤੇ ਸੂਬਾ ਸਰਕਾਰਾਂ 'ਚ ਮੰਤਰੀ ਬਣੇ ਹਨ।

ਆਰ.ਐੱਸ.ਐੱਸ. ਨੇ ਸਰਕਾਰ ਅਤੇ ਆਪਣੇ ਦਰਮਿਆਨ ਤਾਲਮੇਲ ਬਿਠਾਉਣ ਲਈ ਕਈ 'ਸਮੂਹ' ਬਣਾਏ ਹਨ, ਜਿਵੇਂ ਆਰਥਿਕ, ਸਿੱਖਿਆ ਆਦਿ। ਆਰ.ਐੱਸ.ਐੱਸ. ਦੇ ਜੋ ਅਹੁਦੇਦਾਰ ਇਸ ਦੀਆਂ ਸਹਿਯੋਗੀ ਜਥੇਬੰਦੀਆਂ 'ਚ ਕੰਮ ਕਰਦੇ ਹਨ, ਉਹ ਸਰਕਾਰੀ ਨੀਤੀਆਂ ਬਾਰੇ ਸਲਾਹ ਦੇਣ, ਮਾਰਗ-ਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ 'ਚ ਸਰਗਰਮ ਰੂਪ 'ਚ ਸ਼ਾਮਲ ਰਹਿੰਦੇ ਹਨ। ਬਦਲੇ 'ਚ ਕੇਂਦਰ ਅਤੇ ਸੂਬਾ ਸਰਕਾਰਾਂ ਇਨ੍ਹਾਂ ਜਥੇਬੰਦੀਆਂ ਦੀਆਂ ਸਰਗਰਮੀਆਂ ਲਈ ਫੰਡ ਦਿੰਦੀਆਂ ਹਨ। ਆਰ.ਐੱਸ.ਐੱਸ. ਦਾ ਇਹ ਦਾਅਵਾ ਕਿ ਉਹ ਗ਼ੈਰ-ਸਿਆਸੀ ਜਥੇਬੰਦੀ ਹੈ, ਅਜਿਹਾ ਝੂਠ ਹੈ ਜਿਸ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ ਅਤੇ ਜੇ ਉਹ ਜਨਤਕ ਸਿਆਸੀ ਕੰਮਕਾਜ 'ਚ ਸ਼ਾਮਲ ਹੈ, ਤਾਂ ਉਸਦੇ ਕੰਮਕਾਜ ਦੇ ਢੰਗ ਤਰੀਕਿਆਂ, ਜਮਹੂਰੀ ਪ੍ਰਕਿਰਿਆਵਾਂ, ਭਾਰੀ ਮਾਤਰਾ 'ਚ ਪੈਸਾ ਜੁਟਾਉਣ ਅਤੇ ਖ਼ਰਚ ਕਰਨ, ਅਤੇ ਅਸਲ ਵਿੱਚ ਇਹ ਦੇਖਣ ਲਈ ਕਿ ਕੀ ਉਹ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਮੁਤਾਬਿਕ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੀ ਜਾਂਚ-ਪੜਤਾਲ ਕਿਉਂ ਨਹੀਂ ਹੋਣੀ ਚਾਹੀਦੀ?

ਆਰ.ਐੱਸ.ਐੱਸ. ਦੀਆਂ ਸਰਗਰਮੀਆਂ ਦਾ ਇੱਕ ਅਜਿਹਾ ਪਹਿਲੂ, ਜਿਸ 'ਚ ਘੱਟ ਹੀ ਗੱਲ ਹੁੰਦੀ ਹੈ, ਉਹ ਹੈ ਸਰਕਾਰੀ ਅਤੇ ਸਮਾਜਿਕ ਸੰਸਥਾਵਾਂ 'ਚ ਉਸਦਾ ਲਗਾਤਾਰ ਅਤੇ ਲੁਕਵੇਂ ਤੌਰ 'ਚ ਦਖ਼ਲ। ਮੋਦੀ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਦੇ ਆਰ.ਐੱਸ.ਐੱਸ. ਦੇ ਮੈਂਬਰ ਬਣਨ 'ਚ ਲੱਗੀ ਪਾਬੰਦੀ ਹਟਾ ਦਿੱਤੀ ਹੈ। ਇਸ ਲਈ ਹੁਣ ਸਰਕਾਰੀ ਮੁਲਾਜ਼ਮਾਂ ਦਾ ਵੱਡਾ ਸਮੂਹ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਪਰ ਗੱਲ ਸਿਰਫ਼ ਇਸ ਤਬਕੇ ਤੱਕ ਸੀਮਤ ਨਹੀਂ ਹੈ। ਅਦਾਲਤੀ ਅਧਿਕਾਰੀਆਂ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਕੁਲਪਤੀਆਂ ਤੱਕ, ਅਤੇ ਵੱਡੇ ਸਨਅਤਕਾਰਾਂ ਤੋਂ ਲੈ ਕੇ ਫ਼ੌਜੀ ਅਧਿਕਾਰੀਆਂ ਤੱਕ ਬਹੁਤ ਸਾਰੇ ਲੋਕਾਂ ਨੇ ਇਹ ਗੱਲ ਜ਼ਾਹਿਰ ਕੀਤੀ ਹੈ ਕਿ ਉਹ ਲੰਮੇ ਸਮੇਂ ਤੋਂ ਆਰ.ਐੱਸ.ਐੱਸ. ਦੇ ਮੈਂਬਰ ਜਾਂ ਹਮਾਇਤੀ ਰਹੇ ਹਨ। ਕਈ ਹੋਰ ਲੋਕਾਂ ਨੇ ਸ਼ਾਇਦ ਅਜਿਹਾ ਨਾ ਕਿਹਾ ਹੋਵੇ, ਪਰ ਉਨ੍ਹਾਂ ਦੇ ਕੰਮਾਂ ਅਤੇ ਬਿਆਨਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

ਮੋਦੀ ਦੇ ਦੌਰ 'ਚ ਇਸ ਪ੍ਰਕਿਰਿਆ ਨੂੰ ਹੱਲਾਸ਼ੇਰੀ ਮਿਲ ਰਹੀ ਹੈ, ਕਿਉਂਕਿ ਸਰਕਾਰ ਦੁਆਰਾ ਚਲਾਈ ਜਾ ਰਹੀ ਲਗਭਗ ਹਰੇਕ ਸੰਸਥਾ ਜਾਂ ਸੰਸਥਾਵਾਂ 'ਚ ਆਰ.ਐੱਸ.ਐੱਸ. ਦੇ ਮੈਂਬਰ ਭਰੇ ਗਏ ਹਨ। ਇਹ ਸਾਰੇ ਮਿਲ ਦੇ ਲੋਕਾਂ ਦੀ ਮਾਨਸਿਕਤਾ ਅਤੇ ਨੀਤੀਆਂ ਨੂੰ ਤੈਅ ਕਰਨ 'ਚ ਜਬਰਦਸਤ ਤਾਕਤ ਅਤੇ ਪ੍ਰਭਾਵ ਰੱਖਦੇ ਹਨ। ਉਹ ਅਜੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਉਸ ਦੀਆਂ ਸਿਆਸੀ ਤਾਕਤਾਂ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਦੇ ਰਹੇ ਹਨ।

ਆਰ.ਐੱਸ.ਐੱਸ. ਦੁਆਰਾ ਸੰਚਾਲਿਤ ਜਥੇਬੰਦੀਆਂ ਹਜ਼ਾਰਾਂ ਸਕੂਲ ਅਤੇ ਕਾਲਜ ਚਲਾ ਰਹੀਆਂ ਹਨ, (ਇਨ੍ਹਾਂ ਵਿੱਚ ਸੈਨਿਕ ਸਕੂਲ ਵੀ ਸ਼ਾਮਲ ਹਨ ਜੋ ਹਥਿਆਰਬੰਦ ਫ਼ੌਜ 'ਚ ਭਰਤੀ ਲਈ ਟਰੇਨਿੰਗ ਦਿੰਦੇ ਹਨ। ਉਹ ਅਜਿਹੀਆਂ ਸਮਾਜਿਕ ਸੰਸਥਾਵਾਂ ਵੀ ਚਲਾ ਰਹੀਆਂ ਹਨ, ਜੋ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕਰਦੀਆਂ ਹਨ ਅਤੇ ਲੱਖਾਂ ਲੋਕਾਂ ਤੱਕ ਪਹੁੰਚ ਦੀਆਂ ਹਨ। ਉਹ ਉਨ੍ਹਾਂ ਧਾਰਮਿਕ ਟਰੱਸਟਾਂ ਦਾ ਵੀ ਸੰਚਾਲਨ ਕਰਦੀਆਂ ਹਨ ਜੋ ਮੰਦਰਾਂ ਅਤੇ ਤੀਰਥਯਾਤਰਾ ਵਰਗੀਆਂ ਹੋਰ ਧਾਰਮਿਕ ਸਰਗਰਮੀਆਂ ਨੂੰ ਚਲਾਉਣ ਲਈ ਜ਼ਿੰਮੇਦਾਰ ਹਨ।

ਜੇ ਸੰਸਥਾ ਐਨੀਆਂ ਸਾਰੀਆਂ ਚੀਜ਼ਾਂ ਨੂੰ ਕੰਟਰੋਲ ਕਰਦੀ ਹੈ, ਉਸ ਦੀ ਜਾਂਚ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ ਅਤੇ ਉਸਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਪਰਖ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ। ਅਯੁੱਧਿਆ ਦੇ ਰਾਮ ਮੰਦਰ 'ਚ ਚੱਲ ਰਿਹਾ ਘੁਟਾਲਾ, ਜਿਸ ਵਿੱਚ ਦੋਸ਼ ਹੈ ਕਿ ਰੋਜ਼ਾਨਾ ਚੜ੍ਹਾਵੇ 'ਚ ਆਉਣ ਵਾਲੀ ਨਗਦ ਰਕਮ ਅਤੇ ਕੀਮਤੀ ਧਾਤਾਂ ਦੀ ਗਿਣਤੀ ਕਰਨ ਵਾਲੇ ਲੋਕਾਂ ਨੇ 200 ਕਰੋੜ ਰੁਪਏ ਦਾ ਗਬਨ ਕੀਤਾ ਹੈ. ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਲੋਕਾਂ ਦੇ ਭਰੋਸੇ ਨੂੰ ਤੋੜਿਆ ਜਾ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਮੰਦਰ ਦਾ ਪ੍ਰਬੰਧ ਕਰਨ ਵਾਲੇ ਟਰੱਸਟ ਵਿਚ ਸੰਘ ਪਰਿਵਾਰ ਦੇ ਲੋਕ ਵੀ ਭਰੇ ਪਏ ਹਨ।

ਆਖਿਰਕਾਰ ਹੋ ਸਕਦਾ ਹੈ ਕਿ ਆਰ.ਐੱਸ.ਐੱਸ. ਖੜਗੇ ਦੀ ਚਿੱਠੀ ਨੂੰ ਵੀ ਪਹਿਲਾਂ ਦੀਆਂ ਕੋਸ਼ਿਸ਼ਾਂ ਦੀ ਤਰ੍ਹਾਂ ਨਜ਼ਰਅੰਦਾਜ ਕਰ ਦੇਵੇ। ਆਰ.ਐੱਸ.ਐੱਸ. ਦੁਆਰਾ ਭਾਰਤ ਉੱਪਰ ਚੁੱਪ-ਚੁਪੀਤੇ ਕਬਜ਼ਾ ਕਰਨ ਦੀਆਂ ਕੋਸਿਸਾਂ ਨੂੰ ਰੋਕਣ ਦਾ ਅਸਲੀ ਜ਼ਰੀਆ ਤਾਂ ਆਮ ਲੋਕਾਂ ਦੀ ਚੌਕਸੀ ਅਤੇ ਦਬਾਅ ਹੀ ਹੈ। ਆਰ.ਐੱਸ.ਐੱਸ. ਨੂੰ ਇੱਕ 'ਡੀਪ ਸਟੇਟ' (ਲੁਕੀ ਹੋਈ ਸੱਤਾ। ਦੇ ਤੌਰ 'ਚ ਦੇਖਿਆ ਜਾਂਦਾ ਹੈ, ਜੋ ਪਰਦੇ ਦੇ ਪਿੱਛੇ ਅਤੇ ਦੇਸ਼ ਅਤੇ ਉਸ ਦੇ ਆਗੂਆਂ ਨੂੰ ਕਠਪੁਤਲੀ ਦੀ ਤਰ੍ਹਾਂ ਚਲਾਉਂਦੀ ਹੈ। ਅਜੇ ਇਸ ਵਿੱਚ ਐਨੀ ਹਿੰਮਤ ਨਹੀਂ ਹੈ ਕਿ ਇਹ ਆਪਣੀ ਵਿਚਾਰਧਾਰਾ ਅਤੇ 'ਹਿੰਦੂ ਰਾਸ਼ਟਰ' ਦੇ ਸੁਪਨਿਆਂ ਲਈ ਖੁੱਲ੍ਹ ਕੇ ਜਨਤਕ ਫਤਵਾ ਮੰਗੇ। ਉਹ ਸਹੀ ਮੌਕੇ ਦਾ ਇੰਤਜ਼ਾਰ ਕਰਦੇ ਹੋਏ ਭਾਜਪਾ ਅਤੇ ਦੂਸਰੀਆਂ ਸੰਸਥਾਵਾਂ ਦੀ ਆੜ 'ਚ ਛੁਪੀ ਰਹਿੰਦੀ ਹੈ। ਜਦ ਤੱਕ ਉਸ ਦੀਆਂ ਸਰਗਰਮੀਆਂ, ਉਸ ਨਾਲ ਜੁੜੀਆਂ ਜਥੇਬੰਦੀਆਂ ਅਤੇ ਸਰਕਾਰੀ ਕੰਮਕਾਜ ਤੇ ਸਮਾਜਿਕ ਜ਼ਿੰਦਗੀ 'ਚ ਉਨ੍ਹਾਂ ਦੀ ਦਖ਼ਲਅੰਦਾਜ਼ੀ 'ਚ ਚਾਨਣਾ ਨਹੀਂ ਪਾਇਆ ਜਾਵੇਗਾ, ਓਦੋਂ ਤੱਕ ਉਸਦਾ ਦਾਇਰਾ ਫੈਲਦਾ ਹੀ ਰਹੇਗਾ।


SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms

Gursharan Singh Sidhu, RCIC
Membership No. R523973
+1 (403) 860-1957
sidhugursharan152@gmail.com | 71 Saddle Land Way NE Calgary AB T3J 5J3

# ਅਲਵਿਦਾ ਕਾਮਰੇਡ ਹਰਦੇਵ ਸਿੰਘ ਸੰਧੂ






ਕਿਸਾਨ ਆਗੂ ਕਾਮਰੇਡ ਹਰਦੇਵ ਸਿੰਘ ਸੰਧੂ 25 ਜੁਲਾਈ ਦੀ ਰਾਤ ਨੂੰ ਆਪਣੇ ਪਰਿਵਾਰ ਰਿਸ਼ਤੇਦਾਰਾਂ ਅਤੇ ਸੰਘਰਸ਼ਸ਼ੀਲ ਕਿਸਾਨ ਲਹਿਰ ਨੂੰ ਸਦੀਵੀ ਅਲਵਿਦਾ ਆਖ ਗਏ ਹਨ। ਉਹ ਜਿੱਥੇ ਕਿਸਾਨੀ ਮੰਗਾਂ ਮਸਲਿਆਂ ਤੇ ਸੰਘਰਸ਼ਾਂ ਦੇ ਮੈਦਾਨ ਵਿੱਚ ਨਿੱਤਰੇ ਉੱਥੇ ਧੱਕੇਸ਼ਾਹੀ ਤੇ ਬੇਇਨਸਾਫ਼ੀ ਵਿਰੁੱਧ ਵੀ ਅਵਾਜ਼ ਬੁਲੰਦ ਕਰਦੇ ਰਹੇ।

ਪਿੰਡ ਮਾਣੂੰਕੇ (ਜਗਰਾਓਂ) ਦੇ ਜੰਮਪਲ ਹਰਦੇਵ ਸਿੰਘ ਸੰਧੂ ਨੇ 90ਵਿਆਂ ਦੇ ਦੌਰ ਦੌਰਾਨ ਜਗਰਾਉਂ ਰਾਏਕੋਟ ਇਲਾਕੇ ਦੇ ਪਿੰਡਾਂ ਅੰਦਰ ਕਿਰਤੀ ਕਿਸਾਨ ਯੂਨੀਅਨ ਦੇ ਯੂਨਿਟ ਸਥਾਪਿਤ ਕਰਨ ਦਾ ਕਾਰਜ ਸ਼ੁਰੂ ਕੀਤਾ। ਇਹ ਉਹ ਸਮਾਂ ਸੀ ਜਦੋਂ ਸਰਕਾਰੀ ਅਤੇ ਗੈਰ ਸਰਕਾਰੀ ਦਹਿਸ਼ਤਗਰਦੀ ਦਾ ਪੂਰਾ ਖੌਫ ਸੀ। ਇਸ ਦਹਿਸ਼ਤ ਭਰੇ ਮਾਹੌਲ ਵਿਚ ਵੀ ਕਾਮਰੇਡ ਸੰਧੂ ਨੇ ਸਰਕਾਰੀ ਤੇ ਗੈਰਸਰਕਾਰੀ ਦਹਿਸ਼ਤਗਰਦੀ ਵਿਰੁੱਧ ਬੇਖੌਫ ਹੋ ਕੇ ਅਵਾਜ਼ ਬੁਲੰਦ ਕਰਦਿਆਂ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕਰਨ ਦਾ ਕਾਰਜ ਕੀਤਾ।ਮਸਲਾ ਭਾਵੇਂ ਸਿੱਖ ਨੌਜਵਾਨ ਮੁੰਡਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਗੋਲੀਆਂ ਮਾਰਨ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਪੁਲਿਸ ਵੱਲੋਂ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਜ਼ਬਰ ਤਸ਼ੱਦਦ ਕਰਕੇ ਪ੍ਰੇਸ਼ਾਨ ਕਰਨ ਅਤੇ ਲਾਪਤਾ ਕਰਨ ਦਾ ਹੋਵੇ ਜਾ ਫਿਰ ਫਿਰਕੂ ਦਹਿਸ਼ਤਗਰਦਾਂ ਵੱਲੋਂ ਬੇਕਸੂਰ ਲੋਕਾਂ ਦੀ ਨਜਾਇਜ਼ ਕਤਲੋਗਾਰਦ ਦਾ ਸੀ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ।

ਕਾਂਗਰਸੀ ਦੀ ਬਿਨਾਂ ਲੋਕ ਮੱਤ ਤੋਂ ਸੱਤ ?ਹਾ ਵਿੱਚ ਆਈ ਬੇਅੰਤ ਹਕੂਮਤ ਦਾ ਉਹ ਦੌਰ ਜਦੋਂ ਪਿੰਡਾਂ ਦੇ ਕਈ ਰਸੂਖਦਾਰ ਪੁਲਿਸ ਦਹਿਸ਼ਤ ਦੇ ਦਾਬੇ ਤਹਿਤ 'ਖਾੜਕੂ ਲਹਿਰ' ਤੋਂ ਖੁਲ੍ਹੇ ਤੇ ਗੁਪਤ ਤਰੀਕਿਆਂ ਨਾਲ ਨਿੱਜੀ ਲਾਹਿਆਂ ਲਈ ਪਾਲਾ ਬਦਲੀ ਕਰਕੇ ਸੱਤਾਧਾਰੀ ਧਿਰ ਦੇ ਨੇੜੇ ਜਾ ਰਹੇ ਸਨ, ਇਹੋ ਜਿਹੇ ਰਸੂਖਦਾਰ ਕਾਮਰੇਡ ਸੰਧੂ ਦੀ ਜਨਤਕ ਸਰਗਰਮੀ ਤੋਂ ਔਖ ਮਹਿਸੂਸ ਕਰਦੇ ਇਸ ਅਵਾਜ਼ ਬੰਦ ਕਰਵਾਉਣ ਦੀ ਸਾਜ਼ਿਸ਼ ਵਿਚ ਸਨ। ਅਜਿਹੇ ਹਲਾਤਾਂ ਵਿੱਚ ਉਹ ਪੂਰੇ ਚੌਕਸ ਰਹੇ। ਉਨ੍ਹਾਂ ਨੂੰ ਆਤਮ ਰੱਖਿਆ ਲਈ ਲਾਇਸੈਂਸ ਬਣਾ ਕੇ ਰਾਈਫ਼ਲ ਲੈਣੀ ਪਈ ਅਤੇ ਉਨ੍ਹਾਂ ਨੇ ਜਨਤਕ ਸਰਗਰਮੀ ਜਾਰੀ ਰੱਖੀ। ਉਨ੍ਹਾਂ ਸਮਿਆਂ ਵਿੱਚ ਕਾਮਰੇਡ ਸੰਧੂ ਤੇ ਉਨ੍ਹਾਂ ਦੀ ਜੱਥੇਬੰਦੀ ਕਿਰਤੀ ਕਿਸਾਨ ਯੂਨੀਅਨ 'ਖਾੜਕੂਆਂ' ਨੂੰ ਪਨਾਹ ਦੇਣ ਦੇ ਬਹਾਨੇ ਪੁਲਿਸ ਵੱਲੋਂ ਜਬਰ ਦਾ ਸ਼ਿਕਾਰ ਬਣਾਏ ਪਰਿਵਾਰਾਂ ਦਾ ਆਸਰਾ ਬਣ ਕੇ ਅੱਗੇ ਆਏ ਅਤੇ ਪੁਲਿਸ ਜਬਰ ਦਾ ਜਨਤਕ ਵਿਰੋਧ ਕੀਤਾ।

ਪੁਲਿਸ ਜਬਰ ਦੇ ਸਿਖਰ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਅੰਨ੍ਹੇ ਪੁਲਿਸ ਤਸ਼ੱਦਦ ਤੋਂ ਬਾਅਦ ਕਤਲ ਕਰਕੇ ਲਾਪਤਾ ਕਰਨ ਦੀ ਅਣਮਨੁੱਖੀ ਪੁਲਿਸ ਕਾਰਵਾਈ ਦਾ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਾਮਰੇਡ ਹਰਦੇਵ ਸਿੰਘ ਸੰਧੂ ਨੇ ਸਖ਼ਤ ਵਿਰੋਧ ਕੀਤਾ, ਭਾਵੇਂ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਵਿਚਾਰਧਾਰਾ ਨਾਲ ਕਿਰਤੀ ਕਿਸਾਨ ਯੂਨੀਅਨ ਦੇ ਵਿਚਾਰਧਾਰਿਕ ਵਖਰੇਵੇਂ ਸਨ ਪਰ ਕਿਸੇ ਨਾਗਰਿਕ ਨੂੰ ਗ੍ਰਿਫਤਾਰ ਕਰਕੇ ਉਸ ਨੂੰ ਕਤਲ ਕਰਕੇ ਲਾਪਤਾ ਕਰਨਾ ਸਭ ਤੋਂ ਵੱਡਾ ਪਾਪ ਤੇ ਗੁਨਾਹ ਹੈ ਪਰ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਤਾਂ ਜਾਣੀ ਪਛਾਣੀ ਹਸਤੀ ਅਤੇ ਸ੍ਰੀ ਆਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਇਹ ਪੁਲਿਸ ਕਹਿਰ ਦਾ ਸਿਖ਼ਰ ਸੀ ਜਦੋਂ ਆਮ ਵਿਅਕਤੀ ਦੀ ਹਸਤੀ ਪੁਲਿਸ ਸਾਹਮਣੇ ਕੀੜੇ ਮਕੌੜੇ ਤੋਂ ਵੱਧ ਨਹੀਂ ਸੀ।

ਪੁਲਿਸ ਜਬਰ ਦੀ ਲਗਾਤਾਰ ਵਧਦੀ ਦਰਿੰਦਗੀ ਪਨਾਹ ਦੇਣ ਦੇ ਬਹਾਨੇ ਹੇਠ ਲੋਕਾਂ ਦੀ ਲੁੱਟ ਕੁੱਟ ਅਤੇ ਕਤਲ ਕਰਦੀ ਨਜਾਇਜ਼ ਹਿਰਾਸਤ ਵਿੱਚ ਲਏ ਵਿਅਕਤੀ ਦਾ ਖੁਰਾ ਖ਼ੋਜ ਮਿਟਾਉਣ ਲਈ ਲਾਪਤਾ ਕਰ ਦਿੰਦੀ। ਪੁਲਿਸ ਦਰਿੰਦਗੀ ਦੀ ਇਸੇ ਕੜੀ ਦਾ ਸ਼ਿਕਾਰ ਪਿੰਡ ਰਸੂਲਪੁਰ ਦੇ ਆਮ ਕਿਸਾਨ ਜਰਨੈਲ ਸਿੰਘ ਨੂੰ ਬਣਾਇਆ ਗਿਆ। ਜਿਸ ਨੂੰ ਘਰੋਂ ਹਿਰਾਸਤ ਵਿੱਚ ਲੈਣ ਸਮੇਂ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ ਅਤੇ ਜਰਨੈਲ ਸਿੰਘ ਦੇ ਸਿਰ ਵਿਚ ਘੋਟਣਾ ਮਾਰ ਕੇ ਬੇਹੋਸ਼ ਕਰ ਦਿੱਤਾ, ਜਰਨੈਲ ਸਿੰਘ ਨੂੰ ਉਸੇ ਹਾਲਤ ਪੁਲਿਸ ਚੁੱਕ ਕੇ ਹਠੂਰ ਥਾਣੇ ਲੈ ਗਈ ਅਤੇ ਬਾਅਦ ਵਿੱਚ ਉਸ ਨੂੰ ਲਾਪਤਾ ਕਰ ਦਿੱਤਾ ਗਿਆ। ਪੁਲਿਸ ਦੇ ਇਸ ਅਣਮਨੁੱਖੀ ਕਾਰੇ ਦੇ ਖਿਲਾਫ ਕਾਮਰੇਡ ਸੰਧੂ ਦੀ ਅਗਵਾਈ ਹੇਠ ਕਿਰਤੀ ਕਿਸਾਨ ਯੂਨੀਅਨ ਵੱਲੋਂ ਸੰਘਰਸ਼ ਕੀਤਾ ਗਿਆ ਅਤੇ ਇਸ ਵਿਰੁੱਧ ਕਾਨੂੰਨੀ ਲੜਾਈ ਲੜਨ ਲਈ ਹਾਈਕੋਰਟ ਵੀ ਜਾਣਾ ਪਿਆ।

ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਾਮਰੇਡ ਹਰਦੇਵ ਸਿੰਘ ਸੰਧੂ ਵੱਲੋਂ ਪੁਲਿਸ ਤਸ਼ੱਦਦ ਦੇ ਅਣਮਨੁੱਖੀ ਵਰਤਾਰੇ ਖਿਲਾਫ਼ ਅਵਾਜ਼ ਉਠਾਉਣ ਕਰਕੇ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਅਤੇ ਸਾਥੀਆਂ ਨੂੰ ਜਗਰਾਉਂ ਤੇ ਹਠੂਰ ਪੁਲਿਸ ਵੱਲੋਂ ਲਗਾਤਾਰ ਤੰਗ ਪ੍ਰੇਸਾਨ ਕੀਤਾ ਗਿਆ। ਇਸ ਸਮੇਂ ਦੌਰਾਨ ਕਾਮਰੇਡ ਸੰਧੂ ਨੂੰ ਲਗਭਗ 10 ਮਹੀਨੇ ਘਰ ਅਤੇ ਪਿੰਡੋਂ ਬਾਹਰ ਗੁਪਤਵਾਸ ਰਹਿਣਾ ਪਿਆ। ਸੀਆਈਏ ਸਟਾਫ਼ ਜਗਰਾਉਂ ਵੱਲੋਂ ਉਨ੍ਹਾਂ ਦੀ ਪਤਨੀ ਬੀਬੀ ਗੁਰਦੀਪ ਕੌਰ ਅਤੇ ਪਿੰਡ ਦੀ ਜੱਥੇਬੰਦੀ ਦੇ ਆਗੂ ਸੁਖਦੇਵ ਸਿੰਘ ਮਾਣੂੰਕੇ ਦੀ ਪੁਲਿਸ ਨੇ ਦੋ ਦਿਨ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਹਿਰਾਸਮੈਂਟ ਕੀਤੀ ਜਿਨ੍ਹਾਂ ਨੂੰ ਜਨਤਕ ਜੱਥੇਬੰਦੀਆਂ ਦੇ ਦਬਾਅ ਤਹਿਤ ਪੁਲਿਸ ਨੂੰ ਰਿਹਾਅ ਕਰਨਾ ਪਿਆ। ਉਨ੍ਹਾਂ ਸਮਿਆਂ ਵਿੱਚ ਪੰਜਾਬ ਅੰਦਰ ਦੋ ਧਿਰੀ ਦਹਿਸ਼ਤਗਰਦੀ ਦਾ ਪੂਰਾ ਖੌਫ ਸੀ ਪਰ ਉਹ ਇਸ ਸਮੇਂ ਦੇ ਦੌਰਾਨ ਵੀ ਨਿਧੜਕ ਹੋ ਕੇ ਲੋਕਾਂ ਵਿੱਚ ਵਿਚਰਦੇ ਰਹੇ ਅਤੇ ਪੁਲਿਸ ਤਸ਼ੱਦਦ ਤੋਂ ਪੀੜ੍ਹਤ ਲੋਕਾਂ ਨਾਲ ਖੜਦੇ ਰਹੇ। ਪੰਜਾਬ ਦੀ ਕਾਂਗਰਸੀ ਬੇਅੰਤ ਹਕੂਮਤ ਦੇ ਨਿਰਦੇਸ਼ਾਂ ਤਹਿਤ ਅਤੇ ਐਸਐਸਪੀ ਹਰਿੰਦਰ ਚਾਹਲ ਦੇ ਹੁਕਮਾਂ ਤੇ ਪੰਜਾਬ ਦੀ ਪੁਲਿਸ ਉਨ੍ਹਾਂ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਪਰਿਵਾਰ ਨੂੰ ਲਗਾਤਾਰ ਪ੍ਰੇਸ਼ਾਨ ਕਰਦੀ ਰਹਿੰਦੀ ਸੀ। ਜਿਸ ਕਾਰਨ ਕਈ ਵਾਰ ਕਾਮਰੇਡ ਸੰਧੂ ਦੇ ਪਰਿਵਾਰ ਨੂੰ ਵੀ ਘਰੋਂ ਬੇਘਰ ਹੋਣਾ ਪਿਆ ਤੇ ਸੰਤਾਪ ਦਾ ਸਾਹਮਣਾ ਕਰਨਾ ਪਿਆ। ਪੰਜਾਬ ਪੁਲਿਸ ਅਤੇ ਐਸਐਸਪੀ ਹਰਿੰਦਰ ਚਾਹਲ ਦੀ ਇਸ ਧੱਕੇਸ਼ਾਹੀ ਦਾ ਕਿਰਤੀ ਕਿਸਾਨ ਯੂਨੀਅਨ ਵੱਲੋਂ ਜਗਰਾਉਂ ਵਿਖੇ ਸੂਬਾ ਪੱਧਰੀ ਰੋਹ ਭਰਪੂਰ ਮੁਜ਼ਾਹਰਾ ਕਰਕੇ ਸਖਤ ਵਿਰੋਧ ਕੀਤਾ ਗਿਆ।

ਫ਼ੇਰੂਰਾਈ ਦੇ ਇੱਕ ਨੌਜਵਾਨ ਜਿਸ ਤੇ ਹਠੂਰ ਥਾਣੇ ਵਿਚ ਇਕ ਐਸਐਸਪੀ ਦੀ ਸਿਫਾਰਸ਼ ਤੇ ਨਿੱਜੀ ਰੰਜ਼ਿਸ਼ ਤਹਿਤ ਅਫ਼ੀਮ ਦਾ ਝੂਠਾ ਕੇਸ ਪਾ ਕੇ ਇਸ ਕੇਸ ਦੇ ਤਹਿਤ ਜੇਲ੍ਹ ਭੇਜਿਆ ਗਿਆ ਸੀ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਾਉਣ ਲਈ ਕਾਮਰੇਡ ਸੰਧੂ ਦੀ ਅਗਵਾਈ ਹੇਠ ਕਿਰਤੀ ਕਿਸਾਨ ਯੂਨੀਅਨ ਵੱਲੋਂ ਪੁਲਿਸ ਦੀ ਵਧੀਕੀਆਂ ਵਿਰੁੱਧ ਜ਼ੋਰਦਾਰ ਸੰਘਰਸ਼ ਕੀਤਾ ਗਿਆ ਤਾਂ ਪੁਲੀਸ ਨੂੰ ਨੌਜਵਾਨ ਨੂੰ ਰਿਹਾਅ ਕਰਨ ਲਈ ਮਜਬੂਰ ਹੋਣਾ ਪਿਆ। ਕਾਂਗਰਸੀ ਆਗੂ ਤੇ ਮੁੱਖ ਮੰਤਰੀ ਕੈਪਟਨ ਦੇ ਕਰੀਬੀ ਵੱਲੋਂ ਸਿਵੀਆਂ ਦੇ ਗਰੀਬ ਕਿਸਾਨ ਦੀ ਜ਼ਮੀਨ ਹੜੱਪਣ ਅਤੇ ਪੁਲਿਸ ਦੇ ਪੱਖਪਾਤੀ ਵਤੀਰੇ ਦੇ ਵਿਰੋਧ ਕਾਰਨ ਕਾਮਰੇਡ ਸੰਧੂ ਅਤੇ ਜੱਥੇਬੰਦੀ ਵਰਕਰਾਂ ਉਪਰ ਲਾਠੀਚਾਰਜ ਕਰਕੇ ਜੇਲ੍ਹਾਂ ਵਿੱਚ ਤੂੜਿਆ ਗਿਆ। ਕਾਮਰੇਡ ਸੰਧੂ ਵੱਲੋਂ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਬੰਧੂਆ ਬਣਾ ਕੇ ਜ਼ਬਰੀ ਠੀਕਰੀ ਪਹਿਰੇ ਲਗਾਉਣ ਦੀ ਮੁਹਿੰਮ ਦਾ ਵਿਰੋਧ ਤੇ ਬਾਈਕਾਟ ਕਰਦਿਆਂ ਜਨਤਕ ਲਾਮਬੰਦੀ ਕੀਤੀ ਗਈ।

ਪੁਲਿਸ ਵਧੀਕੀਆਂ ਦੇ ਲਗਾਤਾਰ ਵਿਰੋਧ ਅਤੇ ਵਿਸ਼ੇਸ਼ ਕਰਕੇ ਜੱਥੇਦਾਰ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਪਿੰਡ ਰਸੂਲਪੁਰ ਦੇ ਆਮ ਕਿਸਾਨ ਜਰਨੈਲ ਸਿੰਘ ਨੂੰ ਕਤਲ ਕਰਕੇ ਲਾਪਤਾ ਕਰਨ ਵਿਰੁੱਧ ਕੀਤੇ ਜਨਤਕ ਵਿਰੋਧ ਤੋਂ ਖਿੱਝ ਕੇ ਪੁਲਿਸ ਜ਼ਿਲ੍ਹਾ ਜਗਰਾਉਂ ਦੇ ਉੱਚ ਅਧਿਕਾਰੀਆਂ ਨੇ ਕਾਮਰੇਡ ਸੰਧੂ ਉਪਰ ਕਤਲ ਦਾ ਝੂਠਾ ਕੇਸ ਮੜ੍ਹ ਦਿੱਤਾ। ਜਿਸ ਖ਼ਿਲਾਫ਼ ਕਿਰਤੀ ਕਿਸਾਨ ਯੂਨੀਅਨ ਅਤੇ ਹੋਰ ਭਰਾਤਰੀ ਜਥੇਬੰਦੀਆਂ ਵੱਲੋਂ ਕੀਤੇ ਸੰਘਰਸ਼ ਕਰਕੇ ਪੁਲਿਸ ਨੂੰ ਵਾਪਿਸ ਲੈਣਾ ਪਿਆ।

ਸਿਵਲ ਤੇ ਪੁਲਿਸ ਪ੍ਰਸ਼ਾਸਨ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਪੱਖਪਾਤ, ਨਿਰਦੋਸ਼ ਲੋਕਾਂ ਤੇ ਕਰਵਾਏ ਜਾਂਦੇ ਝੂਠੇ ਪੁਲਿਸ ਕੇਸਾਂ ਆਦਿ ਵਿੱਚ ਹਾਕਮ ਜਮਾਤ ਦੀਆਂ ਸੱਤਾਧਾਰੀ ਪਾਰਟੀਆਂ ਦਾ ਖਾਸ ਰੋਲ ਹੈ। ਕਾਮਰੇਡ ਸੰਧੂ ਦਾ ਵਿਚਾਰ ਸੀ ਕਿ ਕਾਂਗਰਸ ਅਤੇ ਅਕਾਲੀ ਦਲ ਦਾ ਬਦਲ-ਬਦਲ ਕੇ ਆਉਣਾ ਅਤੇ ਤੀਜੀ ਪਾਰਟੀ ਦੀ ਅਣਹੋਂਦ ਹੋਣਾ ਅਤੇ ਇਸ ਦੇ ਬਦਲ ਵਿਚ ਖੱਬੇ ਪੱਖੀ ਇਨਕਲਾਬੀ ਤੇ ਜਮਹੂਰੀ ਤਾਕਤਾਂ ਕਮਜ਼ੋਰ ਹੋਣਾ ਵੀ ਹੈ। ਜਦੋਂ ਤੀਜ਼ੀ ਧਿਰ ਆਮ ਆਦਮੀ ਪਾਰਟੀ ਦੇ ਨਾਂ ਨਾਲ ਦਿੱਲੀ ਦੀ ਸੱਤ ?ਹਾ ਤੇ ਕਾਬਜ਼ ਹੋਈ ਅਤੇ ਪੰਜਾਬ ਵਿੱਚ ਇਹ ਪਾਰਟੀ ਪੈਰਾਂ ਸਿਰ ਹੋਣ ਲੱਗੀ ਇਸ ਪਾਰਟੀ ਦੇ ਦਾਅਵਿਆਂ ਅਤੇ ਉਸ ਸਮੇਂ ਕੇਜਰੀਵਾਲ ਦੀ ਅਗਵਾਈ ਹੇਠ ਮੀਡੀਆ ਵਿੱਚ ਵਿਖਾਏ ਜਾਂਦੇ ਅੰਦੋਲਨ ਇਮਾਨਦਾਰ ਅਫਸਰ ਹੋਣ ਦੇ ਕਿੱਸਿਆਂ ਨੇ ਕਾਮਰੇਡ ਸੰਧੂ ਨੂੰ ਵੀ ਪ੍ਰਭਾਵਿਤ ਕੀਤਾ। ਉਹ ਭਾਂਵੇ ਲੋਕਾਂ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਮੌਜੂਦ ਰਾਜ ਪ੍ਰਬੰਧ ਬਦਲਣ ਵਿਚ ਵਿਸ਼ਵਾਸ ਰੱਖਦੇ ਸਨ ਪਰ ਉਨ੍ਹਾਂ ਦਾ ਉਸ ਸਮੇਂ ਇਹ ਵੀ ਵਿਚਾਰ ਸੀ ਕਿ ਜਿਨ੍ਹਾਂ ਸਮਾਂ ਰਾਜ ਪ੍ਰਬੰਧ ਬਦਲਿਆ ਨਹੀਂ ਜਾ ਸਕਦਾ ਜੇਕਰ ਲੋਕਾਂ ਨੂੰ ਇਸ ਪ੍ਰਬੰਧ ਵਿੱਚ ਵੀ ਵਧੀਆ ਪ੍ਰਸ਼ਾਸਨ ਦਿੱਤਾ ਜਾਵੇ ਤਾਂ ਭ੍ਰਿਸ਼ਟਾਚਾਰ ਅਤੇ ਭਾਈ ਭਤੀਜਾਵਾਦ ਨੂੰ ਨੱਥ ਪਾਈ ਜਾ ਸਕਦੀ ਹੈ ਅਤੇ ਆਮ ਲੋਕਾਂ ਨੂੰ ਕੁਝ ਰਾਹਤ ਅਤੇ ਇਨਸ਼ਾਫ ਮਿਲ ਸਕਦਾ ਹੈ।

ਇਸ ਆਸ ਤੇ ਉਮੀਦ ਨਾਲ ਹੀ ਉਨ੍ਹਾਂ ਆਮ ਆਦਮੀ ਪਾਰਟੀ ਅਪਣਾ ਕੇ ਇਸ ਦੀ ਹਿਮਾਇਤ ਕੀਤੀ ਪਰ ਇਸ ਪਾਰਟੀ ਦੇ ਵੀ ਪੰਜਾਬ ਅੰਦਰ ਸੱਤਾ ਵਿੱਚ ਆਉਣ ਤੋਂ ਬਾਅਦ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਿੱਚ ਪਹਿਲਾਂ ਦੇ ਮੁਕਾਬਲੇ ਕੋਈ ਤਬਦੀਲੀ ਨਾ ਆਈ ਤਾਂ ਕਾਮਰੇਡ ਸੰਧੂ ਦਾ ਇਸ ਪਾਰਟੀ ਤੋਂ ਵੀ ਵਿਸ਼ਵਾਸ ਚਲਾ ਗਿਆ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਵੀ ਛੱਡ ਦਿੱਤਾ।

ਉਨ੍ਹਾਂ ਉਮਰ ਆਖ਼ਰ ਤੱਕ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਫਰੰਟ ਤੋਂ ਕਿਸਾਨੀ ਮੰਗਾਂ ਮਸਲਿਆਂ ਤੇ ਸਯੁੰਕਤ ਕਿਸਾਨ ਮੋਰਚੇ ਦੇ ਸੰਘਰਸ਼ਾਂ ਵਿੱਚ ਵੀ ਆਪਣਾ ਯੋਗਦਾਨ ਪਾ ਕੇ ਸੰਘਰਸ਼ਸ਼ੀਲ ਰੋਲ ਨਿਭਾਇਆ। ਉਨ੍ਹਾਂ ਵੱਲੋਂ ਲੜੇ ਸੰਘਰਸ਼ਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸੀਪੀਆਈ (ਮ.ਲ) ਨਿਊਡੈਮੋਕ੍ਰੇਸੀ, ਇਨਕਲਾਬੀ ਕੇਂਦਰ, ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਜਮਹੂਰੀ ਕਿਸਾਨ ਸਭਾ ,ਨੌਜਵਾਨ ਭਾਰਤ ਸਭਾ ਅਤੇ ਦਸ਼ਮੇਸ਼ ਕਿਸਾਨ ਯੂਨੀਅਨ ਆਦਿ ਜੱਥੇਬੰਦੀਆਂ ਵੱਲੋਂ ਆਪੋ ਆਪਣੇ ਝੰਡਿਆਂ ਨਾਲ ਸਲਾਮੀ ਦੇ ਕੇ ਕਾਮਰੇਡ ਹਰਦੇਵ ਸਿੰਘ ਸੰਧੂ ਨੂੰ ਇਨਕਲਾਬੀ ਨਾਹਰਿਆਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ ਅਤੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਦੁੱਖ ਤੇ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦਾ ਸਮੂਹ ਪਰਿਵਾਰ ਰਿਸ਼ਤੇਦਾਰ ਪਿੰਡ ਵਾਸੀਆਂ ਤੋਂ ਇਲਾਵਾ ਸਾਥੀ ਨਿਰਭੈ ਸਿੰਘ ਢੁੱਡੀਕੇ, ਕੰਵਲਜੀਤ ਖੰਨਾ, ਕਰਮਜੀਤ ਮਾਣੂੰਕੇ, ਸੁਖਦੇਵ ਸਿੰਘ ਮਾਣੂੰਕੇ, ਅਵਤਾਰ ਸਿੰਘ ਰਸੂਲਪੁਰ, ਸਾਧੂ ਸਿੰਘ ਅੱਚਰਵਾਲ, ਬੂਟਾ ਸਿੰਘ ਚੱਕਰ ਆਦਿ ਬਹੁਤ ਸਾਰੇ ਕਿਸਾਨ, ਮਜ਼ਦੂਰ ਤੇ ਹੋਰ ਜਨਤਕ ਜਮਹੂਰੀ ਆਗੂ ਤੇ ਕਾਰਕੁੰਨ ਹਾਜ਼ਰ ਸਨ।

# ਅੰਤਰ ਰਾਸ਼ਟਰੀ ਵਿਦਿਆਰਥੀਆਂ ਵਲੋਂ ਆਪਣੀਆਂ ਮੰਗਾਂ ਲਈ ਸੰਘਰਸ਼ ਜਾਰੀ !






ਪਿਛਲ਼ੇ ਹਫਤੇ ਤੋਂ ਕੈਲਗਰੀ ਤੇ ਐਡਮਿੰਟਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ, ਜਿਨ੍ਹਾਂ ਵਿੱਚੋਂ ਬਹੁ-ਗਿਣਤੀ ਪੰਜਾਬੀ ਭਾਈਚਾਰੇ ਨਾਲ ਸਬੰਧਤ ਹਨ, ਵਲੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਕੈਲਗਰੀ ਵਿੱਚ ਇਹ ਵਿਦਿਆਰਥੀ ਸੈਡਲ ਟਾਊਨ ਸਰਕਲ ਨਾਰਥ ਈਸਟ ਕੈਲਗਰੀ ਕੋਲ਼ 24 ਘੰਟੇ ਦੇ ਲਗਾਤਾਰ ਧਰਨੇ 'ਤੇ ਬੈਠੇ ਹਨ। ਪਹਿਲੇ ਦਿਨ ਧਰਨਾਕਾਰੀਆਂ ਵਲੋਂ ਐਲਾਨ ਕੀਤਾ ਗਿਆ ਸੀ ਕਿ ਉਹ ਲਗਾਤਾਰ ਭੁੱਖ ਹੜਤਾਲ਼ ਵੀ ਕਰਨਗੇ, ਪਰ ਦੋ ਕੁ ਦਿਨ ਬਾਅਦ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਦੀ ਪ੍ਰਬੰਧਕ ਕਮੇਟੀ ਅਤੇ ਕਮਿਉਨਿਟੀ ਦੇ ਹੋਰ ਲੀਡਰਾਂ ਦੇ ਕਹਿਣ 'ਤੇ ਉਨ੍ਹਾਂ ਨੇ ਆਪਣਾ ਭੁੱਖ ਹੜਤਾਲ਼ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ। ਵਿਦਿਆਰਥੀਆਂ ਨੂੰ ਆਸ ਹੈ ਕਿ ਕਮਿਉਨਿਟੀ ਦੇ ਧਾਰਮਿਕ ਤੇ ਰਾਜਸੀ ਲੀਡਰ ਉਨ੍ਹਾਂ ਦੇ ਮਸਲੇ ਹੱਲ ਕਰਾਉਣ ਲਈ ਬਾਂਹ ਫੜਨਗੇ।

ਇਹ ਮਸਲਾ ਉਸ ਵੇਲੇ ਭਖਿਆ ਸੀ, ਜਦੋਂ ਜੂਨ 24 ਨੂੰ ਕਨੇਡਾ ਦੇ ਇਮੀਗ੍ਰੇਸ਼ਨ ਮਾਮਲਿਆਂ ਦੀ ਪ੍ਰਮੁੱਖ ਸੰਸਥਾ 'ਇਮੀਗ੍ਰੇਸ਼ਨ, ਰਿਫਊਜੀ, ਸਿਟੀਜ਼ਨਸ਼ਿਪ ਕੈਨੇਡਾ' ਵਲੋਂ ਕੀਤੇ ਇੱਕ ਫੈਸਲੇ ਵਿੱਚ ਉਨ੍ਹਾਂ ਵਿਦਿਆਰਥੀਆਂ ਦੀਆਂ ਵਰਕ ਪਰਮਿਟ ਐਪਲੀਕੇਸ਼ਨਾਂ ਰੱਦ ਕਰ ਦਿੱਤੀਆਂ ਸਨ, ਜਿਨ੍ਹਾਂ ਨੇ ਆਪਣੀ ਪੜ੍ਹਾਈ ਨਾਨ ਕਰੈਡਿਟ ਕੋਰਸਾਂ ਨਾਲ਼ ਕੀਤੀ ਸੀ। ਇਸ ਫੈਸਲੇ ਨਾਲ਼ ਸਭ ਤੋਂ ਪਹਿਲਾਂ ਅਲਬਰਟਾ ਦੇ ਪੋਰਟੇਜ਼ ਅਤੇ ਕੈਂਬਿਲ ਕਾਲਿਜਾਂ ਦੇ ਤਕਰੀਬਨ 1500 ਵਿਦਿਆਰਥੀ ਪ੍ਰਭਾਵਤ ਹੋਏ ਹਨ ਜੇ ਇਹ ਫੈਸਲਾ ਲਾਗੂ ਰਹਿੰਦਾ ਹੈ ਤਾਂ ਬੀਸੀ, ਸਸਕੈਚਵਨ, ਓਨਟੇਰੀਓਂ, ਕਿਊਬਕ ਵਿੱਚ ਪੜ੍ਹਾਈ ਕਰ ਰਹੇ, ਹਜਾਰਾਂ ਹੋਰ ਵਿਦਿਆਰਥੀ ਅਗਲੇ ਮਹੀਨਿਆਂ ਵਿੱਚ ਪ੍ਰਭਾਵਤ ਹੋਣਗੇ।

ਅਸੀਂ ਪ੍ਰੌਗਰੈਸਵਿ ਕਲਚਰਲ ਐਸੋਸੀਏਸ਼ਨ ਕੈਲਗਰੀ, ਪ੍ਰੌਗਰੈਸਿਵ ਕਲਾ ਮੰਚ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਟਰਾਂਟੋ ਵਲੋਂ ਵਿਦਿਆਰਥੀਆਂ ਦੇ ਇਸ ਸੰਘਰਸ਼ ਦੀ ਹਮਾਇਤ ਕਰਦੇ ਹਾਂ। ਲੋਕਤੰਤਰ ਵਿੱਚ ਹਰ ਇੱਕ ਨੂੰ ਸ਼ਾਂਤਮਈ ਢੰਗਾਂ ਨਾਲ਼ ਆਪਣੇ ਮਸਲਿਆਂ ਤੇ ਹੱਕਾਂ ਲਈ ਸੰਘਰਸ਼ ਕਰਨ ਦੀ ਅਜ਼ਾਦੀ ਹੈ। ਸਾਡਾ ਵਿਦਿਆਰਥੀ ਲੀਡਰਾਂ ਨੂੰ ਸੁਝਾਅ ਹੈ ਕਿ ਉਹ ਆਪਣੀਆਂ ਮੰਗਾਂ ਲਈ ਜਿੱਥੇ ਆਪਣੇ ਭਾਈਚਾਰੇ ਤੋਂ ਸਹਿਯੋਗ ਲੈਣ, ਉਥੇ ਕੈਨੇਡੀਅਨ ਲੀਡਰਸ਼ਿਪ, ਹੋਰ ਭਾਈਚਾਰਿਆਂ, ਵਿਦਿਆਰਥੀ ਜਥੇਬੰਦੀਆਂ ਦੇ ਸਹਿਯੋਗ ਦੇ ਨਾਲ਼-ਨਾਲ਼ ਮਾਹਰ ਵਕੀਲਾਂ ਤੋਂ ਵੀ ਸਲਾਹ ਲੈਣ ਤਾਂ ਕਿ ਇਸ ਲੜਾਈ ਨੂੰ ਕਨੂੰਨੀ ਢੰਗ ਨਾਲ਼ ਵੀ ਲੜਿਆ ਜਾ ਸਕੇ।

ਜਿਸ ਤਰ੍ਹਾਂ ਅੱਜਕਲ ਪੱਛਮੀ ਦੇਸ਼ਾਂ ਵਿੱਚ ਮਾਹੌਲ ਚੱਲ ਰਿਹਾ ਹੈ, ਉਹ ਇਮੀਗ੍ਰੈਂਟਾਂ ਦੇ ਹੱਕ ਵਿੱਚ ਨਹੀਂ। ਸਰਕਾਰਾਂ ਵੀ ਆਪਣੇ ਵੋਟ ਪੈਂਤੜੇ ਤੋਂ ਅਜਿਹੇ ਫੈਸਲੇ ਲੈ ਰਹੀਆਂ ਹਨ, ਜਿਨ੍ਹਾਂ ਨਾਲ਼ ਬਹੁ-ਗਿਣਤੀ ਭਾਈਚਾਰੇ ਨੂੰ ਖੁਸ਼ ਕੀਤਾ ਜਾ ਸਕੇ। ਦੋ ਦਿਨ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਦਿੱਤੀ ਸਟੇਟਮੈਂਟ ਵਿੱਚ ਬੜੇ ਮਾਣ ਨਾਲ਼ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਆਪਣੇ ਇੱਕ ਸਾਲ ਵਿੱਚ ਵੱਡੀ ਪੱਧਰ 'ਤੇ ਇਮੀਗ੍ਰੇਸ਼ਨ ਘਟਾ ਦਿੱਤੀ ਹੈ, ਜਿਨ੍ਹਾਂ ਵਿੱਚ ਅੰਤਰ ਰਾਸ਼ਟਰੀ ਵਿਦਿਆਰਥੀ, ਵਰਕ ਪਰਮਿਟ, ਰਿਫਊਜੀ ਤੇ ਵਿਜਟਰ ਵੀਜਾ ਵਾਲ਼ੇ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ। ਇਸੇ ਤਰ੍ਹਾਂ ਬੀਤੇ ਕੱਲ੍ਹ ਕਨੇਡਾ ਦੀ ਇਮੀਗ੍ਰੇਸ਼ਨ ਮਨਿਸਟਰ ਲੇਨਾ ਡੀਐਬ ਵਲੋਂ ਵੀ ਵਿਦਿਆਰਥੀਆਂ ਦੇ ਮਸਲੇ ਬਾਰੇ ਬੋਲਦਿਆਂ ਸਪੱਸ਼ਟ ਕਰ ਦਿੱਤਾ ਹੈ ਕਿ 24 ਜੂਨ ਵਾਲ਼ਾ ਫੈਸਲਾ ਕੋਈ ਨਵਾਂ ਨਹੀਂ, ਇਹ ਪਹਿਲਾਂ ਦਾ ਹੀ ਫੈਸਲਾ ਸੀ (ਸ਼ਾਇਦ ਪਹਿਲਾਂ ਸਖਤੀ ਨਾਲ਼ ਲਾਗੂ ਨਹੀਂ ਕੀਤਾ ਗਿਆ ਸੀ), ਉਸਦੀ ਸਟੇਟਮੈਂਟ ਤੋਂ ਇਹੀ ਪ੍ਰਭਾਵ ਬਣਦਾ ਹੈ ਕਿ ਸਰਕਾਰ ਇਹ ਫੈਸਲਾ ਵਾਪਸ ਨਹੀਂ ਲਵੇਗੀ ਅਤੇ ਆਉਣ ਵਾਲ਼ੇ ਮਹੀਨਿਆਂ ਵਿੱਚ ਹਜਾਰਾਂ ਹੋਰ ਵਿਦਿਆਰਥੀ ਦੂਜੇ ਸੂਬਿਆਂ ਵਿੱਚ ਵੀ ਪ੍ਰਭਾਵਤ ਹੋਣਗੇ।

ਇਸ ਲਈ ਸਾਡੀਆਂ ਜਥੇਬੰਦੀਆਂ ਵਲੋਂ ਵਿਦਿਆਰਥੀ ਲੀਡਰਾਂ ਨੂੰ ਅਪੀਲ ਹੈ ਕਿ ਆਪਣਾ ਸੰਘਰਸ਼ ਕਰਨ ਲਈ ਜੋ ਵੀ ਕਰਨਾ ਚਾਹੁੰਦੇ ਹਨ, ਸੋਚ ਸਮਝ ਕੇ ਲੰਬੀ ਪਲੈਨਿੰਗ ਨਾਲ਼ ਕਰਨ, ਦੂਜੇ ਤੁਹਾਡਾ ਸਹਿਯੋਗ ਕਰ ਸਕਦੇ ਹਨ, ਪਰ ਉਨ੍ਹਾਂ ਤੋਂ ਆਸ ਨਾ ਰੱਖੋ ਕਿ ਉਹ ਤੁਹਾਡੇ ਲਈ ਕੁਝ ਕਰਨਗੇ। ਅਸੀਂ ਤੁਹਾਨੂੰ ਭਰੋਸਾ ਦਿਵਾਉਂਦੇ ਹਾਂ ਕਿ ਤੁਹਾਡੇ ਵਲੋਂ ਮੰਗੇ ਕਿਸੇ ਵੀ ਸਹਿਯੋਗ ਲਈ ਤਿਆਰ ਰਹਾਂਗੇ।

**ਜਾਰੀ ਕਰਤਾ:**

**ਮਾਸਟਰ ਭਜਨ ਸਿੰਘ ਅਤੇ ਹਰਚਰਨ ਸਿੰਘ**

**ਪ੍ਰਹਾਰ**

**ਪ੍ਰੌਗਰੈਸਵਿ ਕਲਚਰਲ ਐਸੋਸੀਏਸ਼ਨ ਕੈਲਗਰੀ**

**ਪ੍ਰੌਗਰੈਸਿਵ ਕਲਾ ਮੰਚ ਕੈਲਗਰੀ**

**ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ**

**ਅਦਾਰਾ ਸਰੋਕਾਰਾਂ ਦੀ ਆਵਾਜ ਟਰਾਂਟੋ**



ਹਰੀਪਾਲ
403-714-4816

# ਫਰੌਤੀਆਂ ਦਾ ਮਸਲਾ/ਦੂਜਾ ਪੱਖ

ਅੱਜ ਕੱਲ ਅਖਬਾਰਾਂ ਵਿੱਚ ਸੋਸ਼ਲ ਮੀਡੀਏ ਤੇ ਆਮ ਲੋਕਾਂ ਦੀ ਚਰਚਾ ਵਿੱਚ ਫਰੌਤੀਆ ਵਾਰੇ ਗੱਲਾਂ ਹੋ ਰਹੀਆ ਨੇ, ਕਿ ਫਲਾਣੀ ਜਗਾਹ ਕਿਸੇ ਤੋਂ ਫਰੌਤੀ ਮੰਗੀ ਗਈ ਜਾਂ ਘਰ ਉੱਤੇ ਗੋਲੀਆਂ ਚਲਾਈਆਂ ਗਈਆਂ। ਪਹਿਲੀ ਗੱਲ ਅਸੀਂ ਹਰ ਕਿਸਮ ਦੀ ਹਿੰਸਾ ਦੇ ਖਿਲਾਫ ਹਾਂ ਕਿਉਂਕਿ ਹਿੰਸਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ, ਹਿੰਸਾ ਤਾਂ ਮਸਲੇ ਦਾ ਰੂਪ ਹੀ ਵਿਗਾੜ ਦਿੰਦੀ ਹੈ, ਹਲ ਤਾਂ ਸਿਰਫ ਮਸਲੇ ਦੀ ਜੜ ਤੱਕ ਜਾ ਕੇ ਗੰਭੀਰ ਵਿਚਾਰ ਵਟਾਂਦਰਾ ਕਰਕੇ ਹੀ ਕੱਢਿਆ ਜਾ ਸਕਦਾ ਹੈ। ਪਰ ਹੋ ਕੀ ਰਿਹਾ ਹੈ। ਫੇਸਬੁਕ ਨੇ ਕੱਚ ਘਰੜ ਪੱਤਰਕਾਰਾਂ ਦਾ ਹੜ ਲਿਆ ਦਿੱਤਾ ਹੈ। ਉਹ ਕਿਸੇ ਵੀ ਮਸਲੇ ਨੂੰ ਸੁਰਖੀ ਬਣਾ ਕੇ ਆਪਦੇ ਵਿਊ ਵਧਾਉਣ ਲਈ ਵਧਾ ਚੜਾ ਕੇ ਪੇਸ਼ ਕਰਦੇ ਹਨ ਅਤੇ ਅਸੀਂ ਉਸ ਰਿਪੋਰਟ ਨੂੰ ਪੜ੍ਹ ਕੇ ਝੱਟ ਫੈਸਲਾ ਕਰ ਲੈਂਦੇ ਹਾਂ ਕਿ ਕੌਣ ਠੀਕ ਹੈ ਕੌਣ ਗਲਤ ਹੈ। ਮਸਲਾ ਅੱਜ ਦਾ ਨਹੀਂ ਸਗੋਂ ਪੈਸੇ ਦੀ ਪ੍ਰਧਾਨਗੀ ਵਾਲ਼ੇ ਸਮਾਜ ਦੀ ਜੜ ਵਿੱਚ ਪਿਆ ਹੈ। ਜਦ ਅਸੀਂ 70 ਵਿਆਂ ਵਿੱਚ ਕਨੈਡਾ ਆਏ ਸੀ, ਉਸ ਸਮੇਂ ਵੀ ਬੀ ਸੀ ਦੇ ਫਾਰਮਾਂ ਵਿੱਚ ਗੈਰ ਕਨੂੰਨੀ ਲੋਕਾਂ ਤੋਂ ਕੰਮ ਕਰਵਾਇਆ ਜਾਂਦਾ ਸੀ ਤੇ ਜਦ ਪੈਸੇ ਦੇਣਾ ਦਾ ਵੇਲਾ ਆਉਂਦਾ ਸੀ ਤਾਂ ਇਮੀਗ੍ਰੇਸ਼ਨ ਦਾ ਛਾਪਾ ਮਰਵਾ ਦਿੱਤਾ ਜਾਂਦਾ ਸੀ, ਜਾਣੀ ਕਿ ਗਰੀਬ ਕਾਮੇ ਦੇ ਪੈਸੇ ਮਾਰਨ ਦਾ ਇਹ ਬੜਾ ਸੌਖਾ ਤਰੀਕਾ ਸੀ, ਗਰੀਬ ਦੀ ਲੁੱਟ ਹੋ ਜਾਂਦੀ ਸੀ ਅਤੇ ਫਾਰਮਰ ਦਾ ਫੈਟ ਹੋਰ ਵਧ ਜਾਂਦਾ ਸੀ। ਫੇਰ ਇਹੀ ਫਾਰਮਰ ਧਾਰਮਿਕ ਜਗਾਹ ਤੇ ਦਾਨ ਵਗੈਰਾ ਦੇ ਕੇ ਬੱਲੇ ਬੱਲੇ ਕਰਵਾ ਲੈਂਦੇ ਸੀ। ਪਰ ਕੋਈ ਵੀ ਨਾਂ ਹੀ ਸਾਡੇ ਕਮਿਊਨਿਟੀ ਲੀਡਰ ਜਾਂ ਧਾਰਮਿਕ ਅਦਾਰੇ ਜਾਂ ਸਰਕਾਰ ਉਸ ਗਰੀਬ ਮਜ਼ਦੂਰ ਵਾਰੇ ਗੱਲ ਕਰਦੇ ਸੀ ਜਾਂ ਉਸ ਦੀ ਕੋਈ ਫਰਿਆਦ ਸੁਣਦੇ ਸੀ, ਉਹ ਵਿਚਾਰਾ ਰੋਂਦਾ ਕੁਰਲਾਉਂਦਾ ਵਾਪਿਸ ਮੁੜ ਜਾਂਦਾ ਸੀ। ਚੱਕਰ ਅੱਜ ਵੀ ਇਹ ਚੱਲ ਰਿਹਾ ਹੈ ਪਹਿਲਾਂ ਤਾਂ ਸਟੂਡੈਂਟਾਂ ਤੋਂ ਕੰਮ ਕਰਵਾਇਆ ਜਾਂਦਾ ਹੈ ਅਤੇ ਫਿਰ ਉਹਨਾਂ ਦੇ ਪੈਸੇ ਮਾਰੇ ਜਾਂਦੇ ਹਨ। ਐਲ ਐਮ ਆਈ ਏ ਵੇਚ ਕੇ ਬਹੁਤ ਲੋਕ ਜਿਨ੍ਹਾਂ ਨੂੰ ਕਿਤੇ ਪਿੰਡਾਂ ਚੋਂ ਬੱਸ ਵੀ ਨਹੀਂ ਸੀ ਫੜਨੀ ਆਉਂਦੀ ਅੱਜ ਕਈ ਕਈ ਘਰਾਂ ਦੇ ਮਾਲਕ ਜਾਂ ਕਈ ਕਈ ਟਰੱਕਾਂ ਦੇ ਮਾਲਕ ਬਣੇ ਬੈਠੇ ਹਨ। ਬੱਚਿਆਂ ਦੇ ਪੈਸੇ ਮਾਰ ਕੇ ਪਿੰਡਾਂ ਵਿੱਚ ਵੱਡੀਆਂ ਵੱਡੀਆਂ ਕੋਠੀਆਂ ਖੜੀਆਂ ਕਰ ਦਿੰਦੇ ਹਨ, ਫਿਰ ਜਿਹੜਾ ਕੋਈ ਇਮਾਨਦਾਰੀ ਨਾਲ ਕੰਮ ਕਰਦਾ ਹੈ ਉਸਨੂੰ ਪਿੰਡਾਂ ਦੇ ਲੋਕ ਪੁੱਛਦੇ ਹਨ ਫਲਾਣੇ ਦੇ ਮੁੰਡੇ ਨੇ ਇੰਨਾ ਕੁਝ ਬਣਾ ਤਾ ਤੂੰ ਕੁਝ ਬਣਾਇਆ ਹੀ ਨਹੀਂ, ਉਹਨਾਂ ਨੂੰ ਕੀ ਕੋਈ ਦੱਸੇ ਕਿ ਅਸੀਂ ਭਾਈ ਟੇਡੀ ਉਗਲੀ ਨਾਲ ਘਿਓ ਨਹੀਂ ਕੱਢਿਆ। ਪਿਛਲੇ ਸਾਲ ਦੀ ਗੱਲ ਹੈ ਕਿ ਇੱਕ ਮੁੰਡਾ ਕਿਸੇ ਦੇ ਰੈਸਟੋਰੈਂਟ ਤੇ ਕੰਮ ਕਰਦਾ ਸੀ ਤੇ ਉਹਦਾ 5000 ਡਾਲਰ ਮਾਲਕ ਵੱਲ ਬਣਿਆ ਸੀ, ਪਰ ਜਦ ਮੁੰਡਾ ਡਿਪੋਰਟ ਹੋਇਆ ਤਾਂ ਮਾਲਕ ਨੇ ਉਹਨੂੰ ਕੋਈ ਪੈਸਾ ਨਹੀਂ ਦਿੱਤਾ ਉਹ ਵਿਚਾਰਾ ਉਵੇਂ ਜਿਵੇਂ ਵਾਪਸ ਮੁੜ ਗਿਆ। ਹੁਣ ਵੀ ਮੁੰਡਿਆਂ ਤੋਂ ਕੰਮ ਕਰਵਾਇਆ ਜਾਂਦਾ ਹੈ ਜਿਸ ਤਰ੍ਹਾਂ ਇੱਕ ਦਿਨ ਇੱਕ ਮੁੰਡੇ ਨੂੰ 2900 ਡਾਲਰ ਦੀ ਚੈੱਕ ਮਿਲਦੀ ਹੈ। ਪਰ ਉਸਨੂੰ ਮਾਲਕ ਦਾ ਹੁਕਮ ਹੁੰਦਾ ਹੈ ਕਿ ਉਹ 2000 ਕੈਸ਼ ਕਢਾ ਕੇ ਲਿਆ ਕੇ ਮਾਲਕਾਂ ਨੂੰ ਦੇ ਦੇਵੇ। ਹੁਣ ਉਹ ਮੁੰਡੇ ਨੂੰ ਸਿਰਫ 900 ਡਾਲਰ ਮਿਲਿਆ ਕੰਮ ਕਰਨ ਦਾ, 900 ਵਿੱਚੋਂ ਉਸਨੇ ਕਰਾਇਆ ਵੀ ਦੇਣਾ ਹੈ, ਗਰੋਸਰੀ ਵੀ ਲਿਆਉਣੀ ਹੈ, ਕਿਉਂਕਿ ਕੁਝ ਮੁੰਡਿਆਂ ਨਾਲ ਰੂਮ ਸ਼ੇਅਰ ਕਰਕੇ ਰਹਿੰਦਾ ਹੈ। ਉਹ ਮੁੰਡਾ ਰੋਂਦਾ ਹੈ ਪਰ ਉਸਦੀ ਫਰਿਆਦ ਸੁਣਨ ਵਾਲ਼ਾ ਕੋਈ ਨਹੀਂ ਭਲਾ ਦੱਸੋ ਉਹ ਮੁੰਡਾ ਆਖਰ ਵਿੱਚ ਕੀ ਕਰੇਗਾ। ਬੀਸੀ ਦਾ ਇੱਕ ਕਿਸਾਨ ਚਾਰ ਮੁੰਡਿਆਂ ਤੋਂ ਕੰਮ ਕਰਾਉਂਦਾ ਹੈ ਤੇ ਚਾਰਾਂ ਦੇ ਪੈਸੇ ਮਾਰ ਦਿੰਦਾ ਹੈ ਕਿਉਂਕਿ ਮੁੰਡੇ ਕੈਸ਼ ਤੇ ਕੰਮ ਕਰਦੇ ਸਨ ਤੇ ਮੁੜ ਕੇ ਉਹੀ ਕਿਸਾਨ ਇੱਕ ਧਾਰਮਿਕ ਜਗ੍ਹਾ ਤੇ ਲੰਗਰ ਲਾ ਕੇ ਭੱਦਰ ਪੁਰਸ਼ ਬਣ ਬਹਿੰਦਾ ਹੈ। ਪਤਾ ਨਹੀਂ ਸਾਡੇ ਵਿੱਚ ਇਨੀ ਭੁੱਖ ਕਿਉਂ ਵਸ ਗਈ ਹੈ, ਕਿ ਅਸੀਂ ਹਰ ਵੇਲੇ ਪੈਸਾ ਪੈਸਾ ਕਰੀ ਜਾਂਦੇ ਹਾਂ। ਬਹੁਤ ਵਾਰੀ ਐਲਐਮ ਆਈ ਦੇ ਪੈਸੇ ਇੰਡੀਆ ਵਿੱਚ ਹੀ ਲਏ ਜਾਂਦੇ ਸਨ। ਜੋ ਉਥੇ ਜਮੀਨਾਂ ਵੇਚ ਕੇ ਪੈਸੇ ਦੇ ਦਿੰਦੇ ਸਨ। ਮੁੰਡਾ ਇੱਥੇ ਪੱਕਾ ਨਹੀਂ ਹੁੰਦਾ, ਮੁੰਡਾ ਜਦੋਂ ਵਾਪਸ ਮੁੜਦਾ ਹੈ ਤਾਂ ਮੁੰਡਾ ਆਪਦੇ ਪੈਸੇ ਮੰਗਦਾ ਹੈ। ਮਾਲਕ ਉਸ ਨੂੰ ਅੰਗੂਠਾ ਦਿਖਾ ਦਿੰਦਾ ਹੈ, ਫਿਰ ਮੁੰਡਾ ਗਲਤ ਰਾਹ ਅਖਤਿਆਰ ਕਰਦਾ ਹੈ ਜਾਂ ਗਲਤ ਲੋਕਾਂ ਦੇ ਧੱਕੇ ਚੜ ਕੇ ਗਲਤ ਕੰਮ ਕਰ ਬਹਿੰਦਾ ਹੈ। ਮੁੰਡਾ ਇੱਥੇ ਜੇਲ ਚ ਸੜਦਾ ਹੈ ਤੇ ਬਾਪ ਉਥੇ ਲੋਕਾਂ ਦੇ ਦਿਹਾੜੀਆਂ ਕਰਦਾ ਹੈ। ਕੀ ਸਾਡੇ ਕੋਲੇ ਇਹ ਗੱਲਾਂ ਸੋਚਣ ਦਾ ਸਮਾਂ ਹੈ, ਨਹੀਂ ਬਿਲਕੁਲ ਨਹੀਂ ਹੈ। ਅਸੀਂ ਤਾਂ ਸੋਸ਼ਲ ਮੀਡੀਆ ਤੇ ਖਬਰ ਪੜ੍ਹੀ ਸ਼ੇਅਰ ਕਰਤੀ ਤੇ ਮੁੰਡਿਆਂ ਨੂੰ ਹੋਰ ਬਦਨਾਮ ਕਰਨ ਵਿੱਚ ਆਪਦਾ ਯੋਗਦਾਨ ਪਾ ਦਿੱਤਾ। ਅਸੀਂ ਤਾਂ ਹਰ ਵੇਲੇ ਮੁੰਡਿਆਂ ਨੂੰ ਨਿੰਦਦੇ ਰਹਿੰਦੇ ਹਾਂ, ਇਹ ਫਰੌਤੀਆਂ ਮੰਗਦੇ ਹਨ ਇਹ ਫਰੌਤੀਆਂ ਮੰਗਦੇ ਹਨ ਬਈ ਉਹ ਫਰੌਤੀਆਂ ਕਿਉਂ ਮੰਗਦੇ ਹਨ ਕੀ ਇਸ ਬਿਮਾਰੀ ਦੀ ਜੜ ਵਿੱਚ ਜਾਣ ਦੀ ਲੋੜ ਹੈ ਜਾਂ ਨਹੀਂ, ਕੀ ਸਰਕਾਰ ਨੂੰ ਕੋਈ ਕਮਿਸ਼ਨ ਬਣਾਉਣਾ ਚਾਹੀਦਾ ਹੈ ਕਿ ਇਹ ਕਿਉਂ ਹੋ ਰਿਹਾ ਹੈ, ਕੀਹਦਾ ਜੀ ਕਰਦਾ ਹੈ ਕਿਸੇ ਦੇ ਗੋਲੀ ਮਾਰਨ ਨੂੰ, ਜੇਲ ਚ ਬੈਠਣ ਨੂੰ, ਘਰ ਛੱਡਣ ਨੂੰ। ਇਸ ਮਸਲੇ ਤੇ ਕੋਈ ਕਮਿਸ਼ਨ ਬਣਾਇਆ ਹੋਣਾ ਚਾਹੀਦਾ ਹੈ ਮੁੰਡਿਆਂ ਤੋਂ ਐਫੀਡੈਬਿਟ ਲਏ ਜਾਣੇ ਚਾਹੀਦੇ ਹਨ ਕਿ ਉਹਨਾਂ ਦੇ ਪੈਸੇ ਕਿਸਨੇ ਮਾਰੇ ਹਨ, ਫਿਰ ਉਹਨਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਬਾਕੀ ਜਿਹੜੇ ਮੁੰਡੇ ਆ ਗਏ ਬਿਲਕੁਲ ਪੱਕੇ ਹੋਣੇ ਚਾਹੀਦੇ ਹਨ, ਕਿਉਂਕਿ ਉਹ ਮੁੰਡੇ ਸਰਕਾਰ ਦੀ ਗਲਤੀ ਨਾਲ਼ ਆਏ ਹਨ ਆਪਦੀ ਗਲਤੀ ਨਾਲ ਨਹੀਂ ਆਏ। ਉਹ ਮੁੰਡੇ ਜੇਕਰ ਹੁਣ ਮੁੜਣਗੇ ਤਾਂ ਨਾ ਉਹ ਘਰਦੇ ਰਹਿਣਗੇ ਨਾ ਉਹ ਘਾਟ ਦੇ ਰਹਿਣਗੇ। ਉਹਨਾਂ ਤੋਂ ਪੈਸਾ ਠੱਗਿਆ ਗਿਆ, ਪਿੰਡ ਉਹਨਾਂ ਨੇ ਜਮੀਨਾਂ ਵੇਚ ਦਿੱਤੀਆਂ, ਪਿੰਡ ਜਦੋਂ ਉਹ ਜਾਣਗੇ ਲੋਕਾਂ ਨੇ ਟਿਕਣ ਨਹੀਂ ਦੇਣਾ। ਉਹਨਾਂ ਦਾ ਸਿੱਧਾ ਨਾਮ ਕਿਸੇ ਨੇ ਨਹੀਂ ਲੈਣਾ ਸਗੋਂ ਉਹਨਾਂ ਨੂੰ ਕਨੇਡੀਅਨ ਕਨੇਡੀਅਨ ਕਹਿ ਕੇ ਟਾਂਚ ਕੀਤਾ ਜਾਊਗਾ ਜਿਹੜਾ ਕਿ ਉਹਨਾਂ ਨੂੰ ਹੋਰ ਵੀ ਡੀਪ੍ਰੈਸ਼ ਕਰੂਗਾ। ਉਹ ਬੰਦਾ ਕੀ ਕਰੂਗਾ ਆਤਮ ਹੱਤਿਆ ਕਰੂਗਾ ਜਾਂ ਕੋਈ ਹੋਰ ਰਾਹ ਅਪਣਾਊਗਾ। ਸਾਡੇ ਕੋਲ ਟਾਈਮ ਹੀ ਨਹੀਂ ਸੋਚਣ ਦਾ ਅਸੀਂ ਤਾਂ ਅਖਬਾਰਾਂ 'ਚ ਖਬਰਾਂ ਪੜ੍ਹ ਲੈਂਦੇ ਆਂ ਉਹ ਸਾਡੇ ਮੁੰਡੇ ਫਰੋਤੀਆਂ ਮੰਗਦੇ ਨੇ ਸਾਡੇ ਮੁੰਡੇ ਫਰੋਤੀਆਂ ਮੰਗਦੇ ਨੇ ਪਰ ਇਹਦੀ ਜੜ ਚ ਕਿਉਂ ਨਹੀਂ ਕੋਈ ਜਾਂਦਾ ਹੈ। ਸਰਕਾਰ ਲਈ ਤਾਂ ਸਿਰਫ ਇਹ ਲਾ ਐਂਡ ਆਰਡਰ ਦੀ ਸਮੱਸਿਆ ਹੈ ਪਰ ਸਾਡੇ ਸਮਾਜ ਦੀ ਬਹੁਤ ਵੱਡੀ ਬਦਨਾਮੀ ਹੋ ਰਹੀ ਹੈ, ਸਾਡੇ ਸਮਾਜ ਵਿੱਚ ਕੁਝ ਕੁ ਲਾਲਚੀ ਅਨਸਰਾਂ ਕਰਕੇ। ਇਹੋ ਜਿਹੇ ਵਪਾਰਕ ਅਦਾਰਿਆਂ ਨੂੰ, ਇਹੋ ਜਿਹੇ ਕਹਿੰਦੇ ਕਹਾਉਂਦੇ ਬਿਜਨਸਮੈਨਾਂ ਨੂੰ ਸਮਾਜ ਵਿੱਚੋਂ ਛੇਕ ਦੇਣਾ ਚਾਹੀਦਾ ਹੈ, ਸਗੋਂ ਨੰਗੇ ਕਰਨਾ ਚਾਹੀਦਾ ਹੈ ਜਿਨਾਂ ਨੇ ਸਟੂਡੈਂਟਾਂ ਦੀ ਲੁੱਟ ਕੀਤੀ ਜਾਂ ਗੈਰ ਕਾਨੂੰਨੀ ਕਾਮਿਆਂ ਦੀ ਲੁੱਟ ਕੀਤੀ ਇਸ ਮਸਲੇ ਦਾ ਕੋਈ ਨਾ ਕੋਈ ਤਾਂ ਹੱਲ ਲੱਭਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਇਹ ਲਾ ਐਂਡ ਆਰਡਰ ਦੀ ਸਮੱਸਿਆ ਬਣੀ ਰਹੇਗੀ ਅਤੇ ਸਾਡੇ ਸਮਾਜ ਦੀ ਬਦਨਾਮੀ ਹੁੰਦੀ ਰਹੇਗੀ। ਇਹ ਧੱਕਾ ਸਿਰਫ ਇੱਥੇ ਹੀ ਨਹੀਂ ਇਹ ਧੱਕਾ ਸਾਰੀ ਦੁਨੀਆ ਵਿੱਚ ਹੋ ਰਿਹਾ ਹੈ ਜਿੱਥੇ ਵੀ ਕਿਤੇ ਅਮੀਰਾਂ ਦਾ ਦਾਅ ਲੱਗਦਾ ਹੈ ਉਹ ਲਾਉਂਦੇ ਹਨ। ਮਜਦੂਰ ਦੀ ਉਜਰਤ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵਧਾਈ ਜਾਂਦੀ ਮਜ਼ਦੂਰ ਦੀ ਉਜਰਤ ਤੇ ਰੋਕ ਲੱਗੀ ਹੈ ਮਹਿੰਗਾਈ ਤੇ ਕੋਈ ਰੋਕ ਨਹੀਂ, ਮਹਿੰਗਾਈ ਚਾਹੇ ਖਾਣ ਪੀਣ ਦੀਆਂ ਚੀਜਾਂ ਦੀ ਜਾਂ ਹੋਰ ਹਰ ਸਮੇਂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦੀ। ਪਰ ਇਹ ਸੋਚੋ ਜੇ ਬੰਦੇ ਦੀ ਆਮਦਨ ਤਾਂ ਲਿਮਿਟ ਹੋ ਗਈ ਤੇ ਖਰਚ ਤੇ ਕੋਈ ਲਿਮਿਟ ਨਹੀਂ ਉਹ ਬੰਦਾ ਕਰੂਗਾ ਕੀ ਉਹ ਬੰਦਾ ਗਲਤ ਰਾਹ ਤੇ ਨਹੀਂ ਪਊਗਾ, ਸਮਾਜ ਨੂੰ ਮੁੜ ਲੀਹ ਤੇ ਲਿਆਉਣ ਲਈ ਕੋਈ ਨਾ ਕੋਈ ਕਾਇਦਾ ਕਾਨੂੰਨ ਤਾਂ ਬਣਾਉਣਾ ਚਾਹੀਦਾ ਹੈ। ਮਜਦੂਰ ਦੀ ਤਨਖਾਹ ਵਧਣੀ ਚਾਹੀਦੀ ਹੈ, ਮਹਿੰਗਾਈ ਦੇ ਹਿਸਾਬ ਨਾਲ। ਮਜ਼ਦੂਰ ਦਾ ਪੈਸਾ ਮਾਰਨਾ ਸਭ ਤੋਂ ਵੱਡਾ ਕ੍ਰਾਈਮ ਹੋਣਾ ਚਾਹੀਦਾ ਹੈ। ਕਿਉਂਕਿ ਇੱਕ ਇਨਸਾਨ ਦੇ ਚੁੱਲੇ ਨੂੰ ਤੁਸੀਂ ਬੁਝਾ ਕੇ ਤੁਸੀਂ ਆਪਦਾ ਚੁੱਲਾ ਗਰਮ ਨਹੀ ਰੱਖ ਸਕਦੇ। ਸਾਰੀ ਦੁਨੀਆਂ ਵਿੱਚ ਹੀ ਧੱਕੇ ਦਾ ਰਾਜ ਚੱਲ ਰਿਹਾ ਹੈ। ਕਿਉਂਕਿ ਇਕ ਪਰਸੈਂਟ ਲੋਕਾਂ ਕੋਲੇ ਦੁਨੀਆਂ ਦੀ ਅੱਧੀ ਤੋਂ ਵੱਧ ਦੌਲਤ ਹੈ। ਇਹ ਇਹ ਕਾਣੀ ਵੰਡ ਹੀ ਸਾਰੀਆਂ ਬਿਮਾਰੀਆਂ ਦੀ ਜੜ ਹੈ। ਇਸ ਧਰਤੀ ਨੂੰ, ਸਰਕਾਰ ਨੂੰ, ਦੇਸ਼ ਨੂੰ ਖਤਰਾ ਕਿਸੇ ਹੱਕ ਮੰਗਣ ਵਾਲੇ ਤੋਂ ਨਹੀਂ ਖਤਰਾ ਇਹਨਾਂ ਅਮੀਰਾਂ ਤੋਂ ਹੈ ਜਿਨ੍ਹਾਂ ਦੀਆਂ ਫੈਕਟਰੀਆਂ ਦਰਿਆਵਾਂ ਵਿੱਚ, ਸਮੁੰਦਰ ਵਿੱਚ, ਸਾਰਾ ਗੰਦ ਪਾ ਰਹੀਆਂ ਹਨ, ਬੋਰ ਕਰਕੇ ਧਰਤੀ ਵਿੱਚ ਜਹਿਰ ਸੁਟ ਰਹੀਆਂ ਹਨ, ਹਜ਼ਾਰਾਂ ਲੱਖਾਂ ਮਾਈਨਾ ਜਿਹੜੀਆਂ ਕਿ ਹੁਣ ਕੰਮ ਨਹੀਂ ਕਰਦੀਆਂ ਉਹ ਉਵੇਂ ਜਿਵੇਂ ਛੱਡ ਦਿੱਤੀਆਂ ਗਈਆਂ ਹਨ, ਖਤਰਾ ਇਹਨਾਂ ਤੋਂ ਹੈ ਜਿਹੜੇ ਹਵਾ ਨੂੰ ਪਾਣੀ ਨੂੰ ਖਰਾਬ ਕਰ ਰਹੇ ਹਨ ਜੰਗਲਾਂ ਨੂੰ ਕੱਟ ਰਹੇ ਹਨ। ਪਰ ਕੌਣ ਕਹੇ ਰਾਣੀ ਅੱਗਾ ਢੱਕ ਕਿਉਂਕਿ ਹਕੂਮਤ ਇਹਨਾਂ ਦੀ ਹੈ, ਬਾਕੀ ਸਾਡੇ ਲੀਡਰਾਂ ਨੇ ਇਹਨਾਂ ਤੋਂ ਪੈਸੇ ਲੈ ਕੇ ਚੋਣਾਂ ਲੜਨੀਆਂ ਨੇ ਉਹ ਕਿਵੇਂ ਇਹਨਾਂ ਨੂੰ ਰੋਕਣਗੇ। ਇਸ ਧਰਤੀ ਦਾ ਕੀ ਹਾਲ ਹੋਊਗਾ, ਪੰਜਾਬ ਦੇ ਵਿੱਚ 200 ਫੁੱਟ ਤੱਕ ਪਾਣੀ ਪੀਣ ਵਾਲਾ ਨਹੀਂ ਰਿਹਾ ਥੋੜੇ ਚਿਰ ਤੱਕ ਪੰਜ ਸੌ ਫੁੱਟ ਤੱਕ ਵੀ ਨਹੀਂ ਰਹਿਣਾ ਕਿਉਂਕਿ 500 ਫੁੱਟ ਤੱਕ ਆਮ ਬੋਰ ਨੇ ਇਹਨਾਂ ਫੈਕਟਰੀਆਂ ਦੇ ਜਿੱਥੇ ਸਾਰਾ ਪ੍ਰਦੂਸ਼ਣ ਧਰਤੀ ਸੁੱਟਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਮੀਰ ਵੀ ਇਹ ਕਿਉਂ ਨਹੀਂ ਸੋਚਦੇ ਕਿ ਇਹਨਾਂ ਦੀਆਂ ਅਗਲੀਆਂ ਪੀੜੀਆਂ ਨੇ ਪਾਣੀ ਪੀਣਾ ਹੈ, ਇਸੇ ਹਵਾ ਵਿੱਚ ਸਾਹ ਲੈਣਾ ਹੈ ਪਰ ਨਫੇ ਦੀ ਰਾਜਨੀਤੀ ਦਿਮਾਗ ਦੇ ਬੂਹੇ ਬੰਦ ਕਰ ਦਿੰਦੀ ਹੈ। ਇੱਕ ਵਾਰੀ ਅਮਰੀਕਾ ਵਿੱਚ ਇੱਕ ਸੂਬੇ ਦੇ ਅਮੀਰਾਂ ਨੇ ਸਰਕਾਰ ਨੂੰ ਕਿਹਾ ਕਿ ਸਾਡੇ ਤੇ ਟੈਕਸ ਲਾਓ, ਆਮ ਲੋਕਾਂ ਦਾ ਕਚੂਮਰ ਨਾ ਕੱਢੋ। ਅਮੀਰਾਂ ਲਈ ਤਾਂ ਟੈਕਸ ਵੀ ਘੱਟ ਹੈ, ਫਿਰ ਉਹ ਜਿੰਨਾ ਕੁ ਟੈਕਸ ਦਿੰਦੇ ਆ ਉਹਨੂੰ ਬਚਾਉਣ ਲਈ ਚੋਰ ਮੋਰੀਆਂ ਬਹੁਤ ਨੇ, ਪਰ ਆਮ ਲੋਕ ਕੀ ਕਰ ਸਕਦੇ ਹਨ, ਆਮ ਲੋਕਾਂ ਦਾ ਤਾਂ ਪੱਚੀ ਤੀਹ ਪਰਸੈਂਟ ਟੈਕਸ ਵਿੱਚ ਚਲਿਆ ਜਾਂਦਾ ਹੈ, ਫਿਰ ਉਹਨਾਂ ਨੇ ਬੱਚੇ ਵੀ ਪਾਲਣੇ ਹਨ, ਰੋਟੀ ਵੀ ਖਾਣੀ ਹੈ, ਤੰਗ ਹੋਏ ਲੋਕ ਗਲਤ ਰਾਹ ਤੇ ਨਹੀਂ ਪੈਂਦੇ ਪਰ ਪਾਏ ਜਾਂਦੇ ਹਨ ਤਾਂ ਕਿ ਇਹ ਭੁੱਖ ਨੰਗ ਦੀ ਲੜਾਈ ਕਾਨੂੰਨ ਦੀ ਸਮੱਸਿਆ ਬਣ ਜਾਵੇ, ਫਿਰ ਸਰਕਾਰ ਵੀ ਬਰੀ ਅਤੇ ਸਮਾਜ ਵੀ ਬਰੀ। ਕਿਉਂਕਿ ਜਦੋਂ ਕੋਈ ਗਲਤ ਰਾਹ ਤੇ ਪੈਂਦਾ ਹੈ ਤਾਂ ਉਸ ਸ਼ਨਾਖਤ ਕਰਨੀ ਬੜੀ ਸੌਖੀ ਹੈ ਉਸ ਨੂੰ ਬਦਨਾਮ ਕਰਨਾ ਬੜਾ ਸੌਖਾ ਹੈ, ਕਾਨੂੰਨ ਦਾ ਕਹਾੜਾ ਚਲਾਉਣਾ ਬੜਾ ਸੌਖਾ ਹੈ। ਇਹ ਕੁਛ ਹੋ ਰਿਹਾ ਹੈ, ਮੁਲਕ ਕੋਈ ਵੀ ਹੋਵੇ ਗੇਮ ਸਭ ਜਗਾਹਾ ਇੱਕੋ ਜਿਹੀ ਚੱਲ ਰਹੀ ਹੈ, ਸਥਾਪਤੀ ਆਪਦੇ ਆਪ ਨੂੰ ਕਾਇਮ ਰੱਖਣ ਲਈ ਕੁਛ ਵੀ ਕਰ ਸਕਦੀ ਹੈ। ਗੱਲ ਫੇਰ ਮੁੜ ਕੇ ਸਟੂਡੈਂਟਾਂ ਨਾਲ ਹੁੰਦੇ ਧੱਕੇ ਦੀ ਕਰਦੇ ਹਾਂ, ਉਦਯੋਗਿਕ ਮੁਲਕਾਂ ਨੂੰ ਹਰ ਵੇਲੇ ਸਸਤੇ ਕਾਮਿਆਂ ਦੀ ਲੋੜ ਪੈਂਦੀ ਰਹਿੰਦੀ ਹੈ, ਇਸ ਕਰਕੇ ਸਾਡੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਰਕਾਰ ਤੇ ਇਹ ਜ਼ੋਰ ਪਾਉਣਾ ਚਾਹੀਦਾ ਹੈ ਕਿ ਜਿਹੜੇ ਸਟੂਡੈਂਟ ਆ ਗਏ ਇਹਨਾਂ ਨੂੰ ਪੱਕੇ ਕਰੋ ਗਾਹਾਂ ਨੂੰ ਜਦੋਂ ਤੁਹਾਨੂੰ ਲੋੜ ਹੋਵੇ ਮੰਗਾਓ ਚਾਹੇ ਨਾ ਮੰਗਾਓ। ਸਾਡਾ ਵੀ ਸਾਰਿਆਂ ਦਾ ਫਰਜ਼ ਹੈ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਸਮਝੀਏ ਦੋਹਾਂ ਧਰਾਂ ਦੀ ਗੱਲ ਸੁਣੀਏ, ਫਿਰ ਕੋਈ ਫੈਸਲਾ ਕਰੀਏ ਸੋਸ਼ਲ ਮੀਡੀਆ ਦੀਆਂ ਅਫਵਾਹਾਂ ਤੋਂ ਥੋੜਾ ਜਿਹਾ ਬਚੀਏ।

ਆਪਣੇ ਫੋਨ ਵਿਚ 'ਸਰੋਕਾਰਾਂ ਦੀ ਆਵਾਜ਼' ਦੀ ਐਪ ਫਰੀ ਡਾਊਨ ਲੋਡ ਕਰੋ

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
ACCREDITED BUSINESS
www.kraftsmanelectric.ca
kelectric17@gmail.com
778-883-1313


GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar




LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਅਲਬਰਟਾ ਸੂਬਾ ਨੇ ਏ.ਆਈ. ਸੈਂਟਰਾਂ ਦੇ ਨੁਕਸਾਨ ਬਾਰੇ ਜਾਣਬੁੱਝ ਕੇ ਅੱਖਾਂ ਮੀਟੀਆਂ

ਲੇਖਕ: ਐਂਡਰਿਊ ਨਿੱਕੀਫੋਰਕ
ਅਨੁਵਾਦ: ਸੁਖਵੰਤ ਹੁੰਦਲ
604644-2470

*(ਇਹ ਲੇਖ ਪਹਿਲੀ ਵਾਰ ਟਾਈ ਦੇ ਆਨਲਾਈਨ ਸਾਈਟ 'ਤੇ 30 ਜੂਨ ਨੂੰ ਛਪਿਆ ਸੀ । ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ । - ਅਨੁਵਾਦਕ)*



ਦੋ ਸਾਲ ਪਹਿਲਾਂ, ਪ੍ਰੀਮੀਅਰ ਡੈਨੀਅਲ ਸਮਿੱਥ ਨੇ ਐਲਾਨ ਕੀਤਾ ਸੀ ਕਿ ਉਸ ਦੀ ਸਰਕਾਰ ਇੱਕ ਜ਼ੋਰਦਾਰ ਨਵੀਂ ਰਣਨੀਤੀ ਰਾਹੀਂ 2030 ਤੱਕ ਸੂਬੇ ਵਿੱਚ ਡਾਟਾ ਸੈਂਟਰਾਂ ਲਈ 100 ਅਰਬ (ਬਿਲੀਅਨ) ਡਾਲਰ ਦੀ ਇਨਵੈਸਟਮੈਂਟ ਲਿਆਉਣਾ ਚਾਹੁੰਦੀ ਹੈ।

ਸਮਿੱਥ ਨੇ ਦੱਸਿਆ ਕਿ ਆਰਟੀਫਿਸ਼ਲ ਇਨਟੈਲੀਜੈਂਸ ਸਾਡੀ ਜ਼ਿੰਦਗੀ ਨੂੰ 'ਬਿਹਤਰ, ਸਰਲ ਅਤੇ ਸੁਰੱਖਿਅਤ' ਬਣਾ ਰਹੀ ਹੈ। ਪਰ ਸਫਲ ਹੋਣ ਲਈ, ਇਸ ਨਵੀ ਤਕਨਾਲੌਜੀ ਨੂੰ ਵਧੇਰੇ ਊਰਜਾ ਅਤੇ ਥਾਂ ਦੀ ਲੋੜ ਸੀ। ਅਲਬਰਟਾ ਇਸ ਕਾਰੋਬਾਰ ਲਈ ਤਿਆਰ ਹੈ ਕਿਉਂਕਿ ਡਾਟਾ ਸੈਂਟਰਾਂ ਦਾ ਵਾਧਾ 'ਨਵੀਨਤਾ ਨੂੰ ਉਤਸ਼ਾਹਿਤ ਕਰੇਗਾ, ਨੌਕਰੀਆਂ ਪੈਦਾ ਕਰੇਗਾ ਅਤੇ ਆਰਥਿਕ ਵਿਭਿੰਨਤਾ ਨੂੰ ਉਤਸ਼ਾਹਿਤ ਕਰੇਗਾ।'

ਏ.ਆਈ. ਨਿਵੇਸ਼ਕ ਅਤੇ ਟਰੰਪ ਦੇ ਸਮਰਥਕ ਕੈਵਿਨ ਓ'ਲੀਅਰੀ ਨੇ ਤੁਰੰਤ ਇਸ ਨੀਤੀ ਦਾ ਸਮਰਥਨ ਕਰਦਿਆਂ ਕਿਹਾ: 'ਡੈਨੀਅਲ ਸਮਿੱਥ ਕੋਲ ਪਾਣੀ ਹੈ, ਉਸ ਕੋਲ ਫਾਈਬਰ ਹੈ, ਉਸ ਕੋਲ ਲੋਕ ਹਨ, ਉਸ ਕੋਲ ਨੀਤੀਆਂ ਹਨ, ਉਸ ਕੋਲ ਉੱਥੇ ਪ੍ਰਾਪਤ ਕੀਤੇ ਜਾ ਸਕਣ ਵਾਲੇ ਪਰਮਿਟ ਹਨ, ਅਤੇ ਇਹੀ ਉਹ ਚੀਜ਼ ਹੈ ਜਿਸ 'ਤੇ ਅਸੀਂ ਕੰਮ ਕਰ ਰਹੇ ਹਾਂ।'

ਸਮਿੱਥ ਦੀ ਸਰਕਾਰ ਨੇ ਇਹ ਦਾਅਵਾ ਕਰਦਿਆਂ ਕਿ ਡਾਟਾ ਸੈਂਟਰ 'ਵਾਤਾਵਰਣ ਮੁੱਲਾਂਕਣ ਦੇ ਉਦੇਸ਼ਾਂ ਲਈ ਇੱਕ ਲਾਜ਼ਮੀ ਗਤੀਵਿਧੀ÷ ਨਹੀਂ ਹਨ, ਓ'ਲੀਅਰੀ ਦੇ 70 ਅਰਬ (ਬਿਲੀਅਨ) ਡਾਲਰ ਦੇ ਵਿਸ਼ਾਲ



















ਪ੍ਰੋਜੈਕਟ ਲਈ ਇਨਵਾਇਰਮੈਂਟਲ ਅਸੈੱਸਮੈਂਟ (ਵਾਤਾਵਰਣ ਮੁੱਲਾਂਕਣ) ਦੀ ਸ਼ਰਤ ਨੂੰ ਹਟਾ ਦਿੱਤਾ।

ਸੂਬੇ ਨੇ ਇਸ ਸਾਲ ਆਪਣੀ ਵਾਟਰ ਐਡਵਾਇਜ਼ਰੀ ਕਾਊਂਸਲ (ਪਾਣੀ ਬਾਰੇ ਸਲਾਹ ਦੇਣ ਵਾਲੀ ਕੌਂਸਲ) ਨੂੰ ਵੀ ਖਤਮ ਕਰ ਦਿੱਤਾ-ਇੱਕ ਅਜਿਹਾ ਕਦਮ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਡਾਟਾ ਸੈਂਟਰਾਂ ਦੀਆਂ ਅਤਿਅੰਤ ਪਾਣੀ ਦੀਆਂ ਮੰਗਾਂ ਬਾਰੇ ਕੋਈ ਵੀ ਸ਼ਰਮਨਾਕ ਰਿਪੋਰਟ ਸੂਬੇ ਨੂੰ ਹੋਣ ਵਾਲੇ ਫਾਇਦਿਆਂ ਦੇ ਦਾਅਵੇ 'ਤੇ ਸਵਾਲ ਨਾ ਉਠਾ ਸਕੇ।

ਇਸ ਹੀ ਸਮੇਂ, ਸੂਬੇ ਨੇ ਏ ਆਈ ਨਿਵੇਸ਼ਕਾਂ (ਇਨਵੈਸਟਰਾਂ) ਦੀ ਸਹਾਇਤਾ ਕਰਨ ਲਈ ਇਕ ਸੇਵਾ ਸ਼ੁਰੂ ਕੀਤੀ ਹੈ ਤਾਂ ਜੋ ਉਹ ਕਾਨੂੰਨ ਲਾਗੂ ਕਰਨ ਵਾਲਿਆਂ (ਰੈਗੂਲੇਟਰਾਂ) ਨਾਲ ਸੌਖੇ ਢੰਗ ਨਾਲ ਨਿਪਟ ਸਕਣ ਅਤੇ 'ਮਾਰਕੀਟ ਵਿੱਚ ਤੇਜ਼ੀ' ਨਾਲ ਦਾਖਲ ਹੋ ਸਕਣ।

ਭਾਵੇਂ ਕਿ ਉੱਤਰੀ ਅਮਰੀਕਾ ਦੇ ਨਾਗਰਿਕਾਂ ਨੇ ਜ਼ਿਆਦਾ ਤੌਰ 'ਤੇ ਕਈ ਕਾਰਨਾਂ ਕਰਕੇ ਆਪਣੀਆਂ ਕਮਿਊਨਿਟੀਆਂ ਵਿੱਚ ਡਾਟਾ ਸੈਂਟਰਾਂ ਨੂੰ ਰੱਦ ਕਰ ਦਿੱਤਾ ਹੈ ਜਾਂ ਉਨ੍ਹਾਂ 'ਤੇ ਰੋਕਾਂ ਲਗਾਈਆਂ ਹਨ, ਪਰ ਸਮਿੱਥ ਸਰਕਾਰ ਨੇ ਇਹਨਾਂ ਨਾਲ ਸੰਬੰਧਿਤ ਰੌਲੇ ਦੇ ਪ੍ਰਦੂਸ਼ਣ, ਗਰਮੀ ਦੇ ਟਾਪੂਆਂ, ਪਾਣੀ ਦੀ ਖਪਤ, ਧੁੰਦ, ਐਨਰਜੀ ਦੇ ਜ਼ਿਆਦਾ ਖਰਚਿਆਂ ਬਾਰੇ ਇਕ ਸ਼ਬਦ ਨਹੀਂ ਕਿਹਾ।

ਇਸ ਬਾਰੇ ਬ੍ਰੈਡ ਸਟੈਲਫੌਕਸ ਗੱਲ ਕਰਦਾ ਹੈ। ਸਟੈਲਫੌਕਸ ਜ਼ਮੀਨ ਦੀ ਵਰਤੋਂ ਨਾਲ ਸੰਬਧਿਤ ਸੂਬੇ ਦਾ ਉੱਘਾ ਵਿਗਿਆਨੀ (ਲੈਂਡ ਯੂਜ਼ ਈਕੋਲੋਜਿਸਟ) ਹੈ। ਉਸ ਨੇ ਆਪਣਾ ਕੈਰੀਅਰ ਜ਼ਮੀਨ ਦੀ ਵਰਤੋਂ ਕਾਰਨ ਲੰਮੇ ਸਮੇਂ ਬਾਅਦ ਪੈਣ ਵਾਲੇ ਅਸਰਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਵਿੱਚ ਬਿਤਾਇਆ ਹੈ। ਕੈਲਗਰੀ ਤੋਂ ਛੇ ਕਿਲੋਮੀਟਰ ਦੂਰ ਇਕ ਛੋਟੀ ਕਮਿਊਨਿਟੀ ਦੀ ਨੁਮਾਇੰਦਗੀ ਕਰਨ ਵਾਲੇ ਇੰਡਸ ਐਂਡ ਏਰੀਆ ਰੈਜ਼ੀਡੈਂਟਸ ਗਰੁੱਪ ਨੇ ਹਾਲ ਹੀ ਵਿੱਚ ਸਟੈਲਫੌਕਸ ਨੂੰ ਉਹਨਾਂ ਦੇ ਇਲਾਕੇ ਲਈ ਪ੍ਰਸਤਾਵਿਤ ਬੀਕਨ ਏ ਆਈ ਸੈਂਟਰਜ਼ ਇੰਡਸ ਪ੍ਰੋਜੈਕਟ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਸੀ। ਗਰੁੱਪ ਇਹ ਜਾਣਨਾ ਚਾਹੁੰਦਾ ਸੀ ਕਿ ਕੀ ਸੂਬੇ ਨੇ ਪ੍ਰੋਜੈਕਟ ਦੇ ਸੰਭਾਵੀ ਪ੍ਰਭਾਵਾਂ ਦੇ ਨਾਲ-ਨਾਲ ਏ ਆਈ ਦੇ ਵਾਧੇ ਕਾਰਨ ਅਲਬਰਟਾ ਦੇ ਲੋਕਾਂ 'ਤੇ ਪੈਣ ਵਾਲੇ ਵਿਆਪਕ ਪ੍ਰਭਾਵਾਂ ਦੀ ਚੰਗੀ ਤਰ੍ਹਾਂ ਸਮੀਖਿਆ ਕੀਤੀ ਸੀ।

**ਸਟੈਲਫੌਕਸ ਦਾ ਖੁਲਾਸਾ** : ਸਟੈਲਫੌਕਸ ਅਲਬਰਟਾ ਯੂਟਿਲਟੀਜ਼ ਕਮਿਸ਼ਨ ਨੂੰ ਸੌਂਪੀ ਆਪਣੀ ਰਿਪੋਰਟ ਵਿੱਚ ਨਤੀਜਾ ਕੱਢਦਾ ਹੈ ਕਿ ਸਮਿੱਥ ਸਰਕਾਰ ਨੇ ਇੰਡਸ ਖੇਤਰ ਜਾਂ ਪੂਰੇ ਸੂਬੇ 'ਤੇ ਪੈਣ ਵਾਲੇ ਸਮੁੱਚੇ ਪ੍ਰਭਾਵਾਂ ਦਾ ਕੋਈ ਚੰਗੀ ਤਰ੍ਹਾਂ ਮੁੱਲਾਂਕਣ (ਕਿਊਮੁਲੇਟਿਵ ਇੰਪੈਕਟ ਅਸੈੱਸਮੈਂਟ) ਨਹੀਂ ਕੀਤਾ ਹੈ। 'ਇਸ ਲਈ ਅਲਬਰਟਾ ਦੇ ਲੋਕ ਏ ਆਈ ਡਾਟਾ ਸੈਂਟਰਾਂ ਕਾਰਨ ਵਾਤਾਵਰਨ ਅਤੇ ਸਮਾਜ 'ਤੇ ਪੈਣ ਵਾਲੇ ਅਸਰਾਂ ਦੀ ਪੂਰੀ ਹੱਦ ਤੋਂ ਬੇਖਬਰ ਹਨ।'

**ਏ ਆਈ ਸੈਂਟਰ ਦੇ ਅਸਰਾਂ ਬਾਰੇ ਇੱਕ ਕੇਸ ਸਟੱਡੀ** : ਸਟੈਲਫੌਕਸ ਦਾ ਕਹਿਣਾ ਹੈ ਕਿ ਜਦੋਂ ਸਮਿੱਥ ਅਤੇ ਸਨਅਤ ਨੌਕਰੀਆਂ, ਟੈਕਸ ਤੋਂ ਆਮਦਨ ਅਤੇ ਆਰਥਿਕ ਵਿਕਾਸ ਬਾਰੇ ਗੱਲ ਕਰ ਰਹੇ ਹਨ ਉਦੋਂ ÷ਅਲਬਰਟਾ ਵਿੱਚ ਏ ਆਈ ਦੇ ਇੱਕ ਜਾਂ ਕਈ ਸੈਂਟਰਾਂ ਕਾਰਨ ਨਿਕਲਣ ਵਾਲੇ ਮਾੜੇ ਨਤੀਜਿਆਂ (ਵਾਤਾਵਰਨ, ਸਮਾਜ ਅਤੇ ਸਿਹਤ ਨਾਲ ਸੰਬੰਧਿਤ ਨਤੀਜਿਆਂ) ਬਾਰੇ ਜਾਣਕਾਰੀ ਦੀ ਇੱਕ ਹੈਰਾਨਕੁਨ ਪੱਧਰ ਤੱਕ ਘਾਟ ਹੈ।'

ਪ੍ਰਸਤਾਵਿਤ ਬੀਕਨ ਡਾਟਾ ਫੈਕਟਰੀ ਇਸ ਦੀ ਇੱਕ ਉਦਾਹਰਨ ਹੈ। ਇਹ ਪ੍ਰੋਜੈਕਟ 900 ਏਕੜ ਦੇ ਰਕਬੇ ਨੂੰ ਘੇਰੇਗਾ ਅਤੇ ਇਸ ਨੂੰ ਚੌਵੀ ਘੰਟੇ 1.5 ਮੈਗਾਵਾਟ ਐਨਰਜੀ ਦੀ ਲੋੜ ਹੋਵੇਗੀ। ਇਹ ਐਨਰਜੀ ਮੌਡਿਊਲਾਂ, ਐਗਜ਼ਾਹਸਟ ਟ੍ਰੀਟਮੈਂਟ ਸਿਸਟਮਾਂ ਅਤੇ ਹਵਾ ਨਾਲ ਠੰਢੇ ਹੋਣ ਵਾਲੇ ਰੇਡੀਏਟਰਾਂ ਵਿੱਚ ਸੰਗਠਿਤ ਨੈਚੁਰਲ ਗੈਸ ਨਾਲ ਚੱਲਣ ਵਾਲੇ ਰੈਸੀਪ੍ਰੋਕੇਟਿੰਗ ਇੰਜਨਾਂ ਵਾਲੇ 100 ਜਨਰੇਟਰਾਂ ਤੋਂ ਆਵੇਗੀ। ਸਟੈਲਫੌਕਸ ਅਨੁਸਾਰ ਇਹ ਪ੍ਰੋਜੈਕਟ ਹਰ ਸਾਲ 5 ਲੱਖ (ਅੱਧਾ ਮਿਲੀਅਨ) ਘਣ ਮੀਟਰ ਪਾਣੀ (ਉਲੰਪਿਕ ਸਾਈਜ਼ ਦੇ ਲਗਭਗ 200 ਸਵੀਮਿੰਗ ਪੂਲਾਂ ਦੇ ਬਰਾਬਰ) ਦੀ ਖਪਤ ਕਰੇਗਾ ਅਤੇ 47 ਲੱਖ 80 ਹਜ਼ਾਰ (4.78 ਮਿਲੀਅਨ) ਟਨ ਕਾਰਬਨ ਡਾਈਔਕਸਾਈਡ ਹਵਾ ਵਿੱਚ ਛੱਡੇਗਾ (ਤਕਰੀਬਨ ਉਸ ਮਾਤਰਾ ਦੇ ਬਰਾਬਰ ਕਾਰਬਨ ਡਾਈਔਕਸਾਈਡ ਜਿੰਨੀ ਮਾਤਰਾ 10 ਲੱਖ ਪੈਸੰਜਰ ਗੱਡੀਆਂ ਪੈਦਾ ਕਰਦੀਆਂ ਹਨ)।

ਬੀਕਨ ਦੀ ਸਥਾਪਨਾ 2023 ਵਿੱਚ ਨਾਡੀਆ ਪਾਰਟਨਰਜ਼ ਦੁਆਰਾ ਕੀਤੀ ਗਈ ਸੀ। ਏ ਆਈ ਵਿੱਚ ਨਿਵੇਸ਼ ਕਰਨ ਵਾਲਾ ਅਮਰੀਕਾ ਦਾ ਇਹ ਖਾਸ ਇਨਵੈਸਟਰ (ਨਿਵੇਸ਼ਕ) ਜਨਤਕ ਜਾਂ ਸੰਸਥਾਗਤ ਮਾਲਕੀ ਵਾਲੀ ਇਕ ਆਮ ਕੰਪਨੀ ਵਾਂਗ ਕੰਮ ਨਹੀਂ ਕਰਦਾ। ਇਸ ਦੀ ਬਜਾਏ, ਏਡਨ ਕੇਹੋ ਦੁਆਰਾ ਸਥਾਪਿਤ ਇਹ ਨਿਊਯਾਰਕ ਦੀ ਫਰਮ, ਸਿਰਫ ਏ ਆਈ ਸੈਂਟਰ ਬਣਾਉਣ ਵਾਲੀ ਕੰਪਨੀਆਂ ਬਣਾਉਂਦੀ ਹੈ। ਇਨ੍ਹਾਂ ਕੰਪਨੀਆਂ ਦਾ ਪ੍ਰਬੰਧ ਫਿਰ ਭਰਤੀ ਕੀਤੇ ਗਏ ਸੀ ਈ ਓਜ਼ ਵਲੋਂ ਕੀਤਾ ਜਾਂਦਾ ਹੈ।

ਬੀਕਨ ਨੇ ਹੁਣ ਤੱਕ ਐਲਬਰਟਾ ਵਿੱਚ ਛੇ ਡਾਟਾ ਸੈਂਟਰ ਬਣਾਉਣ ਦਾ ਪ੍ਰਸਤਾਵ ਪੇਸ਼ ਦਿੱਤਾ ਹੈ, ਜਿਨ੍ਹਾਂ ਵਿੱਚੋਂ 4 ਅਰਬ (ਬਿਲੀਅਨ) ਡਾਲਰ ਦੀ ਲਾਗਤ ਨਾਲ ਬਣਨ ਵਾਲੇ ਤਿੰਨ ਕੈਲਗਰੀ ਖੇਤਰ ਵਿੱਚ ਹਨ। (ਇੱਥੋਂ ਤੱਕ ਕਿ ਸਮਿੱਥ ਦੀ ਸਰਕਾਰ ਨੇ 2025 ਵਿੱਚ ਆਰਡਰ-ਇਨ-ਕੌਂਸਲ ਵੀ ਪਾਸ ਕੀਤੇ ਸਨ ਤਾਂ ਜੋ ਅਮਰੀਕਾ ਦੀ ਮਲਕੀਅਤ ਵਾਲੀ ਬੀਕਨ ਡਾਟਾ ਸੈਂਟਰਸ 2025 ਵਿੱਚ ਕਾਨੂੰਨੀ ਤੌਰ 'ਤੇ 43 ਵਰਗ ਕਿਲੋਮੀਟਰ ਤੱਕ ਦੀ ਜ਼ਮੀਨ ਖਰੀਦ ਸਕੇ।)

ਸਮੁੱਚੇ ਰੂਪ ਵਿੱਚ ਬੀਕਨ ਦੇ ਕਾਰੋਬਾਰ ਆਪਣੇ ਨੈਚਰਲ ਗੈਸ ਦੇ ਜਨਰੇਟਰਾਂ ਤੋਂ 4.5 ਗੀਗਾਵਾਟ ਬਿਜਲੀ ਲੈਣਗੇ। ਉਨ੍ਹਾਂ ਦੀ ਬਿਜਲੀ ਦੀ ਖਪਤ ਇਕੱਲੀ ਹੀ ਸੂਬੇ ਦੇ ਕੁੱਲ ਬਿਜਲੀ ਲੋਡ ਦੇ ਇੱਕ-ਤਿਹਾਈ ਹਿੱਸੇ ਤੋਂ ਵੀ ਵੱਧ ਹੋਵੇਗੀ।

ਜਦੋਂਕਿ ਐਲਬਰਟਾ ਦੀ ਸਰਕਾਰ ਨੇ ਇੰਡਸ ਪ੍ਰੋਜੈਕਟ ਕਾਰਨ ਪੈਣ ਵਾਲੇ ਸਮੁੱਚੇ ਪ੍ਰਭਾਵਾਂ ਦਾ ਕੋਈ ਅਜ਼ਾਦ ਰਿਵੀਊ ਨਹੀਂ ਕੀਤਾ, ਬੀਕਨ ਨੇ ਆਪਣਾ ਖੁਦ ਦਾ ਰਿਵੀਊ ਪੇਸ਼ ਕੀਤਾ ਹੈ। ਕੈਨੇਡਾ ਦੀ ਫੈਡਰਲ ਇੰਪੈਕਟ ਅਸੈੱਸਮੈਂਟ ਏਜੰਸੀ ਨੇ ਵੀ ਇਸ ਤਰ੍ਹਾਂ ਕੀਤਾ ਹੈ। ਦੋਵਾਂ ਨੇ ਸਿੱਟਾ ਕੱਢਿਆ ਹੈ ਕਿ ਨਾਗਰਿਕਾਂ ਵਲੋਂ ਚਿੰਤਾ ਕਰਨ ਵਾਲੀ ਕੋਈ ਗੱਲ ਨਹੀਂ ਹੈ। ਇੰਪੈਕਟ ਅਸੈਸਮੈਂਟ ਏਜੰਸੀ ਅਨੁਸਾਰ 'ਫੈਡਰਲ ਅਧਿਕਾਰ ਖੇਤਰ ਅਧੀਨ ਸੰਭਾਵੀ ਮਾੜੇ ਅਸਰ ਜਾਂ ਪ੍ਰੋਜੈਕਟ ਕਾਰਨ ਹੋਣ ਵਾਲੇ ਸਿੱਧੇ ਜਾਂ ਅਸਿੱਧੇ ਮਾੜੇ ਅਸਰ ਸੀਮਤ ਹੋਣਗੇ ਜਾਂ ਮੌਜੂਦਾ ਫੈਡਰਲ ਅਤੇ ਸੂਬਾਈ ਕਾਨੂੰਨੀ ਅਤੇ ਰੈਗੂਲੇਟਰੀ ਢਾਂਚਿਆਂ ਰਾਹੀਂ ਹੱਲ ਕੀਤੇ ਜਾਣਗੇ।'

ਸਟੈਲਫੌਕਸ ਦੀਆਂ ਲੱਭਤਾਂ ਵੱਖਰੀਆਂ ਹਨ। ਉਸ ਨੇ ਇਸ ਸੰਬੰਧਿਤ ਸਾਹਿਤ ਦੀ ਸਮੀਖਿਆ ਕਰਕੇ ਸਿੱਟਾ ਕੱਢਿਆ ਕਿ ਡਾਟਾ ਸੈਂਟਰ ਦੇ ਨੇੜੇ ਦੀਆਂ ਕਮਿਊਨਿਟੀਆਂ 'ਤੇ ਕਈ ਤਰ੍ਹਾਂ ਦੇ ਮਾੜੇ ਅਸਰ ਪੈਣਗੇ। ਇਹਨਾਂ ਅਸਰਾਂ ਵਿੱਚ ਸ਼ਾਮਲ ਹਨ:

• ਪਾਣੀ ਦੀ ਮੰਗ ਵਿੱਚ ਵਾਧਾ, ਜਿਸ ਨਾਲ ਕੁਦਰਤੀ ਜਲ-ਖੇਤਰਾਂ (ਵਾਟਰਸ਼ੈੱਡਾਂ) ਵਿੱਚ ਪਾਣੀ ਦੀ ਕਮੀ ਵਧੇਗੀ;

• ਲਗਾਤਾਰ ਰੌਲਾ ਪ੍ਰਦੂਸ਼ਣ, ਜਿਸ ਵਿੱਚ ਪਿਛੋਕੜ ਦੀ ਗੂੰਜ (ਬੈਕਗ੍ਰਾਉਂਡ ਹਮ) ਸ਼ਾਮਲ ਹੈ, ਜਿਸ ਨਾਲ ਸੁਣਨ ਸ਼ਕਤੀ ਦਾ ਘਟਣਾ,
ਇਨਸੌਮਨੀਆ (ਨੀਂਦ ਨਾ ਆਉਣਾ), ਚਿੰਤਾ ਅਤੇ ਗਿਆਨ ਸੰਬੰਧਿਤ (ਕੋਗਨਿਟਿਵ) ਵਿਗਾੜ ਪੈਦਾ ਹੋ ਸਕਦੇ ਹਨ;

• ਰੌਸ਼ਨੀ ਦਾ ਪ੍ਰਦੂਸ਼ਣ, ਜਿਸ ਨਾਲ ਹਨੇਰੇ ਅਸਮਾਨਾਂ ਦਾ ਨੁਕਸਾਨ ਹੋ ਸਕਦਾ ਹੈ;

• ਹਵਾ ਦਾ ਪ੍ਰਦੂਸ਼ਣ, ਜਿਸ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਵਾਧਾ ਅਤੇ ਸਾਹ ਅਤੇ ਦਿਲ ਦੀਆਂ ਬੀਮਾਰੀਆਂ ਸਮੇਤ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ; ਅਤੇ

• ਰੀਅਲ ਅਸਟੇਟ ਦੇ ਮੁੱਲਾਂ ਵਿੱਚ ਗਿਰਾਵਟ, ਜਿਸ ਨਾਲ ਘਰਾਂ ਦੀ ਇਕੁਇਟੀ (ਹੋਮ ਇਕੁਇਟੀ) ਵਿੱਚ ਘਾਟਾ ਪੈ ਸਕਦਾ ਹੈ।

ਸਟੈਲਫੌਕਸ ਦਾ ਕਹਿਣਾ ਹੈ ਕਿ ਅਲਬਰਟਾ ਸਰਕਾਰ ਆਪਣੀ ਜਿ਼ੰਮੇਵਾਰੀ ਬਾਰੇ ਜਾਣਬੁੱਝ ਕੇ ਅੱਖਾਂ ਮੀਟ ਰਹੀ ਹੈ: 'ਅਲਬਰਟਾ ਵਿੱਚ ਉਗਮ ਰਹੇ ਡਾਟਾ ਸੈਂਟਰ ਸੈਕਟਰ ਦਾ ਅਨੁਮਾਨਿਤ ਵਰਤਾਰਾ ਅਤੇ ਪਸਾਰ ਬਹੁਤ ਵਿਸ਼ਾਲ ਹੈ, ਇਸ ਲਈ ਜ਼ਮੀਨ ਦੀ ਵਰਤੋਂ ਵਿੱਚ ਵੱਡੀ ਅਤੇ ਵਿਘਟਨਕਾਰੀ (ਡਿਸਰਪਟਿਵ) ਤਬਦੀਲੀ ਲਿਆਉਣ ਵਾਲੇ ਇਸ ਸੈਕਟਰ ਦੇ ਸਮੁੱਚੇ ਪ੍ਰਭਾਵਾਂ ਦਾ ਉੱਚੀ ਪੱਧਰ ਦਾ ਮੁੱਲਾਂਕਣ ਕੀਤਾ ਜਾਣਾ ਜ਼ਰੂਰੀ ਹੈ। ਸੂਬੇ ਨੇ ਇਹ ਮੁੱਲਾਂਕਣ ਨਾ ਤਾਂ ਖੇਤਰੀ ਪੈਮਾਨੇ 'ਤੇ ਕੀਤਾ ਹੈ ਅਤੇ ਨਾ ਹੀ ਸੂਬਾਈ ਪੈਮਾਨੇ 'ਤੇ।'

ਸਟੈਲਫੌਕਸ ਦੇ ਵਿਚਾਰ ਵਿੱਚ, ਬੀਕਨ ਦੇ ਇੰਡਸ ਵਰਗੇ ਪ੍ਰੋਜੈਕਟਾਂ ਨੂੰ 'ਐਲਬਰਟਾ ਦੇ ਮਹਾਨ ਲੈਡਕ #1 ਤੇਲ ਦੇ ਖੂਹ (Leduc # 1 oil well) ਦੇ ਸਮਾਨਾਂਤਰ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ, ਜਿਸ ਨੇ 1940ਵਿਆਂ ਦੇ ਦਹਾਕੇ ਵਿੱਚ ਸੂਬੇ ਦੇ ਸਮਾਜਿਕ/ਆਰਥਿਕ/ਵਾਤਾਵਰਨਕ ਲੈਂਡਸਕੇਪ ਨੂੰ ਮੁੱਢੋਂ-ਸੁੱਢੋਂ ਬਦਲ ਦੇਣ ਵਾਲੇ ਇੱਕ ਨਵੇਂ ਹਾਈਡਰੋਕਾਰਬਨ ਖੇਤਰ ਦੇ ਆਗਮਨ ਦਾ ਐਲਾਨ ਕੀਤਾ ਸੀ।'

ਸਟੈਲਫੌਕਸ ਅੱਗੇ ਲਿਖਦਾ ਹੈ ਕਿ ਤੇਲ ਅਤੇ ਗੈਸ ਦੇ ਖੇਤਰ ਦੇ ਸਮੁੱਚੇ ਪ੍ਰਭਾਵਾਂ ਦੀ ਗੱਲ ਤਾਂ ਇਕ ਪਾਸੇ ਰਹੀ, ਸੂਬੇ ਨੂੰ ਇਹ ਮੰਨਣ ਵਿੱਚ ਵੀ ਕਈ ਦਹਾਕੇ ਲੱਗ ਗਏ ਸਨ ਕਿ ਇਸ ਖੇਤਰ ਦੇ ਨੁਕਸਾਨ ਵੀ ਹੋ ਸਕਦੇ ਹਨ। 'ਅਲਬਰਟਾ ਦੇ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਇਸ ਖੇਤਰ ਬਾਰੇ ਅਜੇ ਵੀ ਇਕ ਸੰਤੁਲਿਤ ਵਿਚਾਰ-ਚਰਚਾ ਨਹੀਂ ਹੋਈ।'

**ਅਲਬਰਟਾ ਦੇ ਲੋਕਾਂ ਲਈ ਵਿਆਪਕ ਤਬਦੀਲੀਆਂ** : ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਿ 40 ਤੋਂ ਵੱਧ ਵੱਖ-ਵੱਖ ਸੈਂਟਰ ਬਣਾਉਣ ਦੇ ਪ੍ਰਸਤਾਵ ਪੇਸ਼ ਕੀਤੇ ਗਏ ਹਨ, ਸਟੈਲਫੌਕਸ ਦਲੀਲ ਦਿੰਦਾ ਹੈ ਕਿ ਏ ਆਈ ਡਾਟਾ ਸੈਂਟਰ 'ਅਗਲੀ ਸਦੀ ਵਿੱਚ ਸੂਬੇ ਦੀ ਸਮਾਜਕ-ਆਰਥਿਕ, ਸਨਅਤੀ ਅਤੇ ਕੁਦਰਤੀ ਸ੍ਰੋਤਾਂ (ਨੈਚਰਲ ਕੈਪੀਟਲ) ਦੀ ਸਥਿਤੀ 'ਤੇ ਹਾਵੀ ਹੋਣ ਦੀ ਬਹੁਤ ਜ਼ਿਆਦਾ ਸੰਭਾਵਨਾ ਰੱਖਦੇ ਹਨ।' ਉਹ ਅੱਗੇ ਕਹਿੰਦਾ ਹੈ ਕਿ ਏ ਆਈ ਲਈ ਡਾਟਾ ਸੈਂਟਰ 'ਧਰਤੀ 'ਤੇ ਕੁਦਰਤੀ ਸ੍ਰੋਤਾਂ, ਊਰਜਾ, ਜ਼ਮੀਨ ਆਦਿ ਦੀ ਸਭ ਤੋਂ ਵੱਧ ਖਪਤ ਕਰਨ ਵਾਲੇ ਕਾਰੋਬਾਰਾਂ (ਮੋਸਟ ਇਨਟੈਨਸਿਵ ਐਂਡ ਰੀਸੋਰਸ ਡੈਂਸ ਇੰਡਸਟ੍ਰੀਅਲ ਫੀਚਰਜ਼) ਵਿੱਚ ਆਉਂਦੇ ਹਨ - ਉਹਨਾਂ ਦੀ ਕੰਕਰੀਟ, ਧਾਤਾਂ, ਹੀਟ, ਬਿਜਲੀ, ਸ਼ੋਰ, ਕੂਲਿੰਗ , ਅਤੇ ਨਿਵੇਸ਼ਿਤ ਪੂੰਜੀ ਦੀ ਸਥਾਨਕ ਪੱਧਰ 'ਤੇ ਘਣਤਾ (ਡਾਲਰ/ਐਮ2) ਦੀ ਤਕਰੀਬਨ ਤਕਰੀਬਨ ਹੋਰ ਕੋਈ ਮਿਸਾਲ ਨਹੀਂ ਮਿਲਦੀ।'

ਪਰ ਸਟੈਲਫੌਕਸ ਅਨੁਸਾਰ, ਅਲਬਰਟਾ ਨੇ ਇਕ ਸਮੇਂ ਸਿਰਫ ਇਕ ਪ੍ਰੋਜੈਕਟ ਦੀ ਜਾਂਚ ਕਰਕੇ ਵਾਤਾਵਰਨ ਦੇ ਮੁੱਲਾਂਕਣਾਂ (ਇਨਵਾਇਰਮੈਂਟਲ ਅਸੈੱਸਮੈਂਟਸ) ਦੇ ਅਮਲ ਨੂੰ ਲੰਮੇ ਸਮੇਂ ਤੋਂ ਇਸ ਤਰ੍ਹਾਂ ਵਰਤਿਆ ਹੈ ਕਿ ਨੁਕਸਾਨਾਂ ਨੂੰ ਘਟਾ ਕੇ ਅਤੇ ਲਾਭਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਸਕੇ।

ਉਹ ਇਸ ਬਾਰੇ ਇਕ ਉਦਾਹਰਨ ਵਜੋਂ ਇੰਡਸ ਪ੍ਰੋਜੈਕਟ ਕਾਰਨ ਵਾਤਾਵਰਨ 'ਤੇ ਪੈਣ ਵਾਲੇ ਅਸਰਾਂ ਬਾਰੇ 'ਊਣੇ' ਮੁੱਲਾਂਕਣ ਦੀ ਉਦਾਹਰਨ ਦਿੰਦਾ ਹੈ। ਇਹ ਇੱਕ ਵਿਆਪਕ ਮੁਲਾਂਕਣ ਦੀ ਬਜਾਏ ਇੱਕ ਸਤਹੀ ਰਿਵੀਊ ਸੀ, ਜਿਸ ਵਿੱਚ ਉਦਾਹਰਣ ਵਜੋਂ ਰੌਲੇ, ਰੌਸ਼ਨੀ ਅਤੇ ਹਵਾ ਦੇ ਪ੍ਰਦੂਸ਼ਣ ਅਤੇ ਜਾਇਦਾਦਾਂ ਦੀਆਂ ਕੀਮਤਾਂ ਅਤੇ ਗਰਮੀ ਦੇ ਸ਼ਹਿਰੀ ਟਾਪੂਆਂ (ਹੀਟ ਆਈਲੈਂਡਜ਼) ਦੇ ਅਸਰ ਨੂੰ ਹੋਰ ਵਧਾ ਦੇਣ ਵਾਲੇ ਇਸ ਖੇਤਰ ਲਈ ਪ੍ਰਸਤਾਵਿਤ ਹੋਰ ਨੇੜਲੇ ਏ ਆਈ ਪ੍ਰੋਜੈਕਟ ਸ਼ਾਮਲ ਨਹੀਂ ਕੀਤੇ ਗਏ ਜਾਂ ਵਿਚਾਰੇ ਨਹੀਂ ਗਏ।

ਰਿਵਿਊ ਇਸ ਗੱਲ ਨੂੰ ਵੀ ਸਾਰਥਕ ਢੰਗ ਨਾਲ ਸਵੀਕਾਰ ਨਹੀਂ ਕਰਦਾ ਕਿ ਪ੍ਰਸਤਾਵਿਤ ਇੰਡਸ ਸਾਈਟ ਅਲਬਰਟਾ ਦੇ ਸਭ ਤੋਂ ਵੱਡੇ ਸ਼ਹਿਰ ਕੈਲਗਰੀ ਦੇ ਬਿਲਕੁਲ ਨੇੜੇ ਹੈ ਅਤੇ ਸੰਭਾਵਤ ਤੌਰ 'ਤੇ ਕੁੱਝ ਸਾਲਾਂ ਵਿੱਚ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਆ ਜਾਵੇਗਾ।

ਨਤੀਜੇ ਵਜੋਂ, ਕਮਿਊਨਿਟੀ ਗਰੁੱਪਾਂ ਦੇ ਜ਼ਰੂਰੀ ਸਵਾਲਾਂ ਦੇ ਕੋਈ ਜਵਾਬ ਨਹੀਂ ਦਿੱਤੇ ਗਏ, ਜਿਵੇਂ ਕਿ ਏ ਆਈ/ਡਾਟਾ ਸੈਂਟਰਾਂ ਦੇ ਤੇਜ਼ੀ ਨਾਲ ਵੱਧ ਰਿਹਾ ਸਿਲਸਿਲਾ (ਨੈੱਟਵਰਕ) ਜਲਵਾਯੂ ਦੀ ਤਬਦੀਲੀ ਦੀ ਭਵਿੱਖਬਾਣੀ ਕਰਨ ਵਾਲੀਆਂ ਸਥਿਤੀਆਂ ਵਿੱਚ ਪਾਣੀ ਦੀ ਉਪਲਬਧਤਾ ਨੂੰ ਕਿਵੇਂ ਪ੍ਰਭਾਵਿਤ ਕਰੇਗਾ? ਜੇ ਏ ਆਈ ਸੈਕਟਰ ਵਿੱਚ ਪ੍ਰਤੀ ਸਾਲ 15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ਤਾਂ ਇਸ ਦੇ ਕੀ ਅਸਰ ਹੋਣਗੇ, ਇਸ ਸੰਬੰਧ ਵਿੱਚ ਸਟੈਲਫੌਕਸ ਚੌਂਕਾਉਣ ਵਾਲੇ ਅਨੁਮਾਨ ਪੇਸ਼ ਕਰਦਾ ਹੈ।

ਬੀਕਨ ਇੰਡਸ ਸੈਂਟਰ ਨੂੰ ਇਕ ਨਮੂਨੇ ਦੇ ਤੌਰ 'ਤੇ ਵਰਤਦਿਆਂ ਸਟੈਲਫੌਕਸ ਨੇ ਏ ਆਈ ਸੈਂਟਰਾਂ ਕਾਰਨ ਅਲਬਰਟਾ ਵਿੱਚ ਪੈਣ ਵਾਲੇ ਲੰਮੇ ਸਮੇਂ ਦੇ ਅਸਰਾਂ ਦਾ ਹਿਸਾਬ ਲਾਇਆ ਹੈ। ਜੇ ਇਸ ਸਨਅਤ ਵਿੱਚ ਹਰ ਸਾਲ 15 ਪ੍ਰਤੀਸ਼ੱਤ ਦਾ ਵਾਧਾ ਹੁੰਦਾ ਹੈ, ਤਾਂ ਕੀ ਹੋਵੇਗਾ? ਇਸ ਦਰ ਨਾਲ ਅਗਲੇ 20 ਸਾਲਾਂ ਵਿੱਚ ਇਕ ਪ੍ਰੋਜੈਕਟ ਇਕੋ ਜਿਹੇ ਸਾਈਜ਼ ਦੇ 14 ਡਾਟਾ ਸੈਂਟਰ ਬਣ ਜਾਂਦਾ ਹੈ।

ਸਟੈਲਫੌਕਸ ਅਨੁਸਾਰ ਉਨ੍ਹਾਂ ਦਾ ਸਮੁੱਚਾ ਅਸਰ 'ਚੌਂਕਾਉਣ ਵਾਲਾ' ਹੋਵੇਗਾ। ਉਹ ਹਿਸਾਬ ਲਾਉਂਦਾ ਹੈ ਕਿ ਡਾਟਾ ਫੈਕਟਰੀਆਂ ਜ਼ਮੀਨ ਦੇ 20 ਸੈਕਸ਼ਨਾਂ ਵਿੱਚ ਫੈਲਣਗੀਆਂ ਅਤੇ ਹਰ ਸਾਲ 15 ਕ੍ਰੋੜ (150 ਮਿਲੀਅਨ) ਮੈਗਾਵਾਟ ਘੰਟੇ ਬਿਜਲੀ ਖਪਤ ਕਰਨਗੀਆਂ, 6 ਕ੍ਰੋੜ 80 ਲੱਖ (68 ਮਿਲੀਅਨ) ਟਨ ਕਾਰਬਨ ਡਾਈਔਕਸਾਈਡ ਛੱਡਣਗੀਆਂ ਅਤੇ 7 ਅਰਬ (ਬਿਲੀਅਨ) ਲੀਟਰ ਤੋਂ ਵੱਧ ਪਾਣੀ ਦੀ ਖਪਤ ਕਰਨਗੀਆਂ।'

ਉਹ 'ਕੈਲਗਰੀ ਸ਼ਹਿਰ ਦੀ ਮੌਜੂਦਾ ਬਿਜਲੀ ਦੀ ਖਪਤ ਤੋਂ ਅੱਠ ਗੁਣਾ ਤੋਂ ਵੱਧ ਦੀ ਬਿਜਲੀ ਖਪਤ ਕਰਨਗੇ, ਕੈਲਗਰੀ ਸ਼ਹਿਰ ਵਲੋਂ ਪੈਦਾ ਕੀਤੀਆਂ ਜਾਂਦੀਆਂ ਗ੍ਰੀਨਹਾਊਸ ਗੈਸਾਂ ਤੋਂ ਚਾਰ ਗੁਣਾ ਤੋਂ ਵੱਧ ਗ੍ਰੀਨਹਾਊਸ ਗੈਸਾਂ ਪੈਦਾ ਕਰਨਗੇ, ਅਤੇ ਕੈਲਗਰੀ ਸ਼ਹਿਰ ਵਲੋਂ ਵਰਤਮਾਨ ਸਮੇਂ ਵਿੱਚ ਵਰਤੇ ਜਾਂਦੇ ਪਾਣੀ ਦੇ ਪੰਜ ਪ੍ਰਤੀਸ਼ਤ ਦੇ ਕਰੀਬ ਪਾਣੀ ਦੀ ਖਪਤ ਕਰਨਗੇ।'

ਨਤੀਜੇ ਵਜੋਂ, ਇੰਡਸ ਪ੍ਰੋਜੈਕਟ ਅਤੇ ਇਸ ਤੋਂ ਬਾਅਦ ਆਉਣ ਵਾਲੇ ਪ੍ਰੋਜੈਕਟ 'ਬਾਕੀ ਬਚੇ ਜੰਗਲੀ ਜੀਵਾਂ ਦੇ ਰਿਹਾਇਸ਼ੀ ਖੇਤਰਾਂ ਅਤੇ ਖੇਤੀਬਾੜੀ ਦੀ ਕੀਮਤੀ ਜ਼ਮੀਨ, ਪਹਿਲਾਂ ਤੋਂ ਹੀ ਪਾਣੀ ਦੀ ਘੱਟ ਸਪਲਾਈ ਦੀ ਉਪਲਬਧਤਾ 'ਤੇ ਬੁਰੇ ਅਸਰ ਪਾਉਣਗੇ ਅਤੇ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਅਤੇ ਬਿਜਲੀ ਦੀ ਖਪਤ ਵਿੱਚ ਇਕ ਵਿਸ਼ਾਲ ਵਾਧੇ ਦੀ ਨੁਮਾਇੰਦਗੀ ਕਰਨਗੇ।'

ਸਟੈਲਫੌਕਸ ਲਈ ਇਹ ਕੋਈ ਗੁੱਝੀ ਗੱਲ ਨਹੀਂ ਹੈ ਕਿ ਸਰਕਾਰ ਅਤੇ ਸਨਅਤ ਨੇ ਡਾਟਾ ਸੈਂਟਰਾਂ ਦੇ ਸਮੁੱਚੇ ਪ੍ਰਭਾਵਾਂ ਬਾਰੇ ਢੁਕਵੇਂ ਮੁੱਲਾਂਕਣ ਅਪਨਾਉਣ ਦਾ ਵਿਰੋਧ ਕਿਉਂ ਕੀਤਾ ਹੈ। ਉਹ 'ਡਰਦੇ ਹਨ ਕਿ ਇਸ ਦਾ ਵਿਧੀਪੂਰਬਕ ਨਤੀਜਾ ਵਾਤਾਵਰਨ ਦੇ ਨੁਕਸਾਨਾਂ ਦੇ ਵੱਡੇ ਪੱਧਰ ਨੂੰ ਉਜਾਗਰ ਕਰੇਗਾ ਅਤੇ ਇਹ ਗਿਆਨ ਪੂੰਜੀ ਨਿਵੇਸ਼ ਜਾਂ ਆਰਥਿਕ ਵਿਕਾਸ ਵਿੱਚ ਰੁਕਾਵਟ ਬਣ ਸਕਦਾ ਹੈ।'

ਸਿਰਫ ਸਟੈਲਫੌਕਸ ਹੀ ਇਕੱਲਾ ਮਾਹਿਰ ਨਹੀਂ ਹੈ ਜੋ ਏ ਆਈ ਦੀ ਸਨਅਤ ਬਾਰੇ ਸਰਕਾਰਾਂ ਵਲੋਂ ਢੁਕਵੇਂ ਸਮੁੱਚੇ ਮੁਲਾਂਕਣ ਨਾ ਕਰਨ ਬਾਰੇ ਖ਼ਤਰੇ ਦੀ ਘੰਟੀ ਵਜਾ ਰਿਹਾ ਹੈ। ਇਸ ਮਹੀਨੇ, ਹੈਮਿਲਟਨ ਸ਼ਹਿਰ ਨੇ ਸਰਬਸੰਮਤੀ ਨਾਲ ਵੋਟ ਪਾ ਕੇ ਡਾਟਾ ਸੈਂਟਰਾਂ ਦੇ ਵਿਕਾਸ 'ਤੇ ਰੋਕ ਲਾਈ ਹੈ ਤਾਂ ਜੋ ਉਹ ਪਾਣੀ, ਐਨਰਜੀ ਦੇ ਖਰਚਿਆਂ, ਰੌਲੇ ਅਤੇ ਹਵਾ ਦੇ ਪ੍ਰਦੂਸ਼ਣ ਬਾਰੇ ਜਨਤਕ ਚਿੰਤਾਵਾਂ ਨਾਲ ਨਜਿੱਠਣ ਲਈ ਮੌਜੂਦਾ ਨਿਯਮਾਂ ਦੀ ਪਰਪੱਕਤਾ ਦਾ ਅਧਿਐਨ ਕਰ ਸਕਣ। ਸ਼ਹਿਰ ਨੇ ਅਜਿਹੀ ਚੀਜ਼ ਬਣਾਉਣ ਦੀ ਮੰਗ ਕੀਤੀ ਜਿਸ ਤੋਂ ਸਮਿੱਥ ਸਰਕਾਰ ਨੇ ਟਾਲਾ ਵੱਟਿਆ ਹੈ: 'ਇੱਕ ਤਾਲਮੇਲ ਵਾਲਾ ਰੈਗੂਲੇਟਰੀ ਢਾਂਚਾ ਜਿਸ ਵਿੱਚ ਏ ਆਈ ਦੀ ਸਨਅਤ ਦੇ ਵਾਧੇ ਅਤੇ ਵਿਕਾਸ ਲਈ ਮਿਉਂਸਪੈਲਟੀਆਂ ਵਲੋਂ ਵਾਤਾਵਰਨ, ਮਨੁੱਖੀ ਅਤੇ ਕਮਿਊਨਿਟੀ ਦੀ ਸਿਹਤ ਸੁਰੱਖਿਆ ਲਈ ਉਪਾਅ ਅਤੇ ਜਨਤਕ ਖੁਲਾਸੇ ਲਈ ਸ਼ਰਤਾਂ ਸ਼ਾਮਲ ਹੋਣ।'

ਅਮਰੀਕਾ ਵਿੱਚ ਐਨਰਜੀ ਦੇ ਖੇਤਰ ਵਿੱਚ ਕੰਮ ਕਰਦੇ ਪੱਤਰਕਾਰ ਰੌਬਰਟ ਬ੍ਰਾਇਸ ਨੇ ਬਾਰਡਰ ਦੇ ਦੱਖਣ ਵੱਲ ਭਾਵ ਅਮਰੀਕਾ ਵਿੱਚ ਇਸ ਤਰ੍ਹਾਂ ਦਾ ਵਿਰੋਧ ਕਰਨ ਵਾਲੀਆਂ ਲਹਿਰਾਂ ਦੀ ਸੂਚੀ ਤਿਆਰ ਕੀਤੀ ਹੈ। ਉਸ ਨੇ 'ਡਾਟਾ ਸੈਂਟਰ ਰਿਜੈਕਸ਼ਨ ਡਾਟਾਬੇਸ÷ ਨਾਂ ਦਾ ਇਕ ਡਾਟਾਬੇਸ ਬਣਾਇਆ ਹੈ ਜੋ ਦਰਸਾਉਂਦਾ ਹੈ ਕਿ ਸਿਰਫ ਇਸ ਸਾਲ ਹੀ ਅਮਰੀਕਾ ਵਿੱਚ 89 ਡਾਟਾ ਸੈਂਟਰਾਂ ਨੂੰ ਰੱਦ ਕੀਤਾ ਗਿਆ ਹੈ ਜਾਂ ਉਨ੍ਹਾਂ 'ਤੇ ਪਾਬੰਦੀਆਂ ਲਾਈਆਂ ਗਈਆਂ ਹਨ-ਇਹ ਗਿਣਤੀ ਪਿਛਲੇ ਸਾਲ ਅਮਰੀਕਾ ਦੇ ਪੇਂਡੂ ਖੇਤਰਾਂ ਵਿੱਚ ਰੱਦ ਕੀਤੇ ਗਏ ਸੈਂਟਰਾਂ ਦੀ ਗਿਣਤੀ ਤੋਂ ਲਗਭਗ ਦੁੱਗਣੀ ਹੈ ਅਤੇ 2024 ਵਿੱਚ ਰੱਦ ਕੀਤੇ ਗਏ ਸੈਂਟਰਾਂ ਦੀ ਗਿਣਤੀ ਤੋਂ 10 ਗੁਣਾ ਵੱਧ ਹੈ। ਬ੍ਰਾਇਸ ਅਨੁਸਾਰ, ਇਹ ਜਨਤਕ ਵਿਰੋਧ ਪਾਣੀ, ਰੌਲੇ, ਆਕਾਰ ਅਤੇ ਹਵਾ ਦੇ ਪ੍ਰਦੂਸ਼ਣ ਬਾਰੇ ਚੰਗੀ ਤਰ੍ਹਾਂ ਰਿਕਾਰਡ ਕੀਤੀਆਂ ਚਿੰਤਾਵਾਂ ਕਾਰਨ ਪੈਦਾ ਹੋ ਰਹੇ ਹਨ।

ਬ੍ਰਾਇਸ ਨੇ ਸਨਅਤੀ ਪੱਧਰ 'ਤੇ ਹਵਾ ਅਤੇ ਸੂਰਜ ਦੀ ਰੌਸ਼ਨੀ ਤੋਂ ਬਿਜਲੀ ਪੈਦਾ ਕਰਨ ਵਾਲੇ ਪ੍ਰੋਜੈਕਟਾਂ (ਵਿੰਡ ਐਂਡ ਸੋਲਰ ਪ੍ਰੋਜੈਕਟਾਂ) ਬਾਰੇ ਪੇਂਡੂ ਵਿਰੋਧ ਨੂੰ ਵੀ ਰਿਕਾਰਡ ਕੀਤਾ ਹੈ, ਜਿਸ ਕਰਕੇ ਕੁਝ ਕਲਾਈਮੇਟ ਐਕਟਿਵਿਸਟ (ਜਲਵਾਯੂ ਕਾਰਕੁੰਨ) ਉਸ ਨੂੰ 'ਸੱਜੇ-ਪੱਖੀ' ਕਰਾਰ ਦਿੰਦੇ ਹਨ। ਪਰ ਆਪਣੇ ਇੱਕ ਤਾਜ਼ਾ ਸਬਸਟੈਕ ਕਾਲਮ ਵਿੱਚ, ਉਹ ਨੋਟ ਕਰਦਾ ਹੈ: 'ਡਾਟਾ ਸੈਂਟਰਾਂ ਅਤੇ ਬਿੱਗ ਟੈਕ (ਵੱਡੀ ਤਕਨੀਕ) ਪ੍ਰਤੀ ਵਿਰੋਧ ਇੱਕ ਸੱਭਿਆਚਾਰਕ ਵਰਤਾਰਾ ਹੈ, ਅਤੇ ਐਨਰਜੀ, ਰਾਜਨੀਤੀ ਅਤੇ ਜ਼ਮੀਨ ਦੀ ਵਰਤੋਂ ਨਾਲ ਸੰਬੰਧਿਤ ਲੜਾਈਆਂ ਨੂੰ ਕਵਰ ਕਰਨ ਦੇ ਆਪਣੇ ਚਾਰ ਦਹਾਕਿਆਂ ਦੇ ਸਮੇਂ ਦੌਰਾਨ ਮੈਂ ਇਸ ਵਰਗਾ ਕੁੱਝ ਨਹੀਂ ਦੇਖਿਆ।'

ਬ੍ਰਾਇਸ ਦਾ ਵਿਚਾਰ ਹੈ ਕਿ ਕਿਉਂਕਿ ਲੋਕ ਜਾਣਦੇ ਹਨ ਕਿ ਉਹ ਬਿੱਗ ਟੈਕ (ਵੱਡੀ ਤਕਨੀਕ) ਨਾਲ ਆਨਲਾਈਨ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਲੜ ਸਕਦੇ ਇਸ ਲਈ 'ਉਹ ਇਸ ਨਾਲ ਜ਼ੋਨਿੰਗ ਬੋਰਡਾਂ (ਜ਼ਮੀਨ ਦੀ ਵਰਤੋਂ ਬਾਰੇ ਫੈਸਲ ਕਰਨ ਵਾਲੇ ਬੋਰਡਾਂ) ਵਿੱਚ ਲੜ ਰਹੇ ਹਨ।'

ਕੈਵਿਨ ਓਲੀਅਰੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਕੋਲ 40 ਕ੍ਰੋੜ (400 ਮਿਲੀਅਨ) ਡਾਲਰ ਤੋਂ ਵੱਧ ਦੀ ਜਾਇਦਾਦ ਹੈ ਅਤੇ ਉਹ ਅਮਰੀਕਾ ਵਿੱਚ ਵੀ ਵੱਡੇ ਏ ਆਈ ਸੈਂਟਰਾਂ ਦਾ ਸਮਰਥਨ ਕਰ ਰਿਹਾ ਹੈ, ਨੇ ਉੱਥੇ ਦੇ ਜ਼ਮੀਨੀ ਪੱਧਰ 'ਤੇ ਵਿਰੋਧ ਕਰਨ ਵਾਲਿਆਂ 'ਤੇ ਦੋਸ਼ ਲਾਇਆ ਸੀ ਕਿ ਉਹਨਾਂ ਨੂੰ ਚੀਨ ਦੀ ਕਮਿਊਨਿਸਟ ਪਾਰਟੀ ਵਲੋਂ ਹਿਮਾਇਤ ਦਿੱਤੀ ਜਾ ਰਹੀ ਹੈ। ਪਰ ਬਾਅਦ ਵਿੱਚ ਉਸ ਨੇ ਸਵੀਕਾਰ ਕਰ ਲਿਆ ਕਿ ਇਸ ਬਾਰੇ ਉਸ ਕੋਲ ਕੋਈ ਸਬੂਤ ਨਹੀਂ ਹੈ, ਜਿਸ ਕਾਰਨ ਫੌਕਸ ਨਿਊਜ਼ ਨੇ ਉਸ ਦੇ ਦਾਅਵਿਆਂ ਨੂੰ ਪ੍ਰਸਾਰਿਤ ਕਰਨ ਲਈ ਮੁਆਫੀ ਮੰਗੀ ਸੀ।

ਬ੍ਰਾਇਸ ਦਾ ਕਹਿਣਾ ਹੈ ਕਿ ਨਾਗਰਿਕਾਂ ਵਲੋਂ 'ਨਾ' ਕਹਿਣ ਦੇ ਕਾਰਨ ਬਹੁਤ ਸਰਲ ਹਨ: 'ਮੈਂ ਵਾਰ-ਵਾਰ ਇਹ ਦੇਖਿਆ ਹੈ ਕਿ ਜਦੋਂ ਲੋਕਾਂ ਨੂੰ ਆਪਣੀ ਜੀਵਨ-ਸ਼ੈਲੀ, ਆਪਣੇ ਗੁਆਂਢਾਂ, ਆਪਣੀ ਜਾਇਦਾਦ ਦੇ ਮੁੱਲਾਂ ਅਤੇ ਆਪਣੇ ਦਿਸਹੱਦਿਆਂ (ਵਿਊਸ਼ੈੱਡਾਂ) ਲਈ ਖ਼ਤਰਾ ਮਹਿਸੂਸ ਹੁੰਦਾ ਹੈ, ਤਾਂ ਉਹ ਇਕੱਠੇ ਹੋ ਜਾਂਦੇ ਹਨ। ਉਹ ਆਪਣੇ ਰਾਜਨੀਤਿਕ ਅਤੇ ਜਮਾਤੀ ਵਖਰੇਵਿਆਂ ਨੂੰ ਇੱਕ ਪਾਸੇ ਰੱਖ ਕੇ ਉਸ ਚੀਜ਼ ਨਾਲ ਲੜਦੇ ਹਨ ਜਿਸ ਨੂੰ ਉਹ ਇੱਕ ਸਾਂਝਾ ਖ਼ਤਰਾ ਸਮਝਦੇ ਹਨ। ਇਸ ਮਾਮਲੇ ਵਿੱਚ, ਜੋ ਵਿਰੋਧ ਮੈਂ ਹਵਾ ਅਤੇ ਸੂਰਜ ਦੀ ਰੌਸ਼ਨੀ ਤੋਂ ਬਿਜਲੀ ਪੈਦਾ ਕਰਨ ਵਾਲੇ ਵੱਡੇ ਪ੍ਰੋਜੈਕਟਾਂ (ਬਿੱਗ ਵਿੰਡ ਐਂਡ ਬਿੱਗ ਸੋਲਰ ਪ੍ਰੋਜੈਕਟਾਂ) ਦੇ ਖਿਲਾਫ ਦੇਖਿਆ ਹੈ ਉਹ ਬਿਲਕੁਲ ਬਿੱਗ ਟੈੱਕ (ਵੱਡੀ ਤਕਨੀਕ) ਅਤੇ ਡਾਟਾ ਸੈਂਟਰਾਂ ਦੇ ਖਿਲਾਫ ਵੱਧ ਰਹੇ ਵਿਰੋਧ ਵਰਗਾ ਹੀ ਹੈ।'

# Marxist, Akali, Khalistan sympathiser: Jaswant Singh Khalra was harder to place than Satluj admits

**The most obvious question about Satluj is why it could not get a censor certificate for four years. What is striking is how little there is in it to justify that delay.**

Shiv Inder Singh

Punjab 95 – a film based on the life of Jaswant Singh Khalra, the Punjabi human rights activist killed in illegal police custody in 1995 – finally reached audiences on July 3, when it was released on the OTT platform ZEE5 under the title Satluj. It had taken four years to get there. Two days later, it was withdrawn from India "until further orders" and then internationally. Since then, the debate around the film has only grown louder, in Punjab and beyond.

Directed by Honey Trehan, the film stars Diljit Dosanjh, Arjun Rampal, Kanwaljit Singh, Suvinder Vicky, Jagjit Sandhu and Geetika Vidya Ohlyan. It had been waiting for Censor Board clearance since 2022. Its original title was Ghallughara – a Punjabi word meaning massacre or genocide. The Board objected, and the title became Punjab 95. The Board then proposed 127 cuts. At the time, Trehan had said: "The film is a biopic of Jaswant Singh Khalra, and we were asked to remove his name entirely. That is, quite simply, a crime."

And so the film stayed stuck. In February 2025 an international release was announced and a teaser dropped, only for the release to be postponed once again. Then, on July 3, it appeared on ZEE5 as Satluj. Trehan insisted that "there are no cuts in this film, nor has there been any compromise regarding its original form". Khalra's family also maintains that the version streamed on ZEE5 is exactly the one that was screened for them.

Not everyone agrees. Gyan Singh Sandhu, a founding member of the World Sikh Organization in Canada, recalls a different cut: "A few months ago, when Honey visited Canada, he screened the film for some people. I watched it then. He has since removed certain scenes I saw at the time – powerful ones. The scene where the then DGP, K P S Gill, meets Khalra face to face. A scene showing Khalra being brutally beaten in police custody. Some of the courtroom scenes are gone too. Even so, I believe the film stays close to the truth." It is worth remembering that it was the World Sikh Organization that invited Khalra to Canada in 1995 – an episode the film itself depicts.

Gurpreet Singh, an Indian-origin journalist based in Canada, offers another glimpse of that period: "Honey Trehan came to Canada in February. He wanted to sell the film there, because India's Censor Board was blocking its clearance. He seems to have changed that plan later. He screened it for several people and looked to be under enormous pressure. When I asked for an interview, he declined. He said his legal team had advised him not to speak to foreign media."

Explaining the India takedown initially, ZEE5 had said: "In light of current developments, Satluj will not be available in India until further notice. We are exploring all appropriate legal avenues to bring this film back to our audience as soon as possible."

A committee formed by the union information and broadcasting ministry to examine the film said the restrictions should remain as the movie goes against India's sovereignty and integrity.

**The politics of a ban**


The reaction in Punjab was immediate, and, predictably, partisan. Every party found something in the film to use.

The governing Aam Aadmi Party opposed the removal, defending the film's story and its factual basis while using the occasion to attack the Congress, the Akali Dal and the BJP. Within the Congress, leaders such as Dharamvir Gandhi, Sukhpal Khaira, Charanjit Singh Channi and Pargat Singh have backed the film and opposed the ban; others in the party have judged silence to be the safer course.

The Akali Dal, meanwhile, opposes the ban while attacking the Congress government of Beant Singh that presided over those years, and simultaneously claims Khalra as one of its own. The Shiromani Gurdwara Parbandhak Committee and the Jathedar of the Akal Takht have also come out against the removal. With a BJP-led government at the Centre, the opposition has naturally trained its fire there.

The BJP's Punjab unit, for its part, looks caught. State president Kewal Dhillon has met the Union Ministry of Information and Broadcasting to demand that the ban be lifted. Union Minister of State Ravneet Singh Bittu, on the other hand, is opposing the film openly; in one video he can be seen stoking Hindu sentiment in Punjab against it. Party spokesperson R P Singh has tried to lower the temperature by announcing that a committee has been formed to review the film.

The ban has had the effect bans usually have. Digital copies are circulating hand to hand across Punjab on WhatsApp and other apps. Screenings are being held in village gurdwaras and community spaces, with the Shiromani Akali Dal and Amritpal Singh's Waris Punjab De actively organising them. Diljit Dosanjh, who plays Khalra, has voiced support for these public screenings. Trehan, the director, has asked people to stop. It is, after all, piracy.




**The police cases were real**

Beneath the noise, the film has pushed older questions back to the surface: about Khalra's work, his vision, and the era he lived and died in.

Satluj follows Khalra's effort to expose extrajudicial killings, enforced disappearances and illegal cremations carried out by the police during the years of militancy in Punjab. Khalra had documented bodies cremated in Tarn Taran, Patti, Ajnala and Durgiana (Amritsar) between June 1984 and December 1994 – bodies that, he argued, were evidence of the police's unlawful conduct.

According to the Central Bureau of Investigation, it was precisely this campaign that made him a target of the local police. A conspiracy was hatched; on September 6, 1995, police officers abducted Khalra from his home. He was held in illegal custody, killed, and his body thrown into a canal at Harike in Tarn Taran district.

The case eventually reached the CBI, which filed a charge sheet in a Patiala court in 1996 against nine police officers. The prime accused was Ajit Singh Sandhu, then SSP of Tarn Taran. The others included Ashok Kumar, Satnam Singh, Rachhpal Singh, Jasbir Singh, Amarjit Singh, Surinder Pal Singh and DSP Jaspal Singh. Charges could never be framed against Sandhu – he had already taken his own life. The rest were tried under Sections 364, 120-B and 34 of the IPC. The film goes further than the charge sheet, raising questions about the roles of the then Chief Minister and of Punjab Police chief K P S Gill, and suggesting that Khalra was killed at Gill's behest – Khalra had repeatedly challenged Gill to a public debate on custodial deaths.

**No comparison with propaganda films**

The most obvious question about the film is why it could not get a censor certificate for four years. What is striking is how little there is in it to justify that delay. The film does not really indict the system or those who ran it. It lays the blame on a handful of policemen and officers, and portrays national agencies such as the CBI as honest and diligent.

Its release on a platform like ZEE5 – and its quiet disappearance from it – is worth thinking about. As much as it is worth remembering how often films have arrived in the neighbourhood of state elections in recent years: The Kerala Story before the Kerala polls, Bengal Files before the West Bengal Assembly elections, and before them outright propaganda vehicles like Sabarmati Express and The Kashmir Files, championed by everyone from the Prime Minister down to local BJP functionaries, and rewarded with tax exemptions.

**Should Satluj be read the same way?**

Not straightforwardly. There is no religious hatred in it; the victims of the atrocities it depicts share a religion with most of the perpetrators. It is a work of art, and it contains what is arguably Diljit's finest performance. But does the timing – an election season – mean nothing at all?

Pavel Kussa, a political and social activist and editor of the revolutionary magazine Surkh Leeh, states: "Filmmakers are businessmen and artists like Diljit are merely tools of the trade. The real game begins afterwards. When a film is halted, when it is cleared, when it is banned – these are decided by the vote-bank arithmetic of governments and parties. Films like The Kashmir Files and Dhurandhar are made to a plan. And even films made with no such intent become opportunities that politicians go looking for, depending on the moment."

The behaviour of the BJP, the Akali Dal and Waris Punjab De around this film illustrates the point well enough.

**It misses the question of Khalra's ideology**

The second large question the film raises is about Khalra himself. Ideology neither adds to nor subtracts from the value of his work, and it certainly does not excuse his murder. But it does tell us something about a man's convictions and his cast of mind.

The film presents Khalra as a human rights activist and a humanist, and nothing more. Among Panthic circles, the picture is more contested.

One camp sees him as a liberal Sikh and a rights defender; the other sees an activist shaped by Khalistani ideology. The split runs through the two books written about him – Ajmer Singh's Shaheed Jaswant Singh Khalra, in Punjabi, and Gurmeet Kaur's The Valiant Jaswant Singh Khalra, in English.

Khalra was born in 1952 in Khalra village, Tarn Taran district, into a family with a history of resistance. His grandfather, Harnam Singh, was a Ghadar Party activist who took part in India's freedom struggle; he was one of the 376 passengers aboard the Komagata Maru, and served time in Lahore Jail. As a student, Jaswant Singh Khalra held leftist views, was drawn to Marxism and Leninism, and was associated for a time with the Naujawan Bharat Sabha. He later worked as a bank manager. It was the sudden disappearance of a colleague, and his own attempt to find him, that turned him into a human rights activist, working with a rights organisation.

Contemporaries recall that several human rights organisations were active in Punjab in that period, but that Khalra preferred to work alone rather than alongside them. At first he condemned both police atrocities and killings by Khalistanis. Later, he narrowed his attention to police killings of Sikh youths associated with the Khalistan movement. One explanation offered for this shift is the far greater interest that national and international rights bodies were then taking in those killings.

Gurdyal Singh Bal, a Punjabi journalist from Khalra's own area who knew him well, writes in his long essay Gurmeet Singh Pinki Diyan Chinghaaran te Punjab Siyasat Diyan Smritiyan de Kujh Ansh (The screams of Gurmeet Singh Pinki and some fragments of Punjab's political memories) that Khalra would defend several killings carried out by Khalistanis.

Between 1990 and 1992, while in England, Khalra wrote for Liberation Khalistan, a newspaper shaped by Khalistani politics. An article of his from February 1992 was

titled “Chonan di Khed: Ki eh khedni chahidi hai jaan nahi?” — later published in English by Baaz News as “The game of elections: Should it be played or not?”

The piece leaves little doubt about his views at the time. In it he puts the number of “martyrs” who died for Khalistan at 50,000. He describes Satwant Singh and Kehar Singh, Indira Gandhi’s assassins, as martyrs greater than Bhagat Singh and Kartar Singh Sarabha. And he argues that Khalistan will never be won through elections. This was, it should be said, the moment when the Akali Dal and several hardline Sikh factions were boycotting the 1992 Punjab Assembly polls.

**The Canada visit misrepresented**

In 1995 Khalra was invited to Canada by the World Sikh Organization – a body where a section has been sympathetic to the cause of Khalistan. A Toronto-based journalist and radio host, speaking on condition of anonymity, is dismissive of how the film handles this: “In reality the organisation has been dominated by 30 or 35 families. The film treats the invitation as a monumental event. It wasn’t. We routinely arrange meetings between visitors from India and our Members of Parliament. In its early years, the organisation openly advocated Khalistani views; later it confined itself to legal and human rights work. Khalra was invited by Sukhvinder Singh Hansra, one of its founding members. Hansra held Khalistani beliefs but did not believe in violence. It was around the second anniversary of his radio group, Ankhila Punjab.”

It was that media group which interviewed Khalra during his visit. The host, Inderjit Singh Bal, opens the programme sounding sympathetic to Khalistan. Khalra expresses his support for the idea of ??Khalistan and calls Jarnail Singh Bhindranwale “one of the heroes of the community in this century”. “In my view, his sacrifice has awakened us to redefine our (the Sikhs’) relationship with India.” He criticises the hardline politics of the BJP and Shiv Sena, and questions whether India is truly democratic and secular. The interview is on YouTube.

So is a second video – a speech he gave at a Toronto gurdwara – from which the film borrows excerpts.

In her book, Gurmeet Kaur writes that Khalra went on hunger strike in protest when the Babri Masjid was demolished, and resigned from the Akali Dal. Rajiv Singh Randhawa – a close friend and an eyewitness to Khalra’s abduction – disputes this. Khalra did oppose the demolition, he told me, but the resignation story is wrong: Khalra only joined the Akali Dal in 1994, and served as General Secretary of its human rights wing. According to Randhawa, no Akali leader other than Gurcharan Singh Tohra paid that wing the slightest attention.

Khalra’s wife, Paramjit Kaur, alleges that Prakash Singh Badal, on coming to power in 1997, shelved the investigation into fake encounters. She contested the 1999 election from Tarn Taran on a ticket from Tohra’s Sarb Hind Akali Dal, and the 2019 Lok Sabha election from Khadoor Sahib for the Punjab Ekta Party. She lost both times.

**The toll doesn’t add up**

The film also invites scrutiny over its numbers. It cites 25,000 unclaimed bodies.

**That figure does not hold up.**

What Khalra actually documented were 2,097 bodies in his own area. From that he made an extrapolation – later repeated as a settled number – that the total across Punjab would exceed 25,000. And here a crucial qualification is in order: the highest concentration of fake encounters in that period occurred precisely in Khalra’s area. Twenty-seven percent of Punjab’s police atrocities took place there, which means his area was the worst case, not a representative sample.

Advocate R S Bains, speaking in an India Today debate, adds other tallies to Khalra’s 2,097: the rights activist Ram Narayan traced 2,700 cases; the activists Jaswant and Sukhwant found 5,500; Satnam Bains identified 6,600. Added together, these still fall well short of 25,000, and it is extremely difficult to know how much overlap there is between them.

The film does make us remember Punjab’s darkest years

For all the questions the film leaves unanswered, it does what a film about this period should do: it makes us remember. It returns us to Punjab’s darkest years – the state’s brutality, and the killing of innocent young Sikh men in the name of a crackdown on militancy.

But that is only half the picture. The other half is that the champions of the Khalistan movement pulled passengers off buses, checked their identities, and shot them. Many of Punjab’s finest – people who stood against the Khalistanis and against state repression – were killed for it.


Who can forget Avtar Singh Pash, Baldev Singh Mann, Jaimal Singh Padda, Deepak Dhawan, all of whom gave their lives for communal harmony? Or the playwright Gursharan Singh, who through those long, bleak nights stood against both state tyranny and communal forces, using his theatre to plead for unity and brotherhood? It was people like these who carried slogans across the countryside: We will not let Hindus and Sikhs be turned against each other; we will not let 1947 happen again.

That era also produced human rights activists and organisations who refused to take sides by religion. Who named oppression and murder for what they were. Whether the hand that committed them belonged to the police or to the Khalistanis. Punjab in those years cannot be understood without reading their stories, sitting with them, and giving them their due.

# ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ

ਜੋਗਿੰਦਰ ਆਜ਼ਾਦ
9646335309

8 ਜੁਲਾਈ 79 ਨੂੰ ਹਨੇਰੇ ਦੇ ਵਣਜਾਰਿਆਂ ਨੇ ਦੇਰ ਸ਼ਾਮ ਪੰਜਾਬ ਦੀ ਇਨਕਲਾਬੀ ਲਹਿਰ ਦੇ ਸਿਰਕੱਢ ਵਿਦਿਆਰਥੀ ਆਗੂ ਪਿ ?ਥੀਪਾਲ ਰੰਧਾਵਾ ਨੂੰ ਬਾਦਲ ਸਰਕਾਰ ਦੇ ਇੱਕ ਆਗੂ ਦੀ ਸਰਪ੍ਰਸਤੀ ਚ ਪਲ ਰਹੇ ਅਨਸਰਾਂ ਨੇ ਸਾਥੋਂ ਖੋਹ ਲਿਆ ਸੀ। 47 ਸਾਲ ਹੋ ਗਏ ਹਨ ਪਿਰਥੀ ਨੂੰ ਸ਼ਹੀਦ ਹੋਇਆਂ ਨੂੰ। ਸਾਥੀ ਰੰਧਾਵਾ ਦੀਆਂ ਯਾਦਾਂ’ ਚ ਬਹੁਤ ਕੁੱਝ ਲਿਖਿਆ ਜਾ ਚੁੱਕਾ ਹੈ। ਉਸ ਦੀ ਸਿਆਸਤ, ਦਲੇਰੀ, ਕੁਰਬਾਨੀ ਜੱਥੇਬੰਦਕ ਸੂਝ, ਇਨਕਲਾਬੀ ਨਿਹਚਾ ਨੂੰ ਚਿਤਾਰਦੇ ਗੀਤ ਲਿਖੇ ਜਾ ਚੁੱਕੇ ਹਨ। ਉਸ ਦੀਆਂ ਯਾਦਾਂ ਦੀਆਂ ਵਾਰਾਂ ਲਿਖੀਆਂ ਜਾ ਚੁੱਕੀਆਂ ਹਨ। ਪਾਸ਼ ਨੇ ਉਸ ਨੂੰ ਯਾਦ ਕਰਦੇ ਕਵਿਤਾਵਾਂ ਲਿਖੀਆਂ ਸਨ। ਹੁਣ ਵੀ ਗੀਤ ਰਚੇ ਜਾ ਰਹੇ ਹਨ। ਮੇਰਾ ਵੀ ਅੱਜ ਪ੍ਰਿਥੀਪਾਲ ਬਾਰੇ, ਕੁਝ ਸ਼ਬਦ ਮਿੱਤਰਾਂ ਨਾਲ ਸਾਂਝੇ ਕਰਨ ਨੂੰ ਜੀ ਕਰ ਰਿਹੈ। ਪ੍ਰਿਥੀ ਨਾਲ ਪਹਿਲੀ ਮੁਲਾਕਾਤ ਉਸ ਨੂੰ ਮੈਂ ਅੱਜ ਤੋਂ ਪੰਜ ਦਹਾਕੇ ਪਹਿਲਾਂ ਜਗਰਾਓਂ ਮਿਲਿਆ ਸੀ। ਉਹ ਵਿਦਿਆਰਥੀਆਂ ਨੂੰ ਸੰਬੋਧਿਤ ਕਰਨ ਲਈ ਆਇਆ ਸੀ। ਕਾਲਜ ਵਿਖੇ (ਹੁਣ ਡੀ ਏ ਵੀ) ਉਹਨਾਂ ਦਿਨਾਂ ’ਚ ਮੋਗਾ ਵਿਖੇ ਕੀਤੀ ਜਾਣ ਵਾਲੀ ਸੰਗਰਾਮ ਰੈਲੀ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਬੱਸ ਸੜਕ ਤੇ ਜਾਂਦੇ ਜਾਂਦੇ ਹੱਥ ਮਿਲਾਉਣ ਦਾ ਹੀ ਸਮਾਂ ਮਿਲਿਆ। ਫਿਰ ਉਸ ਨੂੰ ਬੋਲਦੇ ਸੁਣਿਆਂ 18 ਅਕਤੂਬਰ 74 ਨੂੰ ਸੰਗਰਾਮ ਰੈਲੀ ਦਾ ਮੁੱਖ ਬੁਲਾਰਾ ਸੀ ਪਿਰਥੀ।ਵਿਸਥਾਰ ਵਿੱਚ ਪੜ੍ਹੋ ‘ਇਹੋ ਜਿਹਾ ਸੀ ਸਾਡਾ ਪ੍ਰਿਥੀ’ ਪੈਂਫਲਟ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਘੋਲ ਅਤੇ ਰੰਧਾਵਾ ਜੁਝਾਰੂ ਨੌਜਵਾਨ ਨਾਲ ਲੰਮੀ ਗੱਲਬਾਤ ਦਾ ਮੌਕਾ ਮਿਲਿਆ, ਨਵੰਬਰ 1978 ਦੂਜੇ ਹਫ਼ਤੇ। ਭਾਰਤ ਨਗਰ ਚੌਕ ਲੁਧਿਆਣਾ ਦੇ ਨੇੜੇ ਇੱਕ ਚਾਹ ਵਾਲੀ ਦੁਕਾਨ ਤੇ। ਪ੍ਰਿਥੀ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਚਲਾਏ ਜਾ ਰਹੇ ਜੇਲ ਭਰੋ ਅੰਦੋਲਨ ਬਾਰੇ ਚਰਚਾ ਕੀਤੀ। ਬੇਰੁਜ਼ਗਾਰ ਅਧਿਆਪਕਾਂ ਦੇ ਘੋਲ ਨੂੰ ‘ਸਰਕਾਰ ਹੰਭਾਓ ਤੇ ਮਾਰੋ’ ਦੀ ਨੀਤੀ ਅਨੁਸਾਰ ਫੇਲ੍ਹ ਕਰਨ ਤੇ ਤੁਰੀ ਹੋਈ ਸੀ। 31-3-77 ਵਾਲੇ ਅਧਿਆਪਕਾਂ ਨੂੰ ਰੈਗੂਲਰ ਕਰਨਾ ਸਰਕਾਰ ਮੰਨ ਗਈ ਸੀ, ਪਰ ਬਾਕੀ ਮੰਗਾਂ ਬਾਰੇ ‘ਖਜ਼ਾਨਾ ਖਾਲੀ ਦਾ’ ਮੰਤਰ ਰੱਟਿਆ ਜਾ ਰਿਹਾ ਸੀ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਸੰਘਰਸ਼ ਦੀ



ਹਿਮਾਇਤ ਲਈ ਪੰਜਾਬ ਦੀਆਂ ਅਧਿਆਪਕ, ਮੁਲਾਜ਼ਮ, ਵਿਦਿਆਰਥੀ ਅਤੇ ਹੋਰ ਜਨਤਕ ਜਥੇਬੰਦੀਆਂ ਨੇ ਚੰਡੀਗੜ੍ਹ ਵਿਖੇ 20 ਨਵੰਬਰ ਨੂੰ ਵਿਸ਼ਾਲ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ ਸੀ। ਇਸ ਸਬੰਧ ਵਿੱਚ ਹੀ ਉਸ ਨਾਲ ਸਮਾਂ ਰੱਖਿਆ ਸੀ। ਉਸ ਨੇ ਘੋਲ ਦੀਆਂ ਬਰੀਕੀਆਂ, ਅੰਦਰਲੀਆਂ ਬਾਹਰਲੀਆਂ ਸਥਿਤੀਆਂ ਬਾਰੇ ਸਾਰੀ ਜਾਣ ਕਾਰੀ ਲਈ ਤੇ ਗੱਲਬਾਤ ਖ਼ਤਮ ਹੋਣ ਤੋਂ ਬਾਅਦ ਹੱਥ ਘੁੱਟਕੇ ਬੋਲਦਾ ਹੈ, ‘ਡਟੇ ਰਹੋ, ਕਾਇਮ ਰਹੋ, ਅਸੀਂ ਤੁਹਾਡੇ ਨਾਲ ਚੱਟਾਨ ਵਾਂਗ ਖੜ੍ਹੇ ਰਹਾਂਗੇ। ਇਹ ਹੁਣ ਸਾਡਾ ਘੋਲ ਹੈ, ਬੋਲੋ ਕਿੰਨੇ ਵਿਦਿਆਰਥੀ ਆਉਣ’? ਇਸ ਦਾ ਸਿੱਟਾ ਕੁਝ ਦਿਨ ਬਾਅਦ ਦੇਖਣ ਨੂੰ ਮਿਲਿਆ। ਹਕੂਮਤ ਨੇ ਘੋਲ ਨੂੰ ਕੁਚਲਣ ਦੇ ਇਰਾਦੇ ਨਾਲ ਅਧਿਆਪਕਾਂ ਚ ਪਾੜ ਪਾਉਣ ਲਈ physical ਅਧਿਆਪਕਾਂ ਦੀ ਇੰਟਰਵਿਊ ਰੱਖ ਲਈ। ਸੰਘਰਸ਼ ਕਰਨ ਵਾਲੇ ਜੇਲ੍ਹ ਵਿੱਚ ਬੈਠੇ ਸਨ। ਸਾਡੀ ਸਟੇਟ ਕਮੇਟੀ ਨੇ ਬਾਦਲ ਸਰਕਾਰ ਵਿਰੁੱਧ ਘੋਲ ਹੋਰ ਭਖਾਉਂਣ ਦਾ ਐਲਾਨ ਕਰ ਦਿੱਤਾ। ਸਰਕਾਰ ਸੋਚਦੀ ਸੀ ਕਿ ਜੇਲ੍ਹਾਂ ’ਚ ਬੰਦ ਸਰੀਰਕ ਸਿੱਖਿਆ ਬੇਰੁਜ਼ਗਾਰ ਅਧਿਆਪਕਾਂ ’ਚ ਬੇਚੈਨੀ ਪੈਦਾ ਹੋ ਜਾਊ। ਅਧਿਆਪਕ ਮੁਆਫ਼ੀ ਮੰਗਣਗੇ, ਜਮਾਨਤ ਕਰਵਾਉਣਗੇ। ਜਥੇਬੰਦੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ। ਜੇਲ੍ਹ ’ਚ ਬੈਠੇ ਜੁਝਾਰੂ ਅਧਿਆਪਕਾਂ ਦਾ ਕਹਿਣਾ ਸੀ ਕਿ ‘ਅਸੀਂ ਡਟੇ ਹੋਏ ਹਾਂ ਅਸੀਂ ਕਿਸੇ ਵੀ ਹਾਲ ਮੁਆਫੀ ਨਹੀਂ ਮੰਗਾਂਗੇ।’ ਭਰਾਤਰੀ ਜੱਥੇਬੰਦੀਆਂ ਨੇ ਵੀ ਸਰਕਾਰ ਨੂੰ ਫੁੱਟ ਪਾਊ ਚਾਲਾਂ ਤਿਆਗਣ ਦੀਆਂ ਅਪੀਲਾਂ ਕੀਤੀਆਂ ਪਰ ਅੜੀਅਲ ਸਰਕਾਰ ਬਾਜ ਨਾ ਆਈ। ਇੰਟਰਵਿਊਜ਼ ਸ਼ੁਰੂ ਹੋ ਚੁੱਕੀਆਂ ਸਨ। ਲੁਧਿਆਣਾ ਦੇ ਸ ਪ੍ਰੀਤਮ ਸਿੰਘ ਖਾਲਸਾ ਜਿਲ੍ਹਾ ਸਿੱਖਿਆ ਅਫ਼ਸਰ ਸਨ। ਉਹ ਬਸੰਤ ਸਿੰਘ ਖ਼ਾਲਸਾ ਮੰਤਰੀ ਦੇ ਭਰਾ ਵੀ ਸਨ। ਉਸ ਨੇ ਇੰਟਰਵਿਊ ਸ਼ੁਰੂ ਕਰਵਾ ਦਿੱਤੀ। ਅਪੀਲਾਂ ਕਰਨ ਦੇ ਬਾਵਜੂਦ ਇੰਟਰਵਿਊਜ਼ ਮੁਲਤਵੀ ਕਰਨ ਨੂੰ ਕੋਈ ਨਹੀਂ ਮੰਨਿਆ। ਖੈਰ ਅਸੀਂ ਫਿਰ ਡਿਪਟੀ ਕਮਿਸ਼ਨਰ ਅਤੇ ਜ਼ਿਲਾ ਸਿਖਿਆ ਅਫਸਰ ਨੂੰ ਅਪੀਲ ਕੀਤੀ ‘ਸਰ, ਦੇਖੋ ਇਹ ਜਜ਼ਬਾਤੀ ਮਾਮਲਾ ਹੈ, ਤੁਸੀਂ ਪਲੀਜ਼ ਭੜਕਾਹਟ ਪੈਦਾ ਨਾ ਕਰੋ। ਵਿਦਿਆਰਥੀ ਯੂਨੀਅਨ ਨੂੰ ਅਸੀਂ ਬੁਲਾਉਣ ਲੱਗੇ ਹਾਂ। ਜੇ ਹਾਲਤ ਵਿਗੜ ਗਏ ਤਾਂ ਇਸ ਦੀ ਜੁਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ’। ਪਰ ਉਨ੍ਹਾਂ ਸਾਡੀ ਕੋਈ ਗੱਲ ਨਹੀਂ ਮੰਨੀ। ਇੰਟਰਵਿਊ ਦੇਣ ਲਈ ਕੁਝ ਅਧਿਆਪਕ ਆਏ ਹੋਏ ਸਨ। ਰੰਧਾਵੇ ਨੂੰ ਸੁਨੇਹਾ ਜਾਂਦਾ ਹੈ। ਘੰਟੇ ਬਾਅਦ ਅਸੀਂ ਵੇਖਦੇ ਹਾਂ ਆਈਟੀਆਈ ਲੁਧਿਆਣਾ ਚੋ ਵੱਡੀ ਗਿਣਤੀ ’ਚ ਵਿਦਿਆਰਥੀਆਂ ਦੇ ਕਾਫਲੇ ਆ ਰਹੇ ਨੇ। ‘ਜੈ ਸੰਘਰਸ਼’ ਦਾ ਝੰਡਾ ਫੜ ਸਰਕਾਰ ਖ਼ਿਲਾਫ਼ ਨਾਅਰੇ ਮਾਰਦੇ ਹੋਏ ਰਾਕੇਸ਼ ਕੁਮਾਰ ਗੋਗੀ ਵਿਦਿਆਰਥੀਆਂ ਦੀ ਅਗਵਾਈ ਕਰ ਰਿਹਾ ਸੀ। ਵਿਦਿਆਰਥੀ ਗੁੱਸੇ ਨਾਲ ਭਰੇ ਹੋਏ ਸਨ। ਅਧਿਆਪਕ ਵਿਦਿਆਰਥੀ ਏਕਤਾ ਦੇ ਨਾਹਰਿਆਂ ਦੀ ਗੂੰਜ ਨੇ ਜ਼ਿਲ੍ਹਾ ਸਕੱਤਰੇਤ ਚ ਹਲਚਲ ਪੈਦਾ ਕਰ ਦਿੱਤੀ। ਅਸੀਂ ਕੁੱਝ ਘਬਰਾਅ ਵੀ ਰਹੇ ਸੀ ਕਿ ਕੋਈ ਜਜ਼ਬਾਤੀ ਵਿਦਿਆਰਥੀ ਦਫਤਰ ਦੀਆਂ ਫਾਈਲਾਂ ਹੀ ਚਲਾ ਕੇ ਨਾ ਮਾਰ ਦੇਵੇ। ਮੈਂ ਸਟੇਜ ਸੰਭਾਲਦਾ ਹਾਂ। ਸੁਰਿੰਦਰ ਗਰੇਵਾਲ ਦੀ ਅਗਵਾਈ ਚ ਗੋਗੀ ਬੋਲਦਾ ਹੈ। ‘ਦਫਤਰ ਨੂੰ ਘੇਰਨਾ ਹੈ ਪਰ ਕਿਸੇ ਨੇ ਦਫਤਰ ਅੰਦਰ ਦਾਖਲ ਨਹੀਂ ਹੋਣਾ।’ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਬੁਲਾਰਿਆਂ ਦਾ ਸੇਕ ਹੇਠਲੀ ਮੰਜ਼ਿਲ ’ਚ ਬੈਠੇ ਡੀ ਸੀ ਸਾਹਿਬ ਤੱਕ ਪਹੁੰਚਦਾ ਹੈ। ਉਪਰ ਵੀ ਘੰਟੀਆਂ ਵੱਜਦੀਆਂ ਹਨ। ਪੁਲਿਸ ਦਾ ਡਰ ਨਾਮਾਤਰ ਵੀ ਨਹੀਂ। ਕੁੱਝ ਦੇਰ ਬਾਅਦ ਪੁਲਸ ਦਾ ਬੰਦਾ ਆਉਂਦਾ ਹੈ। ਨਾਲ ਹੈ ਡੀ ਸੀ ਦਫਤਰ ਦਾ ਬਾਬੂ। ਐਲਾਨ ਕਰਦਾ ਹੈ ਕਿ ‘ਇੰਟਰਵਿਊ ਦੇ ਫੈਸਲੇ ਅਗਲੇ ਹੁਕਮਾਂ ਤੱਕ ਰੱਦ ਕੀਤੇ ਜਾਂਦੇ ਹਨ।’ ਜ਼ਿੰਦਾਬਾਦ, ਜ਼ਿੰਦਾਬਾਦ ਨਾਲ ਡੀ ਸੀ ਦਫਤਰ ਦੀ ਇਮਾਰਤ ਗੂੰਜ ਉਠੀ। ਅਸੀਂ ਡੀਸੀ ਸਾਹਿਬ ਨੂੰ ਫਿਰ ਵੀ ਮਿਲ ਕੇ ਜਾਣਾ ਠੀਕ ਸਮਝਿਆ। ਡੀ ਸੀ ਸਾਹਿਬ ਮਿਲਦੇ ਹਨ। ਬੜੇ ਸਹਿਜ ਨਾਲ ਬੋਲਦੇ ਹਨ ‘ਬੜਾ ਕਮਾਲ ਦਾ ਤਾਲਮੇਲ ਹੈ ਤੁਹਾਡਾ ਵਿਦਿਆਰਥੀਆਂ ਨਾਲ, ਇੰਨਾ ਤਾਂ ਮੈਂ ਵੀ ਨਹੀਂ ਸੀਚਿੱਤਵਿਆ।’

ਇਹ ਤਾਂ ਕਮਾਲ ਸੀ ਪੰਜਾਬ ਸਟੂਡੈਂਟ ਯੂਨੀਅਨ ਦੀ ਡਟਵੀ ਮਦਦ ਦਾ ਪ੍ਰਿਥੀਪਾਲ ਰੰਧਾਵਾ ਦੀ ਦਰੁਸਤ ਅਗਵਾਈ ਦਾ।

# ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ ਦੀ ਬਰਸੀ ਪਿੰਡ ਢੁੱਡੀਕੇ ਵਿਖੇ ਮਨਾਈ





ਮੋਗਾ, (ਬਲਜਿੰਦਰ ਸਿੰਘ ਪਟਿਆਲਾ) : ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ, ਲੈਨਿਨਵਾਦੀ (ਨਿਊ ਡੈਮੋਕ੍ਰੇਸੀ) 25 ਜੁਲਾਈ ਨੂੰ ਪਿੰਡ ਢੁੱਡੀਕੇ ਦੇ ਕਮਿਉਨਿਟੀ ਹਾਲ ਵਿੱਚ ਸ਼ਹੀਦ ਕਾਮਰੇਡ ਅਵਤਾਰ ਸਿੰਘ ਢੁੱਡੀਕੇ ਦੀ ਬਰਸੀ ਮਨਾਈ ਗਈ। ਸਮਾਗਮ ਦੀ ਸ਼ੁਰੂਆਤ ਦੋ ਮਿੰਟ ਦਾ ਮੌਨ ਧਾਰ ਕੇ ਕੀਤੀ ਗਈ।

ਇਸ ਮੌਕੇ ਸੀਪੀਆਈ ਐਮਐਲ (ਨਿਊ ਡੈਮੋਕ੍ਰੇਸੀ) ਦੇ ਸੂਬਾ ਆਗੂ ਕੁਲਵਿੰਦਰ ਸਿੰਘ ਵੜੈਚ, ਸ਼ਹੀਦ ਅਵਤਾਰ ਦੇ ਸਾਥੀ ਰਹੇ ਕਿਸਾਨ ਆਗੂ ਨਿਰਭੈ ਸਿੰਘ ਢੁੱਡੀਕੇ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਅਵਤਾਰ ਸਿੰਘ ਤਾਰੀ ਰਸੂਲਪੁਰ, ਸੂਬਾ ਆਗੂ ਮੰਗਾ ਸਿੰਘ ਵੈਰੋਕੇ, ਕਾਮਰੇਡ ਅਵਤਾਰ ਸਿੰਘ ਢੁੱਡੀਕੇ ਦੀ ਪਤਨੀ ਸੁਰਿੰਦਰ ਕੌਰ ਢੁੱਡੀਕੇ ਨੇ ਕਾਮਰੇਡ ਅਵਤਾਰ ਸਿੰਘ ਢੁੱਡੀਕੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਮੰਚ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਸਾਥੀ ਅਵਤਾਰ ਢੁੱਡੀਕੇ ਕਮਿਉਨਿਸਟ ਇਨਕਲਾਬੀ ਲਹਿਰ ਦੇ ਮਹਾਨ ਸ਼ਹੀਦ ਸਨ। ਜਿਨ੍ਹਾਂ ਦੇ ਸੰਘਰਸ਼ਮਈ ਜੀਵਨ ਦੀ ਸ਼ੁਰੂਆਤ ਨੌਜਵਾਨ ਭਾਰਤ ਸਭਾ ਤੋਂ ਹੋਈ। ਉਹਨਾਂ ਕਮਿਉਨਿਸਟ ਪਾਰਟੀ ਦੀ ਲਾਇਨ ਮੁਤਾਬਕ ਪੇਂਡੂ ਘੁੜੰਮ ਚੌਧਰੀਆਂ, ਸਮਾਜ ਵਿਰੋਧੀ ਅਨਸਰਾਂ ਖਿਲਾਫ ਗਰੀਬ ਗੁਰਬੇ ਦੇ ਹੱਕ ਵਿੱਚ ਆਵਾਜ ਬੁਲੰਦ ਕੀਤੀ। ਇਸੇ ਤਰ੍ਹਾਂ ਪਿੰਡ ਦੇ ਮੱਛਰੇ ਸਮਾਜ ਵਿਰੋਧੀ ਅਨਸਰਾਂ ਦੁਆਰਾ ਇੱਕ ਨਰਸ ਨਾਲ ਕੀਤੀ ਛੇੜਛਾੜ ਵਿਰੁੱਧ ਘੋਲ ਲੜਿਆ। ਜਿਸ ਕਾਰਨ ਉਹਨਾਂ ਗੁੰਡਿਆਂ ਨੇ ਖਫਾ ਹੋ ਕੇ 25 ਜੁਲਾਈ 1983 ਨੂੰ ਪਿੰਡ ਕੋਕਰੀ ਕਲਾਂ ਦੇ ਡਾਕਖਾਨੇ ਤੋਂ ਡਿਊਟੀ ਤੋਂ ਵਾਪਸ ਆਉਂਦੇ ਅਵਤਾਰ ਢੁੱਡੀਕੇ ਦਾ ਕਤਲ ਕਰ ਦਿੱਤਾ ਸੀ।

ਉਹਨਾਂ ਦੱਸਿਆ ਕਿ ਕਾਮਰੇਡ ਅਵਤਾਰ ਢੁੱਡੀਕੇ ਸਾਮਰਾਜੀ ਲੁੱਟ, ਜੰਗਾਂ ਵਿੱਚ ਪਿੱਸ ਰਹੀਆਂ ਕੌਮਾਂ ਦੀ ਲੜਾਈ ਨੂੰ ਪ੍ਰਣਾਇਆ ਹੋਇਆ ਸੀ, ਉਹ ਝੂਠੀ ਆਜਾਦੀ ਤੋਂ ਬਾਅਦ ਸੱਤਾ ਮਾਨ ਰਹੇ ਹਾਕਮਾਂ ਨੂੰ ਆਜਾਦ ਨਹੀਂ ਬਲਕਿ ਦਲਾਲ ਮੰਨਣ ਦੀ ਸਮਝ ਨੂੰ ਪਰਣਾਇਆ ਸੀ। ਉਹ ਸਾਮਰਾਜ, ਦਲਾਲ ਭਾਰਤੀ ਹਾਕਮ, ਜਾਗੀਰਦਾਰੀ ਖਿਲਾਫ ਕੁਲ ਕਿਸਾਨਾਂ, ਮਜਦੂਰਾਂ, ਮੁਲਾਜਮਾਂ, ਆਮ ਲੋਕਾਂ ਦੇ ਏਕੇ ਦਾ ਮੁਦੱਈ ਸੀ। ਉਸ ਦਾ ਮਜਦੂਰ ਜਮਾਤ ਦਾ ਰਾਜ ਲਿਆਉਣ ਦਾ ਸੁਪਨਾ ਅੱਜ ਵੀ ਅਧੂਰਾ ਹੈ।

ਆਗੂਆਂ ਨੇ ਕਿਹਾ ਕਿ ਸੀ ਪੀ ਆਈ (ਐਮ ਐਲ) ਨਿਊ ਡੈਮੋਕਰੇਸੀ ਵੱਲੋਂ ਫਾਸੀਵਾਦੀ ਹਮਲਿਆਂ ਵਿਰੁੱਧ ਸਤੰਬਰ ਮਹੀਨੇ ਵਿੱਚ ਸੂਬਾ ਪੱਧਰੀ ਸਿਆਸੀ ਕਾਨਫਰੰਸ ਕੀਤੀ ਜਾਵੇਗੀ।

ਸਟੇਜ ਦਾ ਸੰਚਾਲਨ ਸੀਪੀਆਈ ਐਮਐਲ (ਨਿਊ ਡੈਮੋਕਰੇਸੀ) ਜ਼ਿਲ੍ਹਾ ਮੋਗਾ ਦੇ ਬੁਲਾਰੇ ਚਮਕੌਰ ਸਿੰਘ ਨੇ ਕੀਤਾ।

# ‘ਸਤਲੁਜ’ ’ਤੇ ਪਾਬੰਦੀ ਅਤੇ ਇਸਦੇ ਵਿਰੋਧ ਦਾ ਸਵਾਲ



ਬੂਟਾ ਸਿੰਘ
ਮਹਿਮੂਦਪੁਰ
94634-74342

ਜਸਵੰਤ ਸਿੰਘ ਖਾਲੜਾ ਦੀ ਜੀਵਨ-ਕਹਾਣੀ ’ਤੇ ਆਧਾਰਤ ਅਤੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਿਤ ਫ਼ਿਲਮ ‘ਸਤਲੁਜ’ ਨੂੰ ਓਟੀਟੀ ਪਲੈਟਫਾਰਮ ਤੋਂ ਹਟਾਏ ਜਾਣ ਨੇ ਕਾਲੇ ਦੌਰ ਵਿਚ ਖੁਰਦ-ਬੁਰਦ ਕੀਤੀਆਂ ਅਣਪਛਾਤੀਆਂ ਤੇ ਲਾਵਾਰਿਸ ਲਾਸ਼ਾਂ ਦੀ ਚਰਚਾ ਦੁਨੀਆ ਭਰ ਛੇੜ ਦਿੱਤੀ ਹੈ। ਇਹ ਲਾਸ਼ਾਂ ਭਾਰਤੀ ਹੁਕਮਰਾਨਾਂ ਵੱਲੋਂ ਗ਼ੈਰਅਦਾਲਤੀ ਕਤਲਾਂ ਦੇ ਉਸ ਵਿਆਪਕ ਸਿਲਸਿਲੇ ਦਾ ਚਿੰਨ੍ਹ ਹਨ ਜਿਸਨੂੰ ਮੁਲਕ ਦੀ ‘ਏਕਤਾ ਤੇ ਅਖੰਡਤਾ’ ਦੀ ਰਾਖੀ ਦੇ ਨਾਂ ਹੇਠ ਅੰਜਾਮ ਦਿੱਤਾ ਗਿਆ। ਚਾਰ ਸਾਲ ਮਨਜ਼ੂਰੀ ਲਈ ਲਟਕਾਈ ਰੱਖਣ ਅਤੇ ਸੈਂਸਰ ਬੋਰਡ ਦੇ ਅਧਿਕਾਰੀਆਂ ਦੇ ਆਦੇਸ਼ ਅਨੁਸਾਰ ਨਿਰਦੇਸ਼ਕ ਵੱਲੋਂ 127 ਦੇ ਕਰੀਬ ਕੱਟ ਲਗਾਏ ਜਾਣ ਤੋਂ ਬਾਅਦ ਵੀ ਜਦੋਂ ਸਿਨਮਾ ਘਰਾਂ ਵਿਚ ਦਿਖਾਉਣ ਲਈ ਮਨਜ਼ੂਰੀ ਨਾ ਦਿੱਤੀ ਗਈ ਤਾਂ ਆਖਿਰਕਾਰ ਪ੍ਰੋਡਿਊਸਰਾਂ ਵੱਲੋਂ ਫਿਲਮ ਓਟੀਟੀ ਪਲੈਟਫਾਰਮ ਜ਼ੀ5 ਉੱਪਰ ਚਲਾਈ ਗਈ ਸੀ। ਤਾਨਾਸ਼ਾਹ ਸੱਤਾ ਨੇ 48 ਘੰਟਿਆਂ ਦੇ ਅੰਦਰ ਹੀ ਫਿਲਮ ਇਸ ਬਹਾਨੇ ਉੱਥੋਂ ਹਟਵਾ ਦਿੱਤੀ ਕਿ ਇਸਨੂੰ ‘ਭਾਰਤ ਵਿਰੋਧੀ ਤਾਕਤਾਂ’ ਵਰਤਣਗੀਆਂ। ਸਿਰਫ਼ ਜ਼ੀ5 ਦੇ ਗਾਹਕਾਂ ਦੇ ਦੇਖਣ ਲਈ ਉਪਲਭਦ ਕਰਵਾਈ ਗਈ ਫਿਲਮ ਉੱਥੋਂ ਹਟਾ ਦਿੱਤੇ ਜਾਣ ਨਾਲ ਦੁਨੀਆ ਭਰ ’ਚ ਚਰਚਿਤ ਹੋ ਗਈ ਅਤੇ ਡਿਜ਼ੀਟਲ ਮੀਡੀਆ ਦੀ ਬਦੌਲਤ ਬੇਸ਼ੁਮਾਰ ਲੋਕ ਇਸਨੂੰ ਦੇਖ ਰਹੇ ਹਨ। ਪੰਜਾਬ ਵਿਚ ਬਹੁਤ ਸਾਰੇ ਥਾਈਂ ਲੋਕਾਂ ਨੇ ਪਾਬੰਦੀ ਦਾ ਜਵਾਬ ਸਾਂਝੀਆਂ ਥਾਵਾਂ ਨੂੰ ਓਪਨ-ਏਅਰ ਸਿਨੇਮਾ ਘਰ ਬਣਾ ਕੇ ਅਤੇ ਪ੍ਰੋਜੈਕਟਰਾਂ ਤੇ ਐੱਲ.ਈ.ਡੀ. ਉੱਪਰ ਫਿਲਮ ਜਨਤਕ ਤੌਰ ’ਤੇ ਦਿਖਾਕੇ ਦਿੱਤਾ ਹੈ ਅਤੇ ਹੋਰ ਰਾਜਾਂ ’ਚ ਵੀ ਇਸਦੀ ਜਨਤਕ ਸਕਰੀਨਿੰਗ ਕੀਤੀ ਜਾ ਰਹੀ ਹੈ। ਇਸ ਸਾਰਥਕ ਉਪਰਾਲੇ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਫਾਸ਼ੀਵਾਦੀ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਜਮਹੂਰੀ ਚੇਤਨਾ ’ਚ ਬਦਲਣ ਦੀ ਲੋੜ ਹੈ।

ਫਿਲਮ ਨੂੰ ਦਬਾਏ ਜਾਣ ਦੀ ਕਹਾਣੀ ਦੇ ਰੂਪ ’ਚ ਦੁਨੀਆ ਨੇ ਤਾਨਾਸ਼ਾਹ ਸਟੇਟ ਦਾ ਅਸਲ ਚਿਹਰਾ ਇਕ ਵਾਰ ਫਿਰ ਦੇਖ ਲਿਆ ਜਿਸਦੇ ਹੁਕਮਰਾਨ ਦਾਅਵਾ ਕਰਦੇ ਹਨ ਕਿ ਲੋਕਤੰਤਰ ਤਾਂ ਸਾਡੇ ਡੀ.ਐੱਨ.ਏ. ਵਿਚ ਹੈ। ਦਰਅਸਲ, ਇੱਥੇ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਨੂੰ ਛਾਂਗਣ ਅਤੇ ਬੇਅਸਰ ਬਣਾਉਣ ਲਈ ਸੈਂਸਰ ਬੋਰਡ ਸਮੇਤ ਧੜਵੈਲ ਤਾਨਾਸ਼ਾਹ ਤੰਤਰ ਬਣਾਇਆ ਗਿਆ ਹੈ, ਜੋ ਪੂਰੀ ਤਰ੍ਹਾਂ ਹਕੂਮਤ ਦੇ ਹਿਤਾਂ ਅਨੁਸਾਰ ਤੈਅ ਕਰਦਾ ਹੈ ਕਿ ਕਿਸ ਫਿਲਮ ਨੂੰ ਮਨਜ਼ੂਰੀ ਦੇਣੀ ਹੈ ਅਤੇ ਕਿਸ ਨੂੰ ਦਬਾਉਣਾ ਹੈ। ਫਿਲਮ ਦਾ ਮੂਲ ਨਾਂ ‘ਘੱਲੂਘਾਰਾ’ ਸੀ ਜਿਸਨੂੰ ਬਦਲਕੇ ਪਹਿਲਾਂ ‘ਪੰਜਾਬ ’95’ ਤੇ ਫਿਰ ‘ਸਤਲੁਜ’ ਕਰਨਾ ਪਿਆ ਅਤੇ ਸੈਂਸਰ ਬੋਰਡ ਦੇ ਅਧਿਕਾਰੀ ਆਪਣੇ ਵੱਲੋਂ ਹੀ ਮੰਗ ਕੀਤੀ ਕਾਂਟ-ਛਾਂਟ ਕਰ ਦਿੱਤੇ ਜਾਣ ਤੋਂ ਬਾਅਦ ਵੀ ਮਨਜ਼ੂਰੀ ਦੇਣ ਲਈ ਨਹੀਂ ਮੰਨੇ। ਕਿਉਂਕਿ ਉਨ੍ਹਾਂ ਦੀ ਬਦਨੀਅਤ ਤਾਂ ਇਹ ਸੀ ਕਿ ਕਥਿਤ ਇਤਰਾਜ਼ਯੋਗ ਨੁਕਤੇ ਉਠਾਉਣ ਦੀ ਲਗਾਤਾਰ ਕਵਾਇਦ ਰਾਹੀਂ ਫਿਲਮ ਨੂੰ ਦਬਾਉਣਾ ਹੈ।

ਫਿਲਮ ਖ਼ਾਲਸਤਾਨੀ ਲਹਿਰ ਦੇ ਦੌਰ ਵਿਚ ਜਸਵੰਤ ਸਿੰਘ ਖਾਲੜਾ ਦੇ ਲਾਵਾਰਿਸ ਤੇ ਅਣਪਛਾਤੀਆਂ ਦੱਸਕੇ ਸਾੜੀਆਂ ਲਾਸ਼ਾਂ ਅਤੇ ਅਗਵਾ ਕਰਕੇ ਲਾਪਤਾ ਕਰ ਦਿੱਤੇ ਗਏ ਲੋਕਾਂ ਬਾਰੇ ਖੋਜ ਕਰਨ ਦੇ ਸੰਘਰਸ਼ ’ਤੇ ਅਧਾਰਤ ਹੈ ਜਿਸਦਾ ਮੁੱਲ ਉਸਨੂੰ ਖ਼ੁਦ ਵੀ ਲਾਸ਼ ਬਣਕੇ ਚੁਕਾਉਣਾ ਪਿਆ। ਹਜ਼ਾਰਾਂ ਲਾਪਤਾ ਵਿਅਕਤੀਆਂ ਦੀ ਫਿਹਰਿਸਤ ਵਿਚ ਇਕ ਨਾਂ ਹੋਰ ਜੁੜ ਗਿਆ ਜਿਨ੍ਹਾਂ ਨੂੰ ਪੁਲਿਸ ਨੇ ਦਿਨ-ਦਿਹਾੜੇ ਆਮ ਲੋਕਾਂ ਦੇ ਸਾਹਮਣੇ ਅਗਵਾ ਕੀਤਾ ਅਤੇ ਮਾਰਕੇ ਖਪਾ ਦਿੱਤੇ। ਝੂਠੇ (ਕੁਝ ਸੱਚੇ) ਮੁਕਾਬਲਿਆਂ, ਹਿਰਾਸਤੀ ਕਤਲਾਂ ਅਤੇ ਅਗਵਾ ਕਰਕੇ ਲਾਪਤਾ ਕਰ ਦਿੱਤੇ ਜਾਣ ਵਰਗੇ ਅਣਗਿਣਤ ਰੂਪਾਂ ’ਚ ਸਟੇਟ ਵੱਲੋਂ ਆਪਣੇ ਹੀ ਨਾਗਰਿਕਾਂ ਨੂੰ ਲਾਸ਼ਾਂ ਬਣਾ ਦੇਣ ਦਾ ਇਹ ਵਰਤਾਰਾ ਉੱਤਰ ਵਿਚ ਜੰਮੂ-ਕਸ਼ਮੀਰ ਤੇ ਪੰਜਾਬ ਤੋਂ ਲੈ ਕੇ ਕੇਂਦਰੀ ਭਾਰਤ, ਉੱਤਰ-ਪੂਰਬੀ ਰਾਜਾਂ ਅਤੇ ਧੁਰ ਦੱਖਣ ਤੱਕ ਦੇਖਿਆ ਜਾ ਸਕਦਾ ਹੈ। ਹਕੂਮਤੀ ਦਹਿਸ਼ਤਗਰਦੀ ਦਾ ਬੋਲਬਾਲਾ ਸਮਾਜ ਵਿਚ ਜ਼ੁਬਾਨਬੰਦੀ ਦਾ ਕੰਮ ਕਰਦਾ ਹੈ ਅਤੇ ‘ਸ਼ਾਂਤੀ’ ਬਹਾਲ ਕਰਨ ਤੇ ਪੁਲਿਸ/ਸੁਰੱਖਿਆ ਬਲਾਂ/ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਨਿਆਂ ਲਈ ਕਾਨੂੰਨੀ ਚਾਰਾਜੋਈ ਦਾ ਮਾਮੂਲੀ ਹੱਕ ਖੋਹ ਲੈਣਾ ਆਮ ਗੱਲ ਹੈ। ਜੇਕਰ ਕੁਝ ਕੇਸਾਂ ਵਿਚ ਸਰਕਾਰਾਂ ਨੂੰ ਨਿਆਂਕਾਰੀ ਰਾਜ ਦਾ ਭਰਮ ਬਣਾਈ ਰੱਖਣ ਲਈ ਜਾਂਚ ਕਰਾਉਣ ਅਤੇ ਕਾਨੂੰਨੀ ਕਾਰਵਾਈ ਦਾ ਅੱਕ ਚੱਬਣਾ ਵੀ ਪੈ ਜਾਵੇ, ਜਿਵੇਂ ਖਾਲੜਾ ਦੀ ਖੋਜ ਦੇ ਆਧਾਰ ’ਤੇ ਸੀ.ਬੀ.ਆਈ. ਕੋਲੋਂ ਜਾਂਚ ਕਰਵਾਈ ਗਈ, ਉਸਨੂੰ ਵੀ ਮੁਕੱਦਮੇਬਾਜ਼ੀ ਦੇ ਲੰਮੇ ਚੱਕਰਾਂ ਦੌਰਾਨ ਸਟੇਟ ਦੀ ਤਾਕਤ ਵਰਤਕੇ ਸਿਲਸਿਲੇਵਾਰ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਜਾਂਦਾ ਹੈ। ਘਿਣਾਉਣੇ ਜੁਰਮਾਂ ਦੇ ਮੁਕਾਬਲੇ ਸਜ਼ਾਵਾਂ ਮਾਮੂਲੀ ਹੁੰਦੀਆਂ ਹਨ। ਇਹ ਮਾਮੂਲੀ ਸਜ਼ਾਵਾਂ ਵੀ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਹੀ ਹੁੰਦੀਆਂ ਹਨ ਜਦਕਿ ਜਿਨ੍ਹਾਂ ਹਾਕਮਾਂ/ਸੱਤਾਧਾਰੀ ਪਾਰਟੀ ਅਤੇ ਸਿਖ਼ਰਲੇ ਅਧਿਕਾਰੀਆਂ ਦੇ ਹੁਕਮਾਂ ’ਤੇ ਇਹ ਸਭ ਕੁਝ ਕੀਤਾ ਜਾਂਦਾ ਹੈ ਉਨ੍ਹਾਂ ਦੀ ਜਵਾਬਦੇਹੀ ਕਦੇ ਵੀ ਨਹੀਂ ਹੁੰਦੀ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣ ਜਾਵੇ। ਖਾਲੜਾ ਕੇਸ ਨਾਲ ਸੰਬੰਧਤ ਜਸਪਾਲ ਸਿੰਘ ਵਰਗੇ ਸਜ਼ਾਯਾਫ਼ਤਾ ਮੁਜਰਮਾਂ ਦਾ ਸਰਕਾਰਾਂ ਦੀ ਮਿਲੀਭੁਗਤ ਨਾਲ ਅੰਤ੍ਰਿਮ ਜ਼ਮਾਨਤ ਲੈ ਕੇ ਲਾਪਤਾ ਹੋਣਾ ਇਸਦੀ ਮਿਸਾਲ ਹੈ। ਖਾਲੜਾ ਦੇ ਕਤਲ ਨੂੰ ਜਸਪਾਲ ਸਿੰਘ ਨਾਲ ਨਿੱਜੀ ਦੁਸ਼ਮਣੀ ਦਾ ਕੇਸ ਬਣਾ ਕੇ ਪੇਸ਼ ਕੀਤਾ ਗਿਆ ਅਤੇ ਉਸਨੂੰ ਨੇਕ ਚਾਲ-ਚੱਲਣ ਵਾਲਾ ਕੈਦੀ ਦਰਸਾ ਕੇ ਜੇਲ੍ਹ ਵਿੱਚੋਂ ਬਾਹਰ ਲਿਆ ਕੇ ਗਾਇਬ ਕਰ ਦਿੱਤਾ ਗਿਆ।


ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਫਿਲਮ 1980-90ਵਿਆਂ ਦੇ ਕਾਲੇ ਦੌਰ ਦੇ ਹਕੂਮਤੀ ਦਹਿਸ਼ਤਗਰਦੀ ਦੇ ਵਰਤਾਰੇ ਨੂੰ ਖ਼ਾਸ ਕੋਣ ਤੋਂ ਪੇਸ਼ ਕਰਦੀ ਹੈ। ਇਹ ਸਰਕਾਰਾਂ ਅਤੇ ਸਟੇਟ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰਦੀ ਜਿਨ੍ਹਾਂ ਦੀ ਬੁਨਿਆਦੀ ਨੀਤੀ ਹੀ ਅਜੋਕੇ ਰਾਜ ਪ੍ਰਬੰਧ ਦੀਆਂ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਵੱਲੋਂ ਪੈਦਾ ਕੀਤੇ ਮਸਲਿਆਂ ਨੂੰ ਅਮਨ-ਕਾਨੂੰਨ ਦੇ ਮਸਲੇ ਕਰਾਰ ਦੇ ਕੇ ਦਬਾਉਣ ਅਤੇ ਜਾਬਰ ਤਾਕਤ ਨਾਲ ਕੁਚਲਣ ਦੀ ਹੈ। ਕੁਲ-ਮਿਲਾਕੇ ਫਿਲਮ ਇਹ ਪ੍ਰਭਾਵ ਦਿੰਦੀ ਹੈ ਕਿ ਉਸ ਦੌਰ ਵਿਚ ਹੋਏ ਖ਼ੌਫ਼ਨਾਕ ਕਤਲੇਆਮ ਲਈ ਦੋਸ਼ੀ ਕੁਝ ਪੁਲਿਸ ਅਧਿਕਾਰੀ ਸਨ ਜਿਨ੍ਹਾਂ ਨੇ ਕਾਨੂੰਨ ਨੂੰ ਦਰਕਿਨਾਰ ਕਰਕੇ ਨੌਜਵਾਨਾਂ ਦਾ ਘਾਣ ਕੀਤਾ। ਫਿਲਮ ਬਣਾਉਣ ਵਾਲਿਆਂ ਦਾ ਸਪਸ਼ਟ ਨਜ਼ਰੀਆ ਹੈ ਕਿ ਰਾਜ ਢਾਂਚਾ ਤਾਂ ਨਿਆਂਪਸੰਦ ਹੈ ਜਿਸਨੇ ਸਾਹਮਣੇ ਆਈਆਂ ਗ਼ੈਰਕਾਨੂੰਨੀ ਹੱਤਿਆਵਾਂ ਅਤੇ ਲਾਪਤਾ ਕੇਸਾਂ ਦੀ ਸੀ.ਬੀ.ਆਈ. ਕੋਲੋਂ ਜਾਂਚ ਕਰਵਾਕੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ। ਫਿਲਮ ਵਿਚ ਸੀ.ਬੀ.ਆਈ. ਨਿਆਂ ਦਿਵਾਉਣ ਵਾਲੀ ਸੰਸਥਾ ਵਜੋਂ ਪੇਸ਼ ਹੈ। ਪਿਛਲੇ ਸਾਲ ਕੁਨਾਲ ਕਾਮਰਾ ਨਾਲ ਇੰਟਰਵਿਊ ਵਿਚ ਹਨੀ ਤ੍ਰੇਹਨ ਸਪਸ਼ਟ ਕਹਿੰਦੇ ਹਨ ਕਿ ਉਹ ‘ਇਹ ਨਹੀਂ ਕਹਿ ਰਿਹਾ ਕਿ ਸਿਸਟਮ ਖ਼ਰਾਬ ਹੈ, ਹਰ ਸਿਸਟਮ ਵਿਚ ਦੋ-ਤਿੰਨ ਖ਼ਰਾਬ ਲੋਕ ਤਾਂ ਮਿਲ ਹੀ ਜਾਂਦੇ ਹਨ। ਇਹ ਉਨ੍ਹਾਂ ਪੰਜ-ਛੇ ਪੁਲਿਸ ਅਧਿਕਾਰੀਆਂ ਬਾਰੇ ਕਹਾਣੀ ਹੈ ਜਿਨ੍ਹਾਂ ਨੇ ਅਗਵਾ ਕੀਤਾ, ਕਾਨੂੰਨ ਦੀ ਅਦਾਲਤ ਨੇ ਮਿਸਟਰ ਖਾਲੜਾ ਨਾਲ ਨਿਆਂ ਕੀਤਾ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ।’ ਹਨੀ ਤ੍ਰੇਹਨ ਨੂੰ ਇਸ ਗੱਲ ਦਾ ਦੁੱਖ ਹੈ ਕਿ ਫਿਲਮ ਸਿਸਟਮ ਦੇ ਪੱਖ ਵਿਚ ਹੋਣ ਦੇ ਬਾਵਜੂਦ ਇਸਨੂੰ ਮਨਜ਼ੂਰੀ ਨਹੀਂ ਦਿੱਤੀ ਗਈ।

ਇਸ ਨਜ਼ਰੀਏ ਦੇ ਬਾਵਜੂਦ ਜੇਕਰ ਫਿਰ ਵੀ ‘ਅਮਨ-ਕਾਨੂੰਨ ਦਾ ਮਾਹੌਲ ਵਿਗੜਨ’ ਅਤੇ ‘ਭਾਰਤ ਵਿਰੁੱਧ ਭਾਵਨਾਵਾਂ ਭੜਕਣ’ ਦਾ ਹਊਆ ਦਿਖਾ ਕੇ ਇਹ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਗਈ ਤਾਂ ਇਹ ਹੈਰਾਨੀਜਨਕ ਨਹੀਂ ਹੈ। ਇਸਦਾ ਸਾਫ਼-ਸਾਫ਼ ਮਤਲਬ ਇਹ ਹੈ ਕਿ ਹੁਕਮਰਾਨ ਜਮਾਤ ਚਾਹੁੰਦੀ ਹੈ ਕਿ ਕਲਾ-ਕਿਰਤਾਂ ਦੇ ਮਾਧਿਅਮ ਦੁਆਰਾ ਵੀ ਕੋਈ ਅਜਿਹੀ ਚਰਚਾ ਨਾ ਚੱਲੇ ਜੋ ਸਟੇਟ ਦੇ ਉਪਰੋਕਤ ਕਾਰਿਆਂ ਬਾਰੇ ਕਿਸੇ ਵੀ ਰੂਪ ’ਚ ਸਵਾਲ ਉਠਾਉਣ ਦੀ ਗੁੰਜਾਇਸ਼ ਪੈਦਾ ਕਰਦੀ ਹੋਵੇ। ਬੀਤੇ ਦੇ ਖ਼ੌਫ਼ਨਾਕ ਜਬਰ ਨੂੰ ਦਰਸ਼ਕ ਅਜੋਕੇ ਨਿਜ਼ਾਮ ਨਾਲ ਜੋੜਕੇ ਦੇਖਣਗੇ ਤਾਂ ਬੀਤੇ ਦੇ ਕਰੂਰ ਨਕਸ਼ ਉਨ੍ਹਾਂ ਨੂੰ ਸਮਕਾਲੀ ਹਕੂਮਤ ’ਚ ਨਜ਼ਰ ਆਉਣਗੇ। ਇਸੇ ਕਰਕੇ, ਉਹ ਚਾਹੁੰਦੇ ਹਨ ਕਿ ਇਹ ਸਭ ਲੋਕਾਈ ਦੇ ਚੇਤਿਆਂ ’ਚੋਂ ਹਮੇਸ਼ਾ ਲਈ ਮਿਟ ਜਾਵੇ। ਖ਼ਾਸ ਕਰਕੇ, ਭਗਵਾ ਸਰਕਾਰ ਤਾਂ ਚਾਹੁੰਦੀ ਹੈ ਕਿ ਸਿਰਫ਼ ਤੇ ਸਿਰਫ਼ ਇਸਦੇ ਭਗਵਾ ਰਾਸ਼ਟਰਵਾਦੀ ਰਾਜਨੀਤਕ ਪ੍ਰੋਜੈਕਟ ਅਤੇ ਬਗ਼ਾਵਤਾਂ ਨੂੰ ਦਬਾਉਣ ਦੀ ਬੇਕਿਰਕ ਨੀਤੀ ਦੀ ਤਾਰੀਫ਼ ਕਰਦੀਆਂ ਪ੍ਰਾਪੇਗੰਡਾ ਫਿਲਮਾਂ ਹੀ ਦਰਸ਼ਕਾਂ ਨੂੰ ਪਰੋਸੀਆਂ ਜਾਣ। ਜਾਂ ਅਜਿਹੀਆਂ ਫਿਲਮਾਂ ਹੀ ਪਾਸ ਹੋਣ ਦਿੱਤੀਆਂ ਜਾਣ ਜਿਨ੍ਹਾਂ ਵਿਚ ਹੁਕਮਰਾਨ ਧਿਰ ਦੇ ਹਿਤ ਵਿਚ ਭੁਗਤਣ ਦੀ ਗੁੰਜਾਇਸ਼ ਹੋਵੇ।

ਚਾਹੇ ਸੈਂਸਰ ਬੋਰਡ ਹੈ, ਜੋ ਕਿ ਕਹਿਣ ਨੂੰ ਹੀ ਆਜ਼ਾਦ ਹੈ, ਜਾਂ ਇਸਦਾ ਰਾਜਕੀ ਬੌਸ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਅਤੇ ਕੇਂਦਰ ਸਰਕਾਰ, ਇਨ੍ਹਾਂ ਸਭ ਦੇ ਦੋਹਰੇ ਮਿਆਰਾਂ ਬਾਰੇ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇਗਾ ਜੋ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਤਹਿਤ ਬਣਾਈਆਂ ਜਾਂਦੀਆਂ ਪ੍ਰਾਪੇਗੰਡਾ ਤਰਜ਼ ਦੀਆਂ ਫਿਲਮਾਂ ਨੂੰ ਸਰਕਾਰੀ ਤੌਰ ’ਤੇ ਪ੍ਰੋਮੋਟ ਕਰਦੇ ਹਨ। ਸੈਂਸਰ ਬੋਰਡ ਦੇ ਅਧਿਕਾਰੀ ਰਾਸ਼ਟਰਵਾਦੀ ਜਨੂੰਨ, ਧਾਰਮਿਕ ਹੰਕਾਰਵਾਦ ਨਾਲ ਗੜੁੱਚ ‘ਦੀ ਕਸ਼ਮੀਰ ਫ਼ਾਈਲਜ਼’, ‘ਕੇਰਲਾ ਫ਼ਾਈਲਜ਼’, ‘ਧੁਰੰਦਰ’ ਵਰਗੇ ਘਿਣਾਉਣੇ ਪ੍ਰਚਾਰ ਨੂੰ ਬਿਨਾਂ ਕਿੰਤੂ-ਪ੍ਰੰਤੂ ਮਨਜ਼ੂਰੀ ਦਿੰਦੇ ਹਨ ਪਰ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ਅੱਗੇ ਡੰਡੌਤ ਕਰਦਿਆਂ ‘ਸਤਲੁਜ’ ਦੇ ਨਿਰਦੇਸ਼ਕ ਨੂੰ ਆਦੇਸ਼ ਦਿੰਦੇ ਹਨ ਕਿ ਫਿਲਮ ਦਾ ਨਾਂ ਬਦਲੋ, ਹਕੀਕਤ ਵਿਚ ਵਾਪਰੇ ਨੂੰ ਅਸਲੀ ਨਾਂ ਨਾਲ ਪੇਸ਼ ਕਰਨ ਦੀ ਬਜਾਏ ਕਾਲਪਨਿਕ ਕਹਾਣੀ ਦੇ ਰੂਪ ਦਿਖਾਓ, ਸਟੇਟ ਅਤੇ ਭਾਰਤ ਦੇ ਝੰਡੇ ਵਰਗੇ ਚਿੰਨ੍ਹਾਂ ਦਾ ਜ਼ਿਕਰ ਨਾ ਕਰੋ ਅਤੇ ਫਲਾਣੇ-ਫਲਾਣੇ ਹਿੱਸੇ ਨੂੰ ਹਟਾ ਦਿਓ। ਆਪਣੀ ਮਨਪਸੰਦ ਕੱਟਵੱਢ ਕਰਵਾ ਕੇ ਵੀ ਉਹ ਕਲੀਰੈਂਸ ਨਹੀਂ ਦਿੰਦੇ।

ਚੰਗੀ ਗੱਲ ਇਹ ਹੈ ਕਿ ਫਿਲਮ ਨੂੰ ਹਟਾਏ ਜਾਣ ਦਾ ਪੰਜਾਬ ਵਿਚ ਤਾਂ ਤਿੱਖਾ ਵਿਰੋਧ ਹੋਇਆ ਹੀ ਹੈ। ਬਾਕੀ ਭਾਰਤ ਦੇ ਫਿਲਮ ਤੇ ਕਲਾ ਖੇਤਰ ਨਾਲ ਵਾਬਸਤਾ ਹਿੱਸਿਆਂ ਸਮੇਤ ਹਰ ਖੇਤਰ ਦੇ ਨਿਆਂਪਸੰਦ ਲੋਕਾਂ ਨੇ ਵੀ ਇਸਦਾ ਗੰਭੀਰ ਨੋਟਿਸ ਲਿਆ ਹੈ। ਇਸ ਫਿਲਮ ਨੂੰ ਹਟਾਉਣ ਦਾ ਇਕ ਫ਼ਾਇਦਾ ਇਹ ਹੋਇਆ ਹੈ ਕਿ ਇਸ ਤਰ੍ਹਾਂ ਇਹ ਭਾਰਤ ਦੇ ਹੋਰ ਹਿੱਸਿਆਂ ਦੇ ਲੋਕਾਂ ਨੇ ਵੀ ਦੇਖ ਲਈ। ਉਨ੍ਹਾਂ ਨੂੰ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਸਮਝਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੇ ਹੁਣ ਤੱਕ ਪੰਜਾਬ ਦੇ ਉਸ ਦੌਰ ਨੂੰ ‘ਮੁੱਖਧਾਰਾ’ ਦੇ ਰਾਸ਼ਟਰਵਾਦੀ ਬਿਰਤਾਂਤ ਰਾਹੀਂ ਹੀ ਜਾਣਿਆ-ਸਮਝਿਆ ਹੈ। ਦੇਸ਼-ਬਦੇਸ਼ ਵਿਚ ਪਾਬੰਦੀ ਦੀ ਜ਼ੋਰਦਾਰ ਨਿਖੇਧੀ ਹੋ ਰਹੀ ਹੈ।

ਦੂਜੇ ਪਾਸੇ, ਮੌਕਾਪ੍ਰਸਤ ਹਾਕਮ ਜਮਾਤੀ ਸਿਆਸਤ ਇਸਦਾ ਰਾਜਨੀਤਕ ਲਾਹਾ ਲੈਣ ਲਈ ਸਿਰਤੋੜ ਯਤਨ ਕਰ ਰਹੀ ਹੈ। ਡੇਢ ਦਹਾਕਾ ਪੰਜਾਬ ਦੇ ਲੋਕਾਂ ਉੱਪਰ ਡੰਡੇ ਦਾ ਰਾਜ ਚਲਾਉਣ ਵਾਲੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਖ਼ੁਦ 2013 ’ਚ ‘ਸਾਡਾ ਹੱਕ’ ਫਿਲਮ ਉੱਪਰ ਪਾਬੰਦੀ ਲਾਈ ਸੀ। ‘ਸਾਡਾ ਹੱਕ’ ਨੂੰ ਤਾਂ ਸੈਂਸਰ ਬੋਰਡ ਨੇ ਵੀ ਮਨਜ਼ੂਰੀ ਦੇ ਦਿੱਤੀ ਸੀ, ਪਰ ਤਤਕਾਲੀ ਮੁੱਖ ਮੰਤਰੀ ਬਾਦਲ ਨੇ ਜਥੇਦਾਰ ਟੌਹੜਾ ਦੀ 9ਵੀਂ ਬਰਸੀ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਪਣੀ ਸਰਕਾਰ ਵੱਲੋਂ ਲਾਈ ਪਾਬੰਦੀ ਨੂੰ ਇਹ ਕਹਿਕੇ ਜਾਇਜ਼ ਠਹਿਰਾਇਆ ਸੀ ਕਿ ‘ਰਾਜ ਵਿਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਬਣਾਈ ਰੱਖਣਾ ਸਾਡੀ ਤਰਜ਼ੀਹ ਹੈਅਸੀਂ ਨਹੀਂ ਚਾਹੁੰਦੇ ਕਿ ਫਿਲਮ ਸੂਬੇ ਦਾ ਫਿਰਕੂ ਮਾਹੌਲ ਖ਼ਰਾਬ ਕਰੇ’। ਉਸ ਮੌਕੇ ਐੱਸ.ਜੀ.ਪੀ.ਸੀ. ਦੀ ਭੂਮਿਕਾ ਵੀ ਗ਼ੌਰ ਕਰਨ ਵਾਲੀ ਹੈ ਜਿਸ ਵੱਲੋਂ ਬਣਾਏ ਪੰਜ ਮੈਂਬਰੀ ਪੈਨਲ ਨੇ ਫਿਲਮ ਦੇਖਕੇ ਪਾਸ ਕਰ ਦਿੱਤੀ ਸੀ। ਪਰ ਫਿਰ ਅਵਤਾਰ ਸਿੰਘ ਮੱਕੜ ਇਹ ਦਲੀਲ ਦੇਣ ਲੱਗ ਪਿਆ ਕਿ ਸਰਕਾਰ ਨੇ ਪਾਬੰਦੀ ਦਾ ਫ਼ੈਸਲਾ ‘ਅਮਨ-ਕਾਨੂੰਨ ਦੇ ਨਜ਼ਰੀਏ ਤੋਂ’ ਲਿਆ ਹੈ। ਹੁਣ ਅਗਲੇ ਸਾਲ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਨੂੰ ਦੇਖਦਿਆਂ ਬਾਦਲ ਦਲ ਸਿੱਖ ਭਾਈਚਾਰੇ ਅੰਦਰ ਮੌਜੂਦ ਭਾਰਤੀ ਰਾਜ ਦੀਆਂ ਜ਼ਿਆਦਤੀਆਂ ਵਿਰੋਧੀ ਭਾਵਨਾ ਦਾ ਰਾਜਨੀਤਕ ਲਾਹਾ ਲੈਣ ਲਈ ਤਰਲੋਮੱਛੀ ਹੋ ਰਿਹਾ ਹੈ। ਸੁਖਬੀਰ ਬਾਦਲ ਦੀ ਸੋਸ਼ਲ ਮੀਡੀਆ ਪੋਸਟ ਦੀ ਭਾਸ਼ਾ ਦੇਖੋ। ਹੁਣ ਇਨ੍ਹਾਂ ਨੂੰ ‘ਬੁੱਚੜ ਕਾਂਗਰਸੀ ਸਰਕਾਰ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ’ ਦੇ ‘ਦਰਦਨਾਕ ਸਾਕੇ ਦਾ ਇਤਿਹਾਸ’ ਚੇਤੇ ਆ ਗਿਆ ਹੈ ਅਤੇ ਸੁਖਬੀਰ ਬਾਦਲ ‘ਸ਼੍ਰੋਮਣੀ ਅਕਾਲੀ ਦਲ ਦੇ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਸਮੇਤ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਤੇ ਸਿੱਖ ਸਖਸ਼ੀਅਤਾਂ ਉੱਤੇ ਕਾਂਗਰਸ ਸਰਕਾਰ ਦੌਰਾਨ ਢਾਏ ਗਏ ਅਣਮਨੁੱਖੀ ਤਸ਼ੱਦਦ ਅਤੇ ਉਹਨਾਂ ਦੀ ਕੁਰਬਾਨੀ ਸਬੰਧੀ ਫ਼ ?ਲਮ ‘ਸਤਲੁਜ’ ਨੂੰ ਪੰਜਾਬ ਦੇ ਪਿੰਡ-ਪਿੰਡ ਵਿੱਚ






ਤੇ ਕੋਨੇ-ਕੋਨੇ ਵਿੱਚ ਦਿਖਾਉਣ' ਅਤੇ 'ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੌਮ ਉੱਤੇ ਢਾਏ ਗਏ ਜ਼ੁਲਮ ਤੋਂ ਚੰਗੀ ਤਰਾਂ ਜਾਣੂ ਕਰਵਾਉਣ' ਦੇ ਸੱਦੇ ਦੇ ਰਿਹਾ ਹੈ। ਐੱਸ.ਜੀ.ਪੀ.ਸੀ. ਵੀ ਪਾਬੰਦੀ ਵਿਰੁੱਧ ਰੋਸ ਪ੍ਰਗਟਾਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵਰਤਣ ਲਈ ਪੂਰੀ ਸਰਗਰਮ ਹੈ। ਅਕਾਲ ਤਖ਼ਤ ਦੇ ਐਕਟਿੰਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸੱਦੇ 'ਤੇ 14 ਜੁਲਾਈ ਨੂੰ ਹਰੀਕੇ ਪੱਤਣ ਵਿਖੇ 'ਇਤਿਹਾਸਕ ਅਰਦਾਸ' ਸਮਾਗਮ ਕੀਤਾ ਗਿਆ ਹੈ ਅਤੇ ਇਸ ਸਥਾਨ ਨੂੰ 'ਸ਼ਹੀਦੀ ਪੱਤਣ' ਵਜੋਂ ਯਾਦ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਸਭ ਲੁਕਵੇਂ ਰਾਜਨੀਤਕ ਏਜੰਡਿਆਂ ਤਹਿਤ ਕੀਤਾ ਜਾ ਰਿਹਾ ਹੈ। ਚਾਹੇ ਪੰਜਾਬ ਵਿਚ ਹਕੂਮਤ ਵੱਲੋਂ ਕਤਲ ਕੀਤੇ ਗਏ ਬੇਕਸੂਰ ਲੋਕਾਂ ਦੇ ਕਤਲੇਆਮ ਦਾ ਮਾਮਲਾ ਹੋਵੇ ਜਾਂ ਦਿੱਲੀ ਵਿਚ ਸਿੱਖ ਵਿਰੋਧੀ ਕਤਲੇਆਮ ਹੋਵੇ, ਸਭ ਨੂੰ ਪਤਾ ਹੈ ਕਿ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਪੰਥਕ ਹਿੱਤਾਂ ਲਈ ਲੜਨ ਦੀਆਂ ਦਾਅਵੇਦਾਰ ਰਾਜਨੀਤਕ ਤਾਕਤਾਂ ਅਤੇ ਧਾਰਮਿਕ ਕਹਾਉਂਦੀਆਂ ਐੱਸ.ਜੀ.ਪੀ.ਸੀ. ਵਰਗੀਆਂ ਸਿੱਖ ਸੰਸਥਾਵਾਂ ਉਨ੍ਹਾਂ ਨਾਲ ਕਿੰਨਾ ਕੁ ਖੜ੍ਹੀਆਂ ਅਤੇ ਕਿੰਨਾ ਕੁ ਲੜੀਆਂ ਹਨ। ਪੰਜਾਬ ਵਿਚ ਝਾੜੂ ਪਾਰਟੀ ਸਮੇਤ ਹੋਰ ਹਾਕਮ ਜਮਾਤੀ ਰਾਜਨੀਤਕ ਧੜੇ ਵੀ ਰਾਜਨੀਤਕ ਗਿਣਤੀਆਂ-ਮਿਣਤੀਆਂ ਕਰ ਰਹੇ ਹਨ ਕਿ ਇਸ ਮੁੱਦੇ ਦਾ ਲਾਹਾ ਲੈਣ ਲਈ ਕੀ ਸਟੈਂਡ ਲਿਆ ਜਾਵੇ ਅਤੇ ਇਸ ਮੁੱਦੇ ਬਾਰੇ ਕਿੰਨਾ ਕੁ, ਕਿਵੇਂ ਤੇ ਕਿਸ ਰੂਪ 'ਚ ਬੋਲਿਆ ਜਾਵੇ।

ਵਿਰੋਧ ਦਾ ਇਕ ਪੱਖ ਇਹ ਵੀ ਹੈ ਕਿ ਫਿਲਮ ਦੇ ਹਵਾਲੇ ਨਾਲ ਜਸਵੰਤ ਸਿੰਘ ਖਾਲੜਾ ਦੇ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਚੁਣਵੇਂ ਸਰੋਕਾਰ ਨੂੰ ਲੈ ਕੇ ਵੀ ਸਵਾਲ ਕੀਤੇ ਜਾ ਰਹੇ ਹਨ। ਇਤਿਹਾਸਕ ਤੱਥਾਂ ਦੇ ਮੱਦੇਨਜ਼ਰ ਇਹ ਸਵਾਲ ਬਿਲਕੁਲ ਵਾਜਬ ਹਨ ਕਿਉਂਕਿ ਖਾਲੜਾ ਨੇ ਜਿੱਥੇ ਲਾਵਾਰਿਸ ਲਾਸ਼ਾਂ ਦਾ ਰਿਕਾਰਡ ਤਿਆਰ ਕਰਕੇ ਸਟੇਟ ਦੀ ਜਵਾਬਦੇਹੀ ਤੈਅ ਕਰਨ ਲਈ ਤੱਥ-ਖੋਜ ਦਾ ਇਤਿਹਾਸਕ ਕਾਰਜ ਕੀਤਾ ਅਤੇ ਅਜਿਹਾ ਕਰਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ, ਉੱਥੇ ਉਸਨੇ ਖ਼ਾਲਸਤਾਨੀ ਧੜਿਆਂ ਵੱਲੋਂ ਪੰਜਾਬ ਵਿਚ ਹਿੰਦੂ ਫਿਰਕੇ ਦੇ ਲੋਕਾਂ, ਹੋਰ ਆਮ ਲੋਕਾਂ, ਖ਼ਾਲਸਤਾਨ ਲਹਿਰ ਨਾਲ ਅਸਹਿਮਤੀ ਰੱਖਣ ਵਾਲਿਆਂ, ਖ਼ਾਸ ਕਰਕੇ ਫਿਰਕੂ ਦਹਿਸ਼ਤਗਰਦ ਕਾਰਿਆਂ ਦਾ ਵਿਰੋਧ ਕਰਨ ਵਾਲਿਆਂ ਦੇ ਕਤਲਾਂ ਉੱਪਰ ਮਨੁੱਖੀ ਹੱਕਾਂ ਦੇ ਘਾਣ ਦਾ ਇਹੀ ਪੈਮਾਨਾ ਲਾਗੂ ਨਹੀਂ ਕੀਤਾ। ਇਸ ਪੱਖੋਂ ਖਾਲੜਾ ਦੇ ਕੀਤੇ ਕੰਮ ਅਤੇ ਉਸ ਦੌਰ ਵਿਚ ਮਨੁੱਖੀ ਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਦੀਆਂ ਦਾਅਵੇਦਾਰ ਸਾਰੀਆਂ ਹੀ ਤਾਕਤਾਂ ਦੀ ਭੂਮਿਕਾ ਦੀ ਚਰਚਾ ਹੋਣੀ ਚਾਹੀਦੀ ਹੈ। ਅਜਿਹਾ ਹੋਰ ਸਮਿਆਂ 'ਤੇ ਕਰਦੇ ਰਹਿਣਾ ਚਾਹੀਦਾ ਹੈ, ਅੱਜ ਅਜਿਹੀ ਚਰਚਾ 'ਚ ਉਲਝਕੇ ਵਿਰੋਧ ਨੂੰ ਪਾਬੰਦੀ ਵਿਰੁੱਧ ਕੇਂਦਰਤ ਰੱਖਣ ਤੋਂ ਧਿਆਨ ਨਹੀਂ ਭਟਕਾਉਣਾ ਚਾਹੀਦਾ। ਫਿਲਮ ਉੱਪਰ ਪਾਬੰਦੀ ਲਾਏ ਜਾਣ ਦੇ ਅਜੋਕੇ ਮਾਹੌਲ 'ਚ ਖਾਲੜਾ ਦੀ ਮਨੁੱਖੀ ਹੱਕਾਂ ਬਾਰੇ ਇਕਪਾਸੜ ਸਮਝ ਵਰਗੇ ਸਵਾਲ ਉਠਾਉਣ ਅਤੇ ਉਭਾਰਨ ਦੀ ਕੋਈ ਤੁਕ ਨਹੀਂ ਬਣਦੀ। ਇਸ ਸਮੇਂ ਮੁੱਖ ਸਰੋਕਾਰ ਫਾਸ਼ੀਵਾਦੀ ਸਰਕਾਰ ਵੱਲੋਂ ਵਿਚਾਰਾਂ ਦੀ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਕੇ ਕਲਮ ਤੇ ਕਲਾ ਨੂੰ ਦਰਬਾਰੀ ਬਣਾਉਣ ਲਈ ਕੀਤੇ ਜਾ ਰਹੇ ਹਮਲਿਆਂ ਦਾ ਵਿਰੋਧ ਕਰਨਾ ਅਤੇ ਇਸ ਦੇ ਖ਼ਿਲਾਫ਼ ਵਿਆਪਕ ਲੋਕ-ਰਾਇ ਉਸਾਰਨਾ ਹੋਣਾ ਚਾਹੀਦਾ ਹੈ।

ਕੁਝ ਲੋਕਾਂ ਵੱਲੋਂ ਇਹ ਮੁੱਦਾ ਬਹੁਤ ਉਭਾਰਿਆ ਜਾ ਰਿਹਾ ਹੈ ਕਿ ਖਾਲੜਾ ਵੱਲੋਂ ਲਾਪਤਾ ਸਿੱਖ ਨੌਜਵਾਨਾਂ ਦੀ ਜੋ ਗਿਣਤੀ 25000 ਦੱਸੀ ਗਈ, ਉਹ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤੀ ਗਈ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਖ਼ਾਲਸਤਾਨੀ ਗਰੁੱਪਾਂ ਵੱਲੋਂ ਮਾਰੇ ਗਏ ਹਿੰਦੂਆਂ ਤੇ ਹੋਰ ਬੇਕਸੂਰ ਲੋਕਾਂ ਦੀ ਗਿਣਤੀ ਦੀ ਵੀ ਗੱਲ ਹੋਣੀ ਚਾਹੀਦੀ ਹੈ। ਇਨ੍ਹਾਂ ਦੋਹਾਂ ਪਹਿਲੂਆਂ ਉੱਪਰ ਖੋਜ ਕਰਕੇ ਸਹੀ ਅੰਕੜੇ ਪੇਸ਼ ਕਰਨ ਲਈ ਕੋਈ ਵੀ ਵਿਅਕਤੀ ਆਜ਼ਾਦ ਹੈ। ਖ਼ਾਲਸਤਾਨੀ ਧੜਿਆਂ ਵੱਲੋਂ ਬੱਸਾਂ, ਟਰੇਨਾਂ ਅਤੇ ਜਨਤਕ ਥਾਵਾਂ ਉੱਪਰ ਬੇਕਸੂਰ ਲੋਕਾਂ ਨੂੰ ਗੋਲੀਆਂ ਦੀਆਂ ਬੌਛਾੜਾਂ ਜਾਂ ਬੰਬ ਧਮਾਕਿਆਂ ਨਾਲ ਉਡਾ ਦੇਣ ਦੀਆਂ ਬੇਸ਼ੁਮਾਰ ਮਿਸਾਲਾਂ ਹਨ। ਇਸੇ ਤਰ੍ਹਾਂ ਪਾਸ਼, ਜੈਮਲ ਸਿੰਘ ਪੱਡੇ ਵਰਗੇ ਕਵੀਆਂ, ਕਲਮਕਾਰਾਂ, ਪੱਤਰਕਾਰਾਂ ਅਤੇ ਕਮਿਊਨਿਸਟ ਆਗੂਆਂ ਤੇ ਹਮਾਇਤੀਆਂ ਨੂੰ ਕਤਲ ਕਰਨ ਦੀਆਂ ਸੈਂਕੜੇ ਮਿਸਾਲਾਂ ਹਨ। ਮੁੱਦਾ ਇਹ ਨਹੀਂ ਹੈ ਕਿ 25000 ਲੋਕ ਲਾਪਤਾ ਕਰ ਦਿੱਤੇ ਗਏ ਜਾਂ 5000, ਅਸਲ ਮੁੱਦਾ ਤਾਂ ਹਕੂਮਤ ਵੱਲੋਂ ਗ਼ੈਰਕਾਨੂੰਨੀ ਕਤਲੇਆਮ ਲਈ ਸਟੇਟ ਤੇ ਹੁਕਮਰਾਨਾਂ ਦੀ ਜਵਾਬਦੇਹੀ ਦਾ ਹੈ। ਜੇਕਰ ਕੋਈ ਇਹ ਸਮਝਦਾ ਹੈ ਕਿ ਪੁਲਿਸ ਵੱਲੋਂ 2000 ਦੇ ਕਰੀਬ ਵਿਅਕਤੀ ਹੀ ਅਗਵਾ ਕਰਕੇ ਲਾਪਤਾ ਕੀਤੇ ਗਏ, ਤਾਂ ਇਹ ਗਿਣਤੀ ਵੀ ਭਾਰਤ ਦੇ ਹੁਕਮਰਾਨਾਂ ਅਤੇ ਸਟੇਟ ਤੋਂ ਪੰਜਾਬ ਵਿਚ 'ਸ਼ਾਂਤੀ' ਬਹਾਲ ਕਰਨ ਦੇ ਨਾਂ ਹੇਠ ਅੰਜਾਮ ਦਿੱਤੇ ਗ਼ੈਰਕਾਨੂੰਨੀ ਕਤਲੇਆਮ ਦੀ ਜਵਾਬਦੇਹੀ ਦੀ ਮੰਗ ਕਰਨ ਲਈ ਠੋਸ ਤੇ ਵਾਜਬ ਆਧਾਰ ਬਣਦੀ ਹੈ। 1500 ਲਾਸ਼ਾਂ ਦੀ ਪਛਾਣ ਤਾਂ ਖ਼ੁਦ ਸੀ.ਬੀ.ਆਈ. ਦੀ ਜਾਂਚ ਵਿਚ ਕੀਤੀ ਗਈ ਹੈ। ਇਹ ਆਪਣੇ ਆਪ ਵਿਚ ਹੀ ਮਨੁੱਖੀ ਹੱਕਾਂ ਦੇ ਵਿਆਪਕ ਘਾਣ ਦੀ ਤਸਵੀਰ ਪੇਸ਼ ਕਰਦੀ ਹੈ।

'ਸਤਲੁਜ' ਫਿਲਮ ਦੀ ਕਹਾਣੀ ਉਸ ਸਮੇਂ ਦੀ ਹਕੀਕਤ ਨੂੰ ਕਿੰਨਾ ਕੁ ਬਿਆਨ ਕਰਦੀ ਹੈ ਅਤੇ ਕਿਸ ਨਜ਼ਰੀਏ ਤੋਂ ਕਰਦੀ ਹੈ, ਇਸ ਬਾਰੇ ਵੀ ਬਹੁਤ ਸਾਰੇ ਕਿੰਤੂ-ਪ੍ਰੰਤੂ ਹੋ ਸਕਦੇ ਹਨ। ਪੰਜਾਬ ਦੇ ਲੋਕਾਂ ਨੇ ਹਕੂਮਤੀ ਦਹਿਸ਼ਤਗਰਦੀ ਅਤੇ ਖ਼ਾਲਸਤਾਨੀ ਗਰੁੱਪਾਂ ਵੱਲੋਂ ਕੀਤੀ ਕਤਲੋਗ਼ਾਰਤ ਦਾ ਸੰਤਾਪ ਆਪਣੇ ਪਿੰਡਿਆਂ 'ਤੇ ਹੰਢਾਇਆ ਹੈ। ਉਹ ਆਪਣੀ ਰਾਇ ਬਣਾ ਸਕਦੇ ਹਨ ਕਿ ਫਿਲਮ ਕਿੰਨੀ ਕੁ ਹਕੀਕਤਮੁਖੀ ਹੈ। ਹਰ ਕਿਸੇ ਨੂੰ ਆਪਣੇ ਨਜ਼ਰੀਏ ਅਨੁਸਾਰ ਘਟਨਾਵਾਂ ਨੂੰ ਫਿਲਮੀ ਰੂਪ 'ਚ ਪੇਸ਼ ਕਰਨ ਦਾ ਹੱਕ ਹੈ। ਪਰ ਕਿਸੇ ਵੱਲੋਂ ਵੀ ਤੱਥਾਂ ਦੀ ਕਿਸੇ ਵੀ ਤੋੜ-ਮਰੋੜ, ਤੱਥਾਂ ਦੀ ਅਧੂਰੀ ਜਾਂ ਗ਼ਲਤ ਪੇਸ਼ਕਾਰੀ ਦਾ ਜਵਾਬ ਪਾਬੰਦੀ ਲਾਉਣ ਦੀ ਹਮਾਇਤ ਕਰਨਾ ਨਹੀਂ ਹੋਣਾ ਚਾਹੀਦਾ ਸਗੋਂ ਅਜਿਹੇ ਬਿਰਤਾਂਤਾਂ ਬਾਰੇ ਜਨਤਕ ਜਾਗਰੂਕਤਾ ਵਧਾਉਣਾ ਹੋਣਾ ਚਾਹੀਦਾ ਹੈ। ਇਨ੍ਹਾਂ ਸਵਾਲਾਂ ਦੇ ਬਹਾਨੇ ਹਕੂਮਤ ਨੂੰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਹੁਕਮਰਾਨ ਜਮਾਤ ਜਵਾਬਦੇਹੀ ਤੋਂ ਬਚਣ ਲਈ ਬੀਤੇ ਦੇ ਜ਼ੁਲਮਾਂ ਦੇ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ ਹੈ। ਲੋਕਪੱਖੀ ਤਾਕਤਾਂ ਇਤਿਹਾਸ ਨੂੰ ਸਮਕਾਲ ਦੇ ਲੋਕ ਵਿਰੋਧੀ ਹਕੂਮਤੀ ਮਨਸੂਬਿਆਂ ਵਿਰੁੱਧ ਸਮਾਜਿਕ ਚੇਤਨਾ ਵਧਾਉਣ ਲਈ ਇਸ ਨੂੰ ਵਰਤੋਂ 'ਚ ਲਿਆਉਂਦੀਆਂ ਹਨ ਅਤੇ ਉਨ੍ਹਾਂ ਤੋਂ ਸਬਕ ਲੈਂਦੀਆਂ ਹਨ। ਚਾਹੇ ਫਿਲਮਾਂ ਹਨ ਜਾਂ ਹੋਰ ਕਲਾ ਵਿਧਾਵਾਂ, ਹਕੂਮਤੀ ਰੋਕਾਂ ਨੂੰ ਨਾਕਾਮ ਬਣਾਉਣ ਲਈ ਬਦਲਵੇਂ ਸਾਧਨ ਅਤੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਹੋਣਗੇ। ਫਿਲਮ ਉੱਪਰ ਲਗਾਈ ਪਾਬੰਦੀ ਹਟਾਏ ਜਾਣ ਦੀ ਮੰਗ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਦੇ ਜਮਹੂਰੀ ਤਕਾਜ਼ੇ ਚੋਂ ਵਿਆਪਕ ਪੱਧਰ 'ਤੇ ਉਠਾਈ ਜਾਣੀ ਚਾਹੀਦੀ ਹੈ। ਇਸ ਨੂੰ ਸੱਤਾ ਵੱਲੋਂ ਪ੍ਰਗਟਾਵੇ ਦੇ ਹਰ ਰੂਪ ਉੱਪਰ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਜਮਹੂਰੀ ਸਪੇਸ ਦੀ ਰਾਖੀ ਲਈ ਸੰਘਰਸ਼ ਦੀ ਚੇਤਨਾ ਤੱਕ ਉੱਚਾ ਚੁੱਕਣਾ ਚਾਹੀਦਾ ਹੈ।

# ਰਾਮ ਨਾਰਾਇਣ ਕੁਮਾਰ: ਉਹ ਸ਼ਖ਼ਸ ਜਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਰਾਹ ਦਿਖਾਇਆ


## *ਹਿਰਾਸਤੀ ਕਤਲਾਂ ਅਤੇ ਲਾਪਤਾ ਕੀਤੇ ਗਏ ਲੋਕਾਂ ਦਾ ਰਿਕਾਰਡ ਤਿਆਰ ਕਰਨ ਵਾਲਾ ਅਣਥੱਕ ਕਾਮਾ*

**-ਜੁਪਿੰਦਰਜੀਤ ਸਿੰਘ**

ਫ਼ਿਲਮ 'ਸਤਲੁਜ' ਨੂੰ ਲੈ ਕੇ ਉੱਠੇ ਵਿਵਾਦ ਤੋਂ ਬਾਅਦ ਜਦੋਂ ਪੰਜਾਬ ਇੱਕ ਵਾਰ ਫਿਰ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਕੰਮ ਨੂੰ ਯਾਦ ਕਰ ਰਿਹਾ ਹੈ, ਤਾਂ ਉਸ ਸ਼ਖ਼ਸ ਦਾ ਨਾਮ ਲਗਭਗ ਜਨਤਕ ਚੇਤਿਆਂ ਵਿੱਚੋਂ ਗੁੰਮ ਹੋ ਚੁੱਕਾ ਹੈ ਜਿਸ ਨੇ ਖਾਲੜਾ ਦਾ ਮਾਰਗ-ਦਰਸ਼ਨ ਕੀਤਾ ਅਤੇ ਉਨ੍ਹਾਂ ਦੇ ਮਿਸ਼ਨ ਨੂੰ ਰੂਪ ਦਿੱਤਾ। ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਰਾਮ ਨਾਰਾਇਣ ਕੁਮਾਰ ਨੇ ਪੰਜਾਬ ਵਿੱਚ ਖਾਲੜਾ ਦੇ ਨਾਲ ਮਿਲ ਕੇ ਕੰਮ ਕੀਤਾ। ਦੋਵਾਂ ਨੇ ਮਿਲ ਕੇ ਝੂਠੇ ਪੁਲਿਸ ਮੁਕਾਬਲਿਆਂ ਅਤੇ ਚੁੱਕਕੇ ਲਾਪਤਾ ਕੀਤੇ ਗਏ ਲੋਕਾਂ ਬਾਰੇ ਬਹੁਤ ਹੀ ਬਾਰੀਕਬੀਨੀਂ ਨਾਲ ਰਿਪੋਰਟਾਂ ਤਿਆਰ ਕੀਤੀਆਂ। ਅੱਗੇ ਚੱਲ ਕੇ ਇਹੀ ਰਿਪੋਰਟਾਂ ਇਤਿਹਾਸਕ ਕਾਨੂੰਨੀ ਮਾਮਲਿਆਂ ਅਤੇ ਇਸ ਵਿਸ਼ੇ ਉੱਤੇ ਲਿਖੀਆਂ ਮਹੱਤਵਪੂਰਨ ਕਿਤਾਬਾਂ ਦਾ ਆਧਾਰ ਬਣੀਆਂ।

ਆਪਣੀ ਪ੍ਰਸਿੱਧ ਰਿਪੋਰਟ 'ਰਿਡਿਊਸਡ ਟੂ ਐਸ਼ਿਜ਼' (Reduced to Ashes) ਅਤੇ 2008 ਵਿੱਚ ਪ੍ਰਕਾਸ਼ਿਤ ਆਪਣੀ ਆਖ਼ਰੀ ਕਿਤਾਬ 'ਟੈਰਰ ਇਨ ਪੰਜਾਬ: ਨੈਰੇਟਿਵਜ਼, ਨੌਲਿਜ ਐਂਡ ਟਰੂਥ' (Terror in Punjab: Narratives, Knowledge and Truth) ਤੋਂ ਇਲਾਵਾ, ਕੁਮਾਰ ਨੇ 'ਦਿ ਸਿੱਖ ਸਟ੍ਰੱਗਲ: ਓਰਿਜਿਨ, ਈਵੋਲੂਸ਼ਨ ਐਂਡ ਪ੍ਰੈਜ਼ੈਂਟ ਫੇਜ਼' (The Sikh Struggle: Origin, Evolution and Present Phase), 'ਦਿ ਸਿੱਖ ਅਨਰੈਸਟ ਐਂਡ ਦਿ ਇੰਡਿਅਨ ਸਟੇਟ' (The Sikh Unrest and the Indian State) ਅਤੇ ਆਪਣੀਆਂ ਮੁੱਢਲੀਆਂ ਰਾਜਨੀਤਿਕ ਯਾਦਾਂ 'ਕਨਫਰੰਟਿੰਗ ਦਿ ਹਿੰਦੂ ਸਫਿੰਕਸ' (Confronting the Hindu Sphinx) ਵਰਗੀਆਂ ਮਹੱਤਵਪੂਰਨ ਰਚਨਾਵਾਂ ਵੀ ਲਿਖੀਆਂ।

ਮੂਲ ਰੂਪ ਵਿੱਚ ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਕੁਮਾਰ ਬਾਅਦ ਵਿੱਚ ਨੇਪਾਲ ਦੀ ਰਾਜਧਾਨੀ ਕਾਠਮੰਡੂ ਅਤੇ ਫਿਰ ਆਸਟਰੀਆ ਦੇ ਵੀਆਨਾ ਵਿੱਚ ਜਾ ਵੱਸੇ। ਇਸ ਦੇ ਬਾਵਜੂਦ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਤੱਥ ਖੋਜ ਦਾ ਆਪਣਾ ਕੰਮ ਜਾਰੀ ਰੱਖਿਆ। ਉਨ੍ਹਾਂ ਨੇ ਐਮਰਜੈਂਸੀ, ਪੰਜਾਬ ਦੀ ਬਗ਼ਾਵਤ, 1984 ਦੇ ਸਿੱਖ ਵਿਰੋਧੀ ਕਤਲੇਆਮ ਅਤੇ ਬਾਅਦ ਵਿੱਚ ਜੰਮੂ-ਕਸ਼ਮੀਰ, ਅਸਾਮ ਅਤੇ ਮੁਲਕ ਦੇ ਹੋਰ ਹਿੱਸਿਆਂ ਵਿੱਚ ਹੋਈਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਲਗਾਤਾਰ ਅਧਿਐਨ ਅਤੇ ਦਸਤਾਵੇਜ਼ੀਕਰਨ ਕੀਤਾ।




ਚੰਡੀਗੜ੍ਹ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ, ਜਿਨ੍ਹਾਂ ਨੇ ਜਾਅਲੀ ਪੁਲਿਸ ਮੁਕਾਬਲਿਆਂ ਦੇ ਖ਼ਿਲਾਫ਼ ਕਈ ਕਾਨੂੰਨੀ ਲੜਾਈਆਂ ਲੜੀਆਂ ਹਨ, ਰਾਮ ਨਾਰਾਇਣ ਕੁਮਾਰ ਨੂੰ ਜਸਵੰਤ ਸਿੰਘ ਖਾਲੜਾ ਦਾ ਬੁਨਿਆਦੀ ਮਾਰਗ-ਦਰਸ਼ਕ ਮੰਨਦੇ ਹਨ। ਬੈਂਸ ਕਹਿੰਦੇ ਹਨ, 'ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਲਾਸ਼ਾਂ ਦੇ ਸਸਕਾਰਾਂ ਬਾਰੇ ਖੋਜ ਸ਼ੁਰੂ ਕੀਤੀ ਸੀ, ਪਰ ਉਨ੍ਹਾਂ ਨੂੰ ਕਾਨੂੰਨੀ ਪੱਖੋਂ ਮਜ਼ਬੂਤ ਅਤੇ ਸੁਚੱਜੇ ਦਸਤਾਵੇਜ਼ੀਕਰਨ ਦੀ ਵਿਧੀ ਰਾਮ ਨਾਰਾਇਣ ਕੁਮਾਰ ਨੇ ਸਿਖਾਈ।' ਬੈਂਸ ਦੇ ਅਨੁਸਾਰ, ਅਕਾਲ ਤਖ਼ਤ ਦੇ ਜਥੇਦਾਰ ਗੁਰਦੇਵ ਸਿੰਘ ਕਾਓਂਕੇ ਦੇ ਅਗਵਾ ਅਤੇ ਕਤਲ ਦੀ ਜਾਂਚ ਵਿੱਚ ਵੀ ਕੁਮਾਰ ਦੀ ਅਹਿਮ ਭੂਮਿਕਾ ਰਹੀ। ਅੰਮ੍ਰਿਤਸਰ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਪੰਜਾਬ ਦੇ ਸਭ ਤੋਂ ਖ਼ੂਨੀ ਦੌਰ ਦੌਰਾਨ ਹਿਰਾਸਤੀ ਕਤਲਾਂ ਅਤੇ ਚੁੱਕ ਕੇ ਲਾਪਤਾ ਕੀਤੇ ਗਏ ਲੋਕਾਂ ਦਾ ਸਭ ਤੋਂ ਲਗਾਤਾਰ ਅਤੇ ਗੰਭੀਰ ਦਸਤਾਵੇਜ਼ੀਕਰਨ ਕਰਨ ਵਾਲਿਆਂ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਰਾਮ ਨਾਰਾਇਣ ਕੁਮਾਰ ਨੂੰ ਉਹ ਮਾਣ-ਸਨਮਾਨ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਸਨ। ਵੇਰਕਾ ਦੱਸਦੇ ਹਨ ਕਿ ਆਸਟਰੀਆ ਤੋਂ ਕਾਠਮੰਡੂ ਵਾਪਸ ਆਉਣ ਤੋਂ ਬਾਅਦ 28 ਜੂਨ 2009 ਨੂੰ 56 ਸਾਲ ਦੀ ਉਮਰ ਵਿੱਚ ਅਚਾਨਕ ਬਿਮਾਰੀ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਵੈੱਬਸਾਈਟ Sikhchic.com ਉੱਤੇ ਪ੍ਰਕਾਸ਼ਿਤ ਇੱਕ ਸ਼ਰਧਾਂਜਲੀ ਵਿੱਚ ਉਨ੍ਹਾਂ ਦੇ ਕਰੀਬੀ ਸਾਥੀ ਜਗਮੋਹਨ ਸਿੰਘ ਨੇ ਕੁਮਾਰ ਨੂੰ ਇੱਕ ਦੁਬਲੇ-ਪਤਲੇ, ਬੇਹੱਦ ਸਾਦੇ ਅਤੇ ਨਿਮਰ ਵਿਅਕਤੀ ਵਜੋਂ ਯਾਦ ਕੀਤਾ, ਜਿਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਿੱਖ ਮਸਲੇ ਨਾਲ ਜੋੜ ਲਿਆ ਸੀ। ਉਨ੍ਹਾਂ ਨੇ ਦੱਸਿਆ ਕਿ ਕੁਮਾਰ ਪਹਿਲਾਂ ਇੱਕ ਸੰਨਿਆਸੀ ਰਹਿ ਚੁੱਕੇ ਸਨ, ਦਿੱਲੀ ਵਿੱਚ ਰਹਿੰਦੇ ਸਨ ਅਤੇ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਪਰਦਾਫਾਸ਼ ਕਰਨ ਵਿੱਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ।

ਜਗਮੋਹਨ ਸਿੰਘ ਦੇ ਅਨੁਸਾਰ, ਕੁਮਾਰ ਹਮੇਸ਼ਾ ਸਫ਼ਰ ਵਿੱਚ ਰਹਿੰਦੇ ਸਨ। ਉਹ ਲਗਾਤਾਰ ਵਕੀਲਾਂ, ਪੀੜਤ ਪਰਿਵਾਰਾਂ ਅਤੇ ਸਾਬਕਾ ਖਾੜਕੂਆਂ ਨੂੰ ਮਿਲਦੇ ਰਹਿੰਦੇ ਸਨ—



ਹਰ ਉਸ ਵਿਅਕਤੀ ਨੂੰ ਜੋ ਉਨ੍ਹਾਂ ਨੂੰ ਸੱਚ ਦੇ ਹੋਰ ਨੇੜੇ ਲੈ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਦਿੱਲੀ ਵਿੱਚ ਆਪਣਾ ਘਰ ਹੋਣ ਦੇ ਬਾਵਜੂਦ ਕੁਮਾਰ ਕਈ-ਕਈ ਮਹੀਨੇ ਇੱਕ ਹੋਟਲ ਦੇ ਕਮਰੇ ਵਿੱਚ ਰਹਿੰਦੇ ਸਨ ਤਾਂ ਜੋ ਸਿੱਖਾਂ ਬਾਰੇ ਆਪਣੀ ਕਿਤਾਬ ਬਿਨਾਂ ਕਿਸੇ ਰੁਕਾਵਟ ਦੇ ਪੂਰੀ ਕਰ ਸਕਣ। ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਸੀ।

ਰਾਮ ਨਾਰਾਇਣ ਕੁਮਾਰ ਦੀ ਜੀਵਨੀ ਲਿਖਣ ਵਾਲੀ ਅੰਜੁਮਨ ਆਰਾ ਬੇਗਮ ਦੇ ਅਨੁਸਾਰ, ਉਨ੍ਹਾਂ ਦਾ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਪੰਜਾਬ ਨਾਲ ਜੁੜਨ ਤੋਂ ਕਾਫ਼ੀ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। 1975 ਵਿੱਚ ਐਮਰਜੈਂਸੀ ਦਾ ਵਿਰੋਧ ਕਰਨ ਕਾਰਨ ਉਨ੍ਹਾਂ ਨੂੰ 19 ਮਹੀਨੇ ਜੇਲ੍ਹ ਵਿੱਚ ਰਹਿਣਾ ਪਿਆ ਸੀ। ਪੰਜਾਬ ਨਾਲ ਉਨ੍ਹਾਂ ਦਾ ਕੋਈ ਨਸਲੀ, ਸੱਭਿਆਚਾਰਕ ਜਾਂ ਪਰਿਵਾਰਕ ਰਿਸ਼ਤਾ ਨਹੀਂ ਸੀ। ਬੇਗਮ ਲਿਖਦੀ ਹੈ ਕਿ ਪੰਜਾਬ ਦੇ ਮਨੁੱਖੀ ਅਧਿਕਾਰ ਸੰਕਟ ਨੇ ਉਨ੍ਹਾਂ ਨੂੰ ਕਿਸੇ ਨਿੱਜੀ ਪਛਾਣ ਕਰਕੇ ਨਹੀਂ, ਸਗੋਂ ਜ਼ਮੀਰ ਦੀ ਆਵਾਜ਼ ਦੇ ਕਾਰਨ ਆਪਣੀ ਵੱਲ ਖਿੱਚਿਆ।

ਇਸੇ ਅਟੱਲ ਵਚਨਬੱਧਤਾ ਨੇ ਕੁਮਾਰ ਨੂੰ ਕਮੇਟੀ ਫ਼ਾਰ ਕੋਆਰਡੀਨੇਸ਼ਨ ਆਨ ਡਿਸਅਪੀਅਰੈਂਸਿਜ਼ ਇਨ ਪੰਜਾਬ (Committee for Coordination on Disappearances in Punjab) ਦੇ ਸਹਿ-ਸੰਸਥਾਪਕਾਂ ਵਿੱਚ ਸ਼ਾਮਲ ਕੀਤਾ। ਉਨ੍ਹਾਂ ਨੇ 'ਰਿਡਿਊਸਡ ਟੂ ਐਸ਼ਿਜ਼' ਨਾਂ ਦੀ ਰਿਪੋਰਟ ਹੋਰ ਟੀਮ ਨਾਲ ਮਿਲਕੇ ਲਿਖੀ, ਜਿਸ ਵਿੱਚ ਹਿਰਾਸਤ ਦੌਰਾਨ ਚੁੱਕ ਕੇ ਲਾਪਤਾ ਕੀਤੇ ਜਾਣ ਅਤੇ ਕਤਲਾਂ ਦੇ ਲਗਭਗ 600 ਮਾਮਲਿਆਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਸੀ। ਬੇਗਮ ਦੇ ਅਨੁਸਾਰ, ਇਸੇ ਰਿਪੋਰਟ ਕਾਰਨ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨ.ਐੱਚ.ਆਰ.ਸੀ.) ਨੇ ਪਹਿਲੀ ਵਾਰ ਇਨ੍ਹਾਂ ਜ਼ੁਲਮਾਂ ਦੇ ਵਿਆਪਕ ਪੈਮਾਨੇ ਨੂੰ ਰਸਮੀ ਤੌਰ 'ਤੇ ਸਵੀਕਾਰ ਕੀਤਾ।

ਬੇਗਮ ਨੇ ਕੁਮਾਰ ਦੀ ਕਾਰਜ-ਵਿਧੀ ਦਾ ਵਰਣਨ ਕਰਦਿਆਂ ਲਿਖਿਆ ਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਿਸੇ ਵੀ ਅਧਿਐਨ ਦੀ ਸ਼ੁਰੂਆਤ ਤੋਂ ਪਹਿਲਾਂ ਡੂੰਘੀ 'ਤਿਆਰੀ' (homework) ਕਰਨੀ ਬਹੁਤ ਜ਼ਰੂਰੀ ਹੈ, ਅਤੇ ਹਿੰਸਾ ਨਾਲ ਸਬੰਧਤ ਕੋਈ ਵੀ ਜਾਂਚ ਓਦੋਂ ਤੱਕ ਪੂਰੀ ਨਹੀਂ ਹੋ ਸਕਦੀ ਜਦ ਤੱਕ ਪੀੜਤਾਂ ਅਤੇ ਬਚੇ ਹੋਏ ਲੋਕਾਂ ਨਾਲ ਸਿੱਧੀ ਗੱਲਬਾਤ ਨਾ ਕੀਤੀ ਜਾਵੇ। ਇਸੇ ਲਈ ਉਹ ਸਭ ਤੋਂ ਦੂਰ-ਦਰਾਜ ਇਲਾਕਿਆਂ ਤੱਕ ਜਾ ਕੇ ਖ਼ੁਦ ਪੀੜਤਾਂ ਦੀ ਗੱਲ ਸੁਣਦੇ ਸਨ।

ਆਪਣੇ ਆਖ਼ਰੀ ਸਾਲਾਂ ਵਿੱਚ ਰਾਮ ਨਾਰਾਇਣ ਕੁਮਾਰ ਨੇ ਆਪਣਾ ਧਿਆਨ ਉੱਤਰ-ਪੂਰਬੀ ਭਾਰਤ ਵੱਲ ਕੇਂਦਰਿਤ ਕੀਤਾ। ਉਨ੍ਹਾਂ ਨੇ ਅਸਾਮ, ਮਣੀਪੁਰ, ਨਾਗਾਲੈਂਡ ਅਤੇ ਤ੍ਰਿਪੁਰਾ ਦਾ ਦੌਰਾ ਕਰਕੇ ਉੱਥੇ ਹੋ ਰਹੀਆਂ ਮਨੁੱਖੀ ਅਧਿਕਾਰ ਉਲੰਘਣਾਵਾਂ ਦਾ ਦਸਤਾਵੇਜ਼ੀਕਰਨ ਸ਼ੁਰੂ ਕੀਤਾ, ਪਰ ਉਨ੍ਹਾਂ ਦੀ ਇਹ ਮੁਹਿੰਮ ਉਨ੍ਹਾਂ ਦੇ ਅਚਨਚੇਤ ਦੇਹਾਂਤ ਕਾਰਨ ਅਧੂਰੀ ਰਹਿ ਗਈ।

ਪਿੱਛੇ ਹੁਣ ਉਨ੍ਹਾਂ ਦੀ ਪਤਨੀ ਗਰਟੀ, ਧੀ ਕ੍ਰਿਸਟੀਨਾ, ਭੈਣ ਸੀਤਾ ਅਤੇ ਭਰਾ ਗੋਪਾਲ ਹਨ, ਜੋ ਸਾਰੇ ਆਸਟਰੀਆ ਵਿੱਚ ਰਹਿੰਦੇ ਹਨ।

**(ਦੀ ਟ੍ਰਿਬਿਊਨ 18 ਜੁਲਾਈ 2026 ਦੇ ਧੰਨਵਾਦ ਸਹਿਤ)**

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

# ਚੂੰਢੀ : ਪੰਜਾਬ, ਪਰਵਾਸ ਤੇ ਮਨੁੱਖੀ ਹੋਣੀ

ਡਾ. ਹਰਿੰਦਰ ਸਿੰਘ
'ਤੁੜ'
81465-42810



'ਸੰਨੀ ਧਾਲੀਵਾਲ' ਨੇ ਪੰਜਾਬੀ ਸਾਹਿਤਕ ਜਗਤ ਵਿਚ ਨਿਵੇਕਲੀ ਤੇ ਵਿਅੰਗਆਤਮਕ ਸੁਰ ਦੁਆਰਾ ਨਵੀਨ ਤੇ ਸਮੇਂ ਦੇ ਹਾਣ ਦਾ ਪਾਠਕ ਜਗਤ ਕਾਇਮ ਕੀਤਾ ਹੈ। ਜੋ ਉਸ ਦੀਆਂ ਰਚਨਾਵਾਂ ਦਾ ਬੇਸਬਰੀ ਨਾਲ ਉਡੀਕ ਕਰਦਾ ਹੈ। 'ਸੰਨੀ' ਵਰਤਮਾਨ ਵਰਤਾਰਿਆਂ ਵਿਚ ਵਿਚਰ ਰਹੇ ਮਨੁੱਖ ਦੀ ਦਿਖਾਵੇਬਾਜ਼ੀ ਦੇ ਪਿੱਛੇ ਲੁਪਤ ਯਥਾਰਥ ਨੂੰ ਬੇਬਾਕੀ ਨਾਲ ਪੇਸ਼ ਕਰਦਾ ਹੈ। ਉਸਨੇ ਪੰਜਾਬੀ ਸਾਹਿਤ ਨੂੰ ਜ਼ਿਕਰਯੋਗ ਪੁਸਤਕਾਂ 'ਖ਼ਾਲੀ ਆਲ੍ਹਣਾ' ਕਾਵਿ-ਸੰਗ੍ਰਹਿ (2023), 'ਮੈਂ ਕੰਮੀਆਂ ਦੀ ਕੁੜੀ' ਕਾਵਿ-ਸੰਗ੍ਰਹਿ (2024) ਅਤੇ 'ਚੂੰਢੀ' ਕਾਵਿ-ਸੰਗ੍ਰਹਿ (2026) ਆਦਿ ਦਿੱਤੀਆਂ ਹਨ। ਇਨ੍ਹਾਂ ਪੁਸਤਕਾਂ ਦੇ ਪ੍ਰਮੁੱਖ ਪੱਖ ਸਮਾਜਕ ਸਿਸਟਮ, ਆਰਥਿਕ ਅਸਾਵਾਂਪਣ, ਰਾਜਨੀਤਿਕ ਅਸਥਿਰਤਾ, ਧਾਰਮਿਕ, ਸਭਿਆਚਾਰਕ ਬਦਲਾਵ, ਇਤਿਹਾਸਕ, ਮਨੋਵਿਗਿਆਨਕ ਅਤੇ ਆਧੁਨਿਕ ਪ੍ਰਸਥਿਤੀਆਂ ਹਨ। ਮਨੁੱਖ ਦੀ ਹਯਾਤੀ ਆਪਣੇ ਆਲੇ-ਦੁਆਲੇ ਵਾਪਰਦੇ ਘਟਨਾ ਕ੍ਰਮ ਤੋਂ ਪ੍ਰਭਾਵਿਤ ਹੁੰਦੀ ਹੈ, ਜਿਸ ਕਾਰਨ ਉਸਦੀ ਮਾਨਸਿਕਤਾ ਵਿਚ ਲਗਾਤਾਰ ਵਿਚਾਰਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਸੰਨੀ ਧਾਲੀਵਾਲ ਇਨ੍ਹਾਂ 'ਲੁਪਤ ਵਿਚਾਰਾਂ' ਦੀ ਤਰਜ਼ਮਾਨੀ ਕਰਦਾ ਹੋਇਆ ਮਨੁੱਖ ਦੀ "ਸਵੈ ਹੋਂਦ" "ਸਵੈ-ਮਾਣ" "ਸਵੈ-ਪਛਾਣ" ਨੂੰ ਬਰਕਰਾਰ ਰੱਖਣ ਦੀ ਤਾਕੀਦ ਕਰਦਾ ਹੈ।

ਮੇਰੇ ਖੋਜ-ਪੱਤਰ ਦਾ ਫੋਕਸ "ਚੂੰਢੀ : ਪੰਜਾਬ, ਪਰਵਾਸ ਤੇ ਮਨੁੱਖੀ ਹੋਣੀ" ਹੈ। ਸੰਨੀ ਧਾਲੀਵਾਲ ਦੋ ਸੱਭਿਆਚਾਰਾਂ ਵਿਚ ਪ੍ਰਵਾਨ ਚੜ੍ਹਿਆ ਹੈ। ਇਕ ਹੈ ਪੰਜਾਬ ਦਾ ਸਭਿਆਚਾਰ, ਦੂਜਾ ਹੈ ਕਨੇਡਾ ਦਾ ਸੱਭਿਆਚਾਰ। ਇਸ ਪ੍ਰਕਾਰ ਉਨ੍ਹਾਂ ਨੇ ਆਪਣੇ ਤਜ਼ਰਬਿਆਂ ਤੇ ਸੰਘਰਸ਼ ਵਿਚੋਂ ਮਨੁੱਖ ਤੇ ਸਮਾਜ ਵਿਚਲੀ ਕਾਰਜ-ਪ੍ਰਣਾਲੀ ਨੂੰ ਆਪਣੇ ਕਾਵਿ-ਜਗਤ ਰਾਹੀਂ ਬਿਆਨ ਕੀਤਾ ਹੈ। ਉਸ ਦੀ ਕਵਿਤਾ ਵਿਚ ਨਿਰਛਲਤਾ, ਸਪੱਸ਼ਟਤਾ, ਖਰ੍ਹਾਪਣ, ਸਹਿਜਤਾ, ਵਿਅੰਗ ਤੇ ਮਨਮੋਹਣੇ ਦ੍ਰਿਸ਼ ਦੇਖੇ ਜਾ ਸਕਦੇ ਹਨ। ਉਹ ਦੰਭੀਆਂ, ਪਖੰਡੀਆਂ, ਦੋਗਲੇ ਵਿਅਕਤੀਆਂ ਦੇ ਕਿਰਦਾਰਾਂ ਦਾ ਪਰਦਾਫ਼ਾਸ਼ ਕਰਦਾ ਹੋਇਆ ਹੱਕ-ਸੱਚ ਦੀ ਆਵਾਜ਼ ਬਣਦਾ ਹੈ।

ਸੰਨੀ ਧਾਲੀਵਾਲ ਰੂਹਦਾਰ ਬੰਦਾ ਹੈ। ਉਸ ਵਿਚ ਦੋਗਲਾਪਣ ਨਹੀਂ ਸਗੋਂ ਸਰਲ, ਸਪਾਟ, ਬੇਬਾਕ ਇਨਸਾਨ ਹੈ। ਸਕਾਰਾਤਮਕ ਸੋਚ ਦਾ ਧਾਰਨੀ ਹੋ ਕੇ ਆਪਣੇ ਆਲੇ-ਦੁਆਲੇ ਵਿਚਰਦੇ ਇਨਸਾਨਾਂ ਨੂੰ "ਪੌਜਟਿਵ ਵੇਵ" ਦਿੰਦਾ ਹੈ। 'ਡਾ. ਵਰਿਆਮ ਸੰਧੂ' ਜੀ ਦਾ ਵਿਚਾਰ ਹੈ:

"ਸੰਨੀ ਧਾਲੀਵਾਲ ਪੰਜਾਬੀ ਲੇਖਕਾਂ ਦੇ ਪੰਜਾਬੀ ਭਾਸ਼ਾ ਬਾਰੇ ਦਿਖਾਵੇ ਦੇ ਹੇਜ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਇਹ ਲੇਖਕ ਬਾਹਰਲੇ ਮੁਲਕਾਂ ਵਿਚ ਆ ਕੇ ਪੰਜਾਬੀ ਭਾਸ਼ਾ ਨੂੰ ਅਪਣਾਉਣ ਤੇ ਬਚਾਉਣ ਲਈ ਲੈਕਚਰ ਦਿੰਦੇ ਹਨ ਜਦਕਿ ਇਹਨਾਂ ਵਿੱਚੋਂ 95 ਫੀਸਦੀ ਲੇਖਕਾਂ ਦੇ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ।

ਸੰਨੀ ਧਾਲੀਵਾਲ ਦੀ ਕਵਿਤਾ "ਚੂੰਢੀ" ਵਾਲੀ ਤਿੱਖੀ ਸੁਰ ਉਸ ਦੇ ਕਾਵਿ-ਜਗਤ ਦੀ ਵਿਲੱਖਣਤਾ ਨੂੰ ਕਾਇਮ ਰੱਖਦੀ ਹੈ। ਕਵੀ ਪਾਠਕਾਂ ਦੀ ਚੇਤਨਾ ਨੂੰ ਚੂੰਢੀ ਵੱਢਦਾ ਹੈ। ਇਸ ਚੂੰਢੀ ਦੀ ਪੀੜ ਵੀ ਹੁੰਦੀ ਹੈ ਤੇ ਮਨੁੱਖ ਨੂੰ ਸੁਚੇਤ ਵੀ ਕਰਦੀ ਹੈ। ਪੰਜਾਬ ਦੇ ਕਾਲਜੀਏਟ ਮਾਹੌਲ ਸਮੇਂ ਲੜਕੇ ਤੇ ਲੜਕੀ ਦੀ ਮਾਨਸਿਕਤਾ ਨੂੰ ਬੇਬਾਕੀ ਨਾਲ ਪੇਸ਼ ਕੀਤਾ ਗਿਆ ਹੈ। ਪਹਿਲਾਂ ਪਹਿਲ ਕਾਲਜ ਵਿਚ ਜਾਣ ਦਾ ਸਾਧਨ ਬੱਸਾਂ ਸਨ, ਜਿਨ੍ਹਾਂ ਵਿਚ ਕੁਝ ਲੜਕਿਆਂ ਦੀ ਅਵਾਰਾਗਰਦੀ ਕਾਰਨ ਲੜਕੀਆਂ ਦੀ ਮਾਨਸਿਕਤਾ ਨੂੰ ਗਹਿਰੀ ਠੇਸ ਪਹੁੰਚਦੀ ਹੈ। ਇਸ ਕਵਿਤਾ ਦਾ ਬਿਰਤਾਂਤ "ਪਿੰਡ ਰਣਸੀਂਹ ਤੋਂ ਲੋਪੋ ਕਾਲਜ" ਦੇ ਵਿਚਕਾਰ ਦੇ ਵਕਫੇ ਦਾ ਹੈ ਪਰ "ਇਸਦੀ ਹੋਣੀ ਪੂਰੇ ਪੰਜਾਬ ਦੇ ਪਿੰਡਾਂ ਦੀਆਂ ਲੜਕੀਆਂ ਦੀ ਹੋਣੀ ਨੂੰ ਰੂਪਮਾਨ ਕਰਦੀ ਹੈ।" ਸਮੱਸਿਆ ਇਹ ਹੈ ਕਿ ਪਿੰਡਾਂ ਤੋਂ ਸ਼ਹਿਰਾਂ ਵੱਲ ਪੜ੍ਹਨ ਜਾਂਦੀਆਂ ਕੁੜੀਆਂ ਆਪਣੇ ਮਾਪਿਆਂ ਜਾਂ ਪਰਿਵਾਰਕ ਮੈਂਬਰਾਂ ਤੋਂ ਆਪਣੇ ਨਾਲ ਹੋਈ ਬੀਤੀ ਛੁਪਾ ਲੈਂਦੀਆਂ ਹਨ ਤਾਂ ਕਿ ਉਹ ਸਿੱਖਿਆ ਪ੍ਰਾਪਤ ਕਰ ਸਕਣ ਤੇ ਉਨ੍ਹਾਂ ਦੀ ਸਿੱਖਿਆ ਅਧਵਾਟੇ ਨਾ ਰੁਕ ਜਾਵੇ। ਪਿੰਡਾਂ ਵਿਚ 'ਇੱਜ਼ਤ ਦਾ ਮਸਲਾ' ਅਹਿਮ ਰਿਹਾ ਹੈ ਜਿਸ ਤੋਂ ਸਭ ਕੁਝ ਵਾਰ ਦੇਣ ਦੀ ਪਰੰਪਰਾ ਹੈ। ਭੈਣ-ਭਰਾ ਦੀ ਵਾਰਤਾਲਾਪ ਰਾਹੀਂ ਜੀਵਨ-ਮੁੱਲਾਂ ਨੂੰ ਸਮਝਣ ਅਤੇ ਮੁੰਡੇ ਨੂੰ ਘਰ ਤੋਂ ਸੰਸਕਾਰ ਦੇਣ ਦੀ ਗੱਲ ਕੀਤੀ ਗਈ ਹੈ। ਭੈਣ ਵੱਲੋਂ ਵੀਰ ਨੂੰ ਪੁੱਛਿਆ ਬੇਬਾਕ ਪ੍ਰਸ਼ਨ ਜੋ ਸਾਰੀ 'ਮਰਦ ਜਾਤ' ਦੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਪਾਉਂਦਾ ਹੈ:

**ਵੀਰੇ ! ਤੂੰ ਕਦੀ ਬੱਸ ਵਿਚ**
**ਕਿਸੇ ਕੁੜੀ ਦੇ ਚੂੰਢੀ ਵੱਢੀ ਹੈ ?**
**ਵੀਰੇ ਦਾ ਕੱਪ ਵਾਲਾ ਹੱਥ ਕੰਬਣ ਲੱਗਿਆ**
**ਚਾਹ ਡੁੱਲ੍ਹਣ ਲੱਗੀ**
**ਵੀਰੇ ਨੇ ਨੀਵੀਂ ਪਾ ਲਈ**
**ਆਪਣੇ ਬੂਟਾਂ ਨਾਲ ਮਿੱਟੀ ਖੁਰਚਣ ਲੱਗਿਆ।**

ਕਵੀ 'ਭੈਣ' ਦੁਆਰਾ ਆਪਣੇ ਵੀਰ ਨੂੰ ਜੀਵਨ ਮੁੱਲਾਂ ਨੂੰ ਪਛਾਨਣ ਤੇ ਨੈਤਿਕਤਾ ਦਾ ਪਾਠ ਪੜ੍ਹਾਉਣਾ ਸਮਾਜ ਵਿਚ ਬਦਲਾਵ ਦੀ ਮੰਗ ਕਰਦਾ ਹੈ:

**ਵੀਰੇ ਅੱਜ ਤੋਂ ਬਾਅਦ !**
**ਕਿਸੇ ਵਿਚਾਰੀ ਕੁੜੀ ਦੇ ਚੂੰਢੀ ਨਾ ਵੱਢੀ**
**ਮੇਰੇ ਬਹੁਤ ਦਰਦ ਹੁੰਦੀ ਹੈ**
**ਮੇਰੇ ਬਹੁਤ ਦਰਦ ਹੁੰਦੀ ਹੈ**

ਸੰਨੀ ਧਾਲੀਵਾਲ ਨੇ "ਬਹੁਤੇ ਅਕਲੇ ਪੰਜਾਬੀ" ਕਵਿਤਾ ਵਿਚ 'ਚਿੜੀ-ਚਿੜੇ' ਦੀ ਪ੍ਰਤੀਕਾਤਮਕ ਸ਼ੈਲੀ ਰਾਹੀਂ ਜੀਵਨ ਦੇ ਯਥਾਰਥ ਨੂੰ ਪੇਸ਼ ਕੀਤਾ ਹੈ। ਮਨੁੱਖ ਤਾਂ ਆਪਣੇ ਵਿਚਾਰ ਬੋਲ ਕੇ ਦੱਸ ਸਕਦਾ ਹੈ ਪਰ ਪੰਛੀ ਕਿਵੇਂ ਦੱਸਣ ? ਇਸ ਲਈ ਚਿੜੀ ਤੇ ਚਿੜੇ ਦੀ ਵਾਰਤਾਲਾਪ ਦੁਆਰਾ ਪੰਛੀਆਂ ਨੂੰ ਆ ਰਹੀਆਂ ਸਮੱਸਿਆਵਾਂ ਜਾਂ ਜਿਉਣ ਦੇ ਹੱਕ ਉੱਤੇ ਵਿਚਾਰ ਪ੍ਰਗਟਾਏ ਹਨ। ਮਨੁੱਖ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਮੋਰਚੇ ਲਗਾਉਂਦਾ ਹੈ, ਅੰਦੋਲਨ ਕਰਦਾ ਹੈ, ਪਰ ਪੰਛੀ ਆਪਣਾ ਅੰਦੋਲਨ ਕਿਵੇਂ ਕਰਨ ? ਇਹ ਵੱਡਾ ਤੇ ਪ੍ਰਭਾਵਸ਼ਾਲੀ ਪ੍ਰਸ਼ਨ ਮਨੁੱਖਤਾ ਅੱਗੇ ਉਠਾਇਆ ਗਿਆ ਹੈ ਜੋ ਆਪਣੇ ਵਿਕਾਸ ਲਈ ਦੂਜਿਆਂ ਦੇ ਜੀਵਨ ਦੀ ਹੋਂਦ ਦੀ ਪ੍ਰਵਾਹ ਨਹੀਂ ਕਰਦਾ। ਪੰਛੀਆਂ ਦੀ ਵਿਥਿਆ ਤੇ ਤ੍ਰਾਸਦੀ:

**ਉਪਜਾਊ ਜ਼ਮੀਨ ਨੂੰ ਬੰਜਰ ਬਣਾਈ ਜਾਂਦੇ ਹਨ**
**ਜਿਹੜੇ ਜੀਵ ਜੰਤ ਆਪਣਾ ਖਾਣਾ ਹਨ**
**ਉਨ੍ਹਾਂ ਨੂੰ ਜ਼ਹਿਰੀਲੀਆਂ ਖਾਦਾਂ**
**ਪਾ ਕੇ ਮਾਰੀ ਜਾਂਦੇ ਹਨ**
**ਮੈਨੂੰ ਤਾਂ ਬਹੁਤ ਫ਼ਿਕਰ ਹੈ**
**'ਰੋਟੀ ਪਾਣੀ ਆਲ੍ਹਣੇ ਦਾ'**
**ਹਾਏ ਕੀ ਕਰਾਂਗੇ ਆਪਾਂ ?**
**ਆਪਾਂ ਕਿੱਥੇ ਮੋਰਚਾ ਲਾਵਾਂਗੇ ?**
**ਕੌਣ ਆਪਣੀ ਚੀਂ ਚੀਂ ਸੁਣੂ ?**

ਪਹਿਲੇ ਸਮਿਆਂ ਵਿਚ ਕਿਸਾਨ 'ਦੇਸੀ ਰੂੜੀ' ਰਾਹੀਂ ਫ਼ਸਲ ਤਿਆਰ ਕਰਦਾ ਸੀ ਜੋ ਸਿਹਤ ਦੀ ਤੰਦਰੁਸਤੀ ਲਈ ਲਾਭਦਾਇਕ ਸਨ ਪਰ ਵਰਤਮਾਨ ਸਮੇਂ ਵਿਚ ਰੇਆਂ-ਸਪਰੇਆਂ ਤੇ ਕੀਟਨਾਸ਼ਕ ਦਵਾਈਆਂ ਨੇ ਖੇਤਾਂ ਦੀ ਮਿੱਟੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ, ਜਿਸ ਦਾ ਅਸਰ ਮਨੁੱਖ ਦੇ ਸਰੀਰ ਦੇ ਨਾਲ-ਨਾਲ ਪਸ਼ੂ ਪੰਛੀਆਂ ਉੱਤੇ ਵੀ ਪਿਆ ਹੈ। ਪੰਛੀਆਂ ਦੀ ਵਿਥਿਆ ਰਾਹੀਂ "ਜੀਉ ਤੇ ਜਿਉਣ ਦਿਉ" ਦੀ ਆਵਾਜ਼ ਬੁਲੰਦ ਕੀਤੀ ਗਈ ਹੈ।

ਸੰਨੀ ਧਾਲੀਵਾਲ ਦੀ ਕਵਿਤਾ "ਕਨੇਡਾ! ਤੂੰ ਹੁਣ ਕਿਉਂ ਉਦਾਸ ਹੈਂ ?" ਵਿਚ ਕਨੇਡਾ ਦੇ ਸਮਾਜਕ ਸਿਸਟਮ ਵਿਚ ਆਈ ਅਨੈਤਿਕਤਾ ਨੂੰ ਬਿਆਨ ਕੀਤਾ ਹੈ। ਕਨੇਡਾ ਦੇ ਮੂੰਹੋਂ ਸੱਚਾਈ ਨੂੰ ਬਿਆਨ ਕੀਤਾ ਹੈ, ਜਿੱਥੇ ਅਨੈਤਿਕ ਕਾਰਵਾਈਆਂ ਲੁੱਟ-ਖਸੁੱਟ, ਡਕੈਤੀ, ਚੋਰੀਆਂ, ਹੇਰਾ-ਫੇਰੀਆਂ, ਕਤਲ, ਗੈਂਗਸਟਰ ਸੱਭਿਆਚਾਰ, ਰੇਪ ਦੀ ਵੱਧ ਰਹੀ ਸਮੱਸਿਆ, ਏਡਜ਼ ਦੀ ਬਿਮਾਰੀ, ਆਪਣੇ ਕਲਚਰ ਦੀ ਦੁਹਾਈ, ਸਿੱਖਿਆ ਉੱਤੇ ਬਿਜ਼ਨਸ ਕਰਨ ਦੀ ਪ੍ਰਵਿਰਤੀ, ਨਸ਼ਿਆਂ ਦੀ ਵੱਧ ਰਹੀ ਭਰਮਾਰ ਆਦਿ ਅਨੇਕ ਪੱਖ ਉਜਾਗਰ ਕੀਤੇ ਹਨ। ਸਾਡੇ ਪੰਜਾਬੀ ਵੀ ਵਿਦੇਸ਼ਾਂ ਵਿਚ ਜਾ ਕੇ ਗ਼ਲਤ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਇਮਾਨਦਾਰੀ ਦਾ ਤਿਆਗ ਕਰ ਰਹੇ ਹਨ। ਇਸ ਤੋਂ ਇਲਾਵਾ ਦੂਜੇ ਦੇਸ਼ਾਂ ਤੋਂ ਕਨੇਡਾ ਵਿਚ ਪਰਵਾਸ ਧਾਰਨ ਕਰਨ ਵਾਲੇ ਵੀ ਅਨੈਤਿਕ ਕਾਰਵਾਈਆਂ ਕਰ ਰਹੇ ਹਨ ਜਦਕਿ ਜਿੱਥੇ ਤੁਸੀਂ ਕਿਰਤ ਕਰਦੇ ਹੋ, ਉਸ ਦੇਸ਼ ਦੇ ਵਿਕਾਸ ਦੇ ਹਿੱਤ ਵਿਚ ਕੰਮ ਕਰਨੇ ਚਾਹੀਦੇ ਹਨ। ਕਨੇਡਾ ਦੇ ਜਨਮ ਦਿਨ ਉੱਤੇ ਕਨੇਡਾ ਦੀ ਵਿਥਿਆ ਬਿਆਨ ਕੀਤੀ ਗਈ ਹੈ:

**ਕਨੇਡਾ ਤੂੰ ਉਦਾਸ ਕਿਉਂ ਹੈ ?**
**ਤੇਰਾ ਤਾਂ ਅੱਜ 158ਵਾਂ ਜਨਮ ਦਿਨ ਹੈ**
**ਇੱਥੇ ਤਾਂ ਲੁੱਟ-ਖਸੁੱਟ ਮੱਚੀ ਹੋਈ ਹੈ**
**ਚੋਰੀਆਂ, ਹੇਰਾਫੇਰੀਆਂ, ਕਤਲ, ਐਕਸਟੋਰਸ਼ਨ**
**ਦਿਨੋ ਦਿਨ ਵੱਧ ਰਹੇ ਹਨ**
**ਜਿਹੜਿਆਂ ਭੁੱਖਿਆ ਨੰਗਿਆਂ ਦੇ**
**ਮੂੰਹਾਂ ਵਿਚ ਰੋਟੀ ਪਾਈ**
**ਹੁਣ ਉਹੀ ਮਲਟੀਕਲਚਰ ਦੇ ਨਾਂ ਉੱਤੇ**
**ਮੇਰਾ ਗਲਾ ਘੁੱਟ ਰਹੇ ਹਨ**

ਸੰਨੀ ਧਾਲੀਵਾਲ ਦੀ ਕਵਿਤਾ "ਗੰਢਾ ਤੇ ਟਮਾਟਰ" ਦੀ ਵਿਲੱਖਣਤਾ ਰਾਹੀਂ ਆਧੁਨਿਕ ਕਵੀਆਂ ਉੱਤੇ ਵਿਅੰਗ ਕੱਸਿਆ ਹੈ, ਜੋ ਕਵਿਤਾ ਨੂੰ ਗੁੰਝਲਦਾਰ ਬਣਾ ਕੇ ਆਪਣੇ ਕਵੀ ਹੋਣ ਦਾ ਪ੍ਰਭਾਵ ਸਿਰਜਦੇ ਹਨ। 'ਗੁੰਝਲਦਾਰ ਕਵਿਤਾ' ਨੂੰ 'ਗੰਢੇ ਵਾਂਗ' ਦਰਸਾਇਆ ਗਿਆ ਹੈ, ਜਿਸ ਦੀਆਂ ਪਰਤਾਂ ਖੋਲ੍ਹਦਾ ਪਾਠਕ ਥੱਕ ਹਾਰ ਜਾਂਦਾ ਹੈ ਪਰ ਪੱਲੇ ਉਸਦੇ ਕੁਝ ਵੀ ਨਹੀਂ ਪੈਂਦਾ:

**ਕਵਿਤਾ ਦੇ ਪ੍ਰੋਟੋਨ ਤੇ ਨਿਊਟ੍ਰੋਨ ਗਿਣਨ ਲਈ**
**ਨਿਊਕਲੀਅਸ ਵਿਚ ਜਾਣਾ ਪਵੇ**
**ਜਿਹੜੀ ਬੜੀ ਔਖੀ ਹੋਵੇ**
**ਜਿਸ ਨੂੰ ਸਮਝਣ ਲਈ ਕੈਲਕੂਲਸ ਦਾ**
**ਕੋਈ ਫ਼ਾਰਮੂਲਾ ਲਾਉਣਾ ਪਵੇ।**

ਪਰ ਕਵੀ ਸੰਨੀ ਧਾਲੀਵਾਲ ਦਾ ਵਿਚਾਰ ਹੈ ਕਿ ਆਧੁਨਿਕ ਮਨੁੱਖ ਅਲਗਾਵ ਤੇ ਤਣਾਓ ਦਾ ਸ਼ਿਕਾਰ ਹੋ ਚੁੱਕਾ ਹੈ, ਜਿਸਦਾ ਹਰ ਪਲ ਹਰ ਘੜੀ ਚਿੰਤਾ ਵਿਚ ਗੁਜ਼ਰਦੀ ਹੈ। ਉਸ ਮਨੁੱਖ ਲਈ 'ਆਨੰਦਮਈ' 'ਖੁਸ਼ੀ ਭਰਪੂਰ' ਕਵਿਤਾ ਲਿਖਣੀ ਬਹੁਤ ਜ਼ਰੂਰੀ ਹੈ ਤਾਂ ਜੋ ਕੁਝ ਘੜੀਆਂ ਉਹ ਵੀ ਆਨੰਦ ਮਾਣ ਸਕੇ। ਇਸ ਲਈ ਕਵੀ ਸੰਨੀ ਧਾਲੀਵਾਲ 'ਟਮਾਟਰ' ਵਰਗੀ ਕਵਿਤਾ ਲਿਖਣ ਦੇ ਹੱਕ ਵਿਚ ਹੈ:

**ਉਹ ਕਵਿਤਾ ਜਿਸ ਦੀ ਲਾਲੀ ਨੂੰ ਦੇਖ ਕੇ**
**ਬੰਦੇ ਦੀ ਰੂਹ ਖੁਸ਼ ਹੋ ਜਾਵੇ**
**ਸਰੀਰ ਦਾ ਅੰਗ ਅੰਗ ਰੁਸ਼ਨਾ ਜਾਵੇ**
**ਸੁੱਤਾ ਪਿਆ ਹਰ ਅਗ ਜਾਗ ਜਾਵੇ**
**ਅੱਡੀਆਂ ਦਾ ਧੂੜ ਪੁੱਟਣ ਨੂੰ ਜੀ ਕਰ ਆਵੇ**
**ਗਿੱਧਾ ਪਾਉਣ ਨੂੰ ਜੀਅ ਕਰ ਆਵੇ**
**ਬੋਲੀ ਪਾ ਕੇ ਨੱਚਣ ਨੂੰ ਜੀਅ ਕਰ ਆਵੇ।**

ਕਵਿਤਾ "ਬਨੇਰੇ ਉੱਤੇ ਕਾਂ" ਰਾਹੀਂ 'ਸਾਮਰਾਜਵਾਦੀ ਸਿਸਟਮ' ਉੱਤੇ ਵਿਅੰਗ ਕੀਤਾ ਗਿਆ ਹੈ। ਇਸ ਵਿਚ ਝੂਠੇ, ਸ਼ੈਤਾਨ, ਬੇਈਮਾਨ ਨੇਤਾਵਾਂ ਦੇ ਕਿਰਦਾਰ ਨੂੰ ਉਘਾੜਿਆ ਹੈ, ਜੋ ਜਨਤਾ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। ਹਰ ਚੋਣਾਂ ਸਮੇਂ ਵੋਟਾਂ ਮੰਗਣ ਲਈ ਝੁੱਗੀਆਂ ਝੌਂਪੜੀਆਂ ਵਿਚ ਜਾ ਕੇ ਹਮਦਰਦੀ ਪ੍ਰਗਟਾਉਂਦੇ ਹਨ। ਜਿੱਤਣ ਤੋਂ ਬਾਅਦ ਗ਼ਰੀਬਾਂ ਦੀ ਹਾਲਤ ਸੁਧਾਰਨ ਦੀ ਥਾਂ ਜਾਂ ਗ਼ਰੀਬੀ ਨੂੰ ਘੱਟ ਕਰਨ ਦੀ ਬਜਾਇ, ਗ਼ਰੀਬ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਰਚਦੇ ਹਨ। ਉਨ੍ਹਾਂ ਦੀਆਂ ਝੁੱਗੀਆਂ ਝੌਂਪੜੀਆਂ ਤਬਾਹ ਕਰਕੇ 'ਮਲਟੀਪਲ ਕੰਪਲੈਕਸ' ਉਸਾਰਦੇ ਹਨ। ਕਵੀ ਸੰਨੀ ਨੇਤਾਵਾਂ ਦੇ ਦੋਗਲੇ ਚਰਿੱਤਰ ਦਾ ਪਰਦਾਫਾਸ਼ ਕਰਦਾ ਹੈ। ਉਸਦੇ ਕਾਵਿ ਵਿਚੋਂ ਵਿਦਰੋਹੀ ਸੁਰ ਉਭਰਦੀ ਹੈ ਜੋ ਪਾਠਕਾਂ ਨੂੰ ਵੀ ਬੇਬਾਕੀ ਨਾਲ ਦੰਭੀਆਂ ਲੋਕਾਂ ਦਾ ਵਿਰੋਧ ਕਰਨ ਲਈ ਕਹਿੰਦੀ ਹੈ:

**ਮੈਂ ਰੋੜਾ ਚੱਕ ਕੇ ਉਹਦੇ ਵੱਲ ਸੁੱਟਿਆ**
**ਨਾਲੇ ਵੱਡੀ ਸਾਰੀ ਪੰਜਾਬੀ ਗਾਲ ਕੱਢੀ**
**ਚੋਰੀ ਦੀ ਰੋਟੀ ਦਾ ਟੁਕੜਾ ਚੁੱਕ ਕੇ**
**ਗੁਆਂਢੀਆਂ ਦੇ ਬਨੇਰੇ 'ਤੇ ਜਾ ਬੈਠਾ**
**ਉਸ ਤੋਂ ਵੋਟਾਂ ਮੰਗਣ ਲੱਗਿਆ।**

ਕਵਿਤਾ "ਬਾਬਾ ਨਾਨਕ ਤੇ ਮਰਦਾਨਾ" ਵਿਚ ਵਰਤਮਾਨ ਪ੍ਰਸਥਿਤੀਆਂ ਉੱਤੇ ਕਾਬਜ਼ ਸਾਮਰਾਜਵਾਦੀ ਨੀਤੀਆਂ ਦਾ ਵਿਰੋਧ ਕੀਤਾ ਗਿਆ ਹੈ। ਹਰੇਕ ਦੇਸ਼ ਦੇ ਅਮੀਰ, ਵਜ਼ੀਰ, ਮੰਤਰੀ ਆਦਿ ਅਫ਼ਸਰਸ਼ਾਹੀ ਦੁਆਰਾ ਆਮ ਮਨੁੱਖਤਾ ਦੀ ਕਿਰਤ ਨੂੰ ਲੁੱਟ ਰਹੇ ਹਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਘਾਣ ਕਰਦੇ ਹਨ? ਬਾਬੇ ਨਾਨਕ ਨੇ "ਰਾਜੇ ਸੀਂਹ ਤੇ ਮੁਕੱਦਮ ਕੁੱਤੇ" ਕਹਿ ਕੇ ਇਨ੍ਹਾਂ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕੀਤਾ। ਧਰਮ, ਰੰਗ, ਜਾਤ, ਨਸਲ, ਬੋਲੀ ਤੇ ਸੱਭਿਆਚਾਰ ਦੇ ਅਧਾਰ 'ਤੇ ਵੰਡੀਆਂ ਪਾ ਕੇ ਮਨੁੱਖ ਨੂੰ ਮਨੁੱਖਤਾ ਤੋਂ ਦੂਰ ਕਰ ਰਹੇ ਹਨ। ਸੰਨੀ ਦੀ ਸਕਾਰਾਤਮਕ ਸੋਚ 'ਆਸ ਦੀ ਕਿਰਨ' ਨੂੰ ਬਰਕਰਾਰ ਰੱਖਦੀ ਹੈ। ਕਵਿਤਾ ਦੁਆਰਾ ਚਿੰਤਨ ਕੀਤਾ ਗਿਆ ਹੈ:

**ਕੋਈ ਗੱਲ ਨਹੀਂ ਮਰਦਾਨਿਆ !**
**ਆਪਾਂ ਇਨ੍ਹਾਂ ਪੱਥਰਾਂ ਵਿਚ ਵੀ**
**ਪਾਣੀ ਸਿਮਣ ਲਾਵਾਂਗੇ।**
**ਆਪਾਂ ਇਨ੍ਹਾਂ ਪੱਥਰਾਂ ਵਿਚ ਵੀ**
**ਪਾਣੀ ਸਿਮਣ ਲਾਵਾਂਗੇ।**

ਸੰਨੀ ਧਾਲੀਵਾਲ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਕਵਿਤਾ "ਗੁਰੂ ਤੇਗ ਬਹਾਦਰ ਜੀ" ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਬੰਧਿਤ ਕਾਰਨਾਂ ਬਾਰੇ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਹੈ। ਸੰਨੀ ਕਸ਼ਮੀਰੀ ਪੰਡਿਤਾਂ ਦੀ ਕਾਰਜ-ਪ੍ਰਣਾਲੀ ਉੱਤੇ ਵੀ ਪ੍ਰਸ਼ਨ ਉਠਾਉਂਦਾ ਹੈ ਜੋ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਿਉਂ ਨਾ ਲੜੇ:

**ਕੀ ਉਹ ਆਪਣੇ ਹੱਕਾਂ ਲਈ ਲੜ੍ਹ**
**ਨਹੀਂ ਸਕਦੇ ਸੀ ?**
**ਆਲਸੀ ਸੀ, ਡਰਾਕਲ ਸੀ**
**ਜਾਂ ਬਿਜਨਸ਼ਮੈਨ ਸਨ ?**


ਪ੍ਰਸ਼ਨ ਹੋਰ ਵੀ ਉੱਠਦੇ ਹਨ, ਕਿ ਕਸ਼ਮੀਰੀ ਪੰਡਿਤ ਆਪ ਆਏ ਸਨ ਜਾਂ ਕਿਸੇ ਸ਼ਕਤੀਧਾਰੀ ਸੱਤਾ ਨੇ ਉਨ੍ਹਾਂ ਨੂੰ ਭੇਜਿਆ ਸੀ, ਕਿਉਂਕਿ ਤਖ਼ਤਸ਼ਾਹੀ ਨੇ ਹੀ 'ਬੁੱਧ ਮੱਤ' ਤੇ 'ਜੈਨ ਮੱਤ' ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਤੇ ਹੁਣ 'ਗੁਰਮਤਿ ਵਿਚਾਰਧਾਰਾ' ਵਿਰੁੱਧ ਚਾਲ ਚੱਲੀ ਸੀ। ਔਰੰਗਜ਼ੇਬ ਨੇ ਕੀ ਪੰਡਿਤਾਂ ਉੱਤੇ ਹੀ ਜ਼ੁਲਮ ਕੀਤੇ ਸਨ? ਕੀ ਪਹਾੜੀ ਰਾਜਿਆਂ ਨੇ ਵੀ ਸਾਜਿਸ਼ਾਂ ਰਚੀਆਂ ? ਆਦਿ ਬਾਰੇ ਆਲੇ-ਦੁਆਲੇ ਦੇ ਵਾਤਾਵਰਨ ਤੇ ਪ੍ਰਸਥਿਤੀਆਂ ਤੋਂ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ ਜਦ ਕਿ ਔਰੰਗਜ਼ੇਬ ਲਈ ਧਰਮ ਤੇ ਈਮਾਨ ਕੋਈ ਮਾਈਨੇ ਨਹੀਂ ਰੱਖਦੇ ਸਨ। ਉਹ ਸਿਰਫ਼ ਤਖ਼ਤੋ ਤਾਜ ਉੱਤੇ ਆਪਣੇ ਅਧਿਕਾਰ ਨੂੰ ਕਾਇਮ ਰੱਖਣ ਲਈ ਅਨੈਤਿਕ ਕਾਰਵਾਈਆਂ ਕਰਨ ਤੋਂ ਗੁਰੇਜ਼ ਨਹੀਂ ਸੀ ਕਰਦਾ। ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਕੋਈ ਵੀ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਜੀ ਦੇ ਅੰਤਿਮ ਸੰਸਕਾਰ ਲਈ ਅੱਗੇ ਨਹੀਂ ਆਇਆ। ਸੰਨੀ ਧਾਲੀਵਾਲ ਕਵਿਤਾ ਵਿਚ ਪ੍ਰਸ਼ਨ ਉਠਾਉਂਦਾ ਹੈ ਤੇ ਪ੍ਰਸ਼ਨ ਦਾ ਉੱਤਰ ਪਾਠਕਾਂ ਉੱਤੇ ਛੱਡ ਦਿੰਦਾ ਹੈ ਕਿ ਉਹ ਕੀ ਸੋਚਦੇ ਹਨ:

**ਸ਼ਹੀਦੀ ਉਪਰੰਤ**
**ਗੁਰੂ ਜੀ ਨੂੰ ਹਿੰਦ ਦੀ ਚਾਦਰ**
**ਕਹਿਣ ਵਾਲੇ ਕੌਣ ਸਨ/ਹਨ ?**
**ਕੀ ਕੇਵਲ ਕਸ਼ਮੀਰੀ ਪੰਡਿਤ**
**ਹੀ ਹਿੰਦ ਸਨ/ਹਨ।**

ਵਰਤਮਾਨ ਸੱਤਾਧਾਰੀਆਂ ਦੀ ਕਾਰਜ-ਪ੍ਰਣਾਲੀ ਵੀ ਅਜਿਹੀ ਹੈ, ਜਿਨ੍ਹਾਂ ਦੀਆਂ 'ਸਾਮਰਾਜਵਾਦੀ' ਨੀਤੀਆਂ ਨੇ ਕਈ ਦੇਸ਼ਾਂ ਨੂੰ ਆਪਣੇ ਗ਼ੁਲਾਮ ਬਣਾਇਆ ਹੈ। ਸੰਨੀ ਧਾਲੀਵਾਲ ਦੀ ਕਵਿਤਾ "ਰਾਜ ਕਰੇਗਾ ਖ਼ਾਲਸਾ" ਦੁਆਰਾ ਵਰਤਮਾਨ ਸਮੇਂ ਵਿਚ ਸੱਚ ਦਾ ਪੈਗ਼ਾਮ ਦਿੱਤਾ ਗਿਆ ਹੈ, ਕਿਉਂਕਿ ਵਰਤਮਾਨ ਸਮਾਂ ਦੰਭੀ, ਕੱਪਟੀ ਤੇ ਕੱਟੜਤਾ ਵਾਲਾ ਹੈ, ਜਿੱਥੇ ਹਰ ਕੋਈ ਨਿੱਜੀ ਹਿੱਤਾਂ ਤਕ ਸੀਮਤ ਹੋ ਕੇ ਨਸਲਵਾਦ ਫੈਲਾ ਰਿਹਾ ਹੈ। ਇੱਥੇ ਡੇਰਿਆਂ ਦੀ ਭਰਮਾਰ, ਕੂੜ ਦਾ ਪ੍ਰਚਾਰ ਤੇ ਪਾਖੰਡ ਦਾ ਬੋਲਬਾਲਾ ਹੈ। ਲੋਕ ਮਨੁੱਖਤਾ ਦੀ ਜੀਵਨ ਜਾਂਚ ਭੁੱਲ ਕੇ ਵੈਰ ਵਿਰੋਧ ਵਿਚ ਉਲਝ ਗਈ ਹੈ। 'ਪਦਾਰਥਵਾਦੀ ਸਿਸਟਮ' ਨੇ ਸਰਕਾਰਾਂ ਤੇ ਤਖ਼ਤ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਸਰਕਾਰਾਂ ਵੱਲੋਂ ਨਵੇਂ ਨਵੇਂ ਕਾਨੂੰਨ ਬਣਾ ਕੇ ਆਮ ਜਨਤਾ ਦੀਆਂ ਸੱਧਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਨਿਮਨ ਮਾਨਸਿਕਤਾ ਵਾਲੇ ਨੇਤਾ ਰਾਜ ਕਰ ਰਹੇ ਹਨ। ਜਿਸ ਕਾਰਨ ਅਰਾਜਕਤਾ ਦਾ ਦੌਰ ਚੱਲ ਰਿਹਾ ਹੈ। ਜਿਹੜੇ ਵਿਅਕਤੀ ਸੱਚ ਦੇ ਰਸਤੇ ਨੂੰ ਅਪਨਾਉਂਦੇ ਹੋਇਆ ਸਰਕਾਰ ਦੀਆਂ ਅਨੈਤਿਕ ਕਾਰਵਾਈਆਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਜ਼ੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਧਾਰਮਿਕ ਕੱਟੜਤਾ ਦੀਆਂ ਕਾਰਵਾਈਆਂ ਨਿੱਤ ਦਿਨ ਵਾਪਰ ਰਹੀਆਂ ਹਨ:

**ਅੱਜ ਟੀ.ਵੀ. ਤੇ ਮਸਜਦ ਢਾਹ ਕੇ**
**ਅਰਬਾਂ ਰੁਪਇਆਂ ਨਾਲ**
**ਨਵੇਂ ਬਣੇ ਮੰਦਰ ਦਾ ਉਦਘਾਟਨ**
**ਹੁੰਦਾ ਦੇਖਿਆ ਤਾਂ**
**ਬੈਠੇ ਬੈਠੇ ਨੂੰ ਖ਼ਿਆਲ ਆਇਆ ਕਿ**
**ਸਕੂਲ ਵਿਚ ਚੰਗੇ ਅਧਿਆਪਕ ਤੇ**
**ਦੇਸ਼ ਵਿਚ ਚੰਗੇ ਨੇਤਾ ਦਾ ਹੋਣਾ**
**ਸਭ ਤੋਂ ਜ਼ਰੂਰੀ ਹੈ।**

ਸਮਾਜ ਅਤੇ ਮਨੁੱਖ ਦੇ ਵਿਕਾਸ ਲਈ ਸਮਾਨਤਾ ਦਾ ਅਧਿਕਾਰ ਜ਼ਰੂਰੀ ਸ਼ਰਤ ਹੈ ਤੇ "ਜੀਓ ਤੇ ਜਿਉਣ ਦਿਓ" ਦੇ ਸਿਧਾਂਤ ਉੱਤੇ



ਚੱਲਣਾ ਚਾਹੀਦਾ। 'ਕਿਰਤ ਸਿਧਾਂਤ' ਦੁਆਰਾ ਜੀਵਨ ਵਿਚ ਸਹਿਜਤਾ ਦਾ ਗੁਣ ਵਿਦਮਾਨ ਰਹਿੰਦਾ ਹੈ। ਕਵੀ ਆਪਣੇ ਦੋ ਸੱਭਿਆਚਾਰਾਂ ਵਿਚਲੇ ਤਜ਼ਰਬੇ ਸਾਂਝੇ ਕਰਦਾ ਹੋਇਆ। ਇਸ ਸੰਵਾਦ ਵਿਚੋਂ ਹੀ 'ਸੰਨੀ ਧਾਲੀਵਾਲ' ਦੇ 'ਕਾਵਿ-ਲੋਕ' ਦੀਆਂ ਵਿਭਿੰਨ ਲੁਪਤ ਪਰਤਾਂ ਉਜਾਗਰ ਹੁੰਦੀਆਂ ਹਨ।

ਸੰਨੀ ਧਾਲੀਵਾਲ ਦੀ ਕਵਿਤਾ "ਮੈਂ ਤਾਂ ਪੂਛ ਹਿਲਾ ਦੇਣੀ ਸੀ" ਵਿਚ ਨੇਤਾਵਾਂ ਉੱਤੇ ਤਿੱਖੇ ਵਿਅੰਗ ਕੱਸਦਾ ਹੈ। ਇਹ ਹਾਕਮ ਸ਼੍ਰੇਣੀ ਅੱਗੇ ਲਿਲਕੜੀਆਂ ਕੱਢਦੇ ਹਨ ਅਤੇ ਚਾਪਲੂਸੀ ਕਰਕੇ ਵੱਡੇ ਅਹੁਦੇ ਪ੍ਰਾਪਤ ਕਰਨਾ ਚਾਹੁੰਦੇ ਹਨ। ਜਦਕਿ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ। ਕੁਝ ਸਫੈਦਪੋਸ਼ਾਂ ਨੇ ਦੇਸ਼ ਭਗਤਾਂ ਨਾਲ ਗ਼ਦਾਰੀ ਕਰਕੇ ਜਗੀਰਾਂ ਪ੍ਰਾਪਤ ਕੀਤੀਆਂ ਤੇ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਤਖ਼ਤੇ ਦੇ ਮਾਲਕ ਬਣ ਬੈਠੇ। ਵਰਤਮਾਨ ਸਮੇਂ ਵਿਚ ਵੀ ਇਹ ਲੋਕਾਈ ਦੀਆਂ ਭਾਵਨਾਵਾਂ ਨਾਲ ਖੇਡ ਕੇ ਪੀੜ੍ਹੀ-ਦਰ-ਪੀੜ੍ਹੀ ਰਾਜ ਕਰ ਰਹੇ ਹਨ। ਨੇਤਾਵਾਂ ਦੀ ਔਲਾਦ ਨੇਤਾ ਬਣ ਕੇ ਲੋਕਾਂ ਨੂੰ ਲੁੱਟ ਰਹੀ ਹੈ। ਇਸ ਪ੍ਰਕਾਰ ਸੰਨੀ ਧਾਲੀਵਾਲ ਕਵੀਆਂ ਉੱਤੇ ਵੀ ਵਿਅੰਗ ਕੱਸਦਾ ਹੈ ਜੋ ਮਾਨ ਸਨਮਾਨਾਂ ਦੀ ਪ੍ਰਾਪਤੀ ਲਈ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਨਹੀਂ ਕਰਦੇ ਸਗੋਂ ਉਹਨਾਂ ਦਾ ਗੁਣ-ਗਾਣ ਕਰ ਰਹੇ ਹਨ। ਸੰਨੀ ਕਵੀਆਂ ਦੀ ਕਾਰਜ-ਪ੍ਰਣਾਲੀ ਦਾ ਚਿੱਤਰ ਉਲੀਕਦਾ ਹੈ:

**ਪਰ ਸੱਚੀ ਮੈਂ ਤਾਂ ਵਿਕ ਜਾਣਾ ਸੀ**
**ਲੋਕ ਕਵੀਆਂ ਵਾਂਗੂ ਰਾਜ ਕਵੀ ਬਣ ਜਾਣਾ ਸੀ**
**15,15 ਲੱਖ ਦੇ ਇਨਾਮਾਂ ਨੂੰ**
**ਮਿਲੀ ਗਰਮ ਗਰਮ ਲੋਈ ਵਿਚ ਪਵਾ ਲੈਣਾ ਸੀ**

ਸੰਨੀ ਧਾਲੀਵਾਲ ਦਾ ਕਾਵਿ-ਲੋਕ ਦੋ ਸੱਭਿਆਚਾਰਾਂ ਵਿਚ ਵਿਚਰਦੇ ਮਨੁੱਖ ਦੀ ਜੀਵਨ-ਸ਼ੈਲੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਪਿੰਡ 'ਰਣਸੀਂਹ' ਤੋਂ ਉੱਠ ਕੇ 'ਕਨੇਡਾ' ਵਿਚਲੀ ਕਰਮ-ਭੂਮੀ ਨੂੰ ਬਿਆਨ ਕੀਤਾ ਹੈ। ਮਨੁੱਖ ਕਿੱਥੇ ਵੀ ਚਲਾ ਜਾਵੇ ਉਸ ਦੇ ਦਿਲ ਵਿਚ ਪਿੰਡ ਸਦਾ ਵਿਦਵਾਨ ਰਹਿੰਦਾ ਹੈ। ਪਿੰਡ ਦਾ ਹੋਣਾ ਉਸਦੀ ਹੋਂਦ ਦਾ ਪ੍ਰਮਾਣ ਹੈ, ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਉਸ ਨੇ ਪਿੰਡ ਦੀ ਸਮਾਜਕ ਬਣਤਰ ਵਿਚਲੀਆਂ ਬੰਦਿਸ਼ਾਂ ਦਾ ਵਿਰੋਧ ਕਰਦੇ ਹੋਏ ਵਿਦੇਸ਼ ਵਿਚਲੀ ਅਰਮਦਾਇਕ ਜ਼ਿੰਦਗੀ ਦੀ ਤਾਰੀਫ਼ ਕੀਤੀ ਹੈ। ਵਰਤਮਾਨ ਸਮੇਂ ਵਿਚ ਮਨੁੱਖ ਦੀ ਆਜ਼ਾਦੀ ਉੱਤੇ ਪਾਬੰਦੀਆਂ ਲਗਾਉਣ ਨਾਲ ਕਈ ਵਾਦ-ਵਿਵਾਦ ਪੈਦਾ ਹੋ ਜਾਂਦੇ ਹਨ। ਇਸ ਲਈ ਸੰਨੀ ਧਾਲੀਵਾਲ ਨੇ ਪਿੰਡ ਦੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਅਜ਼ਾਦ ਜੀਵਨ ਦੀ ਬਾਤ ਪਾਈ ਹੈ। ਸੰਨੀ ਧਾਲੀਵਾਲ ਨੇ ਔਰਤ ਦੀ ਵਿਥਿਆ ਰਾਹੀਂ ਆਜ਼ਾਦ ਜੀਵਨ ਵਿਚਲੀ ਉਡਾਰੀ ਨੂੰ ਨਿਵੇਕਲੇ ਅੰਦਾਜ਼ ਵਿਚ ਬਿਆਨ ਕੀਤਾ ਹੈ ਜੋ ਪਿੰਡ ਤੋਂ ਵਿਦੇਸ਼ ਜਾ ਕੇ 'ਆਤਮ ਨਿਰਭਰ' ਹੋਈ ਹੈ:

**ਤੁਰਦੀ ਫਿਰਦੀ ਲਾਸ਼ ਤੋਂ**
**ਮਨੁੱਖਤਾ ਦੇ ਭਲੇ ਦੀਆਂ ਗੱਲਾਂ**
**ਕਰਨ ਲੱਗੀ ਹਾਂ।**
**ਪੰਜਾਬ ਰੋਡਵੇਜ਼ ਦੀ ਵਿਚਕੂ ਵਿਚਕੂ ਕਰਦੀ**
**ਬੱਸ ਚੋਂ ਉਤਰ ਕੇ**
**ਵਧੀਆ ਕਾਰ ਚਲਾਉਣ ਜੋਗੀ ਹੋਈ ਹਾਂ।**
**ਓ ਪਿਆਰੇ ਪਿੰਡ!**
**ਜਦੋਂ ਤੋਂ ਤੇਰੇ ਤੋਂ ਦੂਰ ਹੋਈ ਹਾਂ।**
**ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ।**

ਸੰਨੀ ਧਾਲੀਵਾਲ "ਔਰਤ ਦੀ ਮਾਨਸਿਕਤਾ" ਰਾਹੀਂ ਜੀਵਨ ਦੀਆਂ ਵਿਭਿੰਨ ਪਰਤਾਂ ਦ੍ਰਿਸ਼ਟੀਗੋਚਰ ਕਰਦਾ ਹੈ। ਡਾ? ਵਰਿਆਮ ਸਿੰਘ ਸੰਧੂ ਦਾ ਵਿਚਾਰ ਹੈ:

"ਉਹਦੇ ਪਿੰਡ ਦੀ ਉਹ ਔਰਤ ਪੰਜਾਬੀ ਬੰਦੇ ਦੀ ਆਤਮਾ ਹੀ ਹੈ ਜਿਸ ਨੂੰ ਕਨੇਡਾ ਨੇ ਆਤਮ ਵਿਸ਼ਵਾਸ ਦਿੱਤਾ, ਆਜ਼ਾਦੀ ਦਿੱਤੀ, ਰੁਜ਼ਗਾਰ ਦਿੱਤਾ, ਸਵੈਮਾਣ ਦਿੱਤਾ। ਜਿੱਥੇ ਉਹ ਜੋ ਮਰਜ਼ੀ ਪਹਿਨ ਸਕਦੀ ਹੈ, ਪਤੀ ਨਾਲ ਸੜਕ ਤੇ ਬਰਾਬਰ ਤੁਰ ਸਕਦੀ ਹੈ।

ਭਾਵੇਂ ਕਿ ਕਵੀ ਪਿੰਡ ਦੀ ਰੂੜ੍ਹੀਵਾਦੀ ਸੋਚ ਤੇ ਕਾਰਜ-ਪ੍ਰਣਾਲੀ ਦਾ ਵਿਰੋਧ ਕਰਦਾ ਤੇ ਬੇਬਾਕੀ ਨਾਲ ਆਲੇ ਦੁਆਲੇ ਹੋ ਰਹੀ ਧੱਕੇਸ਼ਾਹੀ ਦਾ ਜ਼ਿਕਰ ਵੀ ਕਰਦਾ ਹੈ ਪਰ ਇਸ ਦੇ ਨਾਲ-ਨਾਲ ਪਿੰਡ ਦੀ ਹੋਂਦ ਨੂੰ ਮਾਨਦਾ ਵੀ ਹੈ, ਜਿਸ ਦੀ ਖ਼ਾਤਰ ਉਹ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਮੁੜ ਆਪਣੇ ਪਿੰਡ, ਆਪਣੇ ਘਰ ਆਉਂਦਾ ਹੈ। ਉਹ ਇਹ ਵੀ ਚਾਹੁੰਦਾ ਹੈ ਕਿ ਸਮੇਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਨਾਲ 'ਰੂੜ੍ਹੀਵਾਦੀ ਸੋਚ' ਦਾ ਤਿਆਗ ਕਰਕੇ 'ਵਿਕਾਸਮੁਖੀ ਸੋਚ' ਅਪਣਾਉਣੀ ਬਹੁਤ ਜ਼ਰੂਰੀ ਹੈ ਤਾਂ ਜੋ "ਔਰਤ-ਮਰਦ"ਸਰਬਪੱਖੀ ਵਿਕਾਸ ਕਰ ਸਕਣ। ਉਸ ਨੂੰ ਆਪਣੇ ਪਿੰਡ ਦੀ ਮਿੱਟੀ ਨਾਲ ਪਿਆਰ ਹੈ:

**ਮੈਂ ਤੇਰੀ ਮਿੱਟੀ ਦੀ ਸੁਗੰਧ ਨੂੰ**
**ਪਿਆਰ ਕਰਦੀ ਹਾਂ।**
**ਉਹ ਮਿੱਟੀ ਮੇਰੀਆਂ ਨਾਸਾਂ,**
**ਨਹੁੰਆਂ ਤੇ ਕੰਨਾਂ ਵਿਚ**
**ਪੱਕਾ ਘਰ ਬਣਾ ਕੇ ਬੈਠੀ ਹੈ।**
**ਉਹ ਮਿੱਟੀ ਦੀ ਸੁਗੰਧ ਹੀ ਮੇਰੇ ਕੋਲ ਵਾਰ-ਵਾਰ**
**ਤੇਰੇ ਦਰਸ਼ਨ ਕਰਵਾਉਂਦੀ ਹੈ।**
**ਜੰਗਾਲ ਲੱਗੇ ਤਾਲੇ ਨੂੰ ਖੁਲਵਾਉਂਦੀ ਹੈ।**
**ਜੰਗਾਲ ਲੱਗੇ ਤਾਲੇ ਨੂੰ ਖੁਲਵਾਉਂਦੀ ਹੈ।**

ਕਵਿਤਾ ਦੀ ਪਾਤਰ ਬੇਸ਼ਕ ਔਰਤ ਹੈ ਪਰ ਇਹ ਪੰਜਾਬੀ ਮਨੁੱਖ ਦੀ ਆਜ਼ਾਦੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਕਵੀ ਬੀਤੇ ਨੂੰ ਯਾਦ ਕਰਕੇ ਰਊਂ ਰਊਂ ਨਹੀਂ ਕਰਦਾ। ਉਸਦੇ ਕਾਵਿ ਵਿਚ ਪਿੰਡ ਸਦਾ ਵਿਦਮਾਨ ਰਹਿੰਦਾ ਹੈ। ਇਹ ਪਿੰਡ 'ਰਣਸੀਂਹ' ਤੇ 'ਟੱਲੇਵਾਲ' ਕਵਿਤਾ ਵਿਚ ਵਾਰ-ਵਾਰ ਆਉਂਦੇ ਹਨ ਅਤੇ ਪਿੰਡ ਵਿਚ ਮਨਾਏ ਜਾਂਦੇ ਮੇਲੇ ਦੀ ਤਸਵੀਰ ਵੀ ਉਭਰਦੀ ਹੈ। ਇਹੋ ਕਾਰਨ ਹੈ ਕਿ ਉਹ ਪਿੰਡ ਨੂੰ ਯਾਦ ਕਰਦਾ ਹੈ।

ਸੰਨੀ ਧਾਲੀਵਾਲ ਨੇ ਕਵਿਤਾ "ਸੋਹਣੀ ਨੂੰ ਕੁਝ ਸਵਾਲ" ਵਿਚ 'ਮਨੁੱਖੀ ਸੁਭਾਅ ਦੇ ਸ਼ੱਕ' ਦੀ ਬਿਰਤੀ ਨੂੰ ਉਜਾਗਰ ਕੀਤਾ ਹੈ। ਹਰ ਮਨੁੱਖ ਸਵਾਲ ਕਰਨਾ ਆਪਣਾ ਹੱਕ ਸਮਝਦਾ ਹੈ ਭਾਵੇਂ ਜਵਾਬ ਮਿਲੇ ਜਾਂ ਨਾ ਮਿਲੇ। ਸਵਾਲ ਠੀਕ ਹੋਣ ਜਾਂ ਗ਼ਲਤ ਕੋਈ ਫ਼ਰਕ ਨਹੀਂ ਪੈਂਦਾ। ਅੱਜ ਕੱਲ ਹਰੇਕ ਮਨੁੱਖ 'ਸਵਾਲ ਦਾ ਭਾਰ' ਚੁੱਕੀ ਫ਼ਿਰਦਾ ਹੈ। ਸਮਾਜਕ ਸਿਸਟਮ ਦੇ ਵਰਤਾਰੇ ਅਤੇ ਤਰਕਸ਼ੀਲ ਵਿਚਾਰਾਂ ਦੇ ਦ੍ਰਿਸ਼ਟੀਕੋਣ ਨੇ 'ਸੋਹਣੀ' ਨੂੰ ਕੁਝ ਸਵਾਲ ਪੁੱਛੇ ਹਨ:

**ਤੂੰ ਹੀ ਕਿਉਂ ਦਰਿਆ ਪਾਰ ਕਰਕੇ**
**ਮਹੀਂਵਾਲ ਨੂੰ ਮਿਲਣ ਜਾਂਦੀ ਸੀ?**
**ਉਹ ਤੈਨੂੰ ਮਿਲਣ ਕਿਉਂ ਨਹੀਂ ਆਉਂਦਾ**
**ਕੀ ਉਹ ਡਰਾਕਲ ਸੀ?...**

ਸੰਨੀ ਧਾਲੀਵਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਫਿਜਿਕਸ ਵਿਭਾਗ ਦਾ ਵਿਦਿਆਰਥੀ ਰਿਹਾ ਹੈ। ਉਸ ਨੇ ਆਪਣੀਆਂ ਯਾਦਾਂ ਦੀਆਂ ਤੰਦਾਂ ਵਿਚੋਂ ਯੂਨੀਵਰਸਿਟੀ ਦੇ ਮਾਹੌਲ ਦੀ ਤਸਵੀਰਕਸ਼ੀ ਕਰਦੇ ਹੋਏ 'ਆਜ਼ਾਦੀ ਦੇ ਦਿਨ' ਅਤੇ 'ਮਨੁੱਖ ਦੀ ਸਥਿਤੀ' ਨੂੰ ਬਿਆਨ ਕੀਤਾ ਹੈ। ਉਸ ਦੀ ਕਵਿਤਾ "ਆਜ਼ਾਦੀ ਦਾ ਦਿਨ" ਵਿਚ 78ਵੀਂ ਆਜ਼ਾਦੀ ਵਰ੍ਹੇ ਗੰਢ ਦਾ ਜ਼ਿਕਰ ਕੀਤਾ ਹੈ। ਹਰ ਸਾਲ ਆਜ਼ਾਦੀ ਦਿਵਸ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਪਰ ਆਮ ਮਨੁੱਖ ਦੀ ਹਾਲਤ ਪੀੜ੍ਹੀ-ਦਰ-ਪੀੜ੍ਹੀ ਤਰਸਯੋਗ ਹੀ ਰਹੀ। "ਇਕ ਬੂਟ ਪਾਲਿਸ਼ ਕਰਨ ਵਾਲੇ" ਦੀ ਗਾਥਾ ਰਾਹੀਂ ਭਾਰਤ ਦੀ ਆਜ਼ਾਦੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ, ਜਿਸ ਆਜ਼ਾਦੀ ਦੀ ਪ੍ਰਾਪਤੀ ਲਈ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਉਹਨਾਂ ਦੀਆਂ ਕੁਰਬਾਨੀਆਂ ਅਜਾਈਂ ਗਈਆਂ, ਕਿਉਂਕਿ ਸਾਡੇ ਆਜ਼ਾਦ ਭਾਰਤ ਦੇ ਨੇਤਾਵਾਂ ਨੇ ਆਮ ਜਨਤਾ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਦੀ ਬਜਾਇ ਉਹਨਾਂ ਦੀ ਲੁੱਟ-ਖਸੁੱਟ ਹੀ ਕੀਤੀ। ਸੰਨੀ ਧਾਲੀਵਾਲ ਬੜੀ ਬੇਬਾਕੀ ਨਾਲ ਅਖ਼ੌਤੀ ਆਜ਼ਾਦੀ ਦਾ ਜ਼ਿਕਰ ਕਰਦਾ ਹੈ:

**ਕੈਸੀ ਆਜ਼ਾਦੀ**
**ਕਿਸ ਸੇ ਆਜ਼ਾਦੀ**
**ਕੌਨ ਸੀ ਆਜ਼ਾਦੀ**
**ਮੇਰੇ ਦਾਦੇ ਨੇ ਭੀ ਯਹੀਂ ਪਰ ਜੁਤੇ ਪਾਲਸ਼ ਕੀਏ**
**ਮੇਰੇ ਬਾਪ ਨੇ ਭੀ ਯਹੀਂ ਪਰ ਜੁਤੇ ਪਾਲਸ਼ ਕੀਏ**
**ਔਰ ਮੈਂ ਭੀ ਯਹੀਂ ਪਰ ਜੁਤੇ**
**ਪਾਲਸ਼ ਕਰ ਰਹਾਂ ਹੂੰ?**

ਉਪਰੋਕਤ ਵਿਚਾਰ-ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੰਨੀ ਧਾਲੀਵਾਲ ਦੀ ਵਿਅੰਗਾਤਮਕ "ਚੂੰਢੀ ਦੀ ਚੀਸ" ਮਨੁੱਖੀ ਚੇਤਨਾ ਨੂੰ ਜਾਗ੍ਰਿਤ ਕਰਦੀ ਹੈ। ਉਸ ਵਿਚੋਂ ਜੀਵਨ ਮੁੱਲਾਂ ਦੀਆਂ ਧੁਨਾਂ ਗੂੰਜਦੀਆਂ ਹਨ। ਉਹ ਨਵੀਨ ਸਮਾਜ ਦਾ ਹਾਮੀ ਹੈ ਜਿਸ ਵਿਚ "ਜੀਓ ਤੇ ਜਿਉਣ ਦਿਓ" ਦਾ ਸਿਧਾਂਤ ਸਥਾਪਤ ਕਰਨ ਲਈ ਯਤਨ ਕਰ ਰਿਹਾ ਹੈ। ਸੰਨੀ ਧਾਲੀਵਾਲ ਕੋਲ ਦੋ ਸਭਿਆਚਾਰਾਂ ਦਾ ਤਜ਼ਰਬਾ ਹੋਣ ਸਕਦਾ ਉਸ ਦੇ ਕਾਵਿ-ਜਗਤ ਵਿਚ ਦੋ ਸਭਿਆਚਾਰਾਂ ਦੇ ਨੈਤਿਕ ਮੁੱਲ-ਵਿਧਾਨ ਦ੍ਰਿਸ਼ਟੀਗੋਚਰ ਹੁੰਦੇ ਹਨ।

**ਅਸਿਸਟੈਂਟ ਪ੍ਰੋਫ਼ੈਸਰ,**
**ਵਿਭਾਗ : ਪੰਜਾਬੀ ਅਧਿਐਨ ਸਕੂਲ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

# ਸੰਤਾਲ਼ੀ ਵੇਲੇ ਲੋਕਾਂ ਦੇ ਰਾਖੇ ਪੰਜਾਬੀ ਕਮਿਊਨਿਸਟ - ਇੰਦਰ ਸਿੰਘ ਮੁਰਾਰੀ

ਇੰਦਰ ਸਿੰਘ ਮੁਰਾਰੀ (1895-1981). 1978 ਵਿਚ (ਉਹਨੀਂ ਦਿਨੀਂ ਸੁਤੰਤਰ ਕਿਸੇ ਇਕ ਥਾਂ ਨਹੀਂ ਸੀ ਅਟਕਦਾ। ਥਾਂ-ਥਾਂ ਪਹੁੰਚ ਕੇ ਬਚੇ-ਖੁਚੇ ਮੁਸਲਮਾਨਾਂ ਨੂੰ ਕੱਢ ਕੇ ਕੈਂਪਾਂ ਵਿਚ ਅਪੜਾਣ ਦੇ ਜਤਨ ਕਰਦਾ ਸੀ। ਖ਼ਾਸ ਕਰ ਉਨ੍ਹਾਂ ਕੁੜੀਆਂ ਔਰਤਾਂ ਬਾਬਤ ਤਾਂ ਉਹ ਬਹੁਤਾ ਹੀ ਜਜ਼ਬਾਤੀ ਸੀ, ਜੋ ਧੱਕੇ ਨਾਲ ਲੋਕਾਂ ਨੇ ਅਪਣੇ ਘਰੀਂ ਪਾ ਰੱਖੀਆਂ ਸਨ। ਉਹ ਇਸ ਕਿਸਮ ਦੇ ਮਸਲ੍ਹੇ ਬੜੇ ਠੰਢੇ ਦਿਮਾਗ ਨਾਲ ਹੱਲ ਕਰਦਾ। ਨਾਲ਼ ਅਪਣੇ ਸਾਥੀਆਂ ਨੂੰ ਵੀ ਸਮਝਾ ਕੇ ਰੱਖਣਾ ਕਿ ਐਸੀ ਹਾਲਤ ਵਿਚ ਅਪਣੇ-ਆਪ ਨੂੰ ਕਿਵੇਂ ਬਚਾਅ ਕੇ ਰੱਖਣਾ ਹੈ)

ਜਿਨ੍ਹਾਂ ਦਿਨਾਂ 'ਚ ਫ਼ਸਾਦ ਸ਼ੁਰੂ ਹੋਏ, ਅਸੀਂ ਲਹੌਰ ਤੇਜਾ ਸਿੰਘ ਸੁਤੰਤਰ ਦੀ ਕੋਠੀ ਵਿਚ ਰਹਿੰਦੇ ਸਾਂ। ਇਸ ਜਗ੍ਹਾ 'ਤੇ ਬੜੀਆਂ ਮੀਟਿੰਗਾਂ ਹੋਈਆਂ ਸਨ।

ਕਮਿਊਨਿਸਟ ਪਾਰਟੀ ਦੇ ਕਿਸੇ ਕੰਮ ਮੈਨੂੰ ਸਿਆਲਕੋਟ ਘੱਲਿਆ ਗਿਆ, ਤਾਂ ਓਥੇ ਜਾਂਦਿਆਂ ਨੂੰ ਕਰਫ਼ਿਊ ਦਾ ਅਲਾਨ! ਲੁਕ-ਲੁਕਾ ਕੇ ਪਾਰਟੀ ਦਫ਼ਤਰ ਪੁੱਜਾ, ਤਾਂ ਅੱਗੋਂ ਬੂਹਾ ਬੰਦ। ਸੋ ਰਾਤ ਗੁਰਦੁਆਰੇ ਹੀ ਗੁਜ਼ਾਰਨੀ ਪਈ।

ਦਿਨੇ ਉੱਠ ਦਫ਼ਤਰ ਅੱਪੜਿਆ। ਵੇਖ ਕੇ ਮੁਸਲਮਾਨ ਕਾਮਰੇਡ ਦਾ ਰੰਗ ਫੱਕ। ਆਖੇ: ਤੂੰ ਇਥੇ ਆਣ ਦੀ ਬੜੀ ਭੁੱਲ ਕੀਤੀ ਏ; ਘੜੀ-ਘੜੀ ਪਿੱਛੋਂ ਤਾਂ ਇਥੇ ਛੁਰੇ ਚਲ ਰਹੇ ਨੇ।

ਉਸ ਨਾਲ ਦੀ ਦੁਕਾਨ ਤੋਂ ਕੁਝ ਮੇਰੇ ਖਾਣ ਲਈ ਲਿਆ ਕੇ ਦਿੱਤਾ ਤੇ ਫਿਰ ਓਸੇ ਵੇਲੇ ਮੇਰੇ ਨਾਲ ਜਾ ਕੇ ਬੱਸ 'ਤੇ ਬਿਠਾ ਕੇ ਮੈਨੂੰ ਲਹੌਰ ਤੋਰ ਦਿੱਤਾ। ਬੱਸ ਵੀ ਉਹ ਫੜ ਕੇ ਦਿੱਤੀ, ਜਿਹਦੇ ਡਰਾਈਵਰ ਕੰਡੱਕਟਰ ਉਹਦੇ ਜਾਣੂ ਸਨ। ਉਸ ਉਨ੍ਹਾਂ ਨੂੰ ਸਮਝਾ ਕੇ ਪੱਕੀ ਕੀਤੀ ਕਿ ਮੈਨੂੰ ਅਪਣੀ ਨਿਗਰਾਨੀ ਚ ਅਪੜਾ ਕੇ ਆਉਣਾ ਹੈ। ਜਾਂਦਿਆਂ ਨੂੰ ਲਹੌਰ ਵੀ ਸੁੰਨ-ਮਸਾਣ। ਕਰਫ਼ਿਊ ਇਥੇ ਵੀ ਲੱਗ ਚੁੱਕਾ ਸੀ।

ਕਿਸੇ ਤਰ੍ਹਾਂ ਅਪਣੇ ਟਿਕਾਣੇ ਪੁੱਜਾ। ਸਾਰੇ ਸਾਥੀਆਂ ਦੇ ਮੂੰਹ ਉੱਤਰੇ ਹੋਏ, ਕਿਉਂਕਿ ਗੜਬੜ ਸ਼ਹਿਰ ਦੇ ਬਾਕੀ ਬਚੇ ਹਿੱਸਿਆਂ ਵਿਚ ਵੀ ਫੈਲ ਗਈ ਹੋਈ ਸੀ। ਬੜੀ ਸੋਚ-ਵਿਚਾਰ ਮਗਰੋਂ ਫ਼ੈਸਲਾ ਹੋਇਆ ਕਿ ਸੁਤੰਤਰ, ਉਹਦੀ ਪਤਨੀ, ਧੀ ਤੇ ਰਾਮ ਸਿੰਘ (ਦੱਤ) ਨੂੰ ਕਢ ਕੇ ਅੰਮ੍ਰਿਤਸਰ ਘੱਲ ਦਿੱਤਾ ਜਾਵੇ।

ਇਸ ਕੰਮ ਦੀ ਡੀਊਟੀ ਸੁਰੈਣ ਸਿੰਘ ਖੇਲੇ ਨੇ ਅਪਣੇ ਸਿਰ ਲਈ। ਪਰ ਟੈਕਸੀ ਦਾ ਪਤਾ ਕਰਨ ਗਿਆ, ਉਹ ਆਪ ਹੀ ਮਾਰਿਆ ਜਾਣ ਲੱਗਾ ਸੀ। ਪਤਾ ਨਹੀਂ ਕਿਵੇਂ ਮੁਸਲਮਾਨਾਂ ਦੇ ਟੋਲੇ ਨੂੰ ਸ਼ੱਕ ਪੈ ਗਿਆ ਤੇ ਉਹਨੂੰ ਫੜ ਕੇ ਨੰਗਾ ਕਰਨ ਲੱਗੇ ਸਨ ਕਿ ਉੱਤੋਂ ਕੁਝ ਹੋਰ ਬੰਦੇ ਆ ਗਏ। ਉਹ ਪਾਰਟੀ ਦੇ ਹਮਦਰਦ ਸਨ; ਉਨ੍ਹਾਂ ਇਹ ਆਖ ਕੇ ਸੁਰੈਣ ਸਿੰਘ ਨੂੰ ਛੁਡਾ ਲਿਆ: ਭਰਾਓ, ਕਿਉਂ ਬੇਇੱਜ਼ਤੀ ਕਰਦੇ ਹੋ? ਇਹ ਤਾਂ ਅਪਣਾ ਈ ਅਬਦੁੱਲ ਰਹਿਮਾਨ ਏ।

ਉਨ੍ਹਾਂ ਫੇਰ ਟੈਕਸੀ ਦਾ ਪ੍ਰਬੰਧ ਵੀ ਕਰ ਦਿੱਤਾ, ਜਿਸ ਵਿਚ ਉਹ ਸੁਤੰਤਰ ਹੁਰਾਂ ਨੂੰ ਸਰਹੱਦੋਂ ਲੰਘਾ ਆਇਆ ਸੀ।

ਹੁਣ ਬਾਕੀ ਜਿੰਨੇ ਵੀ ਅਸੀਂ ਕੋਠੀ ਵਿਚ ਰਹਿ ਗਏ ਸਾਂ, ਸਭ ਦੇ ਦਾੜ੍ਹੀ-ਕੇਸ ਮੁਨਾਏ ਹੋਏ ਸਨ। ਜਿਹੜਾ ਕੋਈ ਪੁੱਛੇ, ਤਾਂ ਆਖੀਏ - ਅਸੀਂ ਅੰਮ੍ਰਿਤਸਰ ਦੀ ਉਸ ਕੋਠੀ ਚੋਂ ਆਏ ਹਾਂ, ਜਿਹੜ੍ਹੀ ਵਿਚ ਹੁਣ ਇਸ ਕੋਠੀ ਵਾਲਾ ਸਰਦਾਰ ਗਿਆ ਏ। ਉਂਜ ਅੰਦਰੋਂ ਘਬਰਾਈਏ ਵੀ।

ਫਿਰ ਇਕ ਦਿਨ ਮੈਂ ਤੇ ਨਿਰੰਞਣ ਸਿੰਘ - ਜੋ ਆਜ਼ਾਦ ਹਿੰਦ ਫ਼ੌਜ ਦਾ ਬੰਦਾ ਸੀ - ਸੁਤੰਤਰ ਦੀ ਟਾਈਪ ਮਸ਼ੀਨ ਤੇ ਕੁਝ ਕਿਤਾਬਾਂ ਲੈ ਕੇ ਕੋਠੀ ਚੋਂ ਬਾਹਰ ਨਿਕਲੇ। ਘੋੜਾ ਹਸਪਤਾਲ ਦਾ ਟਾਂਗਾ ਫੜਿਆ ਤੇ ਓਥੋਂ ਉਤਰ ਕੇ ਰਫ਼ੂਜੀ ਕੈਂਪ ਵਿਚ ਜਾ ਵੜੇ। ... ਕੁਦਰਤੀ ਸਾਡੇ ਖਲੋਤਿਆਂ ਡੋਗਰਾ ਮਿਲਟਰੀ ਦਾ ਕੋਈ ਸੂਬੇਦਾਰ ਕੈਂਪ ਚ ਆਣ ਵੜਿਆ। ਉਹ ਅਪਣੇ ਨਾਲ ਰਾਵਲਪਿੰਡੀਓਂ ਸੱਤ ਜੀਪਾਂ ਵੀ ਭਜਾ ਲਿਆਇਆ ਸੀ। ਉਹਨੂੰ ਵੇਖਦਿਆਂ ਹੀ ਨਿਰੰਞਣ ਸਿੰਘ ਨੇ ਜਾ ਸਲੂਟ ਮਾਰਿਆ। ਉਹਦੇ ਸਲੂਟ ਨੇ ਇਨਾ ਕੰਮ ਕੀਤਾ ਕਿ ਸੂਬੇਦਾਰ ਸਾਨੂੰ ਅੰਮ੍ਰਿਤਸਰ ਤਕ ਲੈ ਜਾਣਾ ਮੰਨ ਗਿਆ।

ਤੇਜਾ ਸਿੰਘ ਸੁਤੰਤਰ. ਜਲੰਧਰ. 1964
ਫ਼ੋਟੋਕਾਰ: ਗੋਪਾਲ ਸਿੰਘ ਚੰਦਨ

...ਅੰਮ੍ਰਿਤਸਰ ਪੁੱਜ ਕੇ ਅਸਾਂ ਸੁਤੰਤਰ ਦਾ ਪਤਾ ਕੀਤਾ। ਉਹ ਜਲੰਧਰ ਵਲ ਗਿਆ ਹੋਇਆ ਸੀ। ਜਲੰਧਰੋਂ ਦੰਦੂਆਲ਼ ਦੀ ਦਸ ਪਈ, ਜੋ ਕਾਮਰੇਡ ਚੈਨ ਦਾ ਪਿੰਡ ਹੈ। ਓਥੇ ਵੀ ਸਾਡਾ ਮੇਲ ਨਾ ਹੋਇਆ। ਚੈਨ ਆਪ ਵੀ ਘਰ ਹੈ ਨਾ ਸੀ। ਪਿੰਡ ਵਾਲਿਆਂ ਨਾਲ ਬੰਦਾ ਦੇ ਕੇ ਕਾਮਰੇਡ ਗੁਰਚਰਨ ਸਿੰਘ ਰੰਧਾਵੇ ਦੇ ਪਿੰਡ ਤੋਰ ਦਿੱਤਾ। ਉਹ ਬੰਦਾ ਰਾਹ ਚੋਂ ਹੀ ਮੁੜ ਗਿਆ। ਇਕ ਤਾਂ ਸ਼ਾਮ ਦਾ ਵੇਲਾ ਸੀ ਤੇ ਦੂਜਾ ਲੱਕ-ਲੱਕ ਪਾਣੀ ਫਿਰਦਾ ਸੀ। ਮੀਂਹ ਬੜੇ ਪੈ ਰਹੇ ਸਨ।

... ਰੰਧਾਵੇ ਸਾਡੇ ਜਾਂਦਿਆਂ ਨੂੰ ਸੁਤੰਤਰ ਤਿਆਰ ਬੈਠਾ ਸੀ। ਉਹ ਉਹਨੀਂ ਦਿਨੀਂ ਕਿਸੇ ਇਕ ਥਾਂ ਨਹੀਂ ਸੀ ਅਟਕਦਾ। ਥਾਂ-ਥਾਂ ਪਹੁੰਚ ਕੇ ਬਚੇ-ਖੁਚੇ ਮੁਸਲਮਾਨਾਂ ਨੂੰ ਕੱਢ ਕੇ ਕੈਂਪਾਂ ਵਿਚ ਅਪੜਾਣ ਦੇ ਜਤਨ ਕਰਦਾ ਸੀ। ਖ਼ਾਸ



ਕਰ ਉਨ੍ਹਾਂ ਕੁੜੀਆਂ ਔਰਤਾਂ ਬਾਬਤ ਤਾਂ ਉਹ ਬਹੁਤਾ ਹੀ ਜਜ਼ਬਾਤੀ ਸੀ, ਜੋ ਧੱਕੇ ਨਾਲ ਲੋਕਾਂ ਨੇ ਅਪਣੇ ਘਰੀਂ ਪਾ ਰੱਖੀਆਂ ਸਨ। ਉਹ ਇਸ ਕਿਸਮ ਦੇ ਮਸਲ੍ਹੇ ਬੜੇ ਠੰਢੇ ਦਿਮਾਗ ਨਾਲ ਹੱਲ ਕਰਦਾ। ਨਾਲ਼ ਅਪਣੇ ਸਾਥੀਆਂ ਨੂੰ ਵੀ ਸਮਝਾ ਕੇ ਰੱਖਣਾ ਕਿ ਐਸੀ ਹਾਲਤ ਵਿਚ ਅਪਣੇ ਆਪ ਨੂੰ ਕਿਵੇਂ ਬਚਾਅ ਕੇ ਰੱਖਣਾ ਹੈ। ਖ਼ੈਰ, ਉਹ ਓਥੋਂ ਬਾਬੇ ਕਰਮ ਸਿੰਘ ਦੇ ਪਿੰਡ ਚੀਮਿਆਂ ਨੂੰ ਚੱਲਿਆ ਸੀ। ਰੋਟੀ ਖੁਆ ਕੇ ਸਾਨੂੰ ਵੀ ਅਪਣੇ ਨਾਲ ਤੋਰ ਲਿਆ।

ਬਾਬੇ ਦੇ ਪਿੰਡੋਂ ਹੁੰਦੇ ਅਸੀਂ ਰੁੜਕੇ ਪਹੁੰਚੇ। ਜਾਂਦਿਆਂ ਨੂੰ ਦੇਖਿਆ ਕਿ 'ਲੋਕਾਂ' ਨੇ ਮੁਸਲਮਾਨਾਂ ਨੂੰ ਮਸੀਤ ਢਾਹਣ ਲਾਇਆ ਹੋਇਆ ਏ। ਪਰ ਉਹ ਇੰਨੇ ਸਹਿਮੇ ਹੋਏ ਸਨ ਕਿ ਸਾਨੂੰ ਵੇਖਦਿਆਂ ਹੀ ਸਲਾਮਾਂ ਕਰਨ ਲਗ ਪਏ।...

ਉਸ ਵੇਲੇ ਸੁਤੰਤਰ ਦੀ ਹਾਲਤ ਵੇਖਣ ਵਾਲੀ ਸੀ। ਉਹਦਾ ਇਕ ਪੈਰ ਮਸੀਤ ਵਲ ਵਧੇ ਤੇ ਦੂਜਾ ਅਪਣੇ ਰਸਤੇ ਤੁਰੀ ਜਾਣ ਵਲ। ਉਹ ਅਪਣੀਆਂ ਉਂਗਲਾਂ ਦੇ ਕੜਾਕੇ ਕਢਦਾ ਮੈਂ ਦੇਖਿਆ ਸੀ।...

ਉਨ੍ਹੀਂ ਦਿਨੀਂ ਸਾਡੀ ਪਾਰਟੀ ਦੇ ਬੜੇ ਆਦਮੀ ਕਤਲ ਹੋਏ ਸਨ - ਸਾਥੀ ਮੇਘ ਸਿੰਘ ਤੇ ਸੂਬਾ ਸਿੰਘ ਕੋਟ ਧਰਮ ਚੰਦ ਤੇ ਕਾਮਰੇਡ ਗਹਿਲ ਸਿੰਘ ਛੱਜਲਵੱਢੀ ਜਿਹੇ ਸਿਰਕੱਢ ਬੰਦਿਆਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇੱਥੇ ਤਕ ਕਿ ਉਨ੍ਹਾਂ ਨੇ ਤਾਂ ਜੱਲ੍ਹਿਆਂਵਾਲ਼ੇ ਬਾਗ਼ ਦੇ ਹੀਰੋ ਹਿੰਦੂ-ਮੁਸਲਿਮ ਏਕੇ ਦੇ ਨਿਸ਼ਾਨ ਡਾਕਟਰ ਸੈਫ਼-ਉ-ਦੀਨ ਕਿਚਲੂ ਨੂੰ ਵੀ ਨਹੀਂ ਸੀ ਬਖ਼ਸ਼ਿਆ।

(ਹਿੰਦੂ ਸਿੱਖ ਜਨੂੰਨੀਆਂ) ਨੇ ਅੰਮ੍ਰਿਤਸਰ ਕਚਿਹਰੀ ਰੋਡ 'ਤੇ ਕਿਚਲੂ ਦੀ ਕੋਠੀ ਨੂੰ ਘੇਰਾ ਪਾ ਲਿਆ। ਇਸ ਗੱਲ ਦਾ ਸੁਤੰਤਰ ਨੂੰ ਬੜਾ ਫ਼ਿਕਰ ਸੀ। ਸਵਾਲ ਇਕ ਬੰਦੇ ਦੀ ਜ਼ਿੰਦਗੀ ਬਚਾਣ ਦਾ ਨਹੀ ਸੀ।

ਅਸੀਂ ਚਾਲ੍ਹੀ ਬੰਦੇ ਸਾਂ ਹਥਿਆਰਬੰਦ; ਇੱਕੋ ਜਿਹੇ ਜੋ ਦਿਨ-ਰਾਤ ਕਿਚਲੂ ਦੇ ਘਰ ਦੁਆਲੇ ਪਹਿਰਾ ਦਿੰਦੇ ਰਹੇ। ਕੋਈ ਮਹੀਨਾ ਕੁ ਇਹ ਕੰਮ ਚਲਦਾ ਰਿਹਾ। ਫਿਰ ਇਕ ਦਿਨ ਮੌਕਾ ਤਾੜ ਕੇ ਅਸੀਂ ਉਹਨੂੰ ਬਾਹਰ ਕੱਢ ਕੇ ਦਿੱਲੀ ਪਹੁੰਚਾ ਕੇ ਆਏ। ਇਸ ਗੱਲ ਦਾ ਅਹਿਸਾਨ ਕਿਚਲੂ ਨੇ ਆਖ਼ਰੀ ਸਾਹ ਤਕ ਨਹੀਂ ਸੀ ਭੁਲਾਇਆ।

ਇਕ ਵਾਰੀ ਕਿਸੇ ਨੇ ਕਿਚਲੂ ਨੂੰ ਪੁੱਛਿਆ, "ਤੁਸੀਂ ਸੁਤੰਤਰ ਨੂੰ ਬਦਲੇ ਹੋਏ ਭੇਸ ਚ ਕਿਵੇਂ ਸਿਵਾਣ ਲੈਂਦੇ ਹੋ?

ਕਿਚਲੂ ਹੱਸ ਕੇ ਆਖਣ ਲੱਗਾ, "ਖ਼ੁਦਾ ਕਿਸੇ ਵੀ ਭੇਸ ਚ ਹੋਵੇ, ਵੇਖਣ ਵਾਲੀ ਅੱਖ ਨੂੰ ਉਸਦੀ ਰਹਿਮਤ ਦਾ ਝਲਕਾਰਾ ਸਾਫ਼ ਨਜ਼ਰ ਆਵੇਗਾ। ਤੇ ਇਹ ਸੱਚ ਸੀ ਕਿ ਉਹ ਕਾਮਰੇਡ ਸੁਤੰਤਰ ਦਾ ਤੇ ਸੁਤੰਤਰ ਉਹਦਾ ਰੱਬ ਨਾਲੋਂ ਵੀ ਬਹੁਤਾ ਸਤਿਕਾਰ ਕਰਦਾ ਸੀ।

ਰੁੜਕਿਓਂ ਨਿਕਲ ਕੇ ਅੱਗੇ ਨੂੰ ਜਾਣ ਲੱਗੇ ਸਾਂ ਕਿ ਕੋਈ ਆਦਮੀ ਸੁਤੰਤਰ ਨੂੰ ਬਾਹੋਂ ਫੜ ਕੇ ਉਸ ਮਕਾਨ ਚ ਲੈ ਗਿਆ, ਜਿੱਥੇ ਉਹਨੇ ਫ਼ਸਾਦੀਆਂ ਤੋਂ ਲੁਕੋਏ ਮੁਸਲਮਾਨ ਰੱਖੇ ਹੋਏ ਸਨ।

ਰੰਗ ਵਿਚਾਰਿਆਂ ਦੇ ਫੱਕ। ਸਾਰੇ ਹਮਦਰਦੀ ਦੇ ਬੋਲ ਸੁਣ ਕੇ ਰੋਣ ਲੱਗੇ। ਸੁਤੰਤਰ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ।

ਕਿਸੇ ਕਾਮਰੇਡ ਨੇ ਮਸਲਾ ਪੇਸ਼ ਕੀਤਾ ਕਿ ਕਾਮਰੇਡ ਮੁਬਾਰਕ ਸਾਗਰ ਦੀ ਭਤੀਜੀ ਦਾ ਕੀ ਕਰੀਏ? ਕਾਲਜ ਦੀ ਵਿਦਿਆਰਥਣ ਫ਼ਸਾਦੀਆਂ ਦੇ ਘੇਰੇ ਚੋਂ ਨੱਸ ਕੇ ਕਿਸੇ ਪਿੰਡ ਵਿਚ ਜਾ ਵੜੀ। ਪਿੰਡ ਵਾਲ਼ਿਆਂ ਉਹਨੂੰ ਅਪਣੇ ਟੱਬਰ ਚ ਹੀ ਲੁਕੋ ਲਿਆ। ਉਹ ਕਿਸੇ ਕੈਂਪ ਚ ਜਾਣਾ ਨਹੀਂ ਸੀ ਚਾਹੁੰਦੀ; ਕਹਿੰਦੀ: ਮੈਨੂੰ ਤਾਂ ਹੁਣ ਅਪਣੇ ਮੁਸਲਮਾਨ ਭਰਾਵਾਂ 'ਤੇ ਵੀ ਇਤਬਾਰ ਨਹੀਂ ਰਿਹਾ। ਸੁਤੰਤਰ ਨੇ ਉਹਦੇ ਚਾਚੇ ਦੇ ਜਾਣੂ ਸਾਥੀਆਂ ਦੀ ਡੀਊਟੀ ਲਾਈ। ਉਹ ਉਹਨੂੰ ਇਹ ਆਖ ਕੇ ਨਾਲ਼ ਤੋਰ ਲਿਆਏ ਕਿ ਅਸੀਂ ਤੈਨੂੰ ਲਹੌਰ ਅਪੜਾਅ ਕੇ ਆਵਾਂਗੇ।

ਆਖ-ਵੇਖ ਕੇ ਪਾਕਿਸਤਾਨੀ ਅਫ਼ਸਰਾਂ ਨੂੰ ਵੀ ਮਨਾ ਲਿਆ ਤੇ ਇਸ ਸ਼ਰਤ 'ਤੇ ਨਾਲ਼ ਇਕ ਆਦਮੀ ਨੂੰ ਨਾਲ਼ ਜਾਣ ਦੀ ਇਜਾਜ਼ਤ ਦੇ ਦਿੱਤੀ ਕਿ ਉਹ ਆਪ ਮੁਸਲਮਾਨ ਦੇ ਭੇਸ ਚ ਹੋਵੇ ਤੇ ਰਾਖੀ ਦੀ ਗਾਰੰਟੀ ਵੀ ਸਿਰਫ਼ ਲਹੌਰ ਤਕ ਦੀ ਦਿੱਤੀ। ਇਸ ਕੰਮ ਲਈ ਮੈਨੂੰ ਤਿਆਰ ਕੀਤਾ ਗਿਆ। ਜਦ ਲਹੌਰ ਅਪੜ ਕੇ ਕੁੜੀ ਨੂੰ ਕੈਂਪ ਵਿਚ ਛੱਡਣ ਲੱਗਾ, ਤਾਂ ਉਹ ਮੇਰੇ ਨਾਲ ਚੰਬੜ ਕੇ ਰੋਣ ਲਗ ਪਈ। ਮੈਂ ਆਖਿਆ, "ਹੌਸਲਾ ਕਰ। ਰੋ-ਰੋ ਤੂੰ ਮੈਨੂੰ ਮੁਸੀਬਤ ਚ ਪਾ ਦੇਵੇਂਗੀ। ਮੇਰੀ ਗੱਲ ਸੁਣ ਉਸ ਅਪਣੇ ਅੱਥਰੂ ਪੂੰਝ ਲਏ, ਪਰ ਕੋਲ਼ ਖਲੋਤੀਆਂ ਔਰਤਾਂ ਸਵਾਲ ਪੁੱਛਣ ਲਗ ਪਈਆਂ। ਆਖ਼ਰ ਉਹ ਆਖਣ ਲੱਗੀ, "ਇਹ ਮੇਰਾ ਚਚੇਰਾ ਭਰਾ ਏ। ਮੈਨੂੰ ਅੰਬਰਸਰੋਂ ਲੈ ਕੇ ਆਇਐ। ਹੁਣ ਮੇਰੇ ਅੱਬੂ ਦਾ ਪਤਾ ਕਰਨ ਚੱਲਿਆ ਜੇ।

ਮੈਂ ਸੁਤੰਤਰ ਦੀ ਕੋਠੀਓਂ ਜਾ ਕੇ ਉਹਦਾ ਕੁਝ ਹੋਰ ਸਾਮਾਨ ਲਿਆਉਣਾ ਸੀ, ਜਿੱਥੇ ਮੇਰੇ ਨਾਲ ਗੁਰਚਰਨ ਸਿੰਘ ਸਹਿਸਰਾ ਵੀ ਤਿਆਰ ਹੋ ਗਿਆ। ਸਾਨੂੰ ਕੈਂਪ 'ਚ ਉਹ ਲਾਰੀ ਮਿਲ਼ ਗਈ, ਜੋ ਓਧਰ ਰਹਿ ਗਏ ਹਿੰਦੂਆਂ-ਸਿੱਖਾਂ ਨੂੰ ਤੇ ਏਧਰੋਂ ਮੁਸਲਮਾਨਾਂ ਨੂੰ ਲਿਜਾਂਦੀ ਸੀ। ਪਹਿਲਾਂ ਤਾਂ ਡਰਦਾ ਉਹਦੇ ਵਿਚ ਕੋਈ ਪੈਰ ਹੀ ਨਾ ਧਰੇ, ਕਿਉਂਕਿ ਇਸ ਲਾਰੀ ਦਾ ਸਾਰਾ ਅਮਲਾ ਮੁਸਲਮਾਨ ਸੀ, ਪਰ ਸਾਡੀ ਵਲ ਵੇਖ ਕੇ ਇਕ-ਦੋ ਜਣੇ ਹੋਰ ਚੜ੍ਹ ਗਏ। ਵੇਖੋ-ਵੇਖੀ ਸਾਰੀ ਮੋਟਰ ਹੀ ਭਰ ਗਈ। ਇਸ ਕਿਸਮ ਦੀਆਂ ਮੋਟਰਾਂ ਵਿਚ ਲੋਕ ਉਸ ਵੇਲੇ ਚੜ੍ਹਦੇ ਹੀ ਨਹੀਂ ਸਨ, ਕਿਉਂਕਿ ਅਫ਼ਵਾਹ ਸੀ ਕਿ ਇਹ ਲੋਕਾਂ ਨੂੰ ਲਿਜਾ ਕੇ ਰਾਹ ਚ ਕਤਲ ਕਰ ਦਿੰਦੇ ਨੇ।...ਖ਼ੈਰ, ਸਹਿਸਰਾ ਤਾਂ ਰਹਿ ਗਿਆ ਅੰਮ੍ਰਿਤਸਰ ਤੇ ਮੈਂ ਓਸੇ ਮੋਟਰ ਵਿਚ ਬੈਠਾ-ਬੈਠਾ ਗੁਰਦਾਸਪੁਰ ਚਲੇ ਗਿਆ। ਖ਼ਿਆਲ ਸੀ ਕਿ ਸੁਤੰਤਰ ਦੇ ਪਿੰਡ ਅਲੂਣੇ ਜਾ ਕੇ ਉਹਦਾ ਪਤਾ ਕਰਾਂਗੇ, ਪਰ ਵਟਾਲੇ ਕੋਲ਼ ਐਸੀ ਘਟਨਾ ਹੋਈ ਕਿ ਪਰਤ ਕੇ ਫਿਰ ਅੰਮ੍ਰਿਤਸਰ ਜਾਣਾ ਪਿਆ।

ਵਟਾਲੇ ਉੱਤੇ ਉਸ ਵੇਲੇ ਫ਼ਸਾਦੀਆਂ ਨੇ ਹਮਲਾ ਕੀਤਾ ਹੋਇਆ ਸੀ। ਜਦ ਸਾਡੇ ਵਾਲ਼ੀ ਮੋਟਰ ਉਹਦੀ ਹਦੂਦ ਵਿਚ ਦਾਖ਼ਿਲ ਹੋਈ, ਤਾਂ ਮੋਟਰਵਾਲਾ ਥੱਲੇ ਉਤਰ ਕੇ ਚੁੰਗੀ ਤੋਂ ਰਾਹਦਾਰੀ ਕਟਵਾਉਣ ਹੀ ਲੱਗਾ ਸੀ ਕਿ ਕਿਸੇ ਨੇ ਪਿੱਛੋਂ ਉਹਨੂੰ ਗੋਲ਼ੀ ਮਾਰ ਦਿੱਤੀ ਤੇ ਉਹ ਥਾਏਂ ਢੇਰੀ ਹੋ ਗਿਆ।

ਉਨ੍ਹਾਂ ਦਾ ਤਾਂ ਸਾਰਾ ਅਮਲਾ ਹੀ ਮਾਰਿਆ ਜਾਣਾ ਸੀ। ਪਰ ਡਰਾਈਵਰ ਦੀ ਹੁਸ਼ਿਆਰੀ ਸਮਝੋ ਕਿ ਉਹਨੇ ਛੇਤੀ ਹੀ ਗੱਡੀ ਕੱਢ ਲਈ। ਰਾਹ ਵਿਚ ਉਹਨੇ ਮਰਨ ਵਾਲ਼ੇ ਦਾ ਹਿਰਖ ਕੀਤਾ - ਵੇਖ ਲੌ, ਤੁਹਾਡੇ ਸਾਹਮਣੇ ਜੋ ਹੋਇਆ। ਹੁਣ ਜੇ ਅਸੀਂ ਚਾਹੀਏ, ਤਾਂ ਬਦਲੇ ਚ ਤੁਹਾਨੂੰ ਸਾਰਿਆਂ ਨੂੰ ਖ਼ਤਮ ਕਰ ਸਕਦੇ ਆਂ, ਪਰ ਇਸ ਤਰ੍ਹਾਂ ਦੀ ਹਰਕਤ ਕੋਈ ਖ਼ਬੀਸ (ਮਹਾਂਪਾਪੀ) ਦਾ ਪੁਤਰ ਹੀ ਕਰ ਸਕਦਾ ਹੈ। (ਸੋਧਿਆ ਹੋਇਆ ਸੰਖੇਪ ਹਵਾਲਾ)

- ਅਣਫੋਲਿਆ ਵਰਕਾ, ਸ਼ਿਵਨਾਥ ਦੀਆਂ ਇੰਦਰ ਸਿੰਘ ਮੁਰਾਰੀ ਨਾਲ ਗੱਲਾਂ, ਰਵੀ ਸਾਹਿਤ. 1979

## ਇਹ ਜੋ ਰਾਹਾਂ 'ਤੇ ਤੁਰਦੇ

ਇੱਕ ਉਹ ਸਨ
ਜਿਨ੍ਹਾਂ ਦੇ ਤੁਰਿਆਂ ਰਾਹ ਬਣੇ
ਰਾਹਾਂ ਦੀ ਧੂੜ ਨੇ
ਸ਼ਬਦ-ਸੁਰ ਦੀ ਸਾਂਝ ਸਿਰਜੀ
ਪੈੜਾਂ ਨੇ ਗਿਆਨ ਵੰਡਿਆ
ਜਾਗਣ ਦਾ ਹੋਕਾ ਦਿੱਤਾ
ਪੜਾਅ ਸਨ ਸੰਵਾਦ ਸਿਰਜਦੇ
ਮੁਹੱਬਤ ਵੰਡਦੇ
ਰਾਹਾਂ ਦੀ ਸੁਰਤ ਹਿਰਦਿਆਂ 'ਚ ਲਹਿੰਦੀ
ਸੱਚ ਕਹਿਣ ਦੀ ਜੁਗਤ ਰਗਾਂ 'ਚ ਵਹਿੰਦੀ

ਉਹ ਤੁਰਦੇ ਤਾਂ ਰਾਹ ਬਣਦੇ
ਸੱਤਾ ਨੂੰ ਵੰਗਾਰਦੇ
ਰੱਬ ਨੂੰ ਉਲਾਹਮਾ ਦਿੰਦੇ
ਬਾਂਝ ਖ਼ਿਆਲਾਂ ਨੂੰ ਰੌਸ਼ਨ ਕਰਦੇ
ਬੰਜਰ ਭੋਇੰ 'ਚ ਸੁਪਨੇ ਬੀਜਦੇ
ਜਾਣਦੇ ਕਿਹੜੇ ਕਿੱਥੇ ਵਸਾਉਣੇ ਤੇ
ਕਿੰਨਾਂ ਨੂੰ ਉੱਜੜ ਜਾਣ ਦਾ ਵਰ ਦੇਣਾ

ਉਹ ਸੁੱਚੀ ਕਿਰਤ ਦੇ ਦੁੱਧ ਅਤੇ
ਲੁੱਟੀ ਕਿਰਤ ਦੇ ਲਹੂ ਨੂੰ ਪਛਾਣਦੇ
ਪੈਰਾਂ ਹੇਠਾਂ ਰਾਹ ਤੇ
ਸਿਰ 'ਤੇ ਨਿਰਛਲ ਅੰਬਰ ਤਾਣਦੇ
ਉਹ ਲੋਕਾਂ ਦੇ ਦਰਦ ਜਾਣਦੇ
ਉਨ੍ਹਾਂ ਦੇ ਸੁਖ ਮਾਣਦੇ

ਉਨ੍ਹਾਂ ਦੇ ਸਿਰਜੇ ਰਾਹ
ਸਦੀਆਂ ਅਗਵਾਈ ਕਰਦੇ
ਬਾਣੀ ਬਣ ਹਿਰਦੇ 'ਚ ਵੱਸਦੇ
ਗੀਤ ਬਣ ਕੰਨਾਂ 'ਚ ਗੂੰਜਦੇ
ਲੰਗਰਾਂ 'ਚ ਸਾਂਝ ਵਰਤਾਉਂਦੇ
ਰਾਜੇ ਰੰਕ ਦਾ ਭੇਦ ਮਿਟਾਉਂਦੇ

ਉਹਨਾਂ ਰਾਹਾਂ 'ਤੇ ਕਰਾਮਾਤਾਂ ਵਾਪਰਦੀਆਂ
ਹਰ ਕਰਾਮਾਤ ਕੋਲ਼ ਸੰਦੇਸ਼ ਹੁੰਦਾ
ਹਰ ਸੰਦੇਸ਼ 'ਚ ਪਿਆਰ ਹੁੰਦਾ
ਸਾਂਝੀਵਾਲਤਾ ਦਾ ਪੈਗਾਮ ਹੁੰਦਾ
ਮੁਹੱਬਤ ਦਾ ਇਲਹਾਮ ਹੁੰਦਾ

ਹੁਣ ਇੱਕ ਇਹ ਹਨ
ਵਿਛੇ ਰਾਹਾਂ ਦੇ ਲਾਲ ਕਾਰਪੈੱਟ 'ਤੇ ਤੁਰਦੇ
ਸ਼ਬਦ ਨੂੰ ਸੁਰ ਦਾ ਦੁਸ਼ਮਣ ਬਣਾਉਂਦੇ
ਪੈੜ ਪੈੜ ਨਫ਼ਰਤ ਵੰਡਦੇ
ਜਾਗਦਿਆਂ ਸਿਰ ਨੀਂਦ ਬਣ ਮੰਡਰਾਉਂਦੇ
ਸੁੱਤਿਆਂ ਦਾ ਝੂਠਾ ਵਣਜ ਕਰਦੇ
ਜਿੱਥਾ ਰੁਕਦੇ
ਭਾਸ਼ਣ ਬਣ ਗਰਜਦੇ
ਡਰ ਬਣ ਅੱਖਾਂ 'ਚ ਵੱਸਦੇ
ਝੂਠ ਨੂੰ ਸੱਚ ਵਾਂਗ ਪਰਚਾਰਦੇ
ਵਿਛੇ ਰਾਹਾ ਕਬਜ਼ੇ ਕਰਦੇ
ਸੁਪਨੇ ਜਿਬਾਹ ਕਰਦੇ
ਨਵੇਂ ਰਾਹਾਂ ਦੇ ਵੈਭਵ ਲਈ
ਵੱਸਦਿਆਂ ਨੂੰ ਉਜਾੜਦੇ
ਸਾਹ ਲੈਂਦਿਆਂ ਨੂੰ ਲਿਤਾੜਦੇ

ਰੱਬ ਦਾ ਵਣਜ ਕਰਦੇ
ਵਣਜ 'ਚੋਂ ਤਖ਼ਤ ਵਣਜਦੇ
ਤਖ਼ਤ ਨੂੰ ਜਾਂਦੇ ਸਾਰੇ ਰਾਹ
ਅਵਾਮ ਦੀ ਬੇਵੱਸ ਦੇਹ 'ਚੋਂ ਗੁਜ਼ਰਦੇ

ਜਿਉਂਦੇ ਜਾਗਦੇ
ਸਤਿ ਦਾ ਜਾਪ ਕਰਦੇ
ਕਿਰਤ ਦਾ ਪਾਠ ਕਰਦੇ
ਅੱਜ ਵੀ ਉਹਨਾਂ ਦਾ ਧਿਆਨ ਧਰਦੇ
ਜੋ ਤੁਰਦੇ ਤਾਂ ਰਾਹ ਬਣਦੇ।

## ਮੰਮਾ...ਦੇਖ ਰਹੀ ਓ ਤਸਵੀਰਾਂ

ਮੰਮਾ...ਦੇਖ ਰਹੀ ਓ ਤਸਵੀਰਾਂ
ਕਿੰਨੇ ਕਰੂਰ ਨੇ ਇਹ...
ਖੌਫ਼ਨਾਕ ਵਰਦੀ ਅਤੇ
ਠੋਕਦਾਰ ਲਾਠੀਆਂ ਨਾਲ ਲੈਸ ਦਰਿੰਦੇ

ਮੰਮਾ...ਮੈਂ ਦੇਖ ਨਹੀਂ ਸਕੀ
ਅਕ੍ਰੋਸ਼ਿਤ ਨੌਜਵਾਨਾਂ 'ਤੇ
ਅੰਨ੍ਹੇਵਾਹ ਲਾਠੀਚਾਰਜ

ਬਸ ਫੇਰ ਕੀ ਸੀ...
ਫੈਲਾ ਦਿੱਤੀਆਂ ਮੈਂ
ਆਪਣੀਆਂ ਪਤਲੀਆਂ ਪਤਲੀਆਂ ਬਾਹਾਂ
ਅਤੇ ਚੀਕੀ...
ਪਹਿਲਾਂ ਮੇਰੇ 'ਤੇ ਦਿਖਾਓ
ਆਪਣੀ ਬਹਾਦਰੀ
ਪਤਾ ਨਹੀਂ ਕਿਥੋਂ
ਇੰਨਾ ਸਾਹਸ ਆ ਗਿਆ ਸੀ ਮੇਰੇ 'ਚ

ਮੰਮਾ...ਸੱਚ ਦਸਾਂ
ਪੁਲਿਸ ਦੀਆਂ ਲਾਠੀਆਂ ਨਾਲ
ਲੋਹਾ ਲੈ ਰਹੇ
ਮੇਰੇ ਨੌਜਵਾਨ ਸਾਥੀਆਂ ਦੇ
ਪਸੀਨੇ ਨਾਲ ਤਰਬਤਰ ਸਰੀਰਾਂ ਤੋਂ ਆਉਂਦੀ
ਸੁਗੰਧ
ਸੰਮੋਹਿਤ ਕਰ ਰਹੀ ਸੀ ਮੈਨੂੰ

ਬਹੁਤ ਕੁਝ ਸਿੱਖਿਆ ਮੈਂ...
ਜੋ ਅਧਿਆਪਕਾ ਮਾਂ ਨਹੀਂ ਸਿਖਾ ਸਕਦੀ ਸੀ
ਸਿਖਾ ਦਿੱਤਾ ਹੈ ਜੰਤਰ-ਮੰਤਰ ਦੇ ਮੈਦਾਨ ਨੇ

ਕੀ ਕੁਝ ਨਹੀਂ ਸਿੱਖਿਆ?
ਤਪਦੀ ਦੁਪਹਿਰ 'ਚ ਅਤੇ ਰਾਤਾਂ ਨੂੰ
ਲੋਹੇ ਦੀ ਭੱਠੀ ਵਾਂਗ ਤਪਦੀਆਂ
ਸੜਕਾਂ 'ਤੇ ਆਉਂਦੀ ਗਹਿਰੀ ਨੀਂਦ
ਦੇ ਅੱਗੇ ਏਸੀ ਕੀ ਚੀਜ਼ ਹੈ

ਹਾਂ! ਮੰਮੀ....
ਤੁਹਾਡੇ ਹੱਥਾਂ ਦੇ ਬਣਾਏ ਹੋਏ ਪਰੌਂਠੇ ਮੱਖਣ
ਪਹਿਲੇ ਦਿਨ ਜ਼ਰੂਰ ਆਏ ਸੀ ਯਾਦ...ਪਰ
ਸੰਘਰਸ਼ ਦੀ ਹਮਾਇਤ 'ਚ
ਲੋਕਾਂ ਵਲੋਂ ਭੇਜੇ ਗਏ
ਲਜ਼ੀਜ਼ ਭੋਜਨ ਦਾ ਸਵਾਲ
ਕਦੇ ਨਹੀਂ ਭੁਲਾਇਆ ਜਾ ਸਕੇਗਾ

ਮੰਮਾ...ਸੁਣੋ ਮੰਮਾ...
ਆਵਾਜ਼ਾਂ ਆ ਰਹੀਆਂ ਨੇ
ਅਸੀਂ ਜਿੱਤ ਗਏ ਆਂ
ਅਸੀਂ ਜਿੱਤ ਗਏ ਆਂ।

- ਜੋਗਿੰਦਰ ਆਜ਼ਾਦ

## ਭਲਾ! ਕਿੰਝ ਖ਼ਤਮ ਕਰੋਗੇ ਮੈਨੂੰ?

ਮੈਂ ਕਿਰਤਾਂ ਦਾ ਬੀਜ
ਮੈਂ ਰਕਤਬੀਜ
ਮੈਂ ਨਾਨਕ ਬੁੱਧ ਦੀ ਜੋਤ
ਮੈਂ ਸਰਾਭਿਆਂ ਦੀ ਸੋਚ
ਮੈਂ ਦੁੱਲੇ ਦਾ ਯਾਰ
ਮੈਂ ਸਾਂਦਲ ਦੀ ਬਾਰ
ਮੈਂ ਪਾਤਰ ਦੀ ਨਜ਼ਮ
ਮੈਂ ਪਾਸ਼ ਦੀ ਕਲਮ
ਮੈਂ ਉਦਾਸੀ ਦਾ ਗੀਤ
ਮੈਂ ਲੋਕਾਂ ਦਾ ਮੀਤ
ਭਲਾ! ਕਿੰਝ ਖ਼ਤਮ ਕਰੋਗੇ ਮੈਨੂੰ?

ਮੈਂ ਜਾਏ ਨੇ ਊਧਮ
ਸ਼ੇਖਰ ਤੇ ਬਰਕਤ
ਮੈਂ ਗੋਦੀ ਖਿਡਾਏ ਨੇ
ਫ਼ੈਜ਼ ਤੇ ਹਸਰਤ
ਮੈਂ ਮੰਟੋ ਦਾ ਅਫ਼ਸਾਨਾ
ਮੈਂ ਇਕਬਾਲ ਦਾ ਤਰਾਨਾ
ਮੈਂ ਕੋਇਲ ਹਾਂ ਸੁਰਿੰਦਰ
ਮੈਂ ਬੀਬਾ ਹਾਂ ਨਰਿੰਦਰ
ਮੈਂ ਰਫ਼ੀ ਦਾ ਆਲਾਪ
ਮੈਂ ਲਤਾ ਦੀ ਆਵਾਜ਼
ਮੈਂ ਸੂਫ਼ੀਆਂ ਦੀ ਸ਼ਾਇਰੀ
ਮੈਂ ਗੁਰੂਆਂ ਦੀ ਬਾਣੀ
ਭਲਾ! ਕਿੰਝ ਖ਼ਤਮ ਕਰੋਗੇ ਮੈਨੂੰ?

ਮੈਂ ਮਿਦੇ ਤੇ ਬਿਸ਼ਨੇ ਦੀ
ਜੁਗਨੀ ਜਿਹਾ ਹਾਂ
ਮੈਂ ਜੰਗਲਾਂ ਦੇ ਬਿਰਸੇ
ਮੁੰਡੇ ਜਿਹਾ ਹਾਂ
ਮੈਂ ਬੱਬਰਾਂ ਦੇ ਧੰਨੇ ਤੇ
ਕਿਸ਼ਨੇ ਜਿਹਾ ਹਾਂ
ਮੈਂ ਕੂਕਿਆਂ ਦੇ ਨਿੱਕੜੇ
ਬਿਸ਼ਨੇ ਜਿਹਾ ਹਾਂ
ਮੈਂ ਗ਼ਦਰੀ ਗੁਲਾਬ
ਮੈਂ ਹਰਨਾਮਾ ਟੁੰਡੀਲਾਟ
ਮੈਂ ਬਜਬਜ ਦਾ ਘਾਟ
ਮੈਂ ਜੱਲਿਆ ਦਾ ਬਾਗ
ਮੈਂ ਸਤਲੁਜ 'ਚ ਘੁਲੀ
ਸ਼ਹੀਦਾਂ ਦੀ ਰਾਖ
ਭਲਾ! ਕਿੰਝ ਖ਼ਤਮ ਕਰੋਗੇ ਮੈਨੂੰ?

ਮੈਂ ਪਿੰਡੇ 'ਤੇ ਝੱਲੇ ਨੇ
ਚੰਗੇਜ਼ ਦੇ ਜ਼ੁਲਮ
ਮੈਂ ਬਾਬਰ ਸਿਕੰਦਰਾਂ ਦੇ
ਮੰਨੇ ਨਾ ਹੁਕਮ
ਮੈਂ ਦੇਖੀਆਂ ਨੇ ਰੱਬੀਆਂ
ਚਰਖੜੀਆਂ ਤੇ ਆਰੇ
ਮੈਂ ਉੱਬਲਦੀਆਂ ਦੇਗਾਂ ਦੇ
ਪਾਣੀ ਨੇ ਠਾਰੇ
ਮੈਂ ਬਰਫ਼ ਦੀਆਂ ਸਿੱਲੀਆਂ 'ਤੇ
ਸੌਂਦਾ ਰਿਹਾ ਹਾਂ
ਮੈਂ ਫਾਂਸੀ ਦੇ ਤਖ਼ਤੇ 'ਤੇ
ਗਾਉਂਦਾ ਰਿਹਾ ਹਾਂ
ਮੇਰੇ ਬੁੱਲ੍ਹਾਂ 'ਤੇ ਰਹਿਣੇ
ਆਜ਼ਾਦੀ ਦੇ ਗੀਤ
ਮੈਂ ਲੋਕਾਂ ਦਾ ਮੀਤ
ਭਲਾ! ਕਿੰਝ ਖ਼ਤਮ ਕਰੋਗੇ ਮੈਨੂੰ?

- ਹਰਮੇਸ਼ ਮਾਲੜੀ

## ਮੈਂ 'ਡਲਿਵਰੀ ਬੁਆਏ' ਹਾਂ....

ਮੈਂ ਡਿਲੀਵਰੀ ਬੁਆਏ ਹਾਂ।
ਜ਼ਿਆਦਾਤਰ ਸ਼ਾਮ ਦੀ ਸ਼ਿਫਟ ਕਰਦਾ ਹਾਂ।
ਉਸ ਦਿਨ ਰਾਤ ਕਰੀਬ 9 ਵਜੇ ਆਖ਼ਰੀ
ਆਰਡਰ ਉਠਾਇਆ।
ਰੈਸਟੋਰੈਂਟ ਤੋਂ ਪੈਕਟ ਲਿਆ ਤਾਂ ਦੇਖਿਆ-
ਆਰਡਰ ਛੋਟਾ ਸੀ, ਬੱਸ ਇੱਕ ਸਾਦਾ ਖਿਚੜੀ,
ਦਹੀਂ ਤੇ ਦੋ ਕੇਲੇ।

ਪਤਾ, ਸ਼ਹਿਰ ਦੇ ਪੁਰਾਣੇ ਪਾਸੇ ਦਾ ਸੀ।
ਇੱਕ ਜਰਜਰ-ਜਿਹੀ ਬਿਲਡਿੰਗ।
ਉੱਪਰ ਤੀਜੀ ਮੰਜ਼ਿਲ।
ਡੋਰਬੈਲ ਦੱਬੀ।

ਦਰਵਾਜ਼ਾ ਇੱਕ ਬੁੱਢੀ ਅੰਮਾਂ ਨੇ ਖੋਲ੍ਹਿਆ।
ਸਫੈਦ ਵਾਲ, ਕੰਬਦੇ ਹੱਥ,
ਅੱਖਾਂ 'ਤੇ ਮੋਟਾ ਚਸ਼ਮਾ।
ਚਿਹਰੇ 'ਤੇ ਥਕਾਨ ਸੀ,
ਪਰ ਆਵਾਜ਼ 'ਚ ਮਿਠਾਸ--
'ਬੇਟਾ, ਜ਼ਰਾ ਅੰਦਰ ਰੱਖ ਦਿਉ...ਹੱਥ ਕੰਬਦੇ ਨੇ।'

ਮੈਂ ਖਾਣਾ ਟੇਬਲ 'ਤੇ ਰੱਖਕੇ
ਮੁੜਿਆ ਹੀ ਸੀ ਕਿ ਉਸ ਨੇ ਪੁੱਛਿਆ--

'ਦੋ ਮਿੰਟ ਬੈਠੋਗੇ?
ਇਕੱਲੇ ਖਾਣਾ ਚੰਗਾ ਨੀਂ ਲਗਦਾ।'

ਮੈਂ ਘੜੀ ਦੇਖੀ।
ਸ਼ਿਫਟ ਖ਼ਤਮ ਹੋ ਚੁੱਕੀ ਸੀ।
ਥੋੜ੍ਹਾ ਥੱਕਿਆ ਹੋਇਆ ਸੀ।
ਪਰ ਪਤਾ ਨਹੀਂ ਕਿਉਂ,
ਮੈਂ ਬੈਠ ਗਿਆ।

ਕਮਰੇ 'ਚ ਸੰਨਾਟਾ ਸੀ।
ਕੰਧ 'ਤੇ ਪੁਰਾਣੀ ਘੜੀ
ਟਿੱਕ-ਟਿੱਕ ਕਰ ਰਹੀ ਸੀ।
ਇੱਕ ਕੋਨੇ 'ਚ ਭਗਵਾਨ ਦੀ
ਨਿੱਕੀ-ਜਿਹੀ ਤਸਵੀਰ।
ਤੇ ਸਾਹਮਣੇ ਕੰਧ 'ਤੇ ਦਰਜਨਾਂ ਫ਼ੋਟੋਆਂ।

ਉਸ ਨੇ ਥਾਲੀ ਖੋਲ੍ਹੀ।
ਹੌਲੀ-ਹੌਲੀ ਖਿਚੜੀ ਖਾਣ ਲੱਗੀ।
ਹਰ ਦੋ ਬੁਰਕੀਆਂ ਤੋਂ ਬਾਅਦ
ਮੇਰੇ ਵੱਲ ਦੇਖ ਕੇ ਮੁਸਕਰਾ ਦਿੰਦੀ।
ਫਿਰ ਬੋਲੀ-

'ਜਾਣਦੇ ਹੋ ਬੇਟਾ,
ਮੈਂ ਰੋਜ਼ ਬਾਹਰ ਦਾ ਖਾਣਾ ਨਹੀਂ ਮੰਗਾਉਂਦੀ।
ਅੱਜ ਬੱਸ ਮਨ ਕੀਤਾ...
ਕਿਸੇ ਇਨਸਾਨ ਦੀ ਆਵਾਜ਼ ਸੁਣਨ ਦਾ।'
ਮੈਂ ਚੁੱਪ ਰਿਹਾ।

ਉਸਨੇ ਸਾਹਮਣੇ ਲੱਗੀ
ਤਸਵੀਰ ਵੱਲ ਇਸ਼ਾਰਾ ਕੀਤਾ।

'ਇਹ ਮੇਰੇ ਪਤੀ ਨੇ। ਰੇਲਵੇ 'ਚ ਸਨ।
ਪੰਜ ਸਾਲ ਪਹਿਲਾਂ ਚਲੇ ਗਏ।'
ਫਿਰ ਦੂਜੀ ਤਸਵੀਰ-

ਇਹ ਬੇਟਾ ਹੈ। ਕੈਨੇਡਾ 'ਚ ਰਹਿੰਦੈ।
ਬਹੁਤ ਚੰਗਾ ਹੈ...ਹਰ ਮਹੀਨੇ ਪੈਸੇ ਭੇਜਦੈ।'

ਫਿਰ ਥੋੜੀ ਦੇਰ ਚੁੱਪ ਰਹੀ।
ਮੁਸਕਰਾਈ,
ਪਰ ਇਸ ਵਾਰ ਅੱਖਾਂ ਭਿੱਜ ਗਈਆਂ--
'ਬੱਸ...ਸਮਾਂ ਨੀਂ ਭੇਜ ਪਾਉਂਦਾ।'

ਕਮਰੇ 'ਚ ਅਚਾਨਕ ਘੜੀ ਦੀ ਟਿੱਕ-ਟਿੱਕ
ਬਹੁਤ ਤੇਜ਼ ਸੁਣਾਈ ਦੇਣ ਲੱਗੀ।
ਉਸਨੇ ਇੱਕ ਬੁਰਕੀ ਹੋਰ ਖਾਧੀ।

'ਇਹ ਬੇਟੀ ਹੈ। ਬੰਗਲੌਰ 'ਚ।
ਆਪਣੀ ਦੁਨੀਆਂ 'ਚ ਖ਼ੁਸ਼ ਹੈ।
ਹੋਣਾ ਵੀ ਚਾਹੀਦੈ।
ਬੱਚੇ ਜੇ ਉੱਡਣ ਹੀ ਨਾ,
ਤਾਂ ਮਾਂ-ਪਿਉ ਨੇ ਪਾਲਿਆ ਹੀ ਕਾਹਦਾ?'
ਬੋਲਦੇ-ਬੋਲਦੇ ਉਸਦੀ ਆਵਾਜ਼ ਭਰਾ ਗਈ।
ਪਰ ਚਿਹਰੇ 'ਤੇ ਸ਼ਿਕਾਇਤ ਨਹੀਂ ਸੀ।
ਬੱਸ ਖ਼ਾਲੀਪਨ ਸੀ।
ਉਸਨੇ ਮੈਨੂੰ ਪੁੱਛਿਆ--
'ਤੇਰੀ ਮਾਂ ਹੈ?'
ਮੈਂ ਕਿਹਾ--
'ਹਾਂ।'
'ਫ਼ੋਨ ਕਰਦੈਂ ਰੋਜ਼?'
ਮੈਂ ਚੁੱਪ ਹੋ ਗਿਆ।
ਸੱਚ ਇਹ ਸੀ ਕਿ ਮੈਂ ਕਈ-ਕਈ ਦਿਨ
ਘਰ ਫ਼ੋਨ ਨਹੀਂ ਸੀ ਕਰਦਾ।
ਥਕਾਨ, ਕੰਮ, ਭੱਜ-ਦੌੜ...
ਹਰ ਵਾਰ ਇਹੋ ਸੋਚਕੇ ਟਾਲ ਦਿੰਦਾ ਸੀ
ਕਿ ਕੱਲ੍ਹ ਕਰਾਂਗਾ

ਉਸਨੇ ਮੇਰੀ ਚੁੱਪੀ ਪੜ੍ਹ ਲੀ।
ਹਲਕੇ ਜਿਹੇ ਬੋਲੀ--
'ਮਾਂ-ਪਿਉ ਪੈਸੇ ਨਹੀਂ ਗਿਣਦੇ, ਬੇਟਾ..
ਆਵਾਜ਼ ਗਿਣਦੇ ਨੇ।'
ਮੇਰੇ ਅੰਦਰ ਕੁਝ ਚੁੱਪ-ਚਾਪ ਟੁੱਟ ਗਿਆ।

ਖਾਣਾ ਖ਼ਤਮ ਹੋਇਆ।
ਉਸਨੇ ਪਾਣੀ ਪੀਤਾ।
ਫਿਰ ਪਰਸ 'ਚੋਂ 500 ਰੁਪਏ
ਕੱਢ ਕੇ ਮੇਰੇ ਵੱਲ ਕੀਤੇ।

'ਇਹ ਟਿੱਪ ਨਹੀਂ ਹੈ।
ਇਹ ਉਸ ਅੱਧੇ ਘੰਟੇ ਦੀ ਕੀਮਤ ਹੈ,
ਜਿਸ 'ਚ ਤੂੰ ਮੈਨੂੰ ਇਕੱਲਿਆਂ ਨਹੀਂ ਖਾਣ ਦਿੱਤਾ।'
ਮੈਂ ਤੁਰੰਤ ਮਨ੍ਹਾ ਕੀਤਾ-

'ਨਹੀਂ ਅੰਮਾਂ, ਇਹ ਨਹੀਂ ਲੈ ਸਕਦਾ।'
ਉਹ ਮੁਸਕਰਾਈ--

'ਲੈ ਲਾ
ਤੂੰ ਖਾਣਾ ਨੀਂ ਦਿੱਤਾ..
ਅੱਜ ਤੂੰ ਸਾਥ ਦਿੱਤਾ ਹੈ।'

ਮੈਂ ਪੈਸੇ ਲੈ ਲਏ।
ਪਰ ਜੇਬ 'ਚ ਨਹੀਂ ਰੱਖੇ।
ਹੱਥ 'ਚ ਹੀ ਫੜੀ ਰੱਖੇ।
ਜਾਂਦੇ-ਜਾਂਦੇ ਉਸ ਨੇ ਕਿਹਾ--

'ਤੇ ਹਾਂ
ਅੱਜ ਘਰ ਜਾਕੇ ਮਾਂ ਨੂੰ ਫ਼ੋਨ ਜ਼ਰੂਰ ਕਰਨਾ।'

ਉਸ ਰਾਤ ਮੈਂ ਬਿਲਡਿੰਗ ਦੇ ਹੇਠਾਂ ਬਾਈਕ
ਸਟਾਰਟ ਨਹੀਂ ਕੀਤੀ।
ਪਹਿਲਾਂ ਮਾਂ ਨੂੰ ਫ਼ੋਨ ਲਾਇਆ।

ਉੱਧਰੋਂ ਆਵਾਜ਼ ਆਈ

'ਅੱਜ ਅਚਾਨਕ?
ਸਭ ਠੀਕ ਹੈ ਨਾ?'

ਬੱਸ ਇੰਨਾ ਸੁਣਦੇ ਹੀ ਗਲਾ ਭਰ ਆਇਆ।

ਮੈਂ ਕਿਹਾ-
'ਹਾਂ ਮਾਂ...
ਬੱਸ ਤੇਰੀ ਆਵਾਜ਼ ਸੁਣਨੀ ਸੀ।'

ਉੱਧਰ ਕੁਝ ਸਕਿੰਟ ਖ਼ਾਮੋਸ਼ੀ ਰਹੀ।
ਫਿਰ ਮਾਂ ਬੋਲੀ-

'ਖਾਣਾ ਖਾਇਆ?'

ਤੇ ਮੈਂ ਸੜਕ ਕਿਨਾਰੇ ਖੜ੍ਹਾ ਰੋ ਪਿਆ।

ਉਸ ਰਾਤ ਤੋਂ ਬਾਅਦ ਮੈਂ
ਰੋਜ਼ ਮਾਂ ਨੂੰ ਫ਼ੋਨ ਕਰਨ ਲੱਗ ਪਿਆ।

ਤੇ ਸਿਰਫ਼ ਮਾਂ ਨੂੰ ਨਹੀਂ
ਹਰ ਡਿਲਿਵਰੀ ਹੁਣ ਮੇਰੇ ਲਈ
ਸਿਰਫ਼ ਆਰਡਰ ਨਹੀਂ ਰਹੀ।

ਕਿਸੇ ਘਰ 'ਚ ਦਵਾ ਜਾਂਦੀ ਹੈ।
ਕਿਸੇ ਘਰ 'ਚ ਅਕੇਲਾਪਨ।
ਕਿਸੇ ਘਰ 'ਚ ਇੰਤਜ਼ਾਰ।
ਕਿਸੇ ਘਰ 'ਚ ਬੱਸ
ਇੱਕ ਆਵਾਜ਼ ਦੀ ਲੋੜ ਹੁੰਦੀ ਹੈ।

ਮੈਂ ਹੁਣ ਦਰਵਾਜ਼ਾ ਖੁਲ੍ਹਣ 'ਤੇ
ਜਲਦੀ ਨਹੀਂ ਕਰਦਾ
ਚਿਹਰਾ ਦੇਖਦਾ ਹਾਂ।
ਆਵਾਜ਼ ਸੁਣਦਾ ਹਾਂ।
ਕਦੇ ਪੁੱਛ ਲੈਂਦਾ ਹਾਂ
'ਹੋਰ ਸਭ ਠੀਕ?'

ਜ਼ਿਆਦਾਤਰ ਲੋਕ
ਬੱਸ 'ਹਾਂ' ਕਹਿੰਦੇ ਨੇ।
ਕੁਝ ਲੋਕ ਮੁਸਕਰਾ ਦਿੰਦੇ ਨੇ।
ਤੇ ਕੁੱਝ ਦੇ ਚਿਹਰੇ ਦੱਸ ਦਿੰਦੇ ਨੇ ਕਿ ਉਨ੍ਹਾਂ ਨੇ
ਪੂਰੇ ਦਿਨ ਕਿਸੇ ਨਾਲ ਗੱਲ ਨਹੀਂ ਕੀਤੀ।

ਦੋ ਮਹੀਨੇ ਬਾਅਦ ਉਸੇ ਪਤੇ 'ਤੇ
ਫਿਰ ਆਰਡਰ ਆਇਆ।

ਮੈਂ ਭੱਜ ਕੇ ਗਿਆ।
ਦਰਵਾਜ਼ਾ ਕਿਸੇ ਹੋਰ ਨੇ ਖੋਲ੍ਹਿਆ।
ਪੜੋਸ ਵਾਲੀ ਆਂਟੀ ਸੀ।
ਹੌਲੀ ਦੇਣੀ ਬੋਲੀ-
'ਅੰਮਾਂ ਪਿਛਲੇ ਹਫ਼ਤੇ ਚਲੀ ਗਈ।'

ਕੁੱਝ ਸਕਿੰਟ ਤੱਕ ਮੈਂ ਦਰਵਾਜ਼ੇ 'ਤੇ ਖੜ੍ਹਾ ਰਿਹਾ।
ਹੱਥ ਖ਼ਾਲੀ ਸਨ, ਪਰ ਅੰਦਰ ਕੁੱਝ ਭਾਰੀ ਡਿੱਗ
ਚੁੱਕਿਆ ਸੀ।

ਉਸਨੇ ਅੰਦਰੋਂ ਇੱਕ ਛੋਟਾ ਜਿਹਾ
ਲਿਫ਼ਾਫ਼ਾ ਲਿਆ ਕੇ ਦਿੱਤਾ।
'ਤੇਰੇ ਲਈ ਛੱਡ ਗਈ ਸੀ।'

ਕੰਬਦੇ ਹੱਥਾਂ ਨਾਲ ਖੋਲ੍ਹਿਆ।
ਅੰਦਰ 500 ਰੁਪਏ ਸਨ।
ਤੇ ਇੱਕ ਛੋਟੀ ਜਿਹੀ ਪਰਚੀ।

ਉਸ 'ਤੇ ਲਿਖਿਆ ਸੀ

'ਬੇਟਾ, ਜੇ ਤੂੰ ਪੜ੍ਹ ਰਿਹਾ ਹੈਂ,
ਤਾਂ ਮੈਂ ਜਾ ਚੁੱਕੀ ਹਾਂ।

ਧੰਨਵਾਦ, ਉਸ ਰਾਤ ਮੇਰੇ ਨਾਲ
ਖਾਣਾ ਖਾਣ ਲਈ।

ਤੂੰ ਮੈਨੂੰ ਖਾਣਾ ਨਹੀਂ, ਸਨਮਾਨ ਦਿੱਤਾ।
ਤੇ ਹਾਂ-ਮਾਂ ਨੂੰ ਫ਼ੋਨ ਕਰਦੇ ਰਹਿਣਾ।'
– ਅੰਮਾਂ

ਅੱਜ ਵੀ, ਉਹ 500 ਰੁਪਏ
ਮੇਰੇ ਬੈਗ ਦੀ ਅੰਦਰਲੀ ਜੇਬ 'ਚ ਰੱਖੇ ਹੋਏ ਨੇ।
ਖਰਚ ਨਹੀਂ ਕੀਤੇ।

ਕਿਉਂਕਿ ਉਸ ਰਾਤ ਪਹਿਲੀ ਵਾਰ ਸਮਝ ਆਇਆ-

ਹਰ ਦਰਵਾਜ਼ੇ ਪਿੱਛੇ ਸਿਰਫ਼ ਇੱਕ
ਗਾਹਕ ਨਹੀਂ ਹੁੰਦਾ।
ਕਦੇ ਇੱਕ ਮਾਂ ਹੁੰਦੀ ਹੈ।
ਕਦੇ ਕੋਈ ਇੰਤਜ਼ਾਰ।
ਕਦੇ ਇੱਕ ਆਖ਼ਰੀ ਗੱਲਬਾਤ।

ਅਸੀਂ ਸਾਰੇ ਆਪਣੀ ਆਪਣੀ
ਭੁੱਖ ਲੈਕੇ ਜਿਉਂ ਰਹੇ ਹਾਂ--
ਕਿਸੇ ਨੂੰ ਰੋਟੀ ਦੀ ਲੋੜ ਹੈ
ਕਿਸੇ ਨੂੰ ਦਵਾ ਦੀ
ਤੇ ਕਿਸੇ ਨੂੰ ਬੱਸ ਦੋ ਮਿੰਟ ਦਾ ਸਾਥ।

ਇਨਸਾਨ ਨੂੰ ਹਮੇਸ਼ਾ ਪੈਸੇ ਦੀ ਨਹੀਂ,
ਕਦੇ ਕਦੇ ਬੱਸ ਮੌਜੂਦਗੀ ਦੀ
ਡਿਲਿਵਰੀ ਚਾਹੀਦੀ ਹੈ।

ਮੂਲ : ਅਗਿਆਤ
ਅਨੁਵਾਦ : ਯਸ਼ ਪਾਲ
(98145 35005

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਵੈਨਕੂਵਰ ਵਿਚ ਵੀ ਕਾਕਰੋਚ ਜਨਤਾ ਪਾਰਟੀ ਦੀ ਜਿੱਤ ਦੇ ਜਸ਼ਨ















(ਸਰੋਕਾਰਾਂ ਦੀ ਆਵਾਜ਼ ਬਿਊਰੋ)

ਭਾਰਤ ਵਿਚ ਕਾਕਰੋਚ ਜਨਤਾ ਪਾਰਟੀ ਅਰਥਾਤ ਜ਼ੈਨ ਜੀ ਵਲੋਂ ਵਿੱਢੇ ਸੰਘਰਸ਼ ਵਿਚ ਜਿਥੇ ਨੌਜਵਾਨਾਂ ਨੇ ਅਣਮਨੁੱਖੀ ਤਸ਼ੱਦਦ ਸਹਿ ਕੇ ਆਪਣੇ ਜ਼ੋਰ ਹੋਸ਼ ਤੇ ਸੂਝਬੂਝ ਨਾਲ ਇਹ ਸੰਘਰਸ਼ ਜਿੱਤਿਆ ਹੈ ਤੇ ਸਰਕਾਰ ਨੂੰ ਗੋਡੇ ਟੇਕਣੇ ਪਏ ਹਨ, ਉਥੇ ਵਿਦੇਸ਼ਾਂ ਵਿਚ ਬੈਠੇ ਭਾਰਤੀ ਲੋਕਾਂ ਨੇ ਇਸ ਸੰਘਰਸ਼ ਦਾ ਹਿੱਸਾ ਬਣ ਕੇ ਪਿਛਲੇ ਹਫ਼ਤੇ 'ਵੈਨਕੂਵਰ ਇੰਡੀਅਨ ਫਾਰ ਡੈਮੋਕ੍ਰੇਸੀ ਜਨਰਲ' ਨਾਂ ਦਾ ਵਟਸਐਪ ਗਰੁੱਪ ਬਣਾ ਕੇ ਲਗਾਤਾਰ ਤਕਰੀਬਨ 5-6 ਦਿਨ ਕੈਨੇਡਾ ਪਲੇਸ 'ਤੇ ਰੈਲੀ ਕਰਦੇ ਰਹੇ। ਜਿਸ ਦਿਨ ਧਰਮਿੰਦਰ ਪ੍ਰਧਾਨ ਨੂੰ ਅਹੁਦੇ ਤੋਂ ਲਾਹਿਆ ਗਿਆ ਉਸ ਦਿਨ ਵੈਨਕੂਵਰ ਆਰਟ ਗੈਲਰੀ ਸਾਹਮਣੇ ਜਿੱਤ ਦੇ ਜਸ਼ਨ ਦੀ ਰੈਲੀ ਕੀਤੀ ਗਈ। ਦਿੱਲੀ ਵਾਲਾ ਸੰਘਰਸ਼ ਸੋਨਮ ਵਾਂਗਚੁਰ ਦੀ ਭੁੱਖ ਹੜਤਾਲ ਨਾਲ ਸ਼ੁਰੂ ਹੋਇਆ ਤੇ ਅਨੇਕਾਂ ਲੋਕ ਜੁੜਦੇ ਗਏ ਤੇ ਆਵਾਮ ਦਾ ਸੰਘਰਸ਼ ਬਣ ਗਿਆ। ਜਿਸ ਵਿਚ ਸਾਡੇ ਹੋਣਹਾਰ ਵਿਦਿਆਰਥੀਆਂ ਨੇ ਆਪਣੀਆਂ ਹਿੱਕਾਂ ਡਾਹਕੇ ਭੁੱਖ ਹੜਤਾਲ ਕਰਕੇ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ ਸੀ ਉਵੇਂ ਵੈਨਕੂਵਰ ਵਿਚ ਵੀ ਸਮੀਤ ਧੁੱਲ ਨੇ ਇਹ ਇਕੱਲੇ ਨੇ ਸ਼ੁਰੂ ਕੀਤਾ ਤੇ ਸੈਂਕੜੇ ਲੋਕ ਰੋਜ਼ਾਨਾ ਜੁੜਦੇ ਗਏ। ਵੈਨਕੂਵਰ ਆਰਟ ਗੈਲਰੀ 'ਤੇ ਜਿੱਤ ਦੇ ਜਸ਼ਨ ਵਿਚ ਬੁਲਾਰਿਆਂ ਨੇ ਕਿਹਾ ਕਿ ਨੌਜਵਾਨਾਂ ਵਿਚ ਇਨਕਲਾਬ ਦੀ ਚਿਣਗ ਸ਼ੁਰੂ ਹੋ ਗਈ ਹੈ। ਜੋ ਕਿ ਭਾਰਤ ਦੀ ਸਰਕਾਰ ਨੂੰ ਚੁਣੌਤੀ ਦੇ ਸਕਦੀ ਹੈ। ਨੀਟ ਦੇ ਪੇਪਰਾਂ ਕਾਰਨ 20-22 ਵਿਦਿਆਰਥੀਆਂ ਦੀ ਖੁਦਕਸ਼ੀਆਂ ਨਾਲ ਹੋਈਆਂ ਮੌਤਾਂ ਦਾ ਅਫਸੋਸ ਵੀ ਪ੍ਰਗਟ ਕੀਤਾ ਗਿਆ ਅਤੇ ਭ੍ਰਿਸ਼ਟ ਸਰਕਾਰ ਦੇ ਕਾਲੇ ਕਾਰਨਾਮਿਆਂ ਨੂੰ ਨੰਗਾ ਵੀ ਕੀਤਾ ਗਿਆ। ਕੁਲਵਿੰਦਰ ਜੋਸਨ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵਿਦੇਸ਼ਾਂ ਵਿਚੋਂ ਆਵਾਜ਼ ਉਠਾਉਣੀ ਚਾਹੀਦਾ ਹੈ ਤਾਂ ਕਿ ਜ਼ੈਨ ਜੀ ਦੇ ਸੰਘਰਸ਼ ਨੂੰ ਸਪੋਰਟ ਮਿਲ ਸਕੇ। ਬੇਸ਼ੱਕ ਇਕ ਵਿਅਕਤੀ ਨੂੰ ਅਹੁਦੇ ਤੋਂ ਹਟਾ ਕੇ ਕੁਝ ਨਹੀਂ ਬਦਲੇਗਾ ਪਰ ਇਹ ਸੰਘਰਸ਼ ਇਤਿਹਾਸਕ ਪੈੜਾਂ ਜ਼ਰੂਰ ਛੱਡ ਕੇ ਜਾਵੇਗਾ ਜੋ ਅਗਲੀਆਂ ਪੀੜ੍ਹੀਆਂ ਲਈ ਰਾਹ ਦੁਸੇਰਾ ਹੋਵੇਗਾ। ਪਰਮਿੰਦਰ ਸਵੈਚ ਨੇ ਕਿਹਾ ਕਿ ਵੈਨਕੂਵਰ ਦੀ ਧਰਤੀ ਉਨ੍ਹਾਂ ਗਦਰੀ ਬਾਬਿਆਂ ਦੀ ਧਰਤੀ ਹੈ ਜਿਥੇ ਉਨ੍ਹਾਂ ਨੂੰ ਆਜ਼ਾਦੀ ਦੀ ਚਿਣਗ ਲੱਗੀ ਤੇ ਉਹ ਦੇਸ਼ ਅਜ਼ਾਦ ਕਰਵਾਉਣ ਤੁਰ ਪਏ। ਇਸ ਕਰਕੇ ਸਾਨੂੰ ਉਨ੍ਹਾਂ ਦੀਆਂ ਪੈੜਾਂ 'ਤੇ ਚਲਦੇ ਹੋਏ ਨਾਬਰਾਬਰੀ ਦੀ ਸਮਾਜ ਲਈ ਜੱਦੋ ਜਹਿਦ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਤੁਸੀਂ ਸ਼ਹੀਦ ਭਗਤ ਸਿੰਘ, ਕਰਤਾਰ ਸਰਾਭੇ ਦੇ ਵਾਰਿਸ਼ ਹੋ ਤੁਹਾਡੇ ਕੋਲ ਹੋਸ਼ ਵੀ ਹੈ ਜੋਸ਼ ਵੀ ਹੈ ਅਤੇ ਤਕਨਾਲੋਜੀ ਵੀ ਹੈ ਤੇ ਤੁਸੀਂ ਆਪਣੇ ਬਹੁਬਲ ਨਾਲ ਸਮਾਜ ਵਿਚ ਤਬਦੀਲੀ ਲਿਆ ਸਕਦੇ ਹੋ। ਇਸ ਰੈਲੀ ਵਿਚ ਬਹੁਤ ਸਾਰੇ ਲੋਕਾਂ ਨੇ ਕਿਸਾਨੀ ਸੰਘਰਸ਼ ਵਾਂਗ ਆਪਣੇ ਤੌਰ 'ਤੇ ਹੀ ਉਥੇ ਖਾਣ ਪੀਣ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਨੌਜਵਾਨਾਂ ਵਿਚ ਬਹੁਤ ਜ਼ਿਆਦਾ ਜੋਸ਼ ਸੀ। ਬਾਕੀ ਤੁਸੀਂ ਆਰਟ ਗੈਲਰੀ ਦੀਆਂ ਤਸਵੀਰਾਂ ਵਿਚੋਂ ਇਸ ਜਿੱਤ ਦੇ ਜਸ਼ਨ ਨੂੰ ਦੇਖ ਸਕਦੇ ਹੋ।



# ਕਾਮਰੇਡ ਅਜਾਇਬ ਦੀ ਯਾਦ ਵਿੱਚ ਹੋਈ ਸੂਹੀ ਸਲਾਮ ਇਕੱਤਰਤਾ

## *ਇਨਕਲਾਬੀ ਲਹਿਰ ਦੇ ਕਾਫਲੇ ਵੱਲੋਂ ਵਿਛੜੇ ਸਾਥੀ ਦੇ ਸ਼ਾਨਮੱਤੇ ਸਫਰ 'ਤੇ ਮਾਣ ਕਰਦਿਆਂ ਉਸਦੇ ਅਕੀਦੇ ਨੂੰ ਬੁਲੰਦ ਕੀਤਾ ਗਿਆ*









ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਜੂਨ ਮਹੀਨੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਕਾਫਲੇ 'ਚੋਂ ਵਿਛੜ ਗਏ ਸੀਪੀਆਰਸੀਆਈ (ਐਮ ਐਲ) ਦੀ ਪੰਜਾਬ ਸੂਬਾ ਕਮੇਟੀ ਦੇ ਮੈਂਬਰ ਕਾਮਰੇਡ ਅਜਾਇਬ ਦੀ ਸ਼ਾਨਾਂਮੱਤੀ ਜੀਵਨ ਘਾਲਣਾ ਨੂੰ ਸੂਹੀ ਸਲਾਮ ਕਰਦੀ ਇਕੱਤਰਤਾ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਖੇ ਹੋਈ। ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਇਨਕਲਾਬੀ ਲਹਿਰ ਦੇ ਸਰਗਰਮ ਤੇ ਹਮਾਇਤੀ ਘੇਰੇ ਨੇ ਕਾਮਰੇਡ ਅਜਾਇਬ ਦੀ ਫਖ਼ਰਯੋਗ ਇਨਕਲਾਬੀ ਕਰਨੀ ਨੂੰ ਸਿਜਦਾ ਕੀਤਾ ਤੇ ਉਸਦੇ ਲੋਕ ਇਨਕਲਾਬ ਦੇ ਅਕੀਦੇ ਨੂੰ ਹੋਰ ਸੰਗਰਾਮੀ ਦ੍ਰਿੜਤਾ ਨਾਲ ਬੁਲੰਦ ਕਰਨ ਦੀ ਭਾਵਨਾ ਨੂੰ ਪ੍ਰਗਟ ਕੀਤਾ।

ਇਸ ਇਕੱਤਰਤਾ ਦੀ ਸ਼ੁਰੂਆਤ ਸਾਥੀ ਅਜਾਇਬ ਦੀ ਯਾਦ ਨੂੰ ਸਿਜਦਾ ਕਰਨ ਲਈ ਮਕਬੂਲ ਇਨਕਲਾਬੀ ਗੀਤ 'ਹਮ ਜੰਗ-ਏ-ਅਵਾਮੀ ਸੇ ਕੋਹਰਾਮ ਮਚਾ ਦੇਗੇਂ' ਦੀ ਧੁਨ 'ਤੇ ਸਮੁੱਚੇ ਇਕੱਠ ਵੱਲੋਂ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਦੇਣ ਨਾਲ ਹੋਈ। ਇਕੱਠ ਦੀ ਤਰਫੋਂ ਕਮੇਟੀ ਮੈਂਬਰਾਂ ਤੇ ਪਰਿਵਾਰਕ ਮੈਂਬਰਾਂ ਵੱਲੋਂ ਸਾਥੀ ਅਜਾਇਬ ਦੀ ਤਸਵੀਰ ਨੂੰ ਫੁੱਲ ਭੇਂਟ ਕਰਕੇ ਸਿਜਦਾ ਕੀਤਾ ਗਿਆ। ਸੰਬੋਧਨ ਕਰਨ ਵਾਲੇ ਬੁਲਾਰਿਆਂ 'ਚ ਜਸਪਾਲ ਜੱਸੀ, ਮੁਖਤਿਆਰ ਪੂਹਲਾ ਤੇ ਬੂਟਾ ਸਿੰਘ ਮਹਿਮੂਦਪੁਰ ਨੇ ਕਾਮਰੇਡ ਅਜਾਇਬ ਵੱਲੋਂ ਲੋਕ ਇਨਕਲਾਬ ਦੇ ਮਹਾਨ ਮਿਸ਼ਨ ਨੂੰ ਸਮਰਪਿਤ ਹੋ ਕੇ ਨਿਭਾਏ ਯੋਗਦਾਨ ਨੂੰ ਮਿਸਾਲੀ ਕਰਾਰ ਦਿੱਤਾ। ਉਹਨਾਂ ਨੇ ਇੱਕ ਪੇਸ਼ਾਵਰ ਇਨਕਲਾਬੀ ਵਜੋਂ ਉਹਨਾਂ ਦੇ 56-57 ਵਰ੍ਹੇ ਦੇ ਲੰਮੇ ਸਿਆਸੀ ਸਫਰ ਨੂੰ ਸਲਾਮ ਕਹੀ।

ਉਨ੍ਹਾਂ ਨੇ 70ਵਿਆਂ ਦੇ ਸ਼ੁਰੂਆਤੀ ਦੌਰ ਅੰਦਰ ਉੱਭਰੀ ਨਕਸਲਵਾੜੀ ਲਹਿਰ ਦੇ ਵੇਲੇ ਦੁਆਬਾ ਖੇਤਰ ਅੰਦਰਲੀ ਇਨਕਲਾਬੀ ਲਹਿਰ ਦੀਆਂ ਪਾਈਆਂ ਜਾ ਰਹੀਆਂ ਪੈੜਾਂ ਦੇ ਮਾਹੌਲ ਨੂੰ ਯਾਦ ਕੀਤਾ। ਗਦਰ ਲਹਿਰ ਵੇਲੇ ਦੀ ਸੰਗਰਾਮੀ ਵਿਰਾਸਤ ਤੋਂ ਲੈ ਕੇ ਤੁਰੀਆਂ ਆਉਂਦੀਆਂ ਲੋਕ ਮੁਕਤੀ ਲਹਿਰ ਦੀਆਂ ਅਗਲੀਆਂ ਕੜੀਆਂ ਵਜੋਂ ਅਜੈਬ ਸਿੰਘ ਤੇ ਸਾਥੀਆਂ ਵੱਲੋਂ ਪਾਏ ਨਵੇਂ ਪੂਰਨਿਆਂ ਨੂੰ ਯਾਦ ਕੀਤਾ। ਇਸ ਨੇਹਚਾਵਾਨ ਸਫ਼ਰ ਲਈ ਕਮਿਊਨਿਸਟ ਵਿਚਾਰਧਾਰਾ 'ਚ ਉਨਾਂ ਦੇ ਅਡੋਲ ਭਰੋਸੇ ਤੇ ਇਸ ਤੋਂ ਰੌਸ਼ਨੀ ਲੈ ਕੇ ਭਾਰਤ ਦੇ ਨਵ-ਜਮਹੂਰੀ ਇਨਕਲਾਬ ਦੇ ਟੀਚੇ ਦੀ ਉਹਨਾਂ ਅੰਦਰ ਵਸੀ ਸਪਸ਼ਟਤਾ ਬਾਰੇ ਚਰਚਾ ਕੀਤੀ। ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਸਫਲ ਨਿਭਾਅ ਲਈ ਸਾਥੀ ਅਜਾਇਬ ਦੇ ਮਿਸਾਲੀ ਰੋਲ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ।

ਉੱਘੇ ਨਾਟਕਕਾਰ ਡਾਕਟਰ ਸਾਹਿਬ ਸਿੰਘ ਨੇ ਕਾਮਰੇਡ ਅਜਾਇਬ ਦੇ ਗਰਾਈਂ ਹੋਣ ਵਜੋਂ ਤੇ ਉਸਦੇ ਵਿਚਾਰਾਂ ਦੇ ਸਾਥੀ ਵਜੋਂ ਮਾਣ ਮਹਿਸੂਸ ਕਰਦਿਆਂ ਉਸਦੇ ਸ਼ਾਨਾਂਮੱਤੇ ਸਫ਼ਰ ਬਾਰੇ ਆਪਣੇ ਜਜ਼ਬੇ ਲੋਕਾਂ ਨਾਲ ਸਾਂਝੇ ਕੀਤੇ। ਉਹਨਾਂ ਨੇ ਕਾਮਰੇਡ ਅਜਾਇਬ ਵੱਲੋਂ ਲੰਮੀ ਅੰਡਰਗਰਾਊਂਡ ਜ਼ਿੰਦਗੀ ਦੌਰਾਨ ਆਪਣਾ ਆਪ ਛੁਪਾ ਕੇ ਦਹਾਕਿਆਂ ਬੱਧੀ ਬਿਨਾਂ ਕਿਸੇ ਪਛਾਣ, ਪ੍ਰਸੰਸਾ ਜਾਂ ਮਾਣ ਸਨਮਾਨ ਹਾਸਲ ਕਰਨ ਦੀ ਭਾਵਨਾ ਤੋਂ ਮੁਕਤ ਹੋ ਕੇ ਘਾਲੀ ਘਾਲਣਾ ਨੂੰ ਭਾਵ ਪੂਰਤ ਸਲਾਮ ਕਹੀ। ਉਹਨਾਂ ਕਾਮਰੇਡ ਹਰਮੇਸ਼ ਮਾਲੜੀ ਦੀ ਇੱਕ ਕਵਿਤਾ ਨੂੰ ਕਾਮਰੇਡ ਅਜਾਇਬ ਦੇ ਸੰਬੋਧਨ ਵਜੋਂ ਸਮੁੱਚੀ ਇਕੱਤਰਤਾ ਨਾਲ ਡੂੰਘੇ ਜਜ਼ਬਾਤੀ ਮਾਹੌਲ ਦਰਮਿਆਨ ਸਾਂਝਾ ਕੀਤਾ। ਸਾਥੀ ਅਜਾਇਬ ਦੇ ਬਚਪਨ ਦੇ ਸਾਥੀ ਰਹੇ ਜਰਨੈਲ ਸਿੰਘ ਨੇ ਵੀ ਉਸ ਨਾਲ ਆਪਣੀ ਨਿੱਜੀ ਦੋਸਤੀ ਦੇ ਅਹਿਸਾਸ ਸਾਂਝੇ ਕਰਦਿਆਂ ਉਸ ਨੂੰ ਬਹੁਤ ਡੂੰਘੇ ਮਿਲਾਪੜੇ ਤੇ ਨਿੱਘੇ ਇਨਸਾਨ ਵਜੋਂ ਯਾਦ ਕੀਤਾ ਤੇ ਉਸਨੂੰ ਦਿੱਤੀ ਜਾ ਰਹੀ ਅਜਿਹੀ ਜਨਤਕ ਸ਼ਰਧਾਂਜਲੀ 'ਤੇ ਮਾਣ ਪ੍ਰਗਟ ਕੀਤਾ।

ਮੁਕਤੀ ਸੰਗਰਾਮ ਮਜ਼ਦੂਰ ਮੰਚ ਵੱਲੋਂ ਸਾਥੀ ਲਖਵਿੰਦਰ ਨੇ ਕਾਮਰੇਡ ਅਜਾਇਬ ਦੀ ਘਾਲਣਾ ਨੂੰ ਉਚਿਆਉਂਦਿਆਂ ਉਸਦੀ ਪਾਰਟੀ ਜਥੇਬੰਦੀ ਵੱਲੋਂ ਇਨਕਲਾਬੀ ਲਹਿਰ 'ਚ ਪਾਈਆਂ ਮਿਸਾਲੀ ਪਿਰਤਾਂ ਦੀ ਚਰਚਾ ਕੀਤੀ। ਲੋਕ ਸੰਗਰਾਮ ਮੋਰਚਾ ਦੇ ਆਗੂ ਸੁਖਮੰਦਰ ਸਿੰਘ ਨੇ ਆਪਣੇ ਇਨਕਲਾਬੀ ਸਫ਼ਰ ਲਈ ਤਿਆਰੀ ਦਾ ਸਿਹਰਾ ਸਾਥੀ ਅਜਾਇਬ ਨੂੰ ਦਿੰਦਿਆਂ ਉਸ ਦੇ ਵਿਛੋੜੇ ਨੂੰ ਆਪਣੇ ਲਈ ਤੇ ਆਪਣੇ ਵਰਗੇ ਹੋਰਨਾਂ ਸਾਥੀਆਂ ਲਈ ਵੱਡਾ ਘਾਟਾ ਕਰਾਰ ਦਿੱਤਾ ਤੇ ਉਸਦੀ ਯਾਦ ਦੇ ਹਵਾਲੇ ਨਾਲ ਇਸੇ ਰਾਹ 'ਤੇ ਡਟੇ ਰਹਿਣ



ਦਾ ਅਹਿਦ ਪ੍ਰਗਟ ਕੀਤਾ। ਤਰਕਸ਼ੀਲ ਲਹਿਰ ਦੇ ਆਗੂ ਜੋਗਿੰਦਰ ਕੁੱਲੇਵਾਲ ਵੱਲੋਂ ਸਾਥੀ ਅਜਾਇਬ ਦੇ ਸੰਗਰਾਮੀ ਸਾਥੀ ਸ਼ਹੀਦ ਕਰਤਾਰ ਬਾਈ ਦੇ ਪਰਿਵਾਰ ਤੇ ਉਸ ਪਿੰਡ-ਇਲਾਕੇ ਨਾਲ ਜੁੜੀਆਂ ਯਾਦਾਂ ਦੇ ਹਵਾਲੇ ਨਾਲ ਵਿਛੋੜਾ ਦੇ ਗਏ ਸਾਥੀ ਬਾਰੇ ਗੱਲਾਂ ਕੀਤੀਆਂ।

ਮੁੰਬਈ ਤੋਂ ਪਹੁੰਚੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਪੱਤਰਕਾਰ ਸਾਥੀ ਹਰਸ਼ ਠਾਕੁਰ ਵੀ ਇਸ ਇਕੱਤਰਤਾ ਵਿੱਚ ਹਾਜ਼ਰ ਸਨ। ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਲੋਕਾਂ ਦੀ ਭਾਰੀ ਗਿਣਤੀ ਕਾਰਨ ਹਾਲ ਦੀ ਸਮਰੱਥਾ ਊਣੀ ਪੈ ਗਈ। ਵਿਛੜੇ ਸਾਥੀ ਦੇ ਕਿੰਨੇ ਹੀ ਸ਼ੁਭਚਿੰਤਕ ਉਸਦੀ ਯਾਦ 'ਚ ਅੱਖਾਂ ਨਮ ਕਰਦੇ ਦਿਖੇ। ਇਨਕਲਾਬੀ ਜਨਤਕ ਲਹਿਰ ਦੀ ਸਖਸ਼ੀਅਤ ਸਾਥੀ ਬਲਵੰਤ ਮਖੂ ਵੱਲੋਂ ਭੇਜੀ ਸਲਾਮ ਵੀ ਮੰਚ ਤੋਂ ਸਾਂਝੀ ਕੀਤੀ ਗਈ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਵੱਲੋਂ ਸੁਣਾਈਆਂ ਕਵੀਸ਼ਰੀਆਂ ਅਤੇ ਧਰਮਿੰਦਰ ਮਸਾਣੀ, ਦਿਸ਼ਾ ਤੇ ਖੁਸ਼ਬੂ ਦੇ ਗੀਤਾਂ ਨੇ ਸਾਥੀ ਅਜਾਇਬ ਦੇ ਵਿਛੋੜੇ ਦਾ ਦਰਦ ਵੀ ਵੰਡਾਇਆ ਤੇ ਪ੍ਰੇਰਨਾ ਦੀਆਂ ਛੱਲਾਂ ਦਾ ਸੰਚਾਰ ਵੀ ਕੀਤਾ। ਅਮੋਲਕ ਸਿੰਘ ਦੀ ਮੰਚ 'ਚ ਸੰਚਾਲਨਾ 'ਚ ਹੋਏ ਇਸ ਸਮਾਗਮ ਦੇ ਅਖੀਰ 'ਤੇ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਪਹੁੰਚੇ ਲੋਕਾਂ ਦਾ ਧੰਨਵਾਦ ਕਰਦਿਆਂ ਅਜਾਇਬ ਸਿੰਘ ਦੇ ਰਾਹਾਂ 'ਤੇ ਤੁਰਨ ਨੂੰ ਸਮੇਂ ਦੀ ਅਣਸਰਦੀ ਲੋੜ ਕਰਾਰ ਦਿੱਤਾ ਤੇ ਅਜਿਹੇ ਸਫ਼ਰ ਲਈ ਤਿਆਰ ਹੋਣ ਦੀ ਅਪੀਲ ਕੀਤੀ।

ਇਸ ਸੂਹੀ ਸਲਾਮ ਇਕੱਤਰਤਾ ਚ ਕਮਿਊਨਿਸਟ ਇਨਕਲਾਬੀ ਆਗੂ ਵਜੋਂ ਸਾਥੀ ਅਜਾਇਬ ਦੇ ਵਿਚਾਰਾਂ ਤੇ ਰੋਲ ਦੀ ਚਰਚਾ ਦੇ ਨਾਲ ਨਾਲ ਸਬਰ, ਸੰਤੋਖ, ਹਲੀਮੀ, ਦ੍ਰਿੜਤਾ ਤੇ ਡੂੰਘੀਆਂ ਮਨੁੱਖੀ ਭਾਵਨਾਵਾਂ ਨਾਲ ਲਬਰੇਜ ਸ਼ਖਸ਼ੀਅਤ ਵਜੋਂ ਵੀ ਉਸਦੇ ਮਿਸਾਲੀ ਗੁਣਾਂ ਦੀ ਭਰਵੀਂ ਚਰਚਾ ਹੋਈ।










## ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕੋਆਰਡੀਨੇਟਰ ਗੋਪਾਲ ਸਿੰਘ ਕਾਉਂਕੇ +14039703588 ਕੈਲਗਰੀ
ਦਵਿੰਦਰ ਸਿੰਘ ਤੂਰ +1 (416) 902-9372
ਬਲਵਿੰਦਰ ਸਿੰਘ +16475338980 ਐਬਟਸਫੋਰਡ
ਸੂਬਾ ਸਿੰਘ ਬਾਜਵਾ +1 416-666-4959
ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911
ਕਰਮਜੀਤ ਸਿੰਘ ਪੁਰਬਾ 6047632435 ਵੈਨਕੂਵਰ
ਹਰਦਿਆਲ ਸਿੰਘ +17785526422 ਐਬਟਸਫੋਰਡ
ਲਵਪ੍ਰੀਤ ਸਿੰਘ +1 (204) 999-0418 ਵਿੰਨੀਪੈਂਗ


Hans
Demolition & Excavating




* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

GALAXY
Frightline inc.
Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator




Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਸਾਲ 2026 ਦੇ ਦੂਜੇ ਇੱਕ ਰੋਜ਼ਾ ਪੁਸਤਕ ਮੇਲੇ ’ਤੇ ਕੈਲਗਰੀ ਦੇ ਪਾਠਕਾਂ ਵਲੋਂ ਦਿਖਾਇਆ ਉਤਸ਼ਾਹ

## ਡਾ. ਸਾਹਿਬ ਸਿੰਘ ਵਲੋਂ ਐਡਰੀ (ਕੈਲਗਰੀ) ’ਚ 4 ਅਕਤੂਬਰ ਨੂੰ ‘ਲੱਛੂ ਕਬਾੜੀਆ’ ਨਾਟਕ ਖੇਡਿਆ ਜਾਵੇਗਾ









**ਹਰਚਰਨ ਪ੍ਰਹਾਰ/ਸਰੋਕਾਰਾਂ ਦੀ ਆਵਾਜ਼**

12 ਜੁਲਾਈ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਅਤੇ ਸਹਿਯੋਗੀਆਂ ਵਲੋਂ ‘ਸ਼ਹੀਦ ਭਗਤ ਸਿੰਘ ਬੁੱਕ ਸੈਂਟਰ’ ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ।

ਪੁਸਤਕ ਮੇਲੇ ਦਾ ਉਦਘਾਟਨ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਵਲੋਂ ਕੀਤਾ ਗਿਆ। ਉਨ੍ਹਾਂ ਵਲੋਂ ਪੰਜਾਬੀ ਭਾਈਚਾਰੇ ਨੂੰ ਕਿਤਾਬਾਂ ਨਾਲ਼ ਜੁੜਨ ਦੀ ਅਪੀਲ ਕੀਤੀ ਤੇ ਕਿਹਾ ਕਿ ਕਿਤਾਬਾਂ ਸਾਡੀ ਰੂਹ ਦੀ ਖ਼ੁਰਾਕ ਹੁੰਦੀਆਂ ਹਨ।

ਇਸ ਮੌਕੇ ’ਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲ਼ਗਰੀ ਅਤੇ ਪ੍ਰੋਗਰੈਸਿਵ ਕਲਾ ਮੰਚ ਵਲੋਂ 4 ਅਕਤੂਬਰ ਨੂੰ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਹੋ ਰਹੇ ਨਾਟਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ’ਤੇ ‘ਲੱਛੂ ਕਬਾੜੀਆ’ ਅਤੇ ‘ਕੋਈ ਮੋੜ ਲਿਆਵੋ ਨੀ’ ਨਾਟਕ ਖੇਡੇ ਜਾਣਗੇ। ਡਾ. ਸਾਹਿਬ ਸਿੰਘ ਇਨ੍ਹਾਂ ਨਾਟਕਾਂ ਦੀ ਤਿਆਰੀ ਲਈ ਅਗਲੇ ਮਹੀਨੇ ਕੈਲਗਰੀ ਵਿੱਚ ਵਰਕਸ਼ਾਪ ਲਗਾਉਣਗੇ। ਮਾਸਟਰ ਭਜਨ ਸਿੰਘ ਵਲੋਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੱਚੇ ਗੁਰਮੋਹ ਗਿੱਲ ਦੇ ਇਲਾਜ ਲਈ ਡੋਨੇਸ਼ਨ ਇਕੱਠੀ ਕਰਨ ਲਈ ਜੈਨੇਸਿਸ ਸੈਂਟਰ ਵਿੱਚ ਬੌਟਲ ਡਰਾਈਵ ਰੱਖਿਆ ਗਿਆ। ਜਿਸ ਵਿੱਚ ਭਾਰੀ ਗਿਣਤੀ ਵਿੱਚ ਲੋਕਾਂ ਨੇ ਬੋਤਲਾਂ ਦਾਨ ਕਰਕੇ ਯੋਗਦਾਨ ਪਾਇਆ। ਇਸ ਮੌਕੇ ’ਤੇ ਪ੍ਰਾਈਮ ਏਸ਼ੀਆ ਟੀ ਵੀ ਹੋਸਟ ਪਰਮਵੀਰ ਬਾਠ ਵਲੋਂ ਪੁਸਤਕ ਮੇਲੇ ਦੇ ਪ੍ਰਬੰਧਕਾਂ ਨੂੰ ਇਸ ਉਦਮ ਲਈ ਵਧਾਈ ਦਿੱਤੀ ਅਤੇ ਬੱਚੇ ਗੁਰਮੋਹ ਗਿੱਲ ਦੇ ਇਲਾਜ ਲਈ ਇਕੱਠੀ ਕੀਤੀ ਜਾ ਰਹੀ ਰਾਸ਼ੀ ਬਾਰੇ ਦੱਸਿਆ ਕਿ 27 ਲੱਖ ਦਾ ਟੀਚਾ ਪੂਰਾ ਕਰਨ ਲਈ ਹੁਣ ਸਿਰਫ ਦੋ ਲੱਖ ਡਾਲਰ ਹੀ ਇਕੱਠੇ ਕਰਨੇ ਬਾਕੀ ਹਨ। ਜਿਸ ਲਈ ਸਭ ਨੂੰ ਸਹਿਯੋਗ ਦੀ ਅਪੀਲ ਕੀਤੀ।

ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।

ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਅਤੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਲੈ ਸਕਦੇ ਹੋ।

# ਨਾਟਕ ‘ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ’ ਪੇਸ਼ਕਾਰੀ













ਮੁੱਲਾਂਪੁਰ, (ਬਲਜਿੰਦਰ ਸਿੰਘ ਵੜੈਚ) : ਗੁਰਸ਼ਰਨ ਕਲਾ ਭਵਨ ਵਿਖੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਨਾਟਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਸ਼ਹੀਦ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ਅਤੇ ਮੋਮਬੱਤੀਆਂ ਜਗਾ ਕੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਅਹਿਦ ਲਿਆ ਗਿਆ। ਇਸ ਮੌਕੇ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਤਰਕਸ਼ੀਲ ਸੁਸਾਇਟੀ ਕੈਲਗਰੀ ਦੇ ਆਗੂ ਗੋਪਾਲ ਕਾਉਂਕੇ, ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾਕਟਰ ਹਰਬੰਸ ਗਰੇਵਾਲ, ਨੈਸ਼ਨਲ ਐਵਾਰਡੀ ਲੇਖਕ ਅਮਰੀਕ ਤਲਵੰਡੀ, ਉੱਘੇ ਲੇਖਕ ਜਗਤਾਰ ਹਿੱਸੋਵਾਲ, ਜਸ਼ ਚੁਟਾਨੀ, ਹਰਕੇਸ਼ ਚੌਧਰੀ, ਮਾਸਟਰ ਉਜਾਗਰ ਸਿੰਘ ਆਦਿ ਨੇ ਸਮਾਗਮ ਦਾ ਰਸਮੀ ਉਦਘਾਟਨ ਕੀਤਾ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਸਾਂਝੀਵਾਲਤਾ ਦੇ ਪ੍ਰਤੀਕ ਸਨ। ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਧਰਮਾਂ ਰੰਗਾਂ, ਨਸਲਾਂ ਤੋਂ ਉੱਪਰ ਉੱਠ ਕੇ ਲੜੀ ਸੀ। ਅੱਜ ਦੇਸ਼ ਦੇ ਹਾਕਮ ਲੋਕਾਂ ਵਿੱਚ ਧਰਮਾਂ ਦੇ ਨਾਮ ਤੇ ਵੰਡੀਆਂ ਪਾ ਰਹੇ ਹਨ। ਇਸ ਮੌਕੇ ’ਤੇ ਸਾਰੇ ਦਰਸ਼ਕਾਂ ਨੇ ਬੈਨਰ, ਪੋਸਟਰ ਅਤੇ ਮੋਮਬੱਤੀਆਂ ਜਗਾ ਕੇ ਜੰਤਰ-ਮੰਤਰ ਤੇ ਚੱਲ ਰਹੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਨੀਟ ਦਾ ਪੇਪਰ ਲੀਕ ਮਾਮਲੇ ਵਿੱਚ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਇਸ ਉਪਰੰਤ ਰੰਗਮੰਚ ਰੰਗਨਗਰੀ (ਰਜਿ:) ਵੱਲੋਂ ਲੇਖਕ ਨਿਰਦੇਸ਼ਕ ਸ੍ਰੀ ਤਰਲੋਚਨ ਸਿੰਘ ਦੀ ਨਿਰਦੇਸ਼ਨਾਂ ਹੇਠ ਨਾਟਕ “ਵਗਦੇ ਪਾਣੀ ਦੀਆਂ ਲਹਿਰਾਂ ਨੂੰ ਮੋੜ” ਪੇਸ਼ ਕੀਤਾ ਗਿਆ। ਨਾਟਕ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਤੇ ਬੋਲਦਿਆਂ ਗੋਪਾਲ ਕਾਉਂਕੇ ਕਿਹਾ ਕਿ ਮੈਂ ਨਾਟਕ ਵੇਖ ਕੇ ਅਵਾਕ ਰਹਿ ਗਿਆ ਹਾਂ। ਨਾਟਕ ਪੂਰਾ ਸਹਿਜ ਸੀ। ਨਾਟਕ ਨੇ ਸਪੱਸ਼ਟ ਸੰਕੇਤ ਕੀਤਾ ਕਿ ਆਪਣੇ ਬਜ਼ੁਰਗਾਂ ਨਾਲ ਸੰਵਾਦ ਬੜਾ ਜ਼ਰੂਰੀ ਹੈ। ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਜ਼ਰੂਰੀ ਹੈ। ਇਹ ਸਭਿਆਚਾਰਕ ਅਤੇ ਨੈਤਿਕਤਾ ਇੱਕ ਸਭਿਅਕ ਸਮਾਜ ਲਈ ਬਹੁਤ ਜ਼ਰੂਰੀ ਹੈ। ਬਜ਼ੁਰਗ ਦੇ ਰੂਪ ਵਿੱਚ ਤਰਲੋਚਨ ਸਿੰਘ ਨੇ ਆਪਣੀ ਦਮਦਾਰ ਅਦਾਕਾਰੀ ਨਾਲ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਉਹਨਾਂ ਨੇ ਆਪਣੇ ਤਜਰਬੇ ਨਾਲ ਅਤੇ ਸਹਿਜ ਅਦਾਕਾਰੀ ਨਾਲ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਕੇ ਰੱਖਿਆ ਸੀ। ਕੁਲ ਮਿਲਾ ਕੇ ਸਮਾਗਮ ਸਫਲ ਰਿਹਾ। ਮੌਕੇ ਤੇ ਪ੍ਰਗਟ ਸਿੰਘ ਲੈਕਚਰਾਰ, ਮਾਸਟਰ ਗੁਰਜੀਤ ਸਿੰਘ, ਕਮਲਜੀਤ ਮੋਹੀ, ਬਲਵਿੰਦਰ ਸਿੰਘ ਲਾਲ ਬਾਗ, ਮਾਸਟਰ ਕੀਰਤਪਾਲ ਸਿੰਘ, ਮਾਸਟਰ ਬਲਦੇਵ ਸਿੰਘ ਕੰਮਿਊਟਰ ਫੈਕਲਟੀ, ਬਾਬਾ ਤੇਜਾ ਸਿੰਘ, ਜਰਨੈਲ ਸਿੰਘ ਮੈਂਬਰ, ਹਰਜੀਤ ਸਿੰਘ ਸਾਬਕਾ ਐਸ.ਡੀ.ਓ. ਹਰਮਿੰਦਰ ਸਿੰਘ ਬੱਲੀ, ਮਾਸਟਰ ਸੁਖਦੇਵ ਸਿੰਘ ਆਦਿ ਹਾਜ਼ਰ ਸਨ। ਸੁਖਵਿੰਦਰ ਸਿੰਘ ਮੁੱਲਾਂਪੁਰ ਨੇ ਲੋਕ ਕਲਾ ਮੰਚ ਨੂੰ ਆਪਣੀਆਂ ਪੰਜ ਕਿਤਾਬਾਂ ਭੇਂਟ ਕੀਤੀਆਂ। ਨਾਟਕ ਟੀਮ ਅਤੇ ਗੋਪਾਲ ਕਾਉਂਕੇ ਜੀ ਦਾ ਲੋਕ ਕਲਾ ਮੰਚ ਵੱਲੋਂ ਸਨਮਾਨ ਕੀਤਾ ਗਿਆ। ਮੰਚ ਦੇ ਵੱਲੋਂ ਉੱਘੇ ਪੱਤਰਕਾਰ ਸ੍ਰੀ ਜਸ਼ ਚੁਟਾਨੀ ਜੀ ਦਾ ਵੀ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਦੀਪਕ ਰਾਏ ਨੇ ਬਾਖ਼ੂਬੀ ਨਿਭਾਈ।

# ਦੁਰਲੱਭ ਅਤੇ ਗੰਭੀਰ ਬਿਮਾਰੀ ਨਾਲ ਜੂਝ ਰਿਹਾ ਗੁਰਮੋਹ




















**ਪਰਮਵੀਰ ਬਾਠ/ਸਰੋਕਾਰਾਂ ਦੀ ਆਵਾਜ਼**

1. ਗੁਰਮੋਹ ਕੌਣ ਹੈ?

ਗੁਰਮੋਹ ਸਿੰਘ ਗਿੱਲ ਸਰੀ, ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦਾ ਤਿੰਨ ਸਾਲ ਦਾ ਬੱਚਾ ਹੈ। ਉਹ ਡਾ. ਸਟਾਲਿਨਜੀਤ ਗਿੱਲ ਅਤੇ ਡਾ. ਨਵਪ੍ਰੀਤ ਗਿੱਲ ਦਾ ਪੁੱਤਰ ਹੈ। ਗੁਰਮੋਹ ਇੱਕ ਆਮ ਬੱਚੇ ਵਾਂਗ ਖੇਡਦਾ, ਹੱਸਦਾ ਅਤੇ ਸੁਪਨੇ ਵੇਖਦਾ ਹੈ। ਉਸ ਨੂੰ ਫਾਇਰ ਟਰੱਕ, ਗੱਡੀਆਂ, ਗੇਂਦਾਂ ਅਤੇ ਬੱਚਿਆਂ ਦੇ ਗੀਤ ਬਹੁਤ ਪਸੰਦ ਹਨ। ਉਹ ਆਪਣੇ ਮਾਪਿਆਂ ਨੂੰ ਘੁੱਟ ਕੇ ਜੱਫੀਆਂ ਪਾਉਂਦਾ ਹੈ ਅਤੇ ਵੱਡਾ ਹੋ ਕੇ ਫਾਇਰਫਾਈਟਰ ਬਣਨਾ ਚਾਹੁੰਦਾ ਹੈ। ਪਰ ਇਸ ਵੇਲੇ ਉਹ ਇੱਕ ਦੁਰਲੱਭ ਅਤੇ ਗੰਭੀਰ ਬਿਮਾਰੀ ਨਾਲ ਜੂਝ ਰਿਹਾ ਹੈ, ਜਿਸ ਕਾਰਨ ਉਸਦੇ ਭਵਿੱਖ ਲਈ ਸਮੇਂ ਨਾਲ ਦੌੜ ਚੱਲ ਰਹੀ ਹੈ।

2. ਗੁਰਮੋਹ ਨੂੰ ਕੀ ਸਿਹਤ ਸਮੱਸਿਆ ਹੈ?

ਗੁਰਮੋਹ ਨੂੰ Spastic Paraplegia Type D (SPGD) -RDIIH ਨਾਮ ਦੀ ਇੱਕ ਗੰਭੀਰ ਨਿਊਰੋਡੀਜਨਰੇਟਿਵ ਬਿਮਾਰੀ ਹੈ। ਇਹ ਬਿਮਾਰੀ ਦਿਮਾਗ ਅਤੇ ਸਰੀਰ ਵਿਚਕਾਰ ਸੰਕੇਤ ਲੈ ਜਾਣ ਵਾਲੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸਮੇਂ ਦੇ ਨਾਲ ਤੁਰਨ, ਦੌੜਨ, ਹੱਥਾਂ ਦੀ ਵਰਤੋਂ ਕਰਨ, ਬੋਲਣ, ਖਾਣ-ਪੀਣ ਅਤੇ ਰੋਜ਼ਾਨਾ ਜੀਵਨ ਦੀਆਂ ਬੁਨਿਆਦੀ ਯੋਗਤਾਵਾਂ ਖਤਮ ਹੋ ਜਾਂਦੀਆਂ ਹਨ। ਇਲਾਜ ਨਾ ਹੋਣ ਦੀ ਸਥਿਤੀ ਵਿੱਚ ਇਹ ਬਿਮਾਰੀ ਹਰ ਪਲ ਲਗਾਤਾਰ ਵਧਦੀ ਰਹਿੰਦੀ ਹੈ।

3. ਕੀ ਇਹ ਬਿਮਾਰੀ ਠੀਕ ਹੋ ਸਕਦੀ ਹੈ? ਇਸਦੀ ਦਵਾਈ ਦੀ ਕੀ ਸਥਿਤੀ ਹੈ?

ਮੌਜੂਦਾ ਸਮੇਂ SPGD ਲਈ ਕੋਈ ਮਨਜ਼ੂਰਸ਼ੁਦਾ ਇਲਾਜ ਉਪਲਬਧ ਨਹੀਂ ਹੈ। ਪਰ ਗੁਰਮੋਹ ਲਈ ਇੱਕ ਵਿਅਕਤੀਗਤ ਜੀਨ ਥੈਰਪੀ ਮੈਕਗਿੱਲ ਯੂਨੀਵਰਸਿਟੀ, ਮੌਂਟਰੀਅਲ ਵਿੱਚ ਵਿਕਸਿਤ ਕੀਤੀ ਜਾ ਰਹੀ ਹੈ, ਜਿਸ ਵਿੱਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਦੇ ਵਿਗਿਆਨੀਆਂ ਦਾ ਵੀ ਸਹਿਯੋਗ ਹੈ। ਇਸ ਥੈਰਪੀ ਦਾ ਉਦੇਸ਼ ਬਿਮਾਰੀ ਦੇ ਮੂਲ ਕਾਰਨ ਨੂੰ ਠੀਕ ਕਰਨਾ ਅਤੇ ਬਿਮਾਰੀ ਨੂੰ ਜੜ ਤੋਂ ਰੋਕਣਾ ਹੈ। ਵਿਗਿਆਨਕ ਤੌਰ 'ਤੇ ਇਹ ਸੰਭਵ ਹੈ, ਪਰ ਇਸਨੂੰ ਅੱਗੇ ਵਧਾਉਣ ਲਈ ਲੋੜੀਂਦੇ ਸਰੋਤਾਂ ਅਤੇ ਫੰਡਿੰਗ ਦੀ ਜ਼ਰੂਰਤ ਹੈ। ਇਹ ਕੋਈ ਕਲਪਨਾ ਜਾਂ ਪ੍ਰਯੋਗ ਨਹੀਂ ਹੈ। ਦੁਨੀਆ ਵਿੱਚ ਪਹਿਲਾਂ ਹੀ ਕਈ ਜੀਨ ਥੈਰਪੀਆਂ ਹਜ਼ਾਰਾਂ ਬੱਚਿਆਂ ਅਤੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾ ਚੁੱਕੀਆਂ ਹਨ। ਸਪਾਈਨਲ ਮਸਕੂਲਰ ਐਟਰੋਫੀ, ਸਿਕਲ ਸੈੱਲ ਰੋਗ, ਬੀਟਾ ਥੈਲੇਸੀਮੀਆ, ਵਿਰਾਸਤੀ ਅੰਨ੍ਹੇਪਣ, ਹੀਮੋਫੀਲੀਆ ਅਤੇ ਹੋਰ ਕਈ ਗੰਭੀਰ ਬਿਮਾਰੀਆਂ ਲਈ ਜੀਨ ਥੈਰਪੀ ਸਫਲਤਾਪੂਰਵਕ ਵਰਤੀ ਜਾ ਰਹੀ ਹੈ। ਵਿਗਿਆਨ ਮੌਜੂਦ ਹੈ। ਤਕਨਾਲੋਜੀ ਮੌਜੂਦ ਹੈ। ਮਾਹਿਰ ਮੌਜੂਦ ਹਨ। ਜੋ ਮੌਜੂਦ ਨਹੀਂ, ਉਹ ਹੈ ਯੋਗ ਫੰਡਿੰਗ ਅਤੇ ਸਪਸ਼ਟ ਸਰਕਾਰੀ ਨੀਤੀਆਂ।

4. ਕੈਨੇਡਾ ਵਿੱਚ ਮੈਡੀਕਲ ਸੇਵਾਵਾਂ ਮੁਫ਼ਤ ਹਨ, ਫਿਰ ਪੈਸਿਆਂ ਦੀ ਲੋੜ ਕਿਉਂ ਹੈ?

ਕੈਨੇਡਾ ਦੀ ਸਿਹਤ ਪ੍ਰਣਾਲੀ ਆਮ ਇਲਾਜਾਂ ਅਤੇ ਹਸਪਤਾਲੀ ਸੇਵਾਵਾਂ ਦਾ ਖਰਚਾ ਕਵਰ ਕਰਦੀ ਹੈ। ਪਰ ਗੁਰਮੋਹ ਵਰਗੀਆਂ ਬਹੁਤ ਦੁਰਲੱਭ ਬਿਮਾਰੀਆਂ ਲਈ ਨਵੀਆਂ ਅਤੇ ਵਿਅਕਤੀਗਤ ਜੀਨ ਥੈਰਪੀਆਂ ਦਾ ਵਿਕਾਸ ਸਰਕਾਰੀ ਸਿਹਤ ਕਵਰੇਜ ਦੇ ਅਧੀਨ ਨਹੀਂ ਆਉਂਦਾ। ਕਿਉਂਕਿ ਮਰੀਜ਼ਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ, ਦਵਾਈ ਕੰਪਨੀਆਂ ਵੀ ਅਕਸਰ ਇਹਨਾਂ ਇਲਾਜਾਂ ਵਿੱਚ ਨਿਵੇਸ਼ ਨਹੀਂ ਕਰਦੀਆਂ। ਇਸ ਲਈ ਖੋਜ, ਵਿਕਾਸ ਅਤੇ ਨਿਯਮਕ ਪ੍ਰਕਿਰਿਆਵਾਂ ਲਈ ਵੱਡੀ ਮਾਤਰਾ ਵਿੱਚ ਫੰਡਿੰਗ ਦੀ ਲੋੜ ਪੈਂਦੀ ਹੈ।

5. ਜੇ ਗੁਰਮੋਹ ਦਾ ਮਿਸ਼ਨ ਸਫਲ ਰਹਿੰਦਾ ਹੈ ਤਾਂ ਹੋਰ ਕਿੰਨੇ ਲੋਕਾਂ ਨੂੰ ਲਾਭ ਹੋ ਸਕਦਾ ਹੈ?

ਦੁਨੀਆ ਭਰ ਵਿੱਚ ਲਗਭਗ 2,07,500 ਲੋਕ SPGD ਨਾਲ ਜੀ ਰਹੇ ਹਨ। ਭਾਰਤ ਵਿੱਚ ਲਗਭਗ 36,900 ਅਤੇ ਅਮਰੀਕਾ ਵਿੱਚ ਲਗਭਗ 8,725 ਲੋਕ ਇਸ ਬਿਮਾਰੀ ਨਾਲ ਪ੍ਰਭਾਵਿਤ ਹੋ ਸਕਦੇ ਹਨ। ਇਸ ਤੋਂ ਇਲਾਵਾ ਸੈਂਕੜੇ ਬੱਚੇ ਅਜਿਹੇ ਹਨ ਜਿਨ੍ਹਾਂ ਨੂੰ ਗੁਰਮੋਹ ਵਰਗੇ ਜੈਨੇਟਿਕ ਬਦਲਾਅ ਕਾਰਨ ਇਸ ਤਰ੍ਹਾਂ ਦੀ ਥੈਰਪੀ ਤੋਂ ਲਾਭ ਹੋ ਸਕਦਾ ਹੈ। ਜੇ ਇਹ ਤਕਨਾਲੋਜੀ ਸਫਲ ਹੁੰਦੀ ਹੈ ਤਾਂ ਇਹ ਸਿਰਫ਼ ਗੁਰਮੋਹ ਲਈ ਨਹੀਂ, ਸਗੋਂ ਹਜ਼ਾਰਾਂ SPGD ਮਰੀਜ਼ਾਂ ਅਤੇ ਹੋਰ ਕਈ ਦੁਰਲੱਭ ਬਿਮਾਰੀਆਂ ਲਈ ਵੀ ਰਾਹ ਖੋਲ੍ਹ ਸਕਦੀ ਹੈ। ਕੈਨੇਡਾ ਵਿੱਚ ਹੀ ਲਗਭਗ 32 ਲੱਖ ਲੋਕ ਦੁਰਲੱਭ ਬਿਮਾਰੀਆਂ ਨਾਲ ਜੀ ਰਹੇ ਹਨ। ਦੁਨੀਆ ਭਰ ਵਿੱਚ ਇਹ ਗਿਣਤੀ ਕਰੋੜਾਂ ਵਿੱਚ ਹੈ। ਇਸ ਲਈ ਇਹ ਸੰਘਰਸ਼ ਸਿਰਫ਼ ਇੱਕ ਬੱਚੇ ਦਾ ਨਹੀਂ, ਸਗੋਂ ਲੱਖਾਂ ਪਰਿਵਾਰਾਂ ਦੀ ਉਮੀਦ ਨਾਲ ਜੁੜਿਆ ਹੋਇਆ ਹੈ।

6. ਗੁਰਮੋਹ ਦੀ ਮਦਦ ਕਿਵੇਂ ਕੀਤੀ ਜਾ ਸਕਦੀ ਹੈ?

ਗੁਰਮੋਹ ਦੀ ਮਦਦ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ। ਲੋਕ ਉਸ ਦੀ ਕਹਾਣੀ ਨੂੰ ਹੋਰਾਂ ਤੱਕ ਪਹੁੰਚਾ ਕੇ ਜਾਗਰੂਕਤਾ ਫੈਲਾ ਸਕਦੇ ਹਨ, ਸਮਾਜਿਕ ਮਾਧਿਅਮਾਂ 'ਤੇ ਮੁਹਿੰਮ ਨਾਲ ਜੁੜ ਸਕਦੇ ਹਨ, ਆਪਣੇ ਚੁਣੇ ਹੋਏ ਨੁਮਾਇੰਦਿਆਂ ਨੂੰ ਦੁਰਲੱਭ ਬਿਮਾਰੀਆਂ ਲਈ ਬਿਹਤਰ ਨੀਤੀਆਂ ਬਣਾਉਣ ਦੀ ਅਪੀਲ ਕਰ ਸਕਦੇ ਹਨ ਅਤੇ GoFundMe ਰਾਹੀਂ ਆਰਥਿਕ ਸਹਿਯੋਗ ਵੀ ਦੇ ਸਕਦੇ ਹਨ। ਹਰ ਸਾਂਝੀ ਕੀਤੀ ਪੋਸਟ, ਹਰ ਅਵਾਜ਼ ਅਤੇ ਹਰ ਯੋਗਦਾਨ ਗੁਰਮੋਹ ਅਤੇ ਹੋਰ ਦੁਰਲੱਭ ਬਿਮਾਰੀਆਂ ਨਾਲ ਜੂਝ ਰਹੇ ਬੱਚਿਆਂ ਲਈ ਉਮੀਦ ਬਣ ਸਕਦਾ ਹੈ।

# 'ਐਸ ਆਈ ਆਰ, ਲੋਕਾਂ ਦੀ ਨਾਗਰਿਕਤਾ ਉੱਪਰ ਸਰਕਾਰੀ ਹਮਲਾ' ਵਿਸ਼ੇ 'ਤੇ ਕਰਵਾਏ ਸੈਮੀਨਾਰ ਰਾਹੀਂ ਸਰਕਾਰ ਦੀ ਨਾਲਾਇਕੀ ਆਈ ਸਾਹਮਣੇ








ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਵੱਲੋਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ 'ਐਸ ਆਈ ਆਰ, ਲੋਕਾਂ ਦੀ ਨਾਗਰਿਕਤਾ ਉੱਪਰ ਹਮਲਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਦੇ ਮੁੱਖ ਬੁਲਾਰਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਸਵਰਨਜੀਤ ਸਿੰਘ ਨੇ ਐਸਆਈਆਰ ਪਿੱਛੇ ਛੁਪੀ ਕੇਂਦਰ ਸਰਕਾਰ ਦੀ ਲੋਕ ਵਿਰੋਧੀ ਮਾਨਸਿਕਤਾ ਜ਼ਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਗਿਆਨ ਦੇਣ ਤੋਂ ਦੂਰ ਰੱਖਕੇ ਅਜਿਹੇ ਕੰਮਾਂ ਵਿੱਚ ਉਲਝਾਕੇ ਰੱਖਣਾ ਚਾਹੁੰਦੀ ਹੈ, ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਮਾਨਸਿਕ ਗੁਲਾਮ ਬਣਾ ਕੇ ਰੱਖਿਆ ਜਾ ਸਕੇ। ਉਨ੍ਹਾਂ ਨੂੰ ਸਰਕਾਰੀ ਨੀਤੀਆਂ ਰਾਹੀਂ ਸਾਧਨ ਵਿਹੂਣੇ ਕਰ ਕੇ ਗ਼ੁਲਾਮੀ ਦੇ ਰਸਤੇ ਵੱਲ ਤੋਰਨ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਬਜਾਏ ਇਕ ਸਪਸ਼ਟ ਆਦੇਸ਼ ਦੇ ਕਿ ਨਾਗਰਿਕਤਾ ਦਾ ਮੂਲ ਮਨੁੱਖੀ ਅਧਿਕਾਰ ਦਾ ਅਧਾਰ ਕੀ ਹੋਵੇ, ਇਹ ਨਾਂਹ ਪੱਖੀ ਐਲਾਨ ਕਰ ਦਿੱਤਾ ਕਿ ਪਾਸਪੋਰਟ ਨਾਗਰਿਕਤਾ ਦਾ ਪ੍ਰਮਾਣ ਨਹੀਂ ਹੈ। ਪੰਜਾਬ ਵਿੱਚ ਐਸਆਈਆਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਬਿਆਨ ਦੇ ਕੇ ਲੋਕਾਂ ਵਿਚ ਹਫੜਾ ਤਫਰੀ ਪੈਦਾ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਕਈ ਸੂਬਿਆਂ ਵਿੱਚ ਐਸਆਈਆਰ ਰਾਹੀਂ ਵੱਡੀ ਪੱਧਰ 'ਤੇ ਲੋਕਾਂ ਦੀਆਂ ਵੋਟਾਂ ਧਰਮ ਨੂੰ ਮੁੱਖ ਰੱਖਕੇ ਕੱਟ ਦਿੱਤੀਆਂ ਗਈਆਂ। ਉਨ੍ਹਾਂ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਬੰਗਾਲ, ਬਿਹਾਰ, ਯੂਪੀ ਵਿੱਚ ਵੱਡੀ ਪੱਧਰ 'ਤੇ ਧਰਮ ਦੇ ਅਧਾਰ ਅਤੇ ਵਿਰੋਧ ਵਿੱਚ ਭੁਗਤਣ ਵਾਲੀਆਂ ਵੋਟਾਂ ਕੱਟ ਦਿੱਤੀਆਂ ਗਈਆਂ। ਬੰਗਾਲ ਵਿੱਚ 27 ਲੱਖ ਵੋਟਰਾਂ ਦੇ ਨਾਮ ਵਿੱਚ ਮਾਮੂਲੀ ਫਰਕ ਹੋਣ ਕਾਰਣ ਉਨ੍ਹਾਂ ਨੂੰ ਉਨ੍ਹਾਂ ਦੇ ਜਮਹੂਰੀ ਹੱਕ ਤੋਂ ਵਾਂਝਾ ਕਰ ਦਿੱਤਾ ਗਿਆ। ਉਹਨਾਂ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਨੂੰ ਵੀ ਇਸ ਵਿੱਚ ਸਰਕਾਰ ਨਾਲ ਮਿਲੀਭੁਗਤ ਕਰਾਰ ਦਿੱਤਾ। ਸੁਪਰੀਮ ਕੋਰਟ ਵੱਲੋਂ ਵੀ ਲੋਕਾਂ ਨੂੰ ਇਨਸਾਫ਼ ਦੇਣ ਦੀ ਬਜਾਏ ਇਹ ਕਹਿਕੇ ਪੱਲਾ ਝਾੜ ਦਿੱਤਾ ਕਿ ਕੋਈ ਗੱਲ ਨਹੀਂ, ਹੁਣ ਤੁਸੀਂ ਅਗਲੀ ਵਾਰ ਵੋਟ ਪਾ ਲੈਣਾ, ਉਸ ਤੋਂ ਪਹਿਲਾਂ ਫੈਸਲਾ ਹੋ ਜਾਵੇਗਾ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਇਸ ਹੋ ਰਹੀ ਐਸਆਈਆਰ ਮੌਕੇ ਚੌਕਸੀ ਰੱਖਣ ਦੀ ਅਪੀਲ ਕੀਤੀ। ਕਿਉਂਕਿ ਜਿਥੇ ਪਹਿਲਾਂ ਐਸਆਈਆਰ ਹੋਈ ਹੈ ਉਥੇ ਵੋਟਰ ਹੋਣ ਨੂੰ ਨਾਗਰਿਕਤਾ ਦਾ ਪ੍ਰਮਾਣ ਮੰਨਿਆ ਗਿਆ ਹੈ। ਇਸ ਮੌਕੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਚੀਫ ਜਸਟਿਸ ਅਤੇ ਪੂਰੀ ਸੰਸਦ ਲਈ ਇਹ ਸਵਾਲ ਉਠਾਇਆ ਗਿਆ ਕਿ ਪਹਿਲਾਂ ਉਹ ਦੱਸਣ ਕਿ ਉਹਨਾਂ ਕੋਲ ਪਹਿਲੇ ਦਰਜੇ ਦੇ ਨਾਗਰਿਕ ਹੋਣ ਦੇ ਕਿਹੜੇ ਦਸਤਾਵੇਜ਼ ਹਨ, ਤਾਂ ਕਿ ਲੋਕ ਉਹਨਾਂ ਦੀ ਮਿਸਾਲ ਰਾਹੀਂ ਸਮਝ ਸਕਣ।

ਸਟੇਜ ਸੰਚਾਲਨ ਜਸਵੰਤ ਜ਼ੀਰਖ ਨੇ ਨਿਭਾਇਆ। ਇਸ ਮੌਕੇ ਸਵਾਲ ਜਵਾਬ ਦੇ ਸੈਸ਼ਨ ਦੌਰਾਨ ਕਈ ਸਵਾਲ ਉੱਭਰੇ, ਜਿਨ੍ਹਾਂ ਵਿੱਚ 1955 ਵਿੱਚ ਇਸ ਸਬੰਧੀ ਬਣੇ ਐਕਟ ਅਨੁਸਾਰ ਮਨੁੱਖੀ ਅਧਿਕਾਰਾਂ ਨੂੰ ਆਧਾਰ ਬਣਾਉਣ ਦੀ ਗੱਲ ਸਾਹਮਣੇ ਆਈ, ਜਿਸ ਨੂੰ ਹੁਣ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਐਕਟ ਅਨੁਸਾਰ ਹੁਣ ਤੱਕ ਸਰਕਾਰ ਨੇ ਆਪਣੀ ਬਣਦੀ ਜ਼ੁੰਮੇਵਾਰੀ ਕਿਉਂ ਨਹੀਂ ਨਿਭਾਈ? ਸਵਾਲਾਂ ਵਿੱਚ ਇਸ ਸਵਾਲ ਦੀ ਸਰੋਤਿਆਂ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪਹਿਲੇ ਦਰਜੇ ਦੇ ਨਾਗਰਿਕ ਕਹਾਉਣ ਵਾਲੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਪੂਰੀ ਪਾਰਲੀਮੈਂਟ ਨੂੰ ਇਹ ਦੱਸਣਾ ਬਣਦਾ ਹੈ ਕਿ ਉਨ੍ਹਾਂ ਦੀ ਨਾਗਰਿਕਤਾ ਨੂੰ ਦਰਸਾਉਂਦਾ ਅਜਿਹਾ ਕਿਹੜਾ ਦਸਤਾਵੇਜ਼ ਹੈ? ਮਨੁੱਖੀ ਅਧਿਕਾਰਾਂ ਨੂੰ ਲਿਤਾੜਨ ਦੇ ਹੋਰ ਵੀ ਅਨੇਕਾਂ ਸਵਾਲ ਹਨ ਜਿਨ੍ਹਾਂ ਲਈ ਸਰਕਾਰ ਦੀ ਜਵਾਬਦੇਹੀ ਬਣਦੀ ਹੈ। ਲੋਕਾਂ ਨੂੰ ਇਨ੍ਹਾਂ ਅਧਿਕਾਰਾਂ ਬਾਰੇ ਜਾਗਰੂਕ ਕਰਨ ਦੀ ਇਸ ਦੌਰਾਨ ਵੱਡੀ ਲੋੜ ਮਹਿਸੂਸ ਕੀਤੀ ਗਈ, ਜਿਸ ਪ੍ਰਤੀ ਹਰ ਇੱਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ 'ਤੇ ਜ਼ੋਰ ਦਿੱਤਾ। ਸਵਾਲਾਂ ਦੇ ਦੌਰ ਵਿੱਚ ਡਾ ਵੀ ਕੇ ਵਸ਼ਿਸ਼ਟ, ਯਸ਼ਪਾਲ ਸ਼ਰਮਾ, ਕਸਤੂਰੀ ਲਾਲ, ਕਾ. ਸੁਰਿੰਦਰ, ਐਡਵੋਕੇਟ ਹਰਪ੍ਰੀਤ ਜ਼ੀਰਖ, ਸਤੀਸ਼ ਸੱਚਦੇਵਾ, ਰਾਜੂ ਅਤੇ ਗੱਲਰ ਚੌਹਾਨ ਨੇ ਭਾਗ ਲਿਆ।

# ਕੰਮ ਦੀਆਂ ਥਾਵਾਂ 'ਤੇ ਸੁਰੱਖਿਆ ਪ੍ਰਬੰਧਾਂ ਦੀ ਅਣਹੋਂਦ ਕਰਕੇ ਮੁਨਾਫੇ ਦੀ ਬਲੀ ਚੜ੍ਹਦੇ ਮਜ਼ਦੂਰ

**ਪੁਸ਼ਪਿੰਦਰ**

'ਸਰਮਾਏਦਾਰਾ ਪ੍ਰਬੰਧ' ਇਹ ਸ਼ਬਦ ਅਕਾਦਮਿਕ ਗਿਆਨ ਰੱਖਣ ਵਾਲ਼ੇ ਲੋਕਾਂ ਨੂੰ ਬੜਾ ਸਹਿਜ ਜਿਹਾ ਲੱਗਦਾ ਹੈ, ਪਰ ਘੱਟ ਪੜ੍ਹੇ-ਲਿਖੇ ਮਜਦੂਰਾਂ ਲਈ ਇਸ ਦੇ ਅਰਥ ਬਿਲਕੁਲ ਵੱਖਰੇ ਹਨ। ਉਹਨਾਂ ਲਈ ਸਰਮਾਏਦਾਰਾ ਪ੍ਰਬੰਧ ਮਜਦੂਰਾਂ ਦੇ ਲਹੂ ਦੀ ਆਖ਼ਰੀ ਰੱਤ ਤੱਕ ਨਿਚੋੜ ਕੇ ਉਸ ਨੂੰ ਮੁਨਾਫ਼ੇ ਵਿੱਚ ਵਟਾਉਣ ਵਾਲ਼ਾ ਢਾਂਚਾ ਹੈ। ਬੇਸ਼ੱਕ ਇਸ ਦੀ ਪਰਿਭਾਸ਼ਾ ਨੂੰ ਸਰਮਾਏਦਾਰਾ ਬੁੱਧੀਜੀਵੀ ਜਿੰਨਾ ਮਰਜੀ ਲਿਸ਼ਕਾ-ਪੁਸ਼ਕਾ ਕੇ ਪੇਸ਼ ਕਰਦੇ ਰਹਿਣ, ਇਹ ਪ੍ਰਬੰਧ ਓਨਾਂ ਹੀ ਖ਼ੂੰਖਾਰ ਤੇ ਮਨੁੱਖ-ਦੋਖੀ ਹੈ, ਜਿਸ ਦੀ ਅਣਗਿਣਤ ਮਜਦੂਰਾਂ ਦੀਆਂ ਜਿੰਦਗੀਆਂ ਨਿਗਲ ਕੇ ਵੀ ਆਪਣੀ ਮੁਨਾਫੇ ਦੀ ਹਵਸ ਪੂਰੀ ਨਹੀਂ ਹੁੰਦੀ। ਮੁਨਾਫੇ ਦੀ ਭੁੱਖ ਇਸ ਤਰ੍ਹਾਂ ਹੈ ਕਿ ਸਰਮਾਏਦਾਰਾਂ ਨੂੰ ਮਜਦੂਰ ਦੀ ਜ਼ਿੰਦਗੀ ਮਹਿਜ ਮਸ਼ੀਨ ਦੇ ਇੱਕ ਪੁਰਜੇ ਤੋਂ ਵੱਧ ਨਹੀਂ ਲੱਗਦੀ। ਨਿੱਤ-ਦਿਨ ਹੀ ਕੰਪਨੀਆਂ, ਕਾਰਖਾਨਿਆਂ ਜਾਂ ਹੋਰ ਕੰਮ ਦੀਆਂ ਥਾਵਾਂ 'ਤੇ ਦਰਦਨਾਕ ਹਾਦਸੇ ਹੁੰਦੇ ਹਨ, ਮੌਤਾਂ ਹੁੰਦੀਆਂ ਹਨ ਅਤੇ ਮਜਦੂਰ ਜਖਮੀ ਹੁੰਦੇ ਹਨ। ਭਾਰਤ ਵਰਗੇ ਪਛੜੇ ਸਰਮਾਏਦਾਰਾ ਮੁਲਕਾਂ ਵਿੱਚ, ਜਿੱਥੇ ਸਨਅਤਾਂ ਵਿੱਚ ਮਜਦੂਰ ਨਰਕ ਵਰਗੀ ਜਿੰਦਗੀ ਭੋਗ ਰਹੇ ਹਨ, ਉੱਥੇ ਹਾਦਸੇ ਆਮ ਗੱਲ ਹਨ। ਇਨ੍ਹਾਂ ਹਾਦਸਿਆਂ ਵਿੱਚ ਮਜਦੂਰਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ। ਸਾਲ 2017 ਤੋਂ 2025 ਤੱਕ ਦੇ ਸਰਕਾਰੀ ਅੰਕੜਿਆਂ ਮੁਤਾਬਕ ਹਰ ਰੋਜ ਕੰਮ ਦੀਆਂ ਥਾਵਾਂ 'ਤੇ ਔਸਤ ਤਿੰਨ ਮੌਤਾਂ ਹੁੰਦੀਆਂ ਹਨ ਅਤੇ 11 ਮਜਦੂਰ ਜਖਮੀ ਹੁੰਦੇ ਹਨ। 'ਕੌਮੀ ਅਪਰਾਧ ਰਿਕਾਰਡ ਬਿਊਰੋ' ਦੇ ਅੰਕੜਿਆਂ ਮੁਤਾਬਕ ਹਰ ਸਾਲ ਮਜਦੂਰਾਂ ਵਿੱਚ ਲੱਗਭੱਗ 48 ਹਜਾਰ ਮੌਤਾਂ ਹੁੰਦੀਆਂ ਹਨ। ਇਹ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ। ਪਿਛਲੇ ਮਹੀਨਿਆਂ ਵਿੱਚ ਅਡਾਨੀ ਪਾਵਰ ਪਲਾਂਟ, ਸਿੰਗਰੌਲੀ ਅਤੇ ਇੰਡੀਅਨ ਆਇਲ ਪਾਣੀਪਤ ਰਿਫਾਇਨਰੀ ਵਿੱਚ ਵੀ ਕੰਮ ਕਰਦਿਆਂ ਮਜਦੂਰਾਂ ਨਾਲ਼ ਹਾਦਸੇ ਵਾਪਰੇ। ਹਾਦਸਿਆਂ ਦੌਰਾਨ ਮਜਦੂਰਾਂ ਦੀ ਮੌਤ ਹੋਣ ਤੋਂ ਬਾਅਦ ਪ੍ਰਬੰਧਕਾਂ ਵੱਲੋਂ ਲਾਪਰਵਾਹੀ ਵਰਤੇ ਜਾਣ ਖਿਲਾਫ ਅਡਾਨੀ ਪਾਵਰ ਪਲਾਂਟ, ਸਿੰਗਰੌਲੀ ਅਤੇ ਪਾਣੀਪਤ ਰਿਫਾਇਨਰੀ ਦੇ ਮਜਦੂਰਾਂ ਨੇ ਕੰਮ ਦੇ ਘੰਟੇ ਸੀਮਤ ਕਰਵਾਉਣ, ਤਨਖਾਹਾਂ ਵਧਾਉਣ, ਸੁਰੱਖਿਆ ਦੇ ਇੰਤਜਾਮ ਮਜਬੂਤ ਕਰਨ ਅਤੇ ਹਾਦਸਿਆਂ ਦੇ ਸ਼ਿਕਾਰ ਹੋਏ ਮਜਦੂਰਾਂ ਲਈ ਮੁਆਵਜਾ ਲੈਣ ਲਈ ਸੰਘਰਸ਼ ਵੀ ਕੀਤਾ। ਇਸ ਤੋਂ ਬਿਨਾਂ ਪਿਛਲੇ ਦੋ-ਤਿੰਨ ਮਹੀਨਿਆਂ ਅੰਦਰ ਹੀ ਦੇਸ਼ ਵਿੱਚ ਦਰਜਨਾਂ ਮਜਦੂਰਾਂ ਨਾਲ਼ ਹਾਦਸੇ ਹੋਏ। 'ਕੌਮੀ ਲੋਹਾ ਇਸਪਾਤ ਕਾਰਪੋਰੇਸ਼ਨ ਲਿਮਟਿਡ' ਵਿੱਚ ਗਰਮ ਲੋਹਾ ਡਿੱਗਣ ਕਾਰਨ ਅੱਠ ਮੌਤਾਂ ਹੋਈਆਂ। ਉੱਤਰ ਪ੍ਰਦੇਸ਼ ਵਿੱਚ ਉਸਾਰੀ ਅਧੀਨ ਇੱਕ ਪੁਲ ਡਿੱਗਣ ਨਾਲ਼ ਛੇ ਮਜਦੂਰਾਂ ਦੀ ਮੌਤ ਹੋਈ। ਕੇਰਲ ਦੀ ਇੱਕ ਪਟਾਕਿਆਂ ਦੀ ਫੈਕਟਰੀ ਵਿੱਚ ਹਾਦਸਾ ਹੋਇਆ, ਜਿਸ ਵਿੱਚ 13 ਮਜਦੂਰਾਂ ਦੀ ਮੌਤ ਹੋ ਗਈ। ਵੇਦਾਂਤਾ ਦੇ ਇੱਕ ਰਸਾਇਣਕ ਪਲਾਂਟ ਵਿੱਚ ਹਾਦਸੇ ਕਾਰਨ 21 ਮਜਦੂਰਾਂ ਦੀ ਮੌਤ ਹੋਈ। ਕੁਝ ਦਿਨ ਪਹਿਲਾਂ ਲੁਧਿਆਣਾ ਦੀ ਇੱਕ ਫੈਕਟਰੀ ਵਿੱਚ ਗੈਸ ਲੀਕ ਹੋਣ ਕਾਰਨ ਤਿੰਨ ਮੌਤਾਂ ਹੋਈਆਂ। ਸਰਮਾਏਦਾਰਾਂ ਲਈ ਇਹ ਮੌਤਾਂ ਕੁਝ ਨਹੀਂ, ਸਰਕਾਰ ਤੇ ਮੀਡੀਆ ਲਈ ਇਹ ਸਿਰਫ ਅੰਕੜਾ ਹਨ, ਜਦਕਿ ਇਸ ਪਿੱਛੇ ਮਜਦੂਰਾਂ ਦਾ ਪੂਰਾ ਪਰਿਵਾਰ ਉੱਜੜਦਾ ਹੈ। ਜਥੇਬੰਦਕ ਖੇਤਰ ਵਿੱਚ ਮਜਦੂਰਾਂ ਨਾਲ਼ ਹਾਦਸੇ ਅਤੇ ਸੁਰੱਖਿਆ ਪ੍ਰਬੰਧ ਸਰਕਾਰੀ ਰਿਪੋਰਟ ਮੁਤਾਬਕ ਸਰਕਾਰ ਕੋਲ਼ ਦਰਜ ਫੈਕਟਰੀਆਂ ਵਿੱਚ ਸਾਲ 2020 ਦੌਰਾਨ ਹੋਏ ਹਾਦਸਿਆਂ ਵਿੱਚ ਲੱਗਭੱਗ 1,015 ਮਜਦੂਰਾਂ ਦੀਆਂ ਜਾਨਾਂ ਗਈਆਂ ਅਤੇ 5,000 ਤੋਂ ਵੱਧ ਮਜਦੂਰ ਜਖਮੀ ਹੋਏ। ਇਸ ਤੋਂ ਬਾਅਦ ਸਰਕਾਰ ਨੇ ਫੈਕਟਰੀਆਂ ਅੰਦਰ ਹੋ ਰਹੇ ਹਾਦਸਿਆਂ ਬਾਰੇ ਸਰਕਾਰੀ ਰਿਪੋਰਟ ਜਨਤਕ ਕਰਨੀ ਹੀ ਬੰਦ ਕਰ ਦਿੱਤੀ। ਪਰ ਇੱਕ ਨਿੱਜੀ ਸੰਸਥਾ ਦੇ ਖੋਜ-ਪੱਤਰ ਤੋਂ ਪ੍ਰਾਪਤ ਹੋਏ ਅੰਕੜੇ, ਜੋ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਕੀਤੀ ਗਈ ਖੋਜ ਉੱਤੇ ਅਧਾਰਿਤ ਹਨ, ਕਾਫੀ ਹੈਰਾਨ ਕਰਨ ਵਾਲ਼ੇ ਹਨ। ਇਹ ਸੰਸਥਾ ਮੁੱਖ ਤੌਰ 'ਤੇ ਦੇਸ਼ ਦੀਆਂ ਸਭ ਤੋਂ ਵੱਡੀਆਂ ਆਟੋਮੋਬਾਈਲ ਸਨਅਤਾਂ, ਜਿਵੇਂ ਕਿ ਮਾਰੂਤੀ, ਸੁਜ਼ੂਕੀ, ਹੀਰੋ, ਟਾਟਾ ਮੋਟਰਜ, ਮਹਿੰਦਰਾ, ਬਜਾਜ ਅਤੇ ਟੀਵੀਐਸ ਆਦਿ ਵਿੱਚ ਕੰਮ ਕਰ ਰਹੇ ਮਜ਼ਦੂਰਾਂ 'ਤੇ ਖੋਜ ਕਰਦੀ ਹੈ। ਇੱਥੇ ਜ਼ਿਆਦਾਤਰ ਹਾਦਸੇ ਪਾਵਰ ਪ੍ਰੈੱਸ ਮਸ਼ੀਨਾਂ ਦੇ ਹੇਠਾਂ ਹੱਥ ਆ ਜਾਣ ਕਾਰਨ ਹੁੰਦੇ ਹਨ। ਮਜਦੂਰਾਂ ਦੀਆਂ ਉਂਗਲਾਂ ਕੱਟੀਆਂ ਜਾਂਦੀਆਂ ਹਨ ਅਤੇ ਕਈ ਵਾਰ ਪੂਰਾ ਹੱਥ ਵੀ ਨੁਕਸਾਨਿਆ ਜਾਂਦਾ ਹੈ। ਸੰਸਥਾ ਵੱਲੋਂ ਜਾਰੀ ਖੋਜ-ਪੱਤਰ ਮੁਤਾਬਕ 2024 ਤੋਂ ਹੁਣ ਤੱਕ ਦਰਜ ਹੋਏ ਕੇਸਾਂ ਵਿੱਚ 7,000 ਤੋਂ ਵੱਧ ਮਜਦੂਰ ਇਨ੍ਹਾਂ ਫੈਕਟਰੀਆਂ ਵਿੱਚ ਕੰਮ ਕਰਦਿਆਂ ਹਾਦਸਿਆਂ ਦਾ ਸ਼ਿਕਾਰ ਹੋਏ ਹਨ। ਹਾਦਸਿਆਂ ਦਾ ਸ਼ਿਕਾਰ ਹੋਏ ਮਜਦੂਰਾਂ ਵਿੱਚੋਂ ਹਰਿਆਣਾ ਵਿੱਚ 86 ਫੀਸਦੀ ਅਤੇ ਮਹਾਰਾਸ਼ਟਰ ਵਿੱਚ ਲੱਗਭੱਗ 65 ਫੀਸਦੀ ਮਜਦੂਰ ਪ੍ਰਵਾਸੀ ਹਨ। ਹਾਦਸਿਆਂ ਦਾ ਸ਼ਿਕਾਰ ਹੋਏ ਮਜਦੂਰਾਂ ਵਿੱਚੋਂ 48 ਫੀਸਦੀ ਦੀ ਉਮਰ 30 ਸਾਲ ਤੋਂ ਘੱਟ ਹੈ। ਅਕਸਰ ਹੀ ਜਿਨ੍ਹਾਂ ਮਜਦੂਰਾਂ ਦੀਆਂ ਉਂਗਲਾਂ, ਹੱਥ ਜਾਂ ਸਰੀਰ ਦਾ




ਕੋਈ ਹੋਰ ਅੰਗ ਨੁਕਸਾਨਿਆ ਜਾਂਦਾ ਹੈ, ਉਹਨਾਂ ਨੂੰ ਫੈਕਟਰੀਆਂ ਵਿੱਚੋਂ ਕੱਢ ਦਿੱਤਾ ਜਾਂਦਾ ਹੈ। 30 ਸਾਲ ਦੀ ਉਮਰ ਵਿੱਚ ਹੀ ਅਜਿਹੇ ਮਜਦੂਰ ਕਿਸੇ ਹੋਰ ਕੰਮ ਕਰਨ ਦੇ ਯੋਗ ਨਹੀਂ ਰਹਿੰਦੇ। ਇਹ ਸਿਰਫ਼ ਆਟੋਮੋਬਾਈਲ ਸਨਅਤ ਦਾ ਅੰਕੜਾ ਹੈ, ਜੇ ਇਸ ਵਿੱਚ ਹੋਰ ਸਨਅਤਾਂ ਨੂੰ ਜੋੜ ਲਿਆ ਜਾਵੇ ਤਾਂ ਇਸ ਦੀ ਤਸਵੀਰ ਹੋਰ ਵੀ ਭਿਆਨਕ ਬਣ ਜਾਵੇਗੀ। ਮਜਦੂਰਾਂ ਨੇ ਦੱਸਿਆ ਕਿ ਇਨ੍ਹਾਂ ਆਟੋਮੋਬਾਈਲ ਸਨਅਤਾਂ ਵਿੱਚ ਕੰਮ ਕਰ ਰਹੇ ਲੱਗਭੱਗ 52 ਫੀਸਦੀ ਮਜਦੂਰਾਂ ਨੂੰ ਮਸ਼ੀਨ ਦੀ ਖਰਾਬੀ ਬਾਰੇ ਪਹਿਲਾਂ ਹੀ ਪਤਾ ਸੀ ਅਤੇ ਲੱਗਭੱਗ 84 ਫੀਸਦੀ ਮਜਦੂਰਾਂ ਨੇ ਸੁਪਰਵਾਈਜਰ/ਨਿਗਰਾਨ ਨੂੰ ਮਸ਼ੀਨ ਵਿੱਚ ਆ ਰਹੀ ਖਰਾਬੀ ਦੀ ਰਿਪੋਰਟ ਵੀ ਕੀਤੀ ਸੀ। ਪਰ ਕੰਪਨੀਆਂ ਵੱਲੋਂ ਇਨ੍ਹਾਂ ਸਾਰੀਆਂ ਨੂੰ ਨਜਰਅੰਦਾਜ਼ ਕਰਦਿਆਂ ਕੰਮ ਜਾਰੀ ਰੱਖਿਆ ਗਿਆ।

ਇਨ੍ਹਾਂ ਸਨਅਤਾਂ ਵਿੱਚ ਕੰਮ ਕਰ ਰਹੇ ਮਜਦੂਰਾਂ ਦਾ ਕਹਿਣਾ ਹੈ ਕਿ ਉਹਨਾਂ ਤੋਂ 10-12 ਘੰਟੇ ਕੰਮ ਲਿਆ ਜਾਂਦਾ ਹੈ। ਕਈ ਵਾਰ ਬਹੁਤ ਜਿਆਦਾ ਥਕਾਵਟ ਹੋਣ ਕਰਕੇ ਵੀ ਹੱਥ ਮਸ਼ੀਨ ਹੇਠਾਂ ਆ ਜਾਂਦਾ ਹੈ। ਰਿਪੋਰਟ ਮੁਤਾਬਕ 72 ਫੀਸਦੀ ਮਜਦੂਰਾਂ ਨੇ ਕਿਹਾ ਕਿ ਉਹਨਾਂ ਨੇ ਇੱਕ ਹਫਤੇ ਵਿੱਚ 60 ਘੰਟਿਆਂ ਤੋਂ ਵੱਧ ਕੰਮ ਕੀਤਾ, ਜਦਕਿ 24 ਫੀਸਦੀ ਨੇ ਦੱਸਿਆ ਕਿ ਉਹਨਾਂ ਨੇ ਹਫਤੇ ਵਿੱਚ 48 ਤੋਂ 60 ਘੰਟੇ ਕੰਮ ਕੀਤਾ। 2019 ਤੋਂ ਪਹਿਲਾਂ ਸਨਅਤੀ ਵਿਵਾਦ ਕਨੂੰਨ, 1947 ਮੁਤਾਬਕ ਕਿਸੇ ਵੀ ਮਜਦੂਰ ਤੋਂ ਜਬਰਦਸਤੀ ਅੱਠ ਘੰਟਿਆਂ ਤੋਂ ਵੱਧ ਕੰਮ ਨਹੀਂ ਕਰਵਾਇਆ ਜਾ ਸਕਦਾ ਸੀ। ਅੱਠ ਘੰਟਿਆਂ ਤੋਂ ਬਾਅਦ ਕੀਤਾ ਗਿਆ ਕੰਮ ਓਵਰਟਾਈਮ ਮੰਨਿਆ ਜਾਂਦਾ ਸੀ। ਪਰ ਅੱਜ-ਕੱਲ੍ਹ ਫਿਰ ਵੀ ਮਜਦੂਰਾਂ ਤੋਂ ਜਬਰਨ ਧੱਕੇ ਨਾਲ਼ ਓਵਰਟਾਈਮ ਕਰਵਾਇਆ ਜਾਂਦਾ ਹੈ ਅਤੇ ਓਵਰਟਾਈਮ ਦਾ ਦੁੱਗਣਾ ਭੁਗਤਾਨ ਵੀ ਨਹੀਂ ਕੀਤਾ ਜਾਂਦਾ। ਇਨ੍ਹਾਂ ਸਨਅਤਾਂ ਵਿੱਚ ਹੋਏ ਕੁੱਲ ਹਾਦਸਿਆਂ ਵਿੱਚੋਂ 72 ਫੀਸਦੀ ਹਾਦਸੇ ਪਾਵਰ ਪ੍ਰੈੱਸ ਮਸ਼ੀਨਾਂ ਜਾਂ ਧਾਤ ਨੂੰ ਕੱਟਣ ਅਤੇ ਆਕਾਰ ਦੇਣ ਵਾਲ਼ੀਆਂ ਮਸ਼ੀਨਾਂ ਵਿੱਚ ਹੱਥ ਆ ਜਾਣ ਕਾਰਨ ਹੋਏ ਹਨ। ਦੁਨੀਆ ਦੇ ਕਈ ਦੇਸ਼ਾਂ ਵਿੱਚ ਪਾਵਰ ਪ੍ਰੈੱਸ ਮਸ਼ੀਨਾਂ ਨੂੰ ਸੈਂਸਰ ਲਗਾ ਕੇ ਚਲਾਇਆ ਜਾਂਦਾ ਹੈ। ਪਰ ਇੱਥੇ ਨੀਵੇਂ ਪੱਧਰ ਦੀ ਤਕਨੀਕ ਅਤੇ ਵੱਧ ਮੁਨਾਫੇ ਦੀ ਦੌੜ ਕਾਰਨ ਅਜਿਹੀਆਂ ਸੁਰੱਖਿਅਤ ਮਸ਼ੀਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਭਾਵੇਂ ਸੈਂਸਰ ਵਾਲ਼ੀਆਂ ਮਸ਼ੀਨਾਂ ਕੁਝ ਹੌਲ਼ੀ ਚੱਲਦੀਆਂ ਹਨ ਪਰ ਇਨ੍ਹਾਂ ਨਾਲ਼ ਅਜਿਹੇ ਹਾਦਸਿਆਂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ। ਪਰ ਸਰਮਾਏਦਾਰਾਂ ਲਈ ਮਜਦੂਰਾਂ ਨਾਲ਼ ਹੋਣ ਵਾਲ਼ੇ ਹਾਦਸੇ ਕੋਈ ਸਮੱਸਿਆ ਨਹੀਂ; ਉਹਨਾਂ ਲਈ ਮਸ਼ੀਨ ਦਾ ਹੌਲ਼ੀ ਚੱਲਣਾ ਵੱਡੀ ਸਮੱਸਿਆ ਹੈ। ਰਜਿਸਟਰਡ ਫੈਕਟਰੀਆਂ ਨੂੰ ਸਿਹਤ ਅਤੇ ਸੁਰੱਖਿਆ ਸਬੰਧੀ ਰਿਕਾਰਡ ਰੱਖਣਾ ਲਾਜਮੀ ਹੁੰਦਾ ਹੈ। ਪਰ ਜਿਵੇਂ ਕਿ ਸਰਮਾਏਦਾਰਾ ਪ੍ਰਬੰਧ ਵਿੱਚ ਅਕਸਰ ਕਨੂੰਨਾਂ ਦੀ ਬਣਤਰ ਵੀ ਸਰਮਾਏਦਾਰਾਂ ਦੇ ਹੱਕ ਵਿੱਚ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਇਨ੍ਹਾਂ ਕਨੂੰਨਾਂ ਦੀ ਉਲੰਘਣਾ ਵੀ ਆਮ ਗੱਲ ਹੈ। ਜਥੇਬੰਦਕ ਖੇਤਰ ਦੇ ਮਜਦੂਰਾਂ ਨੇ ਆਪਣੇ ਸੰਘਰਸ਼ਾਂ ਰਾਹੀਂ ਫੈਕਟਰੀ ਹਾਦਸਾ ਹੋਣ 'ਤੇ ਮੁਆਵਜਾ, ਸੁਰੱਖਿਆ ਦੀ ਅਣਗਹਿਲੀ 'ਤੇ ਕਾਰਵਾਈ ਅਤੇ ਹੋਰ ਕਈ ਮਜਦੂਰ-ਪੱਖੀ ਕਨੂੰਨ ਬਣਵਾਏ, ਪਰ ਅਮਲ ਵਿੱਚ ਇਨ੍ਹਾਂ ਨੂੰ ਸਖਤੀ ਨਾਲ਼ ਲਾਗੂ ਨਹੀਂ ਕੀਤਾ ਜਾਂਦਾ। ਚਾਰ ਨਵੇਂ ਕਿਰਤ ਕੋਡਾਂ ਵਿੱਚ ਫੈਕਟਰੀ ਦੀ ਬਦਲੀ ਹੋਈ ਪਰਿਭਾਸ਼ਾ ਮੁਤਾਬਕ ਜਿਹੜੀਆਂ ਫੈਕਟਰੀਆਂ ਬਿਜਲੀ ਤੋਂ ਬਿਨਾਂ ਚੱਲਦੀਆਂ ਹਨ ਅਤੇ ਜਿੱਥੇ 40 ਤੋਂ ਘੱਟ ਮਜਦੂਰ ਕੰਮ ਕਰਦੇ ਹਨ, ਉਹਨਾਂ ਨੂੰ ਕਿਰਤ ਕਨੂੰਨਾਂ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜਿੱਥੇ ਬਿਜਲੀ ਨਾਲ਼ ਕੰਮ ਹੁੰਦਾ ਹੈ ਅਤੇ 20 ਤੋਂ ਘੱਟ ਮਜਦੂਰ ਹਨ, ਉੱਥੇ ਵੀ ਸਾਰੇ ਕਿਰਤ ਅਧਿਕਾਰਾਂ ਤੋਂ ਮਜਦੂਰਾਂ ਨੂੰ ਵਾਂਝਾ ਕਰ ਦਿੱਤਾ ਗਿਆ ਹੈ। ਗੈਰ-ਜਥੇਬੰਦਕ ਖੇਤਰ ਵਿੱਚ ਮਜਦੂਰ ਅਤੇ ਸੁਰੱਖਿਆ ਪ੍ਰਬੰਧ ਦੇ ਹਲਾਤ ਗੈਰ-ਜਥੇਬੰਦਕ ਖੇਤਰ ਮਜਦੂਰਾਂ ਦੀ ਲੁੱਟ ਦਾ ਸਭ ਤੋਂ ਵੱਡਾ ਖੇਤਰ ਹੈ। ਇਸ ਖੇਤਰ ਨੂੰ ਕਿਰਤ ਕਨੂੰਨ ਤੋਂ ਲਾਂਭੇ ਰੱਖਿਆ ਗਿਆ ਹੈ। ਇਸ ਵਿੱਚ ਭੱਠਾ ਮਜਦੂਰ, ਉਸਾਰੀ ਮਜਦੂਰ, ਖੇਤ ਮਜਦੂਰ ਅਤੇ ਗਿੱਗ ਕਾਮੇ ਆਉਂਦੇ ਹਨ। ਦੇਸ਼ ਦੇ ਕੁੱਲ ਮਜਦੂਰਾਂ ਵਿੱਚੋਂ ਲੱਗਭੱਗ 90 ਫੀਸਦੀ ਮਜਦੂਰ ਗੈਰ-ਜਥੇਬੰਦਕ ਖੇਤਰ ਵਿੱਚ ਕੰਮ ਕਰਦੇ ਹਨ। ਭਾਵੇਂ ਇਹ ਖੇਤਰ ਦੇਸ਼ ਦੀ ਜੀਡੀਪੀ ਵਿੱਚ ਲੱਗਭੱਗ 45 ਫੀਸਦੀ ਯੋਗਦਾਨ ਪਾਉਂਦਾ ਹੈ, ਫਿਰ ਵੀ ਇੱਥੇ ਕੰਮ ਕਰ ਰਹੇ ਮਜਦੂਰਾਂ ਨੂੰ ਹਰ ਤਰ੍ਹਾਂ ਦੇ ਕਿਰਤ ਕਨੂੰਨਾਂ ਤੋਂ ਵਾਂਝਾ ਰੱਖਿਆ ਗਿਆ ਹੈ। ਆਓ ਇੱਕ-ਇੱਕ ਕਰਕੇ ਇਨ੍ਹਾਂ ਮਜਦੂਰਾਂ ਨਾਲ਼ ਹੋਣ ਵਾਲ਼ੇ ਹਾਦਸਿਆਂ ਬਾਰੇ ਜਾਣੀਏ। ਭੱਠਾ ਮਜਦੂਰ ਭਾਰਤ ਵਿੱਚ ਇੱਕ ਲੱਖ ਤੋਂ ਵੱਧ ਭੱਠੇ ਹਨ, ਜਿਨ੍ਹਾਂ ਵਿੱਚ ਲੱਗਭੱਗ 2.3 ਕਰੋੜ ਮਜਦੂਰ ਕੰਮ ਕਰਦੇ ਹਨ। ਪਹਿਲਾਂ ਭੱਠਿਆਂ 'ਤੇ ਕੰਮ ਕਰਨ ਵਾਲ਼ੇ ਜਿਆਦਾਤਰ ਮਜਦੂਰ ਬੰਧੂਆ ਹੁੰਦੇ ਸਨ। ਭਾਵੇਂ ਅੱਜ ਬੰਧੂਆ ਮਜਦੂਰੀ ਨੂੰ ਗੈਰ-ਕਨੂੰਨੀ ਕਰਾਰ ਦਿੱਤਾ ਗਿਆ ਹੈ, ਫਿਰ ਵੀ ਕਈ ਥਾਵਾਂ 'ਤੇ ਇਹ ਗੈਰ-ਮਨੁੱਖੀ ਪ੍ਰਥਾ ਅੱਜ ਵੀ ਜਾਰੀ ਹੈ। ਠੇਕੇਦਾਰਾਂ ਨੇ ਇਸ ਦਾ ਇੱਕ ਹੋਰ ਤਰੀਕਾ ਕੱਢ ਲਿਆ ਹੈ। ਅਕਸਰ ਮਜਦੂਰ ਬਿਮਾਰੀ, ਵਿਆਹ-ਸ਼ਾਦੀ ਜਾਂ ਹੋਰ ਲੋੜਾਂ ਕਰਕੇ ਕਰਜਾ ਲੈਂਦੇ ਹਨ। ਭੱਠਾ ਮਾਲਕ ਜਾਂ ਠੇਕੇਦਾਰ ਮਜਦੂਰਾਂ ਨੂੰ 10,000 ਤੋਂ 30,000 ਰੁਪਏ ਤੱਕ ਦਾ ਕਰਜਾ ਦੇ ਦਿੰਦੇ ਹਨ ਅਤੇ ਕਈ ਭੱਠਿਆਂ 'ਤੇ ਪੂਰੇ ਸੀਜਨ ਦੌਰਾਨ ਮਜਦੂਰਾਂ ਨੂੰ ਮਜਦੂਰੀ ਵੀ ਨਹੀਂ ਦਿੱਤੀ ਜਾਂਦੀ, ਤਾਂ ਜੋ ਉਹ ਕੰਮ ਛੱਡ ਕੇ ਨਾ ਜਾ ਸਕਣ। 'ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ ਸੂਰਤ' ਅਤੇ 'ਆਈਆਈਟੀ ਦਿੱਲੀ' ਦੀ ਇੱਕ ਰਿਪੋਰਟ ਮੁਤਾਬਕ ਭੱਠਿਆਂ 'ਤੇ ਕੰਮ ਕਰ ਰਹੇ 96 ਫੀਸਦੀ ਮਜਦੂਰਾਂ ਨੇ ਭੱਠਾ ਮਾਲਕਾਂ ਜਾਂ ਠੇਕੇਦਾਰਾਂ ਤੋਂ ਕਰਜਾ ਲਿਆ ਹੋਇਆ ਸੀ। ਭੱਠਿਆਂ 'ਤੇ ਕੰਮ ਕਰਨ ਵਾਲ਼ਿਆਂ ਵਿੱਚ ਬੱਚਿਆਂ ਦੀ ਗਿਣਤੀ ਵੀ ਬਹੁਤ ਜਿਆਦਾ ਹੈ। ਕਈ ਥਾਵਾਂ 'ਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ 9 ਤੋਂ 11 ਘੰਟੇ ਤੱਕ ਕੰਮ ਕਰਵਾਇਆ ਜਾਂਦਾ ਹੈ। ਬਾਲ ਮਜਦੂਰੀ 'ਤੇ ਕਨੂੰਨੀ ਤੌਰ 'ਤੇ ਮਨਾਹੀ ਹੋਣ ਦੇ ਬਾਵਜੂਦ ਗੈਰ-ਜਥੇਬੰਦਕ ਖੇਤਰ ਵਿੱਚ ਇਸ ਦੀ ਖੁੱਲ੍ਹੇਆਮ ਉਲੰਘਣਾ ਹੁੰਦੀ ਹੈ। ਗਰੀਬ ਪਰਿਵਾਰਾਂ ਲਈ ਬੱਚਿਆਂ ਨੂੰ ਕੰਮ 'ਤੇ ਲਾਉਣਾ ਮਜਬੂਰੀ ਹੁੰਦੀ ਹੈ, ਪਰ ਭੱਠਾ ਮਾਲਕਾਂ ਅਤੇ ਹੋਰ ਸਰਮਾਏਦਾਰਾਂ ਲਈ ਬੱਚੇ ਸਸਤੀ ਕਿਰਤ ਸ਼ਕਤੀ ਦਾ ਇੱਕ ਸਾਧਨ ਹਨ। ਭੱਠਾ ਮਜਦੂਰਾਂ ਨਾਲ਼ ਹੋਣ ਵਾਲ਼ੇ ਹਾਦਸਿਆਂ, ਮੌਤਾਂ ਦਾ ਕੋਈ ਸਰਕਾਰੀ ਅੰਕੜਾ ਉਪਲੱਬਧ ਨਹੀਂ ਹੈ। ਪਰ ਸੁਰੱਖਿਆ ਦੇ ਪ੍ਰਬੰਧ—ਜਿਵੇਂ ਕਿ ਮਾਸਕ, ਦਸਤਾਨੇ, ਬੂਟ, ਸਾਫ ਪਾਣੀ ਅਤੇ ਮੁੱਢਲੀਆਂ ਸਿਹਤ ਸਹੂਲਤਾਂ—ਲੱਗਭੱਗ ਨਾਂ ਦੇ ਬਰਾਬਰ ਹਨ। ਮਾਰਚ ਤੋਂ ਜੂਨ ਤੱਕ, ਜਦੋਂ ਕੰਮ ਸਭ ਤੋਂ ਵੱਧ ਹੁੰਦਾ ਹੈ, 40 ਤੋਂ 45 ਡਿਗਰੀ ਸੈਲਸੀਅਸ ਪਾਰੇ ਵਿੱਚ ਵੀ ਔਰਤਾਂ, ਬੱਚੇ ਅਤੇ ਹੋਰ ਮਜਦੂਰ ਕੰਮ ਕਰਨ ਲਈ ਮਜਬੂਰ ਹੁੰਦੇ ਹਨ।

ਗਰਭਵਤੀ ਔਰਤਾਂ ਵੀ ਆਪਣੀ ਮਜਬੂਰੀ ਕਰਕੇ ਕੰਮ ਨਹੀਂ ਛੱਡ ਸਕਦੀਆਂ ਅਤੇ ਸਾਰਾ ਦਿਨ ਮਿਹਨਤ ਕਰਦੀਆਂ ਹਨ। 90 ਫੀਸਦੀ ਭੱਠਿਆਂ 'ਤੇ ਪੀਣ ਵਾਲ਼ੇ ਪਾਣੀ ਦੀ ਵੀ ਘਾਟ ਹੈ। ਇੱਥੇ ਕੰਮ ਕਰਨ ਵਾਲ਼ੇ ਮਜਦੂਰਾਂ ਵਿੱਚ ਸਭ ਤੋਂ ਵੱਧ ਸਿਲੀਕੋਸਿਸ, ਦਮਾ, ਟੀ.ਬੀ., ਚਮੜੀ ਦੀਆਂ ਬਿਮਾਰੀਆਂ ਅਤੇ ਅੱਖਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿੱਚ ਲੱਗਭੱਗ 52 ਲੱਖ ਮਜਦੂਰ ਸਿਲੀਕੋਸਿਸ ਤੋਂ ਪੀੜਤ ਹਨ। ਸਿਲੀਕੋਸਿਸ ਇੱਕ ਅਜਿਹੀ ਬਿਮਾਰੀ ਹੈ ਜੋ ਸਿਲਿਕਾ ਦੀ ਧੂੜ ਲਗਾਤਾਰ ਸਾਹ ਰਾਹੀਂ ਫੇਫੜਿਆਂ ਵਿੱਚ ਜਾਣ ਕਾਰਨ ਹੁੰਦੀ ਹੈ। ਇਹ ਧੂੜ ਹੌਲ਼ੀ-ਹੌਲ਼ੀ ਫੇਫੜਿਆਂ ਵਿੱਚ ਜਮ੍ਹਾਂ ਹੋ ਜਾਂਦੀ ਹੈ ਅਤੇ ਆਕਸੀਜਨ ਦੇ ਦਾਖਲੇ ਨੂੰ ਰੋਕ ਦਿੰਦੀ ਹੈ। ਨਤੀਜੇ ਵਜੋਂ ਕੁਝ ਸਮੇਂ ਬਾਅਦ ਮਰੀਜ ਦੀ ਹਾਲਤ ਬਹੁਤ ਗੰਭੀਰ ਹੋ ਜਾਂਦੀ ਹੈ। ਡਾਕਟਰਾਂ ਮੁਤਾਬਕ ਇਹ ਧੂੜ ਫੇਫੜਿਆਂ 'ਤੇ ਪੱਥਰ ਵਰਗੀ ਪਰਤ ਬਣਾ ਦਿੰਦੀ ਹੈ। ਸਿਲੀਕੋਸਿਸ ਨਾਲ਼ ਮਰਨ ਵਾਲ਼ੇ ਮਜਦੂਰਾਂ ਦੇ ਫੇਫੜੇ ਇੰਨੇ ਸਖਤ ਹੋ ਜਾਂਦੇ ਹਨ ਕਿ ਸੰਸਕਾਰ ਸਮੇਂ ਵੀ ਪੂਰੀ ਤਰ੍ਹਾਂ ਨਹੀਂ ਸੜਦੇ। ਇਹ ਬਿਮਾਰੀ ਮੁੱਖ ਤੌਰ 'ਤੇ ਇੱਟਾਂ ਦੇ ਭੱਠਿਆਂ, ਸੀਮੇਂਟ ਫੈਕਟਰੀਆਂ, ਪੱਥਰ ਤਰਾਸ਼ਣ ਅਤੇ ਉਸਾਰੀ ਦੇ ਕੰਮ ਨਾਲ਼ ਜੁੜੇ ਮਜਦੂਰਾਂ ਵਿੱਚ ਸਭ ਤੋਂ ਵੱਧ ਪਾਈ ਜਾਂਦੀ ਹੈ। ਉਸਾਰੀ ਮਜਦੂਰ ਸੁਰੱਖਿਆ ਪ੍ਰਬੰਧਾਂ ਤੋਂ ਕੋਹਾਂ ਦੂਰ ਸਾਲ 2011 ਦੇ ਅੰਕੜਿਆਂ ਮੁਤਾਬਕ ਇਸ ਖੇਤਰ ਵਿੱਚ ਲੱਗਭੱਗ 5 ਕਰੋੜ ਮਜਦੂਰ ਕੰਮ ਕਰਦੇ ਸਨ। ਇੱਕ ਅੰਦਾਜੇ ਮੁਤਾਬਕ 2026 ਤੱਕ ਇਹਨਾਂ ਦੀ ਗਿਣਤੀ ਵਧ ਕੇ ਲੱਗਭੱਗ 7 ਕਰੋੜ ਹੋ ਚੁੱਕੀ ਹੈ। ਉਸਾਰੀ ਖੇਤਰ ਵਿੱਚ ਰੋਜਾਨਾ ਔਸਤ 38 ਹਾਦਸੇ ਹੁੰਦੇ ਹਨ। ਮਜਦੂਰਾਂ ਦੀਆਂ ਹੋਣ ਵਾਲ਼ੀਆਂ ਕੁੱਲ 48,000 ਸਲਾਨਾ ਮੌਤਾਂ ਵਿੱਚੋਂ ਲੱਗਭੱਗ 11,600 ਮੌਤਾਂ ਇਸੇ ਖੇਤਰ ਨਾਲ਼ ਸਬੰਧਿਤ ਹਾਦਸਿਆਂ ਵਿੱਚ ਹੁੰਦੀਆਂ ਹਨ। ਇਹ ਅੰਕੜੇ ਵੀ ਪੂਰੀ ਤਰ੍ਹਾਂ ਸਰਕਾਰੀ ਢੰਗ ਨਾਲ਼ ਇਕੱਠੇ ਨਹੀਂ ਕੀਤੇ ਗਏ। ਇਹ ਸਿਰਫ਼ ਉਹ ਹਨ ਜੋ ਪੁਲਿਸ ਕੇਸ ਬਣੇ ਹਨ। ਇਸ ਤੋਂ ਇਲਾਵਾ ਵੀ ਬਹੁਤ ਸਾਰੇ ਹਾਦਸੇ ਅਤੇ ਮੌਤਾਂ ਅਜਿਹੀਆਂ ਹਨ ਜੋ ਕਦੇ ਸਰਕਾਰੀ ਅੰਕੜਿਆਂ ਦਾ ਹਿੱਸਾ ਹੀ ਨਹੀਂ ਬਣਦੀਆਂ। 21 ਮਾਰਚ 2026 ਨੂੰ ਪਾਣੀਪਤ ਰਿਫਾਇਨਰੀ ਵਿੱਚ ਲਗਾਤਾਰ ਲੰਬੇ ਘੰਟੇ ਕੰਮ ਕਰਨ ਕਾਰਨ ਤਿੰਨ ਮਜਦੂਰ ਇੱਕ ਐਕਸਟੈਂਸ਼ਨ ਬਲਾਕ ਵਿੱਚ ਕੰਮ ਕਰਦਿਆਂ ਹੇਠਾਂ ਡਿੱਗ ਪਏ। ਇਸ ਹਾਦਸੇ ਵਿੱਚ ਇੱਕ ਮਜਦੂਰ ਦੀ ਮੌਤ ਹੋ ਗਈ ਅਤੇ ਬਾਕੀ ਦੋ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਉਹਨਾਂ ਨੂੰ ਕਾਫੀ ਦੇਰੀ ਨਾਲ਼ ਹਸਪਤਾਲ ਪਹੁੰਚਾਇਆ ਗਿਆ। ਜਦੋਂ ਇਹ ਖਬਰ ਹੋਰ ਮਜਦੂਰਾਂ ਤੱਕ ਪਹੁੰਚੀ ਤਾਂ ਉਹ ਗੁੱਸੇ ਨਾਲ਼ ਭੜਕ ਉੱਠੇ। 24 ਮਾਰਚ 2026 ਨੂੰ ਪਾਣੀਪਤ ਰਿਫਾਇਨਰੀ ਦੇ ਲੱਗਭੱਗ 30 ਹਜਾਰ ਮਜਦੂਰਾਂ ਨੇ ਇਸ ਖਿਲਾਫ ਅਵਾਜ ਬੁਲੰਦ ਕੀਤਾ। ਜਖਮੀ ਮਜਦੂਰਾਂ ਨੂੰ ਮੁਆਵਜਾ, ਅੱਠ ਘੰਟਿਆਂ ਦੇ ਕੰਮ ਦੇ ਕਨੂੰਨ ਨੂੰ ਲਾਗੂ ਕਰਨ, ਤਨਖਾਹਾਂ ਵਿੱਚ ਵਾਧਾ ਕਰਨ ਅਤੇ ਸੁਰੱਖਿਆ ਪ੍ਰਬੰਧ ਪੁਖਤਾ ਕਰਨ ਵਰਗੀਆਂ ਮੰਗਾਂ ਨੂੰ ਲੈ ਕੇ ਉਹਨਾਂ ਨੇ ਇੱਕ ਹਫਤੇ ਤੱਕ ਸੰਘਰਸ਼ ਲੜਿਆ।

ਖੇਤ ਮਜਦੂਰ ਗੈਰ-ਜਥੇਬੰਦਕ ਖੇਤਰ ਵਿੱਚ ਮਜਦੂਰਾਂ ਦਾ ਇੱਕ ਵੱਡਾ ਹਿੱਸਾ ਖੇਤ ਮਜਦੂਰਾਂ ਦਾ ਹੈ। ਭਾਰਤ ਵਿੱਚ ਖੇਤ ਮਜਦੂਰਾਂ ਦੀ ਗਿਣਤੀ ਲੱਗਭੱਗ 11 ਕਰੋੜ ਦੇ ਆਸ-ਪਾਸ ਹੈ। ਕਈ ਥਾਵਾਂ 'ਤੇ ਅੱਜ ਵੀ ਬੰਧੂਆ ਮਜਦੂਰੀ ਜਾਰੀ ਹੈ। ਪੰਜਾਬ ਦੇ ਕਈ ਧਨੀ ਕਿਸਾਨ ਰੇਲਵੇ ਸਟੇਸ਼ਨਾਂ ਤੋਂ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਹੋਰ ਸੂਬਿਆਂ ਤੋਂ ਆਏ ਪ੍ਰਵਾਸੀ ਮਜਦੂਰਾਂ ਜਾਂ ਰੇਲਵੇ ਸਟੇਸ਼ਨ 'ਤੇ ਗੁਆਚੇ ਛੋਟੇ ਬੱਚਿਆਂ ਨੂੰ ਆਪਣੇ ਨਾਲ਼ ਲੈ ਜਾਂਦੇ ਹਨ ਅਤੇ ਉਹਨਾਂ ਤੋਂ ਬੰਧੂਆ ਮਜਦੂਰੀ ਕਰਵਾਉਂਦੇ ਹਨ। ਉਨ੍ਹਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦੀਆਂ ਸਹੂਲਤਾਂ ਬਹੁਤ ਹੀ ਮਾੜੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਖੇਤਾਂ ਵਿੱਚ ਕੰਮ ਕਰਨ ਵਾਲ਼ੇ ਮਜਦੂਰਾਂ ਨੂੰ ਅਕਸਰ ਬਿਨਾਂ ਕਿਸੇ ਸੁਰੱਖਿਆ ਪ੍ਰਬੰਧ ਦੇ ਹੀ ਕੰਮ 'ਤੇ ਲਾ ਦਿੱਤਾ ਜਾਂਦਾ ਹੈ। ਮਾਸਕ, ਦਸਤਾਨੇ ਅਤੇ ਬੂਟ ਨਾ ਹੋਣ ਕਾਰਨ ਕੀਟਨਾਸ਼ਕਾਂ ਦੀ ਸਪਰੇਅ ਕਰਦਿਆਂ ਕਈ ਮਜਦੂਰ ਬੇਹੋਸ਼ ਹੋ ਜਾਂਦੇ ਹਨ ਅਤੇ ਕਈ ਵਾਰ ਮੌਤ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਜਿਹੜੇ ਮਜਦੂਰ ਲੰਬੇ ਸਮੇਂ ਤੱਕ ਅਜਿਹੇ ਹਲਾਤਾਂ ਵਿੱਚ ਕੰਮ ਕਰਦੇ ਰਹਿੰਦੇ ਹਨ, ਉਹਨਾਂ ਨੂੰ ਚਮੜੀ, ਅੱਖਾਂ ਅਤੇ ਸਾਹ ਨਾਲ਼ ਸਬੰਧਿਤ ਕਈ ਗੰਭੀਰ ਬਿਮਾਰੀਆਂ ਲੱਗ ਜਾਂਦੀਆਂ ਹਨ। ਗਿੱਗ ਕਾਮੇ ਦੇਸ਼ ਵਿੱਚ ਲੱਗਭੱਗ ਇੱਕ ਕਰੋੜ 20 ਲੱਖ ਗਿੱਗ ਮਜਦੂਰ ਹਨ। ਗਿੱਗ ਮਜਦੂਰ ਆਰਥਿਕ ਸਰਗਰਮੀਆਂ 'ਚ ਲੱਗੇ ਉਨ੍ਹਾਂ ਕਾਮਿਆਂ ਨੂੰ ਕਿਹਾ ਜਾਂਦਾ ਹੈ ਜੋ ਅਸਥਾਈ ਜਾਂ ਫਰੀਲਾਂਸ ਤੌਰ 'ਤੇ ਆਪਣੀਆਂ ਸੇਵਾਵਾਂ ਦਿੰਦੇ ਹਨ। ਜਿਵੇਂ ਜੋਮੈਟੋ, ਜੈਪਟੋ, ਬਲਿੰਕਿਟ, ਸਵਿੱਗੀ ਆਦਿ। ਅੰਦਾਜਾ ਲਗਾਇਆ ਜਾ ਰਿਹਾ ਹੈ ਕਿ ਆਉਣ ਵਾਲ਼ੇ ਦਸ ਸਾਲਾਂ ਵਿੱਚ ਗਿੱਗ ਅਰਥਚਾਰਾ 9 ਕਰੋੜ ਲੋਕਾਂ ਨੂੰ ਰੁਜਗਾਰ ਮੁਹੱਈਆ ਕਰਾਏਗਾ। ਇਹ ਕੰਪਨੀਆਂ ਦਾਅਵੇ ਕਰਦੀਆਂ ਹਨ ਕਿ ਦਸਾਂ ਮਿੰਟਾਂ ਵਿੱਚ ਸਮਾਨ ਤੁਹਾਡੇ ਘਰ ਤੱਕ ਪਹੁੰਚਦਾ ਕਰਨਗੀਆਂ। ਜਲਦੀ ਤੋਂ ਜਲਦੀ ਸਮਾਨ ਪਹੁੰਚਾਉਣ ਦੇ ਦਬਾਅ ਵਿੱਚ ਅਤੇ ਵੱਧ ਟਾਈਮ ਲੱਗਣ 'ਤੇ ਪੈਸੇ ਕੱਟੇ ਜਾਂਦੇ ਹਨ, ਇਸ ਕਰਕੇ ਇਸ ਕੰਮ ਵਿੱਚ ਲੱਗੇ ਨੌਜਵਾਨ ਤੇਜੀ ਨਾਲ਼ ਮੋਟਰਸਾਈਕਲ ਚਲਾਉਂਦੇ ਹਨ ਅਤੇ ਕਈ ਵਾਰ ਇਹ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਇੱਕ ਨਵੀਂ ਰਿਪੋਰਟ ਮੁਤਾਬਕ 25 ਫੀਸਦੀ ਗਿੱਗ ਕਾਮੇ ਹਫਤੇ ਵਿੱਚ 70 ਘੰਟਿਆਂ ਤੋਂ ਵੱਧ ਕੰਮ ਕਰਦੇ ਹਨ ਅਤੇ ਰੋਜ ਲੱਗਭੱਗ 27 ਫੀਸਦੀ ਕਾਮੇ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਜਿਨ੍ਹਾਂ ਵਿੱਚ ਹੱਥ/ਪੈਰ ਟੁੱਟਣਾ ਆਮ ਗੱਲ ਹੈ। ਕਈ ਵਾਰ ਤਾਂ ਮੌਤ ਵੀ ਹੋ ਜਾਂਦੀ ਹੈ। ਉੱਪਰੋਂ ਸਿਤਮ ਇਹ ਹੈ ਕਿ ਹਾਦਸਾ ਹੋਣ ਤੋਂ ਬਾਅਦ ਇਹਨਾਂ ਕੰਪਨੀਆਂ ਵੱਲੋਂ ਗਿੱਗ ਕਾਮਿਆਂ ਨੂੰ ਕੋਈ ਮੁਆਵਜਾ ਨਹੀਂ

ਮਿਲਦਾ। ਜਥੇਬੰਦਕ ਅਤੇ ਗੈਰ-ਜਥੇਬੰਦਕ ਖੇਤਰਾਂ ਵਿੱਚ ਘੱਟ ਤਨਖਾਹ, ਵਾਧੂ ਕੰਮ ਦੇ ਘੰਟੇ, ਸੁਰੱਖਿਆ ਪ੍ਰਬੰਧਾਂ ਦੀ ਅਣਹੋਂਦ, ਕੰਮ ਦੀਆਂ ਥਾਵਾਂ 'ਤੇ ਹਾਦਸੇ, ਮੌਤਾਂ, ਜਖਮੀਆਂ ਨੂੰ ਮੁਆਵਜਾ ਨਾ ਮਿਲਣਾ ਅਤੇ ਕਨੂੰਨੀ ਸੁਣਵਾਈ ਦੀ ਅਣਹੋਂਦ ਵਰਗੀਆਂ ਹਾਲਤਾਂ ਨੇ ਮਜਦੂਰਾਂ ਦੀ ਜਿੰਦਗੀ ਨੂੰ ਨਰਕ ਬਣਾ ਦਿੱਤਾ ਹੈ। ਫਿਰ ਵੀ ਜੇ ਇਸ ਧੱਕੇ ਖਿਲਾਫ ਮਜਦੂਰ ਅਵਾਜ ਉਠਾਉਣ, ਤਾਂ ਉਹਨਾਂ 'ਤੇ ਕਈ ਤਰ੍ਹਾਂ ਦੀਆਂ ਕਨੂੰਨੀ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਇਹ ਸਿਰਫ ਅੱਜ ਦੀ ਗੱਲ ਨਹੀਂ ਹੈ। ਜੇ ਅਸੀਂ ਭਾਰਤ ਦੇ ਪਿਛਲੇ ਸੌ ਸਾਲਾਂ ਦੇ ਇਤਿਹਾਸ ਨੂੰ ਵੇਖੀਏ, ਤਾਂ ਮਜਦੂਰਾਂ ਨੂੰ ਸ਼ੁਰੂ ਤੋਂ ਹੀ ਉਹਨਾਂ ਦੇ ਹੱਕਾਂ ਤੋਂ ਵਾਂਝਾ ਰੱਖਿਆ ਗਿਆ ਹੈ। ਪਹਿਲੀ ਸੰਸਾਰ ਜੰਗ ਤੋਂ ਬਾਅਦ ਜਦੋਂ ਮੁੜ ਉਸਾਰੀ ਦਾ ਕੰਮ ਤੇਜੀ ਨਾਲ ਸ਼ੁਰੂ ਹੋਇਆ, ਤਾਂ ਭਾਰਤ ਦੀਆਂ ਸਨਅਤਾਂ ਵਿੱਚ ਮਜਦੂਰਾਂ ਤੋਂ ਜਬਰਦਸਤੀ 12 ਤੋਂ 14 ਘੰਟੇ ਕੰਮ ਕਰਵਾਇਆ ਜਾਣ ਲੱਗਾ, ਕਈ ਵਾਰ ਤਨਖਾਹਾਂ ਵੀ ਨਹੀਂ ਦਿੱਤੀਆਂ ਜਾਂਦੀਆਂ ਸਨ ਅਤੇ ਹਾਦਸੇ ਆਮ ਗੱਲ ਬਣ ਗਏ ਸਨ। 1923 ਤੋਂ ਅੱਠ ਘੰਟੇ ਦੀ ਕੰਮ-ਦਿਹਾੜੀ, ਤਨਖਾਹਾਂ ਵਿੱਚ ਵਾਧੇ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਮਜਦੂਰਾਂ ਦੀ ਸ਼ਮੂਲੀਅਤ ਲਗਾਤਾਰ ਵਧਣ ਲੱਗੀ। ਮਜਦੂਰਾਂ ਦੀ ਇਸ ਵਧਦੀ ਏਕਤਾ ਅਤੇ ਸੰਘਰਸ਼ ਤੋਂ ਡਰਦਿਆਂ ਅੰਗਰੇਜ਼ ਹਕੂਮਤ ਨੇ 1929 ਵਿੱਚ ਵਪਾਰ ਵਿਵਾਦ ਕਨੂੰਨ ਲਾਗੂ ਕੀਤਾ। ਇਸ ਕਨੂੰਨ ਰਾਹੀਂ ਹੜਤਾਲਾਂ 'ਤੇ ਸਖਤ ਪਬੰਦੀਆਂ ਲਗਾਈਆਂ ਗਈਆਂ ਅਤੇ ਉਹਨਾਂ ਨੂੰ ਰਾਜ ਵਿਰੋਧੀ ਕਾਰਵਾਈ ਵਜੋਂ ਲੈਣ ਦਾ ਲੋਕ ਵਿਰੋਧੀ ਕਨੂੰਨ ਬਣਾਇਆ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸੇ ਦਮਨਕਾਰੀ ਕਨੂੰਨ ਦੇ ਵਿਰੋਧ ਵਿੱਚ ਅਸੈਂਬਲੀ ਵਿੱਚ ਬੰਬ ਸੁੱਟ ਕੇ ਆਪਣਾ ਵਿਰੋਧ ਦਰਜ ਕਰਵਾਇਆ। 1939 ਵਿੱਚ ਇਸ ਕਨੂੰਨ ਵਿੱਚ ਹੋਰ ਸੋਧਾਂ ਕਰਕੇ ਫੈਕਟਰੀਆਂ ਅਤੇ ਸਨਅਤਾਂ ਵਿੱਚ ਹੜਤਾਲਾਂ 'ਤੇ ਹੋਰ ਸਖ਼ਤ ਪਬੰਦੀਆਂ ਲਗਾ ਦਿੱਤੀਆਂ ਗਈਆਂ। ਦੇਸ਼ ਦੀ ਅਜਾਦੀ ਤੋਂ ਬਾਅਦ ਵੀ ਸਨਅਤੀ ਵਿਵਾਦ ਕਨੂੰਨ-1947 ਵਿੱਚ ਹੜਤਾਲ ਕਰਨ ਦੇ ਹੱਕ ਨੂੰ ਕਈ ਸ਼ਰਤਾਂ ਨਾਲ ਸੀਮਤ ਰੱਖਿਆ ਗਿਆ। ਇਸ ਕਨੂੰਨ ਦੀਆਂ ਧਾਰਾਵਾਂ 22 ਅਤੇ 23 ਮੁਤਾਬਕ ਜਨਤਕ ਸੇਵਾਵਾਂ ਦੇ ਖੇਤਰ ਵਿੱਚ ਹੜਤਾਲ ਕਰਨ ਤੋਂ ਪਹਿਲਾਂ 14 ਦਿਨ ਦਾ ਨੋਟਿਸ ਦੇਣਾ ਲਾਜਮੀ ਕਰ ਦਿੱਤਾ ਗਿਆ। ਸਾਲ 2020 ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦਾ ਸਨਅਤੀ ਸਬੰਧ ਕੋਡ-2020 ਤਹਿਤ ਕਿਸੇ ਵੀ ਖੇਤਰ ਵਿੱਚ ਹੜਤਾਲ, ਹੜਤਾਲ ਸਬੰਧੀ ਪਬੰਦੀਆਂ ਨੂੰ ਹੋਰ ਵਧਾ ਦਿੱਤਾ ਗਿਆ। ਇਸ ਮੁਤਾਬਕ ਮਜਦੂਰ ਯੂਨੀਅਨਾਂ ਲਈ ਹੜਤਾਲ ਤੋਂ ਪਹਿਲਾਂ ਲਿਖਤੀ ਨੋਟਿਸ ਦੇਣਾ ਲਾਜਮੀ ਹੈ। ਜੇ ਪ੍ਰਬੰਧਨ ਅਤੇ ਯੂਨੀਅਨ ਵਿਚਾਲੇ ਗੱਲਬਾਤ ਸ਼ੁਰੂ ਹੋ ਜਾਂਦੀ ਹੈ, ਤਾਂ ਗੱਲਬਾਤ ਦੌਰਾਨ ਹੜਤਾਲ ਨਹੀਂ ਕੀਤੀ ਜਾ ਸਕਦੀ। ਜੇ ਗੱਲਬਾਤ ਅਸਫਲ ਰਹਿੰਦੀ ਹੈ, ਤਾਂ ਵੀ ਨਿਰਧਾਰਤ ਸਮੇਂ ਤੱਕ ਹੜਤਾਲ ਨਹੀਂ ਕੀਤੀ ਜਾ ਸਕਦੀ। ਜੇ ਮਾਮਲਾ ਟ੍ਰਿਬਿਊਨਲ ਕੋਲ ਪਹੁੰਚ ਜਾਂਦਾ ਹੈ, ਤਾਂ ਵੀ 60 ਦਿਨਾਂ ਤੱਕ ਹੜਤਾਲ 'ਤੇ ਰੋਕ ਲੱਗ ਜਾਂਦੀ ਹੈ। ਅੱਜ ਮਜਦੂਰਾਂ ਨੇ ਆਪਣੇ ਲੰਬੇ ਸੰਘਰਸ਼ਾਂ ਰਾਹੀਂ ਜੋ ਕਿਰਤ ਕਨੂੰਨ ਹਾਸਲ ਕੀਤੇ ਸਨ, ਉਹਨਾਂ ਵਿੱਚੋਂ ਕਈ ਹੱਕ ਚਾਰ ਨਵੇਂ ਕਿਰਤ ਕੋਡਾਂ ਰਾਹੀਂ ਕਮਜੋਰ ਕਰ ਦਿੱਤੇ ਗਏ ਹਨ ਤੇ ਕਈ ਬਿਲਕੁਲ ਹੀ ਖਤਮ ਕਰ ਦਿੱਤੇ ਗਏ ਹਨ। ਹੜਤਾਲ ਕਰਨ ਦਾ ਹੱਕ, ਯੂਨੀਅਨ ਬਣਾਉਣ ਦਾ ਹੱਕ ਅਤੇ ਹੋਰ ਕਈ ਮਜਦੂਰ-ਪੱਖੀ ਹੱਕਾਂ ਨੂੰ ਸੀਮਤ ਕੀਤਾ ਗਿਆ ਹੈ, ਤਾਂ ਜੋ ਮਜਦੂਰਾਂ ਨੂੰ ਜਥੇਬੰਦ ਹੋਣ ਤੋਂ ਰੋਕਿਆ ਜਾ ਸਕੇ। ਅੱਜ ਵੀ ਮਜਦੂਰਾਂ ਕੋਲ ਜੋ ਕੁਝ ਕਿਰਤ ਅਧਿਕਾਰ ਬਚੇ ਹੋਏ ਹਨ ਉਹ ਉਹਨਾਂ ਦੇ ਪਿਛਲੇ ਸੰਘਰਸ਼ਾਂ ਦੀ ਹੀ ਦੇਣ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਨੂੰਨੀ ਰੋਕਾਂ ਅਤੇ ਪਬੰਦੀਆਂ ਉਦੋਂ ਤੱਕ ਹੀ ਪ੍ਰਭਾਵੀ ਰਹਿੰਦੀਆਂ ਹਨ, ਜਦੋਂ ਤੱਕ ਮਜਦੂਰ ਜਮਾਤ ਹਾਲੇ ਸੰਘਰਸ਼ਾਂ ਦੇ ਰਾਹ ਨਹੀਂ ਪਈ ਹੁੰਦੀ। ਜਿਸ ਦਿਨ ਮਜਦੂਰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਇਕੱਠੇ ਸੰਘਰਸ਼ ਕਰਨਗੇ, ਉਸ ਦਿਨ ਇਹ ਪਬੰਦੀਆਂ ਵੀ ਚੁਣੌਤੀ ਦੇ ਘੇਰੇ ਵਿੱਚ ਆ ਜਾਣਗੀਆਂ ਤੇ ਚਕਨਾਚੂਰ ਹੋ ਜਾਣਗੀਆਂ।

ਲਲਕਾਰ 'ਚੋਂ ਧੰਨਵਾਦ ਸਹਿਤ

# 5,770 ਦਿਨ: ਅਜਿਹੀ ਜ਼ਿੰਦਗੀ, ਜਿਸ ਨੂੰ ਦਿਨਾਂ ਨਾਲ ਨਹੀਂ ਮਿਣਿਆ ਜਾ ਸਕਦਾ

## (ਤਰਕਦੀਪ ਸਿੰਘ 8 ਅਕਤੂਬਰ 2010 - 26 ਜੁਲਾਈ 2026)

**ਨਵਕਿਰਨ ਸਿੰਘ ਪੱਤੀ**
98885-44001



ਤਰਕ ਲਗਭਗ ਸੋਲ੍ਹਾਂ ਵਰ੍ਹੇ ਤੋਂ ਥੋੜ੍ਹਾ ਘੱਟ ਸਮੇਂ ਲਈ ਸਾਡੀ ਜ਼ਿੰਦਗੀ ਦਾ ਹਿੱਸਾ ਰਿਹਾ, ਜੇ ਬਿਲਕੁਲ ਸਹੀ ਗਿਣੀਏ ਤਾਂ ਪੂਰੇ 5,770 ਦਿਨ। ਕਿਸੇ ਵੀ ਪੈਮਾਨੇ ਨਾਲ ਵੇਖਿਆ ਜਾਵੇ ਤਾਂ ਇਹ ਬਹੁਤ ਛੋਟੀ ਉਮਰ ਸੀ। ਪਰ ਉਹ ਜ਼ਿੰਦਗੀ ਨੂੰ ਵਿਲੱਖਣ ਜਿਗਿਆਸਾ ਅਤੇ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਸਮਝਣ ਦੀ ਅਥਾਹ ਤਾਂਘ ਨਾਲ ਜੀਵਿਆ।

ਉਹ ਦੇਸ਼ਾਂ ਦੇ ਭੂਗੋਲ, ਉਨ੍ਹਾਂ ਦੀਆਂ ਮੁਦਰਾ ਪ੍ਰਣਾਲੀਆਂ, ਰਾਜਨੀਤਿਕ ਪ੍ਰਣਾਲੀਆਂ ਅਤੇ ਨਾ ਜਾਣੇ ਹੋਰ ਕਿੰਨੇ ਹੀ ਵਿਸ਼ਿਆਂ ਬਾਰੇ ਗੱਲਾਂ ਕਰਦਾ ਸੀ। ਉਸ ਦੀ ਜਿਗਿਆਸਾ ਦੀ ਕੋਈ ਹੱਦ ਨਾ ਜਾਪਦੀ, ਜਿਵੇਂ ਉਹ ਪੂਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈ ਕੇ ਆਪਣੇ ਅੰਦਰ ਸਮੋਅ ਲੈਣਾ ਚਾਹੁੰਦਾ ਹੋਵੇ। ਹਰ ਮਾਇਨੇ 'ਚ ਉਹ ਆਪਣੇ ਨਾਮ ਤਰਕ ਦੀ ਸਾਰਥਕਤਾ ਨੂੰ ਜੀਉਂਦਾ ਸੀ, ਰਾਹ ਦਰਸਾਊ ਰੌਸ਼ਨੀ ਦੀ ਤਰ੍ਹਾਂ।

ਪੰਜ ਸਾਲ ਦਾ ਹੋਣ ਤੋਂ ਪਹਿਲਾਂ ਹੀ ਉਸਦੀ ਬਿਮਾਰੀ ਦੇ ਸੰਕੇਤ ਨਜ਼ਰ ਆਉਣ ਲੱਗ ਪਏ ਸਨ। ਬੀਮਾਰੀ ਹੌਲੀ-ਹੌਲੀ ਉਸੇ ਰਫ਼ਤਾਰ ਨਾਲ ਅੱਗੇ ਵਧ ਰਹੀ ਸੀ ਜਿਸ ਦਾ ਪਰਿਵਾਰ ਨੂੰ ਲੰਮੇ ਸਮੇਂ ਤੋਂ ਡਰ ਸੀ। ਇਸ ਬੀਮਾਰੀ ਦਾ ਘਾਤਕ ਰੂਪ ਉਸ ਦੀ ਮਾਂ ਹਰਪਿੰਦਰ ਕੌਰ ਪਹਿਲਾਂ ਵੀ ਦੇਖ ਚੁੱਕੀ ਸੀ, ਅਤੇ ਉਸ ਦੀ ਨਾਨੀ ਨੇ ਵੀ ਇਹ ਸਭ ਹੰਢਾਇਆ ਸੀ। ਉਨ੍ਹਾਂ ਨੇ ਆਪਣੇ ਪਰਿਵਾਰ ਦੇ ਨੌਜਵਾਨ ਮੁੰਡਿਆਂ ਨੂੰ ਦਸ ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਹੌਲੀ-ਹੌਲੀ ਆਪਣੀ ਤਾਕਤ ਗੁਆਉਂਦੇ ਅਤੇ ਫਿਰ ਸਮੇਂ ਤੋਂ ਕਾਫ਼ੀ ਪਹਿਲਾਂ ਇਸ ਦੁਨੀਆ ਤੋਂ ਚਲੇ ਜਾਂਦੇ ਦੇਖਿਆ ਸੀ।

ਤਰਕ ਨੂੰ ਇਹ ਜੀਨ ਆਪਣੀ ਮਾਂ ਦੇ ਵੰਸ਼ ਵਿੱਚੋਂ ਵਿਰਾਸਤ ਵਜੋਂ ਮਿਲਿਆ ਸੀ। ਇਸ ਦਾ ਭਾਵ ਸੀ ਕਿ ਪੰਜ ਸਾਲ ਦੀ ਉਮਰ ਤੋਂ ਬਾਅਦ ਉਸ ਦੀਆਂ ਮਾਸਪੇਸ਼ੀਆਂ ਇੱਕ-ਇੱਕ ਕਰਕੇ ਕਮਜ਼ੋਰ ਹੋਣੀਆਂ ਸ਼ੁਰੂ ਹੋ ਜਾਣੀਆਂ ਸਨ। ਪਹਿਲਾਂ ਲੱਤਾਂ, ਫਿਰ ਬਾਂਹਾਂ, ਫਿਰ ਉਂਗਲਾਂ ਦੀਆਂ ਨਿੱਕੀਆਂ-ਨਿੱਕੀਆਂ ਮਾਸਪੇਸ਼ੀਆਂ। ਆਖ਼ਿਰਕਾਰ ਉਸ ਦੇ ਫੇਫੜਿਆਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣੀ ਸੀ ਅਤੇ ਫਿਰ ਦਿਲ ਵੀ ਕਮਜ਼ੋਰ ਪੈ ਜਾਣਾ ਸੀ। ਇਹੀ ਇਸ ਬਿਮਾਰੀ ਦਾ ਨਿਰਦਈ ਸਫ਼ਰ ਸੀ।

ਵਿਗਿਆਨੀਆਂ ਦੀ ਭਾਸ਼ਾ 'ਚ ਇਸ ਬਿਮਾਰੀ ਨੂੰ ਮਸਕੂਲਰ ਡਿਸਟ੍ਰੌਫ਼ੀ ਕਹਿੰਦੇ ਹਨ। ਵਿਗਿਆਨ ਨੇ, ਖ਼ਾਸ ਕਰਕੇ ਵਿਰਾਸਤ ਅਤੇ ਅਨੁਵੰਸ਼ਿਕਤਾ ਬਾਰੇ ਗ੍ਰੇਗਰ ਮੈਂਡਲ ਦੀ ਖੋਜ ਤੋਂ ਬਾਅਦ, ਸਾਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਅਜਿਹੀਆਂ ਬਿਮਾਰੀਆਂ ਪੀੜ੍ਹੀ-ਦਰ-ਪੀੜ੍ਹੀ ਕਿਵੇਂ ਵਿਰਾਸਤ ਵਿੱਚ ਮਿਲਦੀਆਂ ਹਨ। ਇਸ ਨੇ ਇਹ ਵੀ ਸਮਝਾਇਆ ਕਿ ਧੀਆਂ ਇਸ ਜੀਨ ਦੀਆਂ ਵਾਹਕ ਬਣ ਸਕਦੀਆਂ ਹਨ, ਜਦਕਿ ਪੁੱਤਰਾਂ ਨੂੰ ਇਸ ਬਿਮਾਰੀ ਦਾ ਪੂਰਾ ਭਾਰ ਝੱਲਣਾ ਪੈਂਦਾ ਹੈ। ਪਰ ਵਿਗਿਆਨ ਦੀਆਂ ਇੰਨੀਆਂ ਅਸਾਧਾਰਣ ਤਰੱਕੀਆਂ ਦੇ ਬਾਵਜੂਦ ਵੀ, ਸਾਡਾ 'ਤਰਕ' ਇਸ ਬਿਮਾਰੀ ਤੋਂ ਨਾ ਬਚ ਸਕਿਆ।

ਜਿਵੇਂ-ਜਿਵੇਂ ਉਹ ਦਸ ਸਾਲ ਦੀ ਉਮਰ ਦੇ ਨੇੜੇ ਪਹੁੰਚਿਆ, ਉਸ ਨੇ ਵਿਸਾਖੀਆਂ ਦੇ ਸਹਾਰੇ ਤੁਰਨਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਵ੍ਹੀਲ-ਚੇਅਰ ਉਸ ਦਾ ਸਹਾਰਾ ਬਣ ਗਈ। ਫਿਰ ਹੌਲੀ-ਹੌਲੀ ਉਹ ਮੰਜੇ ਤੱਕ ਹੀ ਸੀਮਤ ਹੋ ਗਿਆ। ਪਰ ਉਦੋਂ ਵੀ, ਜਦੋਂ ਤੱਕ ਉਸ ਦੀਆਂ ਉਂਗਲਾਂ ਉਸ ਦਾ ਸਾਥ ਦਿੰਦੀਆਂ ਰਹੀਆਂ, ਉਹ ਸਿਰਜਣਾ ਕਰਦਾ ਰਿਹਾ। ਉਸਨੇ ਆਪਣੇ ਮਨਪਸੰਦ ਨਾਇਕਾਂ ਮਾਰਕਸ, ਭਗਤ ਸਿੰਘ ਅਤੇ ਮੈਰਾਡੋਨਾ ਦੇ ਚਿੱਤਰ ਬਣਾਏ। ਉਸ ਦੀ ਜਿਗਿਆਸਾ ਕਦੇ ਮੱਠੀ ਨਹੀਂ ਪਈ। ਉਹ ਹਮੇਸ਼ਾ ਕੁਝ ਨਵਾਂ ਜਾਣਨ, ਕੁਝ ਨਵਾਂ ਸਿੱਖਣ ਦੀ ਬੇਅੰਤ ਤਲਾਸ਼ ਵਿੱਚ ਜੁੱਟਿਆ ਰਹਿੰਦਾ ਸੀ।

ਪੂੰਜੀ ਦੀ ਉਸ ਦਲੀਲ ਤੋਂ ਅਗਾਂਹ, ਜਿੱਥੇ ਹਰ ਰਿਸ਼ਤਾ ਲੈਣ-ਦੇਣ ਤੋਂ ਸ਼ੁਰੂ ਹੋ ਕੇ ਲੈਣ-ਦੇਣ 'ਤੇ ਹੀ ਖ਼ਤਮ ਹੋ ਜਾਂਦਾ ਹੈ, ਤਰਕ ਆਪਣੇ ਮਾਤਾ ਪਿਤਾ ਦੇ ਮਿੱਤਰਾਂ ਲਈ ਇੱਕ ਸਾਂਝੀ ਅਮਾਨਤ ਬਣ ਗਿਆ ਸੀ। ਉਹ ਸਭ ਦੀ ਸਾਂਝੀ ਜ਼ਿੰਮੇਵਾਰੀ ਸੀ। ਕੋਈ ਉਸ ਨਾਲ ਕਹਾਣੀਆਂ ਬੁਣਦਾ, ਕੋਈ ਉਸ ਦੇ ਬਿਸਤਰੇ ਤੱਕ ਸੀਮਤ ਹੋ ਚੁੱਕੇ ਦਿਨਾਂ ਵਿੱਚ ਉਸ ਦੇ ਬੇਚੈਨ ਮਨ ਨੂੰ ਰੁਝਾਈ ਰੱਖਣ ਦੇ ਨਵੇਂ-ਨਵੇਂ ਤਰੀਕੇ ਲੱਭਦਾ। ਕੋਈ ਉਸ ਨੂੰ ਪਹਾੜਾਂ 'ਤੇ ਚੁੱਕੀ ਫਿਰਦਾ ਤੇ ਕੋਈ ਘਨੇੜੀ ਚੁੱਕ ਦਿੱਲੀ ਦੇ ਕਿਸਾਨ ਅੰਦੋਲਨ ਵਿਚ ਲੈ ਜਾਂਦਾ। ਉਹ ਇਸ ਨਾਬਰਾਬਰੀ ਦੇ ਪਾਵਿਆਂ 'ਤੇ ਉੱਸਰੇ ਸਮਾਜ ਵਿਚ ਵੀ, ਸਭ ਦੀ ਸਾਂਝੀ ਅਮਾਨਤ ਵਾਂਗ ਪਲਿਆ ਤੇ ਵੱਡਾ ਹੋਇਆ।

ਉਹ ਜ਼ਿੰਦਗੀ ਦੇ ਦੁੱਖਾਂ-ਕਸ਼ਟਾਂ ਬਾਰੇ ਕਵਿਤਾਵਾਂ ਅਤੇ ਕਹਾਣੀਆਂ ਲਿਖਦਾ ਅਤੇ ਆਪਣੇ ਪਿਤਾ ਦੇ ਮਿੱਤਰਾਂ ਨੂੰ ਬਿਨਾਂ ਕਾਗਜ਼ ਵੱਲ ਵੇਖੇ ਪੂਰੇ ਵਿਸ਼ਵਾਸ ਨਾਲ ਸੁਣਾ ਦਿੰਦਾ ਸੀ। ਜਦੋਂ ਉਸ ਦੀਆਂ ਨਿੱਕੀਆਂ ਉਂਗਲਾਂ ਕਲਮ ਫੜਨ ਦੇ ਯੋਗ ਨਾ ਰਹੀਆਂ, ਤਾਂ ਉਸ ਨੇ ਆਪਣੇ ਸ਼ਬਦਾਂ ਨੂੰ ਮੋਬਾਈਲ ਫ਼ੋਨ ਵਿੱਚ ਰਿਕਾਰਡ ਕਰਕੇ ਸੰਭਾਲਣਾ ਸਿੱਖ ਲਿਆ। ਆਪਣੇ ਬੱਚਿਆਂ ਵੱਲੋਂ ਕੋਈ ਮਹਿੰਗੀ ਚੀਜ਼ ਮੰਗੇ ਜਾਣ 'ਤੇ ਅਕਸਰ ਲੋਕ ਮਹਿੰਗੇ ਮੁੱਲ ਦਾ ਹਵਾਲਾ ਦੇ ਦਿੰਦੇ ਹਨ, ਪਰ ਜਦੋਂ ਗੱਲ 'ਤਰਕ' ਦੀ ਆਉਂਦੀ, ਤਾਂ ਮਹਿੰਗਾ ਮੁੱਲ ਕਦੇ ਵੀ ਸੋਚਣ-ਵਿਚਾਰਨ ਦਾ ਵਿਸ਼ਾ ਨਹੀਂ ਸੀ ਬਣਦਾ।

ਆਪਣੇ ਜੀਵਨ ਦੇ ਆਖ਼ਰੀ ਵਰ੍ਹਿਆਂ ਵਿੱਚ ਉਸ ਨੇ ਆਪਣੇ ਆਪ ਨੂੰ ਨਾਸਤਿਕ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਲੋਕ ਅਕਸਰ ਕਹਿੰਦੇ ਹਨ ਕਿ ਮੌਤ ਦਾ ਖ਼ੌਫ਼ ਹੀ ਮਨੁੱਖ ਦੀ ਸਭ ਤੋਂ ਵੱਡੀ ਦਹਿਸ਼ਤ ਹੁੰਦਾ ਹੈ। ਤਰਕ ਜਾਣਦਾ ਸੀ ਕਿ ਉਸ ਦਾ ਆਪਣਾ ਅੰਤ ਨੇੜੇ ਆ ਰਿਹਾ ਹੈ, ਪਰ ਉਸ ਨੇ ਉਸ ਸੱਚ ਦਾ ਸਾਹਮਣਾ ਅਸਾਧਾਰਣ ਧੀਰਜ ਨਾਲ ਕੀਤਾ। ਉਹ ਅਕਸਰ ਆਪਣੇ ਪਿਤਾ ਨੂੰ ਕਹਿੰਦਾ ਸੀ, 'ਮੇਰੀ ਬਿਮਾਰੀ ਦੀ ਗੱਲ ਕਿਸੇ ਦੇ ਸਾਹਮਣੇ ਨਾ ਕਰਿਆ ਕਰੋ।' ਇਹ ਵੀ ਉਸੇ ਖ਼ਾਮੋਸ਼ ਹੌਸਲੇ ਦਾ ਇੱਕ ਫ਼ੈਸਲਾ ਸੀ ਜਿਸ ਨੇ ਉਸ ਦੀ ਸਾਰੀ ਜ਼ਿੰਦਗੀ ਨੂੰ ਪਰਿਭਾਸ਼ਿਤ ਕੀਤਾ।

ਉਸ ਨੂੰ ਵੀਡੀਓ ਗੇਮਾਂ ਖੇਡਣ ਦਾ ਬਹੁਤ ਸ਼ੌਕ ਸੀ। ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਉਸ ਨੇ ਆਪਣੀ ਮਾਂ ਨੂੰ ਕਿਹਾ, 'ਮੈਂ ਸਾਰੀਆਂ ਗੇਮਾਂ ਛੱਡ ਦਿੱਤੀਆਂ ਹਨ।' ਜਦੋਂ ਉਸ ਦੀ ਮਾਂ ਨੇ ਉਸ ਨੂੰ ਹੌਸਲਾ ਰੱਖਣ ਲਈ ਕਿਹਾ, ਤਾਂ ਉਹ ਆਪਣੇ ਨਾਨਾ ਬਾਰੂ ਸਤਵਰਗ ਦੀ ਕਮਰੇ ਦੀ ਕੰਧ ਉੱਪਰ ਲੱਗੀ ਕਵਿਤਾ, 'ਇਹ ਪੰਧ ਲਮੇਰਾ ਮੰਜ਼ਿਲ ਦਾ, ਕੰਡਿਆਂ 'ਤੇ ਤੁਰਨਾ ਪੈਂਦਾ ਹੈ…' ਗੁਣਗੁਣਾਉਣ ਲੱਗ ਪਿਆ। ਸ਼ਬਦ ਥਿੜਕ ਰਹੇ ਸਨ, ਪਰ ਉਸਦਾ ਜਜ਼ਬਾ ਕਾਇਮ ਸੀ।

ਉਸੇ ਦਿਨ ਉਸ ਨੇ ਆਪਣੇ ਪਿਤਾ ਨੂੰ ਵੀ ਕਹਿ ਦਿੱਤਾ ਕਿ ਉਸ ਨੂੰ ਵੈਂਟੀਲੇਟਰ 'ਤੇ ਨਾ ਰੱਖਿਆ ਜਾਵੇ।

ਆਪਣੀ ਲੰਮੀ ਬਿਮਾਰੀ ਦੇ ਵਰ੍ਹਿਆਂ ਲੰਮੇ ਸੰਤਾਪ ਦੌਰਾਨ ਉਹ ਕਦੇ ਨਹੀਂ ਰੋਇਆ। ਜਿਸ ਦਿਨ ਉਸ ਨੇ ਇਸ ਦੁਨੀਆ ਨੂੰ ਅਲਵਿਦਾ ਕਹੀ, ਉਦੋਂ ਸਾਹ ਲੈਣਾ ਵੀ ਉਸ ਲਈ ਸੰਘਰਸ਼ ਬਣ ਚੁੱਕਿਆ ਸੀ। ਉਸ ਨੇ ਆਪਣੇ ਪਿਤਾ ਨੂੰ ਭਾਵੁਕ ਹੁੰਦੇ ਦੇਖਿਆ ਤਾਂ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, 'ਇੰਝ ਨਾ ਕਰੋ… ਫਿਰ ਮੈਨੂੰ ਵੀ ਰੋਣਾ ਆ ਜਾਵੇਗਾ।' ਇਹ ਪਹਿਲੀ ਵਾਰ ਸੀ ਜਦੋਂ ਉਸ ਦੀਆਂ ਅੱਖਾਂ ਵਿੱਚ ਕਿਸੇ ਨੇ ਹੰਝੂ ਦੇਖੇ।

ਵਿਗਿਆਨ ਦੀਆਂ ਸੀਮਾਵਾਂ ਅਤੇ ਡਾਕਟਰੀ ਦੀਆਂ ਹਕੀਕਤਾਂ ਨੇ ਸਾਡੇ ਕੋਲੋਂ ਇੱਕ ਹੋਰ ਨੌਜਵਾਨ ਸਾਥੀ ਖੋਹ ਲਿਆ। ਇਹ ਨਾ ਤਾਂ ਪਿਆਰ ਦੀ ਘਾਟ ਕਾਰਨ ਹੋਇਆ, ਨਾ ਹੀ ਹੌਂਸਲੇ ਦੀ ਕਮੀ ਕਾਰਨ; ਸਗੋਂ ਇਸ ਲਈ ਹੋਇਆ ਕਿ ਮਨੁੱਖਤਾ ਅਜੇ ਵੀ ਉਸ ਹੱਦ ਤੱਕ ਨਹੀਂ ਪਹੁੰਚੀ ਜਿੱਥੇ ਉਹ ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਹਰਾ ਸਕੇ। ਫਿਰ ਵੀ, ਆਪਣੀ 5,770 ਦਿਨ ਦੀ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ, ਆਪਣੇ ਬਿਸਤਰੇ 'ਤੇ ਪਿਆ ਤਰਕ ਇਹੀ ਸੋਚਦਾ ਰਿਹਾ ਕਿ ਕੀ ਇਸ ਦੁਨੀਆ ਨੂੰ ਇੱਕ ਹੋਰ ਬਿਹਤਰ 'ਜਗ੍ਹਾ' ਬਣਾਇਆ ਜਾ ਸਕਦਾ ਹੈ। ਇਸ ਸਵਾਲ ਨੇ ਉਸ ਦਾ ਸਾਥ ਕਦੇ ਨਹੀਂ ਛੱਡਿਆ ਅਤੇ ਨਾ ਹੀ ਉਸ ਪਿਆਰੀ ਜਿੰਦੜੀ ਦੀ ਯਾਦ ਕਦੇ ਸਾਡੇ ਤੋਂ ਜੁਦਾ ਹੋਵੇਗੀ ਜਿਸ ਨੇ ਇਹ ਸਵਾਲ ਪੁੱਛਿਆ।

ਉਸ ਦਾ ਸਰੀਰ ਭਾਵੇਂ ਕਮਜ਼ੋਰ ਸੀ, ਪਰ ਉਸ ਦਾ ਮਨ ਅੰਤਿਮ ਸਾਹ ਤੱਕ ਨਿਡਰ, ਜਿਗਿਆਸੂ ਅਤੇ ਸੰਵੇਦਨਸ਼ੀਲ ਬਣਿਆ ਰਿਹਾ। ਜਿਨ੍ਹਾਂ ਨੇ ਉਸ ਨੂੰ ਜਾਣਿਆ, ਉਹ ਉਸ ਨੂੰ ਉਸ ਦੀ ਬਿਮਾਰੀ ਕਰਕੇ ਨਹੀਂ, ਸਗੋਂ ਉਸ ਦੇ ਹੌਸਲੇ, ਉਸ ਦੀ ਬੇਅੰਤ ਜਿਗਿਆਸਾ ਅਤੇ ਉਸਦੇ ਉਸ ਸਵੈਮਾਣ ਲਈ ਯਾਦ ਰੱਖਣਗੇ ਜਿਸ ਨਾਲ ਉਸ ਨੇ ਆਪਣੀ ਜ਼ਿੰਦਗੀ ਦਾ ਹਰ ਇੱਕ ਅਨਮੋਲ ਪਲ ਮਾਣਿਆ।

## ਕੁਰਬਾਨੀ

ਕੋਈ ਕਰਤਾਰ ਮੁਕਿਆ,
ਕੋਈ ਭਗਤ ਮੁਕਿਆ,
ਕੋਈ ਉਦੈ ਮੁਕਿਆ,
ਕੋਈ ਆਜ਼ਾਦ ਮੁਕਿਆ,
ਕਾਮਰੇਡ ਮੁਕ ਗਏ ਇਨਕਲਾਬ ਵਾਸਤੇ
ਦੁਨੀਆਂ ਦੇ ਲੋਕਾਂ ਵਾਸਤੇ।
ਅੱਜ ਵੀ ਜੇ ਕੋਈ ਟੈਕਸ ਨਾ ਭਰੇ,
ਸਰਕਾਰਾਂ ਮੁਕਾ ਦਿੰਦੀਆਂ,
ਠੋਕ ਦਿੰਦੀਆਂ ਇਨਕਲਾਬੀ ਲੋਕਾਂ ਨੂੰ,
ਕੁੱਝ ਜੇਲ੍ਹਾਂ ਵਿੱਚ ਸੜਦੇ ਨੇ,
ਭੁੱਖ ਹੜਤਾਲਾਂ ਕਰਦੇ ਨੇ,
ਕਈ ਪੜ੍ਹਨਾ ਸਿਖਾਉਂਦੇ ਨੇ,
ਕਈ ਗੁਨਾਹਗਾਰ ਨਾਲ ਲੜਦੇ ਨੇ।...

ਕਈ ਤਾਰਿਆਂ ਵਾਂਗ ਫਰਿਸ਼ਤੇ ਬਣ ਗਏ,
ਲੋਕਾਂ ਵਾਸਤੇ ਗੁਰੂ ਬਣ ਗਏ,
ਅੱਜ ਕਈ ਫਿਰ ਇਨਕਲਾਬੀ
ਲੋਕ ਜ਼ਿੰਦਾ ਨੇ,
ਕਈ ਯਾਰ ਇੱਕ-ਦੂਜੇ ਦੇ
ਜੇਲ੍ਹਾਂ ਵਿਚ ਬੰਦ ਨੇ,
ਉਨ੍ਹਾਂ ਲਈ ਆਪਣੀ
ਜ਼ਿੰਦਗੀ ਲੇਖੇ ਲਾ ਦਿੱਤੀ
ਕੋਈ ਕਰਤਾਰ ਮੁਕਿਆ
ਕਈ ਪੰਨੇ ਇਤਿਹਾਸ ਦੇ ਲਿਖੇ,
ਜੋ ਪੜ੍ਹਾਉਂਦੇ ਗਰੀਬਾਂ ਮਜ਼ਦੂਰਾਂ ਨੂੰ,
ਮਜ਼ਦੂਰ ਕਮਾਉਂਦੇ ਰੋਟੀ ਪਾਣੀ
ਕੋਈ ਖੋਹ ਲੈ ਜਾਂਦੇ ਰੋਟੀ ਪਾਣੀ ਨੂੰ,
ਕੋਈ ਪਾਣੀ ਦੀ ਤੰਗੀ ਲਈ,
ਕਈ ਤਾਕਤਾਂ ਨੇ ਕਮਜੋਰ ਮੁਕਾ ਦਿੱਤਾ,
ਉਨ੍ਹਾਂ ਕਮਜ਼ੋਰਾਂ ਨੂੰ ਜ਼ਿੰਦਗੀ ਦੇਣ ਲਈ
ਕੋਈ ਕਰਤਾਰ ਮੁਕਿਆ,
ਕੋਈ ਭਗਤ ਮੁਕਿਆ,
ਕੋਈ ਉਦੈ ਮੁਕਿਆ,
ਕੋਈ ਆਜ਼ਾਦ ਮੁਕਿਆ।

\- ਤਰਕਦੀਪ ਸਿੰਘ

# ਬਰਨਾਲਾ 'ਚ ਹੱਕ ਮੰਗਦੇ ਸਫਾਈ ਕਾਮਿਆਂ ਉੱਤੇ ਪੁਲਿਸ ਜਬਰ ਦੀ ਨਿਖੇਧੀ

ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : ਪੱਕੇ ਰੁਜਗਾਰ, ਗੁਜਾਰੇਯੋਗ ਤਨਖਾਹਾਂ, ਸੁਰੱਖਿਆ ਤੇ ਇਲਾਜ ਦੇ ਢੁੱਕਵੇਂ ਪ੍ਰਬੰਧਾਂ ਆਦਿ ਲਈ ਬਰਨਾਲਾ ਵਿਖੇ ਆਵਾਜ ਬੁਲੰਦ ਕਰ ਰਹੇ ਸਫਾਈ ਕਾਮਿਆਂ ਦੀ ਸੁਣਵਾਈ ਕਰਨ ਦੀ ਥਾਂ ਪੰਜਾਬ ਪੁਲਿਸ ਵੱਲੋਂ ਕੀਤੇ ਜਬਰ ਦੀ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਸਖਤ ਨਿਖੇਧੀ ਕਰਦਿਆਂ ਜਬਰ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਸਖਤ ਐਕਸ਼ਨ ਦੀ ਮੰਗ ਕੀਤੀ ਹੈ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸੁਖਪਾਲ ਸਿੰਘ ਖਿਆਲੀਵਾਲਾ, ਕੌਰ ਸਿੰਘ ਖਿਆਲੀਵਾਲਾ, ਪ੍ਰਦੀਪ ਖਿਆਲੀ ਵਾਲਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆ ਕਿਹਾ ਕਿ ਸਫਾਈ ਕਾਮਿਆਂ ਉੱਤੇ ਬੇਕਿਰਕ ਲਾਠੀਚਾਰਜ ਕੀਤਾ ਗਿਆ ਹੈ। ਮਰਦਾਨਾ ਪੁਲਿਸ ਨੇ ਔਰਤ ਮਜਦੂਰਾਂ ਉੱਤੇ ਵੀ ਬੇਰਹਿਮੀ ਨਾਲ ਜਬਰ ਢਾਹਿਆ ਹੈ। ਪੰਜਾਬ ਸਰਕਾਰ ਸਭਨਾਂ ਮਜਦੂਰਾਂ, ਕਿਰਤੀਆਂ ਦੀ ਆਵਾਜ ਸੁਣਨ ਦੀ ਥਾਂ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦੇ ਰਾਹ ਪਈ ਹੋਈ ਹੈ, ਜਿਸ ਦਾ ਡੱਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਸਫਾਈ ਕਾਮੇ ਹੱਦੋਂ ਵੱਧ ਭੈੜੀਆਂ ਜੀਵਨ ਹਾਲਤਾਂ ਦਾ ਸ਼ਿਕਾਰ ਹਨ। ਗੰਦਗੀ ਸਾਫ ਕਰਨ ਦਾ ਕੰਮ ਉਹਨਾਂ ਨੂੰ ਬੇਹੱਦ ਨਿਗੂਣੀਆਂ ਤਨਖਾਹਾਂ ਉੱਤੇ ਬਿਨਾਂ ਕਿਸੇ ਸੁਰੱਖਿਆ ਪ੍ਰਬੰਧਾਂ ਦੇ ਕਰਨਾ ਪੈਂਦਾ ਹੈ। ਉਹਨਾਂ ਨੂੰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਪੱਕਾ ਨਹੀਂ ਕੀਤਾ ਜਾਂਦਾ ਅਤੇ ਮੁਆਵਜਾ, ਇਲਾਜ ਤੇ ਹੋਰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਉਹਨਾਂ ਨੂੰ ਸਫਾਈ ਲਈ ਗਟਰਾਂ ਦੇ ਵਿੱਚ ਉੱਤਰਨਾ ਪੈਂਦਾ ਹੈ। ਅਜਿਹੀ ਹਾਲਤ ਵਿੱਚ ਹੱਕਾਂ ਲਈ ਆਵਾਜ ਉਠਾਉਣ ਤੋਂ ਬਿਨਾਂ ਉਹਨਾਂ ਕੋਲ ਕੋਈ ਰਾਹ ਨਹੀਂ ਹੈ। ਮਜ਼ਦੂਰ ਆਗੂਆਂ ਨੇ ਮੰਗ ਕੀਤੀ ਹੈ ਕਿ ਸਫਾਈ ਕਾਮਿਆਂ ਦੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ ਉਹਨਾਂ ਦੀਆਂ ਜੀਵਨ ਹਾਲਤਾਂ ਸੁਧਾਰਨ ਲਈ ਢੁੱਕਵੇਂ ਕਦਮ ਚੁੱਕੇ ਜਾਣ। ਹੱਕਾਂ ਲਈ ਸੰਘਰਸ਼ ਕਰਨ ਦਾ ਜਮਹੂਰੀ ਹੱਕ ਬਹਾਲ ਕੀਤਾ ਜਾਵੇ। ਮਜ਼ਦੂਰ ਆਗੂਆਂ ਨੇ ਸਫਾਈ ਕਾਮਿਆਂ ਦੇ ਸੰਘਰਸ਼ ਦੀ ਹਮਾਇਤ ਦਾ ਵੀ ਐਲਾਨ ਕੀਤਾ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)



ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?

ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142




# ਡਾ. ਸਾਹਿਬ ਦੇ 20 ਸਤੰਬਰ ਨੂੰ ਹੋਣ ਵਾਲੇ ਨਾਟਕ ਹੁਣ 4 ਅਕਤੂਬਰ ਨੂੰ ਐਡਰੀ (ਕੈਲਗਰੀ) 'ਚ ਹੋਣਗੇ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਗਲਰੀ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਡਾ. ਸਾਹਿਬ ਦੇ ਨਾਟਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਡਾ. ਸਾਹਿਬ ਸਿੰਘ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਨਾਟਕ ਖੇਡਣ ਲਈ ਸਤੰਬਰ ਮਹੀਨੇ ਪੁੱਜ ਜਾਣਗੇ। ਹੁਣ ਉਹ ਕੈਨੇਡਾ ਵਿਚ ਨਾਟਕਾਂ ਤੋਂ ਇਲਾਵਾ ਵਰਕਸ਼ਾਪਾਂ ਵੀ ਲਗਾਉਣਗੇ। ਕੈਲਗਰੀ ਵਿਚ ਪ੍ਰੌਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਉਹ 'ਐਲ.ਐਮ.ਆਈ.ਏ' (L.M.I.A.) 'ਬੇਸਮੈਂਟ 'ਚ ਤਰੇੜ ਹੈ' ਅਤੇ 'ਤੇਰੀ ਕਹਾਣੀ ਮੇਰੀ ਕਹਾਣੀ' ਨਾਟਕ ਬੜੀ ਸਫ਼ਲਤਾ ਨਾਲ ਕਰਵਾ ਚੁੱਕੇ ਹਨ। ਇਸ ਫੇਰੀ 'ਚ ਉਹ ਕੈਨੇਡਾ ਦੇ ਭਖਦੇ ਮਸਲਿਆਂ 'ਤੇ ਨਵੇਂ ਨਾਟਕ ਲਈ ਪੱਬਾਂ ਭਾਰ ਹੋ ਗਏ ਹਨ। ਪਿਛਲੇ ਸਾਲਾਂ ਵਿਚ ਦਰਸ਼ਕਾਂ ਦੇ ਭਰਵੇਂ ਹੁੰਗਾਰੇ ਕਾਰਨ ਹਾਲ ਛੋਟਾ ਪੈ ਗਿਆ ਸੀ। ਇਸ ਵਾਰੀ ਅਸੀਂ ਵੱਡਾ ਹਾਲ ਕਰਨ 'ਚ ਕਾਮਯਾਬ ਹੋ ਗਏ ਹਾਂ। ਡਾ. ਸਾਹਿਬ ਸਿੰਘ ਆਪਣਾ ਸੋਲੋ ਨਾਟਕ 'ਲੱਛੂ ਕਬਾੜੀਆ' ਪੇਸ਼ ਕਰ ਰਹੇ ਹਨ। ਇਹ ਨਾਟਕ ਪਹਿਲਾਂ 20 ਸਤੰਬਰ ਹੋਣਾ ਸੀ। ਹੁਣ ਇਹ ਨਾਟਕ 4 ਅਕਤੂਬਰ ਦਿਨ ਐਤਵਾਰ 'ਬਰਟ ਚਰਚ ਥੀਏਟਰ' Bert Church Theatre Address: 1000 East Lake Blvd NE, Airdrie, AB T4A 1P6 ਵਿਚ ਬਾਅਦ ਦੁਪਹਿਰ ਹੋਵੇਗਾ। ਇਸ ਤੋਂ ਇਲਾਵਾ ਡਾ. ਸਾਹਿਬ ਵਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਜਾਵੇਗਾ। ਇਸ ਸਮਾਗਮ ਦੇ ਹੋਰ ਵੇਰਵਾ ਤੁਹਾਡੇ ਤੱਕ ਮੀਡੀਆ ਆਦਿ ਰਾਹੀਂ ਸਮੇਂ-ਸਮੇਂ ਪੁਚਾ ਦਿੱਤੇ ਜਾਣਗੇ। ਇਹ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਮਾਸਟਰ ਭਜਨ ਜਨਰਲ ਸਕੱਤਰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਦੱਸਿਆ ਕਿ ਸਭ ਨਾਟਕ ਪ੍ਰੇਮੀਆਂ, ਸ਼ੁਭਚਿੰਤਕਾਂ ਹਮਦਰਦਾਂ, ਸਪਾਂਸਰਜ਼ ਅਤੇ ਮੀਡੀਆ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਪਹਿਲਾਂ ਵਾਂਗੂ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਕਿ ਪਹਿਲਾਂ ਵਾਂਗ ਸਫ਼ਲਤਾ ਨਾਲ ਇਸ ਉਸਾਰੂ-ਸਭਿਆਚਾਰਕ ਨਾਟਕ ਸਮਾਗਮ ਨੂੰ ਨੇਪਰੇ ਚਾੜ੍ਹ ਸਕੀਏ।

ਵਧੇਰੇ ਜਾਣਕਾਰੀ ਲਈ ਸੰਪਰਕ ਮਾ. ਭਜਨ 403-455-4220

